*Published in Punjabi & English*
Distributed in Toronto, Calgary, Vancouver, Winnipeg and Edmonton and Online Worldwide.

Sarokaran Di Awaz

Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-8, ਅੰਕ-7, ਜੁਲਾਈ 2018 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300




# ਕੀ ਕੈਨੇਡਾ-ਅਮਰੀਕਾ ਆਪਣੇ ਦੋਸਤਾਨਾ ਸਬੰਧ ਬਣਾ ਕੇ ਰੱਖ ਸਕਣਗੇ ?



ਹਰਚਰਨ ਸਿੰਘ ਪਰਹਾਰ
(ਸੰਪਾਦਕ-ਸਿੱਖ ਵਿਰਸਾ, ਮੈਗਜ਼ੀਨ)
403-681-8689
hp8689@gmail.com



ਕੈਨੇਡਾ ਵਲੋਂ ਬਰਤਾਨਵੀ ਸਾਮਰਾਜ ਤੋਂ 1 ਜੁਲਾਈ, 1867 ਨੂੰ ਆਜ਼ਾਦ ਹੋਣ ਤੋਂ ਬਾਅਦ ਆਪਣੇ ਗੁਆਂਢੀ ਦੇਸ਼ ਅਮਰੀਕਾ ਨਾਲ ਸਬੰਧ ਸੁਧਾਰਨ ਦੇ ਯਤਨ ਸ਼ੁਰੂ ਕਰ ਲਏ ਸਨ, ਇਸ ਤੋਂ ਪਹਿਲਾਂ ਕੈਨੇਡਾ-ਅਮਰੀਕਾ ਸਬੰਧ ਬਸਤੀਵਾਦੀ ਬਰਤਾਨਵੀ ਸ਼ਾਸਕਾਂ ਵਲੋਂ ਆਪਣੇ ਰਾਜਨੀਤਕ ਤੇ ਆਰਥਿਕ ਹਿੱਤਾਂ ਅਨੁਸਾਰ ਸਨ। ਇਸ ਤੋਂ ਪਹਿਲਾਂ ਇੰਗਲੈਂਡ ਨਾਰਥ ਅਮਰੀਕਾ ਵਿਚਲੀਆਂ ਆਪਣੀਆਂ ਕਲੋਨੀਆਂ ਤੇ 'ਬ੍ਰਿਟਿਸ਼ ਨਾਰਥ ਅਮਰੀਕਾ ਐਕਟ' ਅਧੀਨ ਰਾਜ ਕਰਦਾ ਸੀ। ਪਿਛਲੀ ਸਦੀ ਦੇ ਸ਼ੁਰੂ ਵਿੱਚ ਅਮਰੀਕਾ ਦੀਆਂ ਕੰਪਨੀਆਂ ਵਲੋਂ ਕੈਨੇਡਾ ਵਿੱਚ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਸਨ, ਜਦੋਂ ਕਾਰਾਂ ਦੀ ਕੰਪਨੀ ਫੋਰਡ ਨੇ 1904 ਵਿੱਚ ਆਪਣਾ ਪਹਿਲਾ ਪਲਾਂਟ 'ਵਿੰਡਸਰ, ਓਨਟਾਰੀਓ' ਵਿੱਚ ਲਗਾਇਆ ਸੀ। ਉਸ ਤੋਂ ਬਾਅਦ ਕੈਨੇਡਾ-ਅਮਰੀਕਾ ਦੇ ਆਰਥਿਕ ਤੇ ਰਾਜਨੀਤਕ ਸਬੰਧ ਵਧਦੇ ਰਹੇ ਤੇ ਦੋਸਤਾਨਾ ਹੁੰਦੇ ਰਹੇ। ਬੇਸ਼ਕ ਵੱਖ-ਵੱਖ ਸਮਿਆਂ ਵਿੱਚ ਇਨ੍ਹਾਂ ਸਬੰਧਾਂ ਵਿੱਚ ਵੱਖ-ਵੱਖ ਮੁੱਦਿਆਂ ਤੇ ਵਖਰੇਵਾਂ ਹੁੰਦਾ ਰਿਹਾ, ਪਰ ਕੁਝ ਘਟਨਾਵਾਂ ਨੂੰ ਛੱਡ ਕੇ ਕਦੇ ਵੱਡਾ ਮਸਲਾ ਨਹੀਂ ਬਣਿਆ। ਇਥੇ ਇੱਕ ਗੱਲ ਹੋਰ ਨੋਟ ਕਰਨ ਵਾਲੀ ਹੈ ਕਿ ਕਨੇਡਾ-ਅਮਰੀਕਾ ਦੇ ਸਬੰਧਾਂ ਵਿੱਚ ਦੋਨਾਂ ਦੇਸ਼ਾਂ ਦੀਆਂ ਸਰਕਾਰਾਂ ਦਾ ਵੱਡਾ ਪ੍ਰਭਾਵ ਰਿਹਾ ਹੈ। ਜਦੋਂ ਅਮਰੀਕਾ ਵਿੱਚ ਰਿਪਬਲਕਿਨ ਤੇ ਕੈਨੇਡਾ ਵਿੱਚ ਕੰਜਰਵੇਟਿਵ ਹੋਣ ਤਾਂ ਰਾਜਨੀਤਕ ਤੇ ਆਰਥਿਕ ਸਬੰਧ ਵੱਖਰਾ ਰੁੱਖ ਲੈਂਦੇ ਹਨ ਅਤੇ ਜਦੋਂ ਅਮਰੀਕਾ ਵਿੱਚ ਡੈਮੋਕਰੈਟ ਤੇ ਕੈਨੇਡਾ ਵਿੱਚ ਲਿਬਰਲ ਹੋਣ, ਫਿਰ ਸਬੰਧ ਵੱਖਰੀ ਤਰ੍ਹਾਂ ਦੇ ਹੁੰਦੇ ਹਨ। ਪਰ ਇਸ ਤੋਂ ਉਲਟ ਜਦੋਂ ਇੱਕ ਪਾਸੇ ਲਿਬਰਲ ਹੋਣ ਤੇ ਦੂਜੇ ਪਾਸੇ ਰਿਪਬਲਕਿਨ ਹੋਣ ਜਾਂ ਇੱਕ ਪਾਸੇ ਕੰਜਵੇਟਿਵ ਹੋਣ ਤੇ ਦੂਜੇ ਪਾਸੇ ਡੈਮੋਕਰੈਟ ਹੋਣ ਤਾਂ ਸਬੰਧਾਂ ਵਿੱਚ ਅਕਸਰ ਕੜਵਾਹਟ ਹੁੰਦੀ ਹੈ। ਜਿਥੇ ਅਮਰੀਕਾ ਅਕਸਰ ਕਨੇਡਾ ਨੂੰ ਆਪਣੀਆਂ ਵਸਤਾਂ ਵੇਚਣ ਤੇ ਇਥੋਂ ਸਸਤੀਆਂ ਖਰੀਦਣ ਲਈ ਆਰਥਿਕ ਮੰਡੀ ਬਣਾ ਕੇ ਰੱਖਣਾ ਚਾਹੁੰਦਾ ਰਿਹਾ ਹੈ ਤੇ ਇਸ ਲਈ ਮੌਕੇ ਦੀਆਂ ਕੰਜਰਵੇਟਿਵ ਸਰਕਾਰਾਂ ਵੀ ਇਸੇ ਦਿਸ਼ਾ ਵਿੱਚ ਚਲੱਦੀਆਂ ਰਹੀਆਂ ਹਨ। ਜਿਸਦੇ ਨਤੀਜੇ ਵਜੋਂ ਹੁਣ ਹੌਲੀ-ਹੌਲੀ ਕਨੇਡਾ ਪੂਰੀ ਤਰ੍ਹਾਂ ਆਰਥਿਕ ਤੇ ਮਿਲਟਰੀ ਪੱਖ ਤੋਂ ਅਮਰੀਕਾ ਤੇ ਨਿਰਭਰ ਹੈ। ਪਿਛਲ਼ੇ ਸਮੇਂ ਵਿੱਚ (ਖਾਸਕਰ ਰਾਸ਼ਟਰਪਤੀ ਬੁੱਸ਼ ਦੇ ਰਾਜ ਵਿੱਚ) ਅਜਿਹੇ ਸੰਕੇਤ ਵੀ ਮਿਲਦੇ ਰਹੇ ਸਨ ਕਿ ਅਮਰੀਕਾ, ਕਨੇਡਾ ਤੇ ਮੈਕਸੀਕੋ ਨੂੰ ਰਲ਼ਾ ਕੇ 'ਮਹਾਂ ਨਾਰਥ ਅਮਰੀਕਾ' ਬਣਾਇਆ ਜਾਵੇ। ਇਸ ਸਬੰਧੀ ਮਿ. ਬੁੱਸ਼ ਦੇ ਰਾਜ ਕਾਲ ਵਿੱਚ ਅਮਰੀਕਾ ਦੀਆਂ ਵੱਡੀਆਂ ਅਖਬਾਰਾਂ 'ਨਿਊ ਯਾਰਕ ਟਾਈਮਜ', 'ਅਮਰੀਕਨ ਫਰੀ ਪ੍ਰੈਸ', 'ਯੂ ਐਸ ਏ ਟੂਡੇ' ਆਦਿ ਵਿੱਚ ਅਰਟੀਕਲ ਛਪਦੇ ਰਹੇ ਹਨ। ਅਜਿਹਾ ਕਰਕੇ ਜਿਥੇ ਅਮਰੀਕਾ, ਮੈਕਸੀਕੋ ਰਾਹੀਂ ਹੁੰਦੀ, ਗੈਰ ਕਨੂੰਨੀ ਇੰਮੀਗ੍ਰੇਸ਼ਨ ਰੋਕਣਾ ਚਾਹੁੰਦਾ ਹੈ, ਉਥੇ

(ਬਾਕੀ ਸ.ਫਾ 4 'ਤੇ)













Dhillon Fashions
Ladies Clothing | Wedding Clothing
Kids Dressing | Fashion Jewellery
1110-4818 Westwinds Dr. NE. Calgary
Green Plaza (By Dr. Bhullar)
Ph. : 403-453-9090
Cell : 403-614-2096

ਹਰ ਤਰਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
SAVE UPTO 35%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
215 - 2323 32 Ave NE Calgary AB T2E 6Z3






SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca




For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com
www.bruceliang.ca




Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500

Tiwana
Real Estate Team
LIST WITH US
FOR GUARANTEED RESULTS
MEET THE TEAM:
Malvinder Tiwana
Harman Tiwana
Ajitpal Gill
❖ Professional Services
❖ Free Home Evaluation
❖ Digital Marketing & Social Media
❖ Top Dollars in your Pocket
❖ Superb Negotiation Skills
❖ Team of 3 Realtors With Full Time Office Staff
SOLD
ROYAL LEPAGE 100 YEARS
Call: 403-830-5152
Visit : www.TiwanaTeam.com
Email: tiwanateam@gmail.com
Address: 110-7220 Fisher St SE, Calgary, AB T2H 2H8
www.TiwanaTeam.com

**SARO KARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Sub Editor**
Randeep Singh (India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

**Sports Advisor**
Sukhvir Grewal
403-402-0770
sukhsports@gmail.com

Surinder Mavi Winnipeg
204-510-6284
surindermavi@gmail.com

Parminder Swaich
Surrey (BC)
604-760-4794

Rupinder Singh Kaler
Edmonton
780-807-6517

**Graphic Desinger**
Baljinder Singh
+91-98782-29598
+91-92167-29598
akashdeep.1064@gmail.com

**Honorary Advisory Board**
Sukhdev Singh Sandhu (Toronto)
Master Balbir Singh Gill (Toronto)
Jaspreet Dhaliwal (Toronto)
Harcharan Singh Parhar Calgary
Malkit Singh Abbotsford (BC)
Narbhinder Singh (India) (Punjab)
935-443-0211
Buta Singh Nawan Shahr (Punjab)
946-347-4342
atoozed@gmail.com
Jaswant Zirakh (India) (Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।




Details of 163 trinity:

$837,000 | 3,348 sq ft | 3 car garage | Walkout basement | 2 master bedrooms
Spice kitchen | Main floor bed and bath 4 bathrooms
Select all colors and specs if purchased now

Details of 705 mcdougal rd:

Practically in downtown

brand new 2300 sq ft townhouses with single garage

You can't beat these spectacular view

Priced to sell at $889,000



Call Rani - 403-612-7881
Amar - 403-470-2627

# ਕੀ ਕੈਨੇਡਾ-ਅਮਰੀਕਾ ਆਪਣੇ ਦੋਸਤਾਨਾ ਸਬੰਧ ਬਣਾ ਕੇ ਰੱਖ ਸਕਣਗੇ ?

(ਸਫ਼ਾ 1 ਦੀ ਬਾਕੀ)

ਅਲਬਰਟਾ ਦੇ ਤੇਲ ਅਤੇ ਕੈਨੇਡਾ ਦੇ ਹੋਰ ਨੈਚਰਲ ਰਿਸੋਰਸਜ਼ (ਧਰਤੀ ਤੋਂ ਨਿਕਲਣ ਵਾਲੇ ਕੁਦਰਤੀ ਪਦਾਰਥਾਂ ਆਦਿ) ਤੇ ਕਬਜ਼ਾ ਕਰਕੇ ਆਪਣੀ ਮਿਡਲ ਈਸਟ ਜਾਂ ਅਰਬ ਤੋਂ ਨਿਰਭਰਤਾ ਘਟਾਉਣੀ ਚਾਹੁੰਦਾ ਹੈ। ਦੂਜਾ ਪੱਖ ਇਹ ਵੀ ਹੈ ਕਿ ਇਸ ਨਾਲ ਜਿਥੇ ਅਮਰੀਕਾ ਇੱਕ ਵੱਡੀ ਆਰਥਿਕ ਤੇ ਮਿਲਟਰੀ ਤਾਕਤ ਬਣੇਗਾ, ਉਥੇ ਦੁਨੀਆਂ ਵਿੱਚ ਏਰੀਆ ਵਾਈਜ ਵੀ ਸਭ ਤੋਂ ਵੱਡਾ ਦੇਸ਼ ਹੋਵੇਗਾ ? ਹੁਣ ਕੈਨੇਡਾ ਦੁਨੀਆਂ ਭਰ ਵਿੱਚ ਰਕਬੇ ਅਨੁਸਾਰ ਦੂਜਾ ਵੱਡਾ ਦੇਸ਼ ਹੈ। ਇਸ ਪੱਖ ਵਿੱਚ ਜੇ ਤੁਸੀਂ ਕਨੇਡਾ ਦੀ ਕੰਜਰਵੇਟਿਵ ਪਾਰਟੀ ਦੀਆਂ ਨੀਤੀਆਂ ਤੇ ਅਮਰੀਕਾ ਨਾਲ ਕੀਤੇ ਗਏ ਆਰਥਿਕ ਸਮਝੌਤੇ ਦੇਖੋ ਤਾਂ ਉਨ੍ਹਾਂ ਨੇ ਕੈਨੇਡਾ ਨੂੰ ਆਜ਼ਾਦ ਤੇ ਆਤਮ ਨਿਰਭਰ ਦੇਸ਼ ਬਣਾਉਣ ਦੀ ਥਾਂ 'ਅਮਰੀਕਾ ਦੀ ਮੰਡੀ ਜਾਂ ਬਸਤੀ' ਬਣਾਉਣ ਲਈ ਵੱਧ ਕੰਮ ਕੀਤਾ ਹੈ। ਇਸਦੇ ਉਲਟ ਲਿਬਰਲ ਸਰਕਾਰਾਂ ਅਕਸਰ ਅਮਰੀਕਾ ਨੂੰ ਆਪਣੇ ਮਨਸੂਬੇ ਪੂਰੇ ਕਰਨ ਦੀ ਰਾਹ ਵਿੱਚ 'ਕਬਾਬ ਵਿੱਚ ਹੱਡੀ' ਬਣਦੀਆਂ ਰਹੀਆਂ ਹਨ। ਖਾਸਕਰ ਮਿ. ਪੀਅਰ ਟਰੂਡੋ (ਜਸਟਿਨ ਟਰੂਡੋ ਦਾ ਫਾਦਰ) ਤੇ ਮਿ. ਜ਼ੀਨ ਕਰੇਚੀਅਨ ਦੇ ਰਾਜ ਕਾਲ ਵਿੱਚ ਕੈਨੇਡਾ ਕਈ ਮੁੱਦਿਆਂ ਤੇ ਅਮਰੀਕਾ ਤੋਂ ਵੱਖਰੀ ਪੁਜੀਸ਼ਨ ਲੈ ਕੇ ਆਪਣੇ ਮਸਲ ਦਿਖਾਉਂਦਾ ਰਿਹਾ ਹੈ, ਜਿਸਨੂੰ ਅਮਰੀਕਾ ਨੇ ਕਦੇ ਬਰਦਾਸ਼ਤ ਨਹੀਂ ਕੀਤਾ। ਸਤੰਬਰ 2001 ਵਿੱਚ ਅਮਰੀਕਾ ਤੇ ਹੋਏ ਅੱਤਵਾਦੀ ਹਮਲਿਆਂ ਤੋਂ ਬਾਅਦ ਕੈਨੇਡਾ ਦੀ ਲਿਬਰਲ ਸਰਕਾਰ ਵਲੋਂ ਅਫਗਾਨਿਸਤਾਨ ਤੇ ਬਾਅਦ ਵਿੱਚ ਇਰਾਕ ਤੇ ਅਮਰੀਕੀ ਹਮਲਿਆਂ ਮੌਕੇ ਨਾਟੋ ਫੋਰਸਾਂ ਨਾਲ ਮਿਲ ਕੇ ਸਿੱਧੇ ਹਮਲੇ ਵਿੱਚ ਸ਼ਾਮਲ ਹੋਣ ਲਈ ਹਿਚਕਚਾਹਿਟ ਦਿਖਾਈ ਸੀ। ਕੈਨੇਡਾ ਦੁਨੀਆਂ ਭਰ ਵਿੱਚ ਆਪਣਾ ਇਮੇਜ਼ ਸ਼ਾਂਤੀ ਪਸੰਦ ਦੇਸ਼ ਦੇ ਤੌਰ 'ਤੇ ਬਣਾਉਣਾ ਚਾਹੁੰਦਾ ਰਿਹਾ ਹੈ, ਪਰ ਅਮਰੀਕਾ ਇਸਨੂੰ 'ਘਰ ਦੀ ਮੁਰਗੀ' ਸਮਝ ਕੇ ਉਸਦੇ ਇਸ਼ਾਰਿਆਂ 'ਤੇ ਨੱਚਣ ਵਾਲੀ ਕਠਪੁਤਲੀ ਬਣਾ ਕੇ ਰੱਖਣਾ ਚਾਹੁੰਦਾ ਹੈ।

ਬੇਸ਼ੱਕ ਕੰਜ਼ਰਵੇਟਿਵ ਤੇ ਲਿਬਰਲ, ਸਰਮਾਏਦਾਰੀ ਪੱਖੀ ਪਾਰਟੀਆਂ ਹਨ, ਪਰ ਕੰਜ਼ਰਵੇਟਿਵਾਂ ਦੇ ਮੁਕਾਬਲੇ ਲਿਬਰਲ ਪਾਰਟੀ ਦੀਆਂ ਪਾਲਸੀਆਂ ਥੋੜੀਆਂ ਲੋਕ ਪੱਖੀ ਜਾਂ ਸੋਸ਼ਲਿਸਟ ਟਾਈਪ ਵੀ ਹੁੰਦੀਆਂ ਹਨ। ਇਸ ਲਈ ਅਮਰੀਕਾ ਵਲੋਂ ਬੜੀ ਵੱਡੀ ਪੱਧਰ ਤੇ ਪੈਸਾ ਖਰਚ ਕੇ ਮੀਡੀਆ ਰਾਹੀਂ ਨਾਰਥ ਅਮਰੀਕਾ ਜਾਂ ਵੈਸਟਰਨ ਵਰਲਡ ਵਿੱਚ ਲੋਕਾਂ ਦਾ ਬਰੇਨਵਾਸ਼ ਕੀਤਾ ਜਾਂਦਾ ਹੈ ਕਿ ਕਮਿਉਨਿਸਟ ਤੇ ਸਮਾਜਵਾਦੀ ਲੋਕ ਤੇ ਇਨ੍ਹਾਂ ਦੀ ਵਿਚਾਰਧਾਰਾ ਮਨੁੱਖਤਾ ਵਿਰੋਧੀ ਹੈ ਤੇ ਲੋਕਤੰਤਰ ਦੇ ਉਲਟ ਡਿਕਟੇਟਰਸ਼ਿਪ ਹੈ। ਇਸ ਲਈ ਪੱਛਮੀ ਦੇਸ਼ਾਂ ਵਿੱਚ, ਜਦੋਂ ਕਿਸੇ ਨੂੰ ਰਾਜਨੀਤਕ ਤੌਰ 'ਤੇ ਖਤਮ ਕਰਨਾ ਹੋਵੇ ਜਾਂ ਬਦਨਾਮ ਕਰਨਾ ਹੋਵੇ ਤਾਂ ਉਸ ਤੇ ਸੋਸ਼ਲਿਸਟ ਜਾਂ ਕਮਿਉਨਿਸਟ ਹੋਣ ਦਾ ਇਲਜ਼ਾਮ ਲਗਾ ਦਿਉ, ਆਮ ਗੋਰੇ ਲੋਕ ਉਸਨੂੰ ਨਫਰਤ ਕਰਨ ਲਗਦੇ ਹਨ। ਬਹੁਤੇ ਆਮ ਗੋਰੇ, ਖਾਸਕਰ ਅਲਬਰਟਾ ਦੇ ਗੋਰੇ ਤਾਂ ਕਮਿਉਨਿਸਟਾਂ ਦਾ ਨਾਮ ਵੀ ਸੁਣਨ ਨੂੰ ਤਿਆਰ ਨਹੀਂ ਹੁੰਦੇ। ਇਹ ਪ੍ਰਭਾਵ ਮੈਂ ਪਿਛਲੇ ਦਿਨੀਂ ਆਪਣੀ ਯੂਰਪ ਫੇਰੀ ਮੌਕੇ ਵੀ ਦੇਖਿਆ ਕਿ ਲੋਕਾਂ ਵਿੱਚ ਕਮਿਉਨਿਜ਼ਮ ਜਾਂ ਮਾਰਕਸਵਾਦ ਬਾਰੇ, ਭਾਰੀ ਅਗਿਆਨਤਾ ਤੇ ਨਫਰਤ ਵੀ ਪਾਈ ਜਾਂਦੀ ਹੈ। ਇਹੀ ਫਾਰਮੂਲਾ ਕਨੇਡਾ ਵਿੱਚ ਲਿਬਰਲਾਂ ਖਿਲਾਫ ਵੀ ਵਰਤਿਆ ਜਾਂਦਾ ਰਿਹਾ ਹੈ, ਜਦੋਂ ਵੀ ਕਦੇ ਪੀਅਰ ਟਰੂਡੋ ਜਾਂ ਜੀਨ ਕਰੀਚੀਅਨ, ਅਮਰੀਕਾ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਵਿਰੋਧ ਕਰਦੇ ਸਨ ਜਾਂ ਕੋਈ ਸੋਸ਼ਲਿਸਟ ਪਾਲਿਸੀ ਲਾਗੂ ਕਰਦੇ ਸਨ ਤਾਂ ਉਨ੍ਹਾਂ ਨੂੰ ਕਮਿਊਨਿਸਟ ਜਾਂ ਸੋਸ਼ਲਿਸਟ ਕਹਿ ਕੇ ਭੰਡਿਆ ਜਾਂਦਾ ਰਿਹਾ ਹੈ। ਇਹ ਸਾਰੀ ਕਹਾਣੀ ਦੱਸਣ ਤੋਂ ਭਾਵ ਇਹੀ ਹੈ ਕਿ ਅਮਰੀਕਨ ਰਾਸ਼ਟਰਪਤੀ ਮਿ. ਟਰੰਪ ਤੇ ਕੈਨੇਡੀਅਨ ਪ੍ਰਧਾਨ ਮੰਤਰੀ ਮਿ. ਟਰੂਡੋ ਵਿੱਚ ਚੱਲ ਰਹੀ ਕਸ਼ਮਕਸ਼ ਨੂੰ ਇਸੇ ਸੰਦਰਭ ਵਿੱਚ ਦੇਖਣ ਦੀ ਲੋੜ ਹੈ। ਇਸ ਵਕਤ ਮਿ. ਟਰੰਪ ਰਿਪਬਲਿਕਨਜ਼ ਦੀ ਅਗਵਾਈ ਕਰ ਰਿਹਾ ਹੈ ਤੇ ਮਿ. ਟਰੂਡੋ ਲਿਬਰਲ ਦੀ, ਇਸ ਲਈ ਵੱਖ-ਵੱਖ ਮੁੱਦਿਆਂ ਤੇ ਤਕਰਾਰ ਜਾਂ ਮੱਤਭੇਦ ਹੋਣੇ ਸੁਭਾਵਿਕ ਹਨ। ਦੂਜੀ ਸੰਸਾਰ ਜੰਗ ਤੋਂ ਬਾਅਦ, ਇੱਕ ਪਾਸੇ ਅਮਰੀਕਾ ਸਰਮਾਏਦਾਰੀ ਵਿਵਸਥਾ ਦੇ ਆਗੂ ਵਜੋਂ ਉਭਰਿਆ ਸੀ ਤੇ ਦੂਜੇ ਪਾਸੇ ਸੋਵੀਅਤ ਯੂਨੀਅਨ, ਸਮਾਜਵਾਦ ਜਾਂ ਮਾਰਕਸਵਾਦ ਦੇ ਆਗੂ ਵਜੋਂ ਸਥਾਪਿਤ ਹੋ ਰਿਹਾ ਸੀ।ਜਿਸ ਨਾਲ ਦੁਨੀਆਂ ਵਿੱਚ ਪਾਵਰ ਦਾ ਥੋੜਾ ਸੰਤੁਲਿਨ ਸੀ। ਪਰ 1990 ਦੇ ਦਹਾਕੇ ਵਿੱਚ ਸੋਵੀਅਤ ਯੂਨੀਅਨ ਦੇ ਟੁੱਟਣ ਨਾਲ ਅਮਰੀਕਾ ਇਕੱਲਾ ਇੱਕ ਵੱਡੀ ਤਾਕਤ ਬਣ ਕੇ ਉਭਰਿਆ ਸੀ। ਪਿਛਲੇ 3 ਦਹਾਕਿਆਂ ਤੋਂ ਜਿਥੇ ਅਮਰੀਕਾ ਇਕੱਲਾ ਸੁਪਰ ਪਾਵਰ ਬਣ ਕੇ ਉਭਰਿਆ, ਉਥੇ ਉਸਨੇ ਦੁਨੀਆਂ ਭਰ ਵਿੱਚ ਆਪਣੇ ਪੈਰ ਪਸਾਰਨ ਲਈ ਖੁੱਲ੍ਹੀ ਮੰਡੀ (ਫਰੀ ਟਰੇਡ) ਦਾ ਸੰਕਲਪ ਲਿਆਂਦਾ, ਜਿਸ ਨਾਲ ਗਲੋਬਲਾਈਜ਼ੇਸ਼ਨ ਦਾ ਦੌਰ ਸ਼ੁਰੂ ਹੋਇਆ। ਕਨੇਡਾ-ਅਮਰੀਕਾ-ਮੈਕਸੀਕੋ ਵਿੱਚ ਵੀ 1994 ਵਿੱਚ ਫਰੀ ਟਰੇਡ ਐਗਰੀਮੈਂਟ (ਨਾਫਟਾ) ਹੋਇਆ। ਇਸ ਫਰੀ ਟਰੇਡ ਨਾਲ ਵੱਡੀਆਂ ਅਮਰੀਕਨ ਜਾਂ ਸਰਮਾਏਦਾਰ ਦੇਸ਼ਾਂ ਦੀਆਂ ਕੰਪਨੀਆਂ ਲਈ ਮੰਡੀ ਤਾਂ ਖੋਲੀ, ਪਰ ਇਸ ਨਾਲ ਵੱਡੀਆਂ ਕਾਰਪੋਰੇਸ਼ਨਾਂ ਨੇ ਜਿਥੇ ਸਸਤਾ ਕੱਚਾ ਮਾਲ ਜਾਂ ਸਸਤੀ ਲੇਬਰ ਸੀ, ਉਥੇ ਆਪਣੇ ਵਪਾਰ ਸਥਾਪਿਤ ਕਰ ਲਏ ਤਾਂ ਕਿ ਸਸਤੀ ਲੇਬਰ ਨਾਲ ਤਿਆਰ ਕੀਤਾ ਮਾਲ ਪੱਛਮੀ ਦੇਸ਼ਾਂ ਵਿੱਚ ਮਹਿੰਗੇ ਭਾਅ ਵੇਚ ਕੇ ਵੱਧ ਮੁਨਾਫਾ ਕਮਾਇਆ ਜਾਵੇ, ਜਿਸਦਾ ਅਸਰ ਹੌਲੀ-ਹੌਲੀ ਅਮਰੀਕਾ ਸਮੇਤ ਸਭ ਪੱਛਮੀ ਦੇਸ਼ਾਂ ਤੇ ਪਿਆ। ਆਰਥਿਕ ਮੰਦਵਾੜੇ ਦੇ ਇਸ ਦੌਰ ਵਿੱਚ ਅਮਰੀਕਨ ਲੋਕਾਂ ਵਿੱਚ ਇਹ ਭਾਵਨਾ ਪਨਪਣ ਲੱਗੀ ਕਿ ਸਾਡੀਆਂ ਚੰਗੀਆਂ ਜੌਬਾਂ ਬਾਹਰ ਜਾ ਰਹੀਆਂ ਹਨ ਤੇ ਅਸੀਂ ਬੇਰੁਜਗਾਰ ਹੋ ਰਹੇ ਹਾਂ ਜਾਂ ਸਾਨੂੰ ਘੱਟ ਤਨਖਾਹ ਵਾਲੀਆਂ ਸਰਵਿਸ ਸੈਕਟਰ ਦੀਆਂ ਜੌਬਾਂ ਮਿਲ ਰਹੀਆਂ ਹਨ। ਦੂਜਾ ਇਹ ਪ੍ਰਭਾਵ ਵੀ ਬਣਿਆ ਕਿ ਗੈਰ ਕਨੂੰਨੀ ਇਮੀਗਰੇਸ਼ਨ ਨਾਲ ਵੀ ਅਮਰੀਕਨ ਲੋਕਾਂ ਦੀਆਂ ਜੌਬਾਂ ਤੇ ਅਸਰ ਹੋ ਰਿਹਾ ਹੈ। ਇਸ ਪਨਪ ਰਹੀ ਸੋਚ ਦਾ ਲਾਭ ਉਠਾ ਕੇ ਪਿਛਲੀਆਂ ਰਾਸ਼ਟਰਪਤੀ ਚੋਣਾਂ ਵਿੱਚ ਮਿ. ਟਰੰਪ ਨੇ ਅਮਰੀਕਾ ਦੀ ਦੁਨੀਆਂ ਭਰ ਤੇ ਸਰਦਾਰੀ ਵਾਲੀ ਪਾਲਿਸੀ ਛੱਡ ਕੇ ਅਮਰੀਕਨ ਲੋਕ ਫਸਟ ਦਾ ਨਾਹਰਾ ਦਿੱਤਾ ਕਿ ਮੇਰੀ ਪਰਾਥਮਿਕਤਾ ਅਮਰੀਕਾ ਤੇ ਅਮਰੀਕਨ ਲੋਕ ਹਨ। ਅਮਰੀਕਨ ਰਾਸ਼ਟਰਪਤੀ ਬਣਨ ਦੇ ਕਾਬਿਲ ਨਾ ਹੋਣ ਦੇ ਬਾਵਜੂਦ ਵੀ ਉਸਦਾ ਇਹ ਨਾਹਰਾ ਚੱਲ ਗਿਆ ਤੇ ਮਿ. ਟਰੰਪ ਦੀ ਜਿੱਤ ਨੇ ਸਾਰੀ ਦੁਨੀਆਂ ਨੂੰ ਨਾ ਸਿਰਫ ਹੈਰਾਨੀ ਵਿੱਚ ਪਾ ਦਿੱਤਾ, ਸਗੋਂ ਸਾਰੀ ਦੁਨੀਆਂ ਲਈ ਖਤਰੇ ਦੀ ਘੰਟੀ ਵਜਾ ਦਿੱਤੀ ਸੀ। ਜਦੋਂ ਤੋਂ ਮਿ. ਟਰੰਪ ਰਾਸ਼ਟਰਪਤੀ ਬਣਿਆ ਹੈ, ਉਸਨੇ ਸਾਰੀ ਦੁਨੀਆਂ ਨੂੰ ਵੱਖ-ਵੱਖ ਮੁੱਦਿਆਂ ਤੇ ਵਖਤ ਪਾਇਆ ਹੋਇਆ ਹੈ, ਉਹ ਕਿਸ ਸਮੇਂ ਕੀ ਕਰ ਦੇਵੇ ਜਾਂ ਕੀ ਕਹਿ ਦੇਵੇ ਕੁਝ ਕਿਹਾ ਨਹੀਂ ਜਾ ਸਕਦਾ। ਇਸ ਵੇਲੇ ਉਹ ਅਮਰੀਕਨ ਹਿੱਤਾਂ ਨੂੰ ਮੁੱਖ ਰੱਖ ਕੇ ਹਰ ਇੱਕ ਦੀ ਬਾਂਹ ਮਰੋੜਨ ਲਈ ਤਿਆਰ ਹੈ, ਭਾਵੇਂ ਇਸ ਨਾਲ ਉਸਦੇ ਅੰਤਰ ਰਾਸ਼ਟਰੀ ਸਬੰਧਾਂ ਲਈ ਬਖੇੜੇ ਖੜੇ ਹੋਣ। ਕੈਨੇਡਾ-ਅਮਰੀਕਾ ਤੇ ਮੈਕਸੀਕੋ ਵਾਲਾ ਫਰੀ ਟਰੇਡ ਐਗਰੀਮੈਂਟ ਅਸਲ ਵਿੱਚ ਪਹਿਲਾਂ ਹੀ ਫੇਅਰ ਟਰੇਡ ਐਗਰੀਮੈਂਟ ਹੋਣਾ ਚਾਹੀਦਾ ਸੀ, ਜਿਸ ਨਾਲ ਸਭ ਨੂੰ ਬਰਾਬਰ ਦਾ ਲਾਭ ਪਹੁੰਚਦਾ, ਇਸਦਾ ਵੱਡਾ ਲਾਭ ਮਲਟੀ ਨੈਸ਼ਨਲ ਕਾਰਪੋਰੇਸ਼ਨਾਂ ਨੂੰ ਹੀ ਹੋਇਆ। ਉਨ੍ਹਾਂ ਜਿਧਰੋਂ ਸਸਤੀ ਲੇਬਰ ਨਾਲ ਜੋ ਸਮਾਨ ਬਣਾਇਆ, ਉਸਨੂੰ ਵੱਧ ਮੁਨਾਫੇ ਤਹਿਤ ਵੇਚਣਾ ਹੀ ਇੱਕ ਏਜੰਡਾ ਬਣਾਇਆ ਹੋਇਆ ਹੈ। ਪਰ ਸਰਕਾਰਾਂ ਦੀ ਉਨ੍ਹਾਂ ਨੂੰ ਖੁੱਲ੍ਹੀ ਛੁੱਟੀ ਦੀ ਨੀਤੀ, ਅੱਜ ਸਾਰੀ ਦੁਨੀਆਂ ਨੂੰ ਆਰਥਿਕ ਮੰਦਵਾੜੇ ਵੱਲ ਧੱਕ ਰਹੀ ਹੈ। ਬੇਰੁਜ਼ਗਾਰੀ ਹਰ ਦੇਸ਼ ਲਈ ਸਮੱਸਿਆ ਬਣ ਚੁੱਕੀ ਹੈ। ਸਰਕਾਰਾਂ ਇਸਦਾ ਸਹੀ ਹੱਲ ਲੱਭਣ ਦੀ ਥਾਂ ਇੱਕ ਦੂਜੇ ਤੇ ਦੋਸ਼ ਮੜ ਰਹੀਆਂ ਹਨ। ਅਮਰੀਕਾ ਵਲੋਂ ਨਾਫਟਾ ਵਿੱਚ ਕੀਤੀਆਂ ਜਾ ਰਹੀਆਂ ਤਬਦੀਲੀਆਂ, ਕਨੇਡਾ ਮੈਕਸੀਕੋ ਤੇ ਲਾਏ ਜਾ ਰਹੇ ਟੈਕਸਾਂ ਦੇ ਮੱਦੇਨਜ਼ਰ, ਇੱਕ ਵਾਰ ਫਿਰ ਕੈਨੇਡਾ ਅਮਰੀਕਾ ਦੇ ਸਬੰਧਾਂ ਵਿੱਚ ਤਰੇੜ ਪੈਂਦੀ ਨਜ਼ਰ ਆ ਰਹੀ ਹੈ। ਜਦੋਂ ਪਿਛਲੇ ਦਿਨੀਂ ਅਮਰੀਕਨ ਰਾਸ਼ਟਰਪਤੀ ਤੇ ਉਸਦੀ ਐਡਮਨਿਸਟਰੇਸ਼ਨ ਵਲੋਂ ਜਿਸ ਤਰ੍ਹਾਂ ਦੀਆਂ ਟਿੱਪਣੀਆਂ ਕਨੇਡਾ ਜਾਂ ਮਿ. ਟਰੂਡੋ ਬਾਰੇ ਕੀਤੀਆਂ ਗਈਆਂ ਹਨ, ਉਹ ਲੰਬੇ ਸਮੇਂ ਤੋਂ ਕਨੇਡਾ-ਅਮਰੀਕਾ ਦੇ ਸ਼ਾਂਤੀ ਵਾਲੇ ਸਬੰਧਾਂ ਲਈ ਚਿੰਤਾਜਨਕ ਹਨ।ਮਿ. ਟਰੰਪ ਦੇ ਟਰੇਡ ਐਡਵਾਈਜ਼ਰ ਵਲੋਂ ਟਰੂਡੋ ਲਈ ਟਿਪੱਣੀ ਕਰਨੀ ਕਿ ਉਸ ਲਈ ਨਰਕਾਂ ਵਿੱਚ ਖਾਸ ਜਗ੍ਹਾ ਹੋਣੀ ਚਾਹੀਦੀ ਹੈ, ਦੱਸਦੀ ਹੈ ਕਿ ਅਮਰੀਕਨ ਨੇਤਾ ਕੈਨੇਡਾ ਪ੍ਰਤੀ ਕਿਤਨਾ ਬੇਰੁੱਖੀ ਵਾਲਾ ਵਤੀਰਾ ਅਪਨਾ ਰਹੇ ਹਨ। ਜਿਸ ਤਰ੍ਹਾਂ ਇਹ ਮੰਨਿਆ ਜਾਂਦਾ ਹੈ ਕਿ ਟਰੰਪ ਪਿਛੇ ਸੱਜੇ ਪੱਖੀ ਨਸਲਵਾਦੀ ਤਾਕਤਾਂ ਪੂਰੇ ਜ਼ੋਰ ਸ਼ੋਰ ਨਾਲ ਕੰਮ ਕਰ ਰਹੀਆਂ ਹਨ, ਉਸ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਬੁੱਸ਼ ਵਲੋਂ ਆਰੰਭਿਆ 'ਮਹਾਂ ਨਾਰਥ ਅਮਰੀਕਾ' ਦਾ ਏਜੰਡਾ ਸੱਜੇ ਪੱਖੀ ਨਸਲਵਾਦੀ ਤਾਕਤਾਂ ਟਰੰਪ ਰਾਹੀਂ ਪੂਰਾ ਕਰਨ ਲਈ ਮੈਕਸੀਕੋ ਤੇ ਕਨੇਡਾ ਤੇ ਸ਼ਿਕੰਜਾ ਕੱਸ ਕੇ ਪੂਰਾ ਕਰਨਾ ਚਾਹੁੰਦੀਆਂ ਹੋਣ ? ਮਿਲਟਰੀ ਪੱਖ ਤੋਂ ਕੈਨੇਡਾ ਇੱਕ ਬਹੁਤ ਹੀ ਕਮਜ਼ੋਰ ਦੇਸ਼ ਹੈ ਤੇ ਆਰਥਿਕ ਤੌਰ 'ਤੇ ਤਕਰੀਬਨ ਪੂਰੀ ਤਰ੍ਹਾਂ ਅਮਰੀਕਾ ਤੇ ਨਿਰਭਰ ਹੈ। ਜੇ ਕਨੇਡਾ, ਅਮਰੀਕਾ ਦੀ ਥਾਂ ਯੂਰਪ ਨਾਲ ਆਪਣੇ ਵਪਾਰਕ ਸਬੰਧ ਸੁਧਾਰਨ ਦਾ ਯਤਨ ਕਰੇ ਤਾਂ ਬਹੁਤ ਔਖਾ ਕੰਮ ਹੈ ਕਿਉਂਕਿ ਇਸ ਵਕਤ ਯੂਰਪ ਨਾਲ ਟਰੇਡ ਅਮਰੀਕਾ ਦੇ ਮੁਕਾਬਲੇ ਸਿਰਫ 10% ਹੈ। ਜਿਥੇ ਇੱਕ ਪਾਸੇ ਮਲਟੀ ਨੈਸ਼ਨਲ ਕੰਪਨੀਆਂ ਨੇ ਟੈਕਨੌਲੋਜੀ ਨੂੰ ਮਨੁੱਖਤਾ ਲਈ ਵਰਦਾਨ ਦੀ ਥਾਂ ਸਰਾਪ ਬਣਾ ਕੇ ਉਲਟ ਖੜਾ ਕਰ ਦਿਤਾ ਹੈ, ਜਿਸ ਨਾਲ ਟੈਕਨੌਲੋਜੀ ਜੌਬਾਂ ਖਾ ਰਹੀ ਹੈ, ਪਰ ਕਾਰਪੋਰੇਸ਼ਨਾਂ ਦਾ ਮੁਨਾਫਾ ਕਈ ਗੁਣਾਂ ਵਧ ਰਿਹਾ ਹੈ। ਉਥੇ ਦੂਜੇ ਪਾਸੇ ਅਮਰੀਕਾ ਨਾਲ ਵਿਗੜ ਰਹੇ ਸਬੰਧ ਖਤਰੇ ਦੀ ਘੰਟੀ ਤੋਂ ਘੱਟ ਨਹੀਂ ਹਨ। ਟਰੰਪ ਪ੍ਰਸ਼ਾਸਨ ਦੀਆਂ ਟਿੱਪਣੀਆਂ ਤੇ ਲਾਏ ਜਾ ਰਹੇ ਟੈਕਸਾਂ ਤੇ ਹੋਰ ਕਈ ਢੰਗਾਂ ਨਾਲ ਕੱਸੇ ਜਾ ਰਹੇ ਸ਼ਿਕੰਜੇ ਦੇ ਸਨਮੁੱਖ ਮਿ. ਟਰੂਡੋ ਵਲੋਂ ਅਖਤਿਆਰ ਕੀਤਾ ਜਾ ਰਿਹਾ, ਜਵਾਬੀ ਹਮਲਾਵਰ ਰੁੱਖ ਕਨੇਡਾ ਲਈ ਕੋਈ ਸ਼ੁੱਭ ਸ਼ਗਨ ਨਹੀਂ ਹੈ। ਪਰ ਇੱਕ ਆਜ਼ਾਦ ਦੇਸ਼ ਦੇ ਪ੍ਰਧਾਨ ਮੰਤਰੀ ਲਈ ਆਪਣੇ ਹਿੱਤਾਂ ਨੂੰ ਮੁੱਖ ਰੱਖ ਕੇ ਚੁੱਪ ਰਹਿਣਾ ਵੀ ਕੋਈ ਸਿਆਣਪ ਨਹੀਂ ਕਹੀ ਜਾ ਸਕਦੀ। ਕੈਨੇਡਾ ਤੇ ਅਮਰੀਕਾ ਦੁਨੀਆਂ ਭਰ ਵਿਚੋਂ ਆਪਸ ਵਿੱਚ ਸਭ ਤੋਂ ਵੱਧ ਟਰੇਡ ਕਰਦੇ ਹਨ ਤੇ ਇਨ੍ਹਾਂ ਦੇ ਬਾਰਡਰ ਵੀ ਸਭ ਵੱਧ ਇੱਕ ਦੂਜੇ ਨਾਲ ਲਗਦੇ ਹਨ। ਬੇਸ਼ੱਕ ਕੈਨੇਡਾ ਲੰਬੇ ਸਮੇਂ ਤੋਂ ਚੰਗੇ ਸਬੰਧਾਂ ਦੇ ਬਾਵਜੂਦ ਅਮਰੀਕਾ ਤੋਂ ਆਪਣੀ ਵੱਖਰੀ ਨੀਤੀ ਰੱਖਦਾ ਰਿਹਾ ਹੈ, ਜਿਵੇਂ ਕਿ ਵੀਅਤਨਾਮ ਵਾਰ, ਕਿਉਬਾ ਨਾਲ ਸਬੰਧ, ਅਫਗਾਨਿਸਤਾਨ ਅਤੇ ਇਰਾਕ ਤੇ ਹਮਲਾ, ਅੱਤਵਾਦ ਨਾਲ ਨਜਿੱਠਣ ਦੇ ਤਰੀਕੇ ਆਦਿ। ਪਿਛਲੇ ਦਿਨੀਂ ਇੱਕ ਪ੍ਰਸਿੱਧ ਅਮਰੀਕਨ ਸੰਸਥਾ 'ਗੈਲੱਪ' ਵਲੋਂ ਆਏ ਇੱਕ ਸਰਵੇਖਣ ਅਨੁਸਾਰ ਕੈਨੇਡਾ ਦੇ 53% ਲੋਕ ਅਮਰੀਕਾ ਪ੍ਰਤੀ ਨਾਕਾਰਾਤਮਕ ਰਵੱਈਆ ਰੱਖਦੇ ਹਨ ਤੇ 41% ਸਾਕਾਰਾਤਮਿਕ ਰਵੱਈਆ ਰੱਖਦੇ ਹਨ, ਜਦਕਿ ਇਸੇ ਸੰਸਥਾ ਵਲੋਂ ਉਬਾਮਾ ਦੇ ਸਮੇਂ ਕਰਵਾਏ ਸਰਵੇਖਣ ਵਿੱਚ 81% ਕੈਨੇਡੀਅਨ ਅਮਰੀਕਾ ਪ੍ਰਤੀ ਸਾਕਾਰਾਤਮਕ ਰਵਈਆ ਰੱਖਦੇ ਸਨ। ਜਿਸ ਤੋਂ ਪਤਾ ਚੱਲਦਾ ਹੈ ਕਿ ਟਰੰਪ ਦੇ ਆਉਣ ਨਾਲ ਲੋਕਾਂ ਦਾ ਅਮਰੀਕਾ ਤੋਂ ਵਿਸ਼ਵਾਸ਼ ਘਟ ਰਿਹਾ ਹੈ।

ਅਜਿਹੇ ਹਾਲਾਤਾਂ ਵਿੱਚ ਬੇਸ਼ੱਕ ਮਿ. ਟਰੂਡੋ, ਕੈਨੇਡਾ ਦੇ ਹਿੱਤਾਂ ਤੇ ਕੈਨੇਡੀਅਨ ਸਵੈਮਾਣ ਲਈ ਵਧੀਆ ਕੰਮ ਕਰ ਰਹੇ ਹਨ, ਪਰ ਸਾਡੀ ਸਮਝ ਅਨੁਸਾਰ ਕਨੇਡਾ ਨੂੰ ਹੌਲੀ-ਹੌਲੀ ਅਮਰੀਕਾ ਤੋਂ ਆਰਥਿਕ ਨਿਰਭਰਤਾ ਘਟਾਉਣੀ ਚਾਹੀਦੀ ਹੈ। ਬੇਸ਼ੱਕ ਇਸ ਲਈ ਲੰਬਾ ਸਮਾਂ ਲੱਗੇਗਾ, ਪਰ ਜੇ ਕਨੇਡਾ ਨੇ ਇੱਕ ਆਜ਼ਾਦ ਦੇਸ਼ ਦੇ ਤੌਰ 'ਤੇ ਦੁਨੀਆਂ ਵਿੱਚ ਆਪਣਾ ਸਥਾਨ ਰੱਖਣਾ ਹੈ ਤਾਂ ਉਸਨੂੰ ਜਿਥੇ ਹੋਰ ਦੇਸ਼ਾਂ ਨਾਲ ਆਰਥਿਕ ਸਬੰਧ ਬਣਾਉਣ ਦੀ ਲੋੜ ਹੈ। ਉਥੇ ਇਸਦੇ ਨਾਲ-ਨਾਲ ਕੈਨੇਡਾ ਨੂੰ ਸਿਰਫ ਦੂਜੇ ਦੇਸ਼ਾਂ ਤੇ ਨਿਰਭਰਤਾ ਛੱਡ ਕੇ ਆਪਣੇ ਦੇਸ਼ ਵਿੱਚ ਪ੍ਰੋਡਕਸ਼ਨ ਇੰਡਸਟਰੀ ਵਿਕਸਤ ਕਰਨ ਦੀ ਲੋੜ ਹੈ। ਅੱਜ ਅਸੀਂ ਕੁਝ ਵੀ ਆਪ ਪੈਦਾ ਕਰਨ ਦੀ ਥਾਂ ਸਿਰਫ ਸਰਵਿਸ ਸੈਕਟਰ ਨੂੰ ਹੀ ਵਧਾ ਰਹੇ ਤੇ ਛੋਟੀ ਤੋਂ ਛੋਟੀ ਚੀਜ ਲਈ ਵੀ ਦੂਜਿਆਂ ਤੇ ਨਿਰਭਰ ਹਾਂ। ਜੋ ਕਨੇਡਾ ਵਿੱਚ ਆਸਾਨੀ ਨਾਲ ਪੈਦਾ ਕੀਤਾ ਜਾ ਸਕਦਾ ਹੈ, ਉਸਨੂੰ ਪੈਦਾ ਕਰਕੇ ਸੰਸਾਰ ਮੰਡੀ ਵਿੱਚ ਭੇਜ ਕੇ ਹੀ ਅਸੀਂ ਆਰਥਿਕ ਤੌਰ 'ਤੇ ਖੁਸ਼ਹਾਲ ਰਹਿ ਸਕਦੇ ਹਾਂ। ਸਿਰਫ ਸਰਵਿਸ ਤੇ ਖਪਤਕਾਰੀ ਕਲਚਰ ਨਾਲ ਲੰਬਾ ਸਮਾਂ ਦੇਸ਼ ਨੂੰ ਖੁਸ਼ਹਾਲ ਨਹੀਂ ਰੱਖਿਆ ਜਾ ਸਕੇਗਾ ?

# ਹਰ ਕੋਈ ਅਪਨੇ ਮਨਭਾਉਂਦੇ ਤਰੀਕੇ ਨਾਲ ਇਹਨਾਂ ਛੁੱਟੀਆਂ ਦਾ ਆਨੰਦ ਲੈ ਰਿਹਾ



ਗਰਮੀਆਂ ਦੀਆਂ ਛੁੱਟੀਆਂ ਹਨ। ਹਰ ਕੋਈ ਅਪਨੇ ਮਨਭਾਉਂਦੇ ਤਰੀਕੇ ਨਾਲ ਇਹਨਾਂ ਛੁੱਟੀਆਂ ਦਾ ਆਨੰਦ ਲੈ ਰਿਹਾ ਹੈ ਜਾਂ ਆਨੰਦ ਲੈਣ ਦੇ ਸੁਪਨੇ ਵੇਖਦਾ ਹੈ, ਸਿਰਫ਼ ਮਜ਼ਦੂਰ ਵਰਗ ਨੂੰ ਛੱਡ ਕੇ। ਪੇਂਡੂ ਬੱਚਿਆਂ ਲਈ ਨਾਨਕੇ ਜਾਂ ਕਿਸੇ ਭੂਆ/ਮਾਸੀ ਦੇ ਜਾਣਾ ਹੀ ਕਾਫ਼ੀ ਹੁੰਦਾ ਹੈ। ਲੋਕ ਇਹਨਾਂ ਛੁੱਟੀਆਂ ਵਿੱਚ ਭਰ ਗਰਮੀ ਤੋਂ ਰਾਹਤ ਪਾਉਣ ਲਈ ਪਹਾੜਾਂ ਵੱਲ੍ਹ ਨੂੰ ਰੁਖ਼ ਕਰਦੇ ਹਨ। ਇਹਨਾਂ ਦਿਨਾਂ ਵਿੱਚ ਕੁੱਲੂ ਮਨਾਲੀ, ਧਰਮਸ਼ਾਲਾ-ਡਲਹੋਜ਼ੀ, ਮੈਕਲੋਡਗੰਜ, ਸ਼ਿਮਲਾ ਅਤੇ ਹੋਰ ਸੈਲਾਨੀ ਥਾਵਾਂ ਤੇ ਰੌਣਕਾਂ ਵਧ ਜਾਂਦੀਆਂ ਹਨ ਅਤੇ ਇਹਨਾਂ ਸੈਲਾਨੀ ਇਲਾਕਿਆਂ ਦੇ ਹੋਟਲਾਂ ਦੇ ਕਮਰਿਆਂ ਦੀ ਕੀਮਤ ਵਧ ਜਾਂਦੀ ਹੈ, ਜਾਂ ਕਹਿ ਲਓ ਕਿ ਰਹਿਣ ਲਈ/ਰਾਤ ਕੱਟਣ ਲਈ ਥਾਂ ਦੀ ਘਾਟ ਰਹਿ ਜਾਂਦੀ ਹੈ।

ਹਿਮਾਚਲ ਵਿੱਚ ਠੇਕਿਆਂ ਦੀ ਸੇਲ ਵੀ ਵਧ ਜਾਂਦੀ ਹੈ ਅਤੇ ਸਤਲੁੱਜ ਬਿਆਸ ਵਿੱਚ ਬੀਅਰ ਦੀਆਂ ਖਾਲੀ ਬੋਤਲਾਂ ਦੀ ਕੱਚ ਵੀ ਵਧ ਜਾਂਦੀ ਹੈ। ਢਾਬਿਆਂ ਤੇ ਵੀ ਰੌਣਕਾਂ ਵਧ ਜਾਂਦੀਆਂ ਹਨ। ਕਹਿਣ ਦਾ ਭਾਵ ਕਿ ਪੰਜਾਬੀਆਂ ਲਈ ਸਸਤਾ ਅਤੇ ਨੇੜਲਾ ਸੈਲਾਨੀ ਸਥਲ ਹਿਮਾਚਲ ਹੀ ਹੈ, ਜਿੱਥੇ ਮੁਕਾਬਲਤਨ ਘੱਟ ਖਰਚੇ ਵਿੱਚ ਵਾਧੂ ਸੈਰ-ਸਪਾਟਾ ਹੋ ਜਾਂਦਾ ਹੈ, ਅੱਖਾਂ ਤੱਤੀਆਂ ਵੀ ਹੋ ਜਾਂਦੀਆਂ ਹਨ ਅਤੇ ਤਾਜ਼ੀਆਂ ਵੀ।

ਨਿਮਨ ਮੱਧ ਵਰਗ ਇਹਨਾਂ ਦਿਨਾਂ ਵਿੱਚ ਹਿਮਾਚਲ ਵਿੱਚ ਘੁੰਮਣ ਨੂੰ ਹੀ ਤਰਜੀਹ ਦਿੰਦਾ ਹੈ। ਨੌਜਵਾਨ ਵਿਦਿਆਰਥੀ ਜ਼ਿਆਦਾਤਰ ਮੋਟਰਸਾਇਕਲਾਂ ਤੇ ਹੀ ਸੈਰ ਕਰਨ ਨੂੰ ਤਰਜੀਹ ਦਿੰਦੇ ਹਨ। ਜੋ ਵੀ ਮਾੜੀ-ਮੋਟੀ ਗੁੰਜਾਇਸ਼ ਰੱਖਦਾ ਹੈ, ਉਹ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਅਪਣੇ ਮਨੋਰੰਜਨ ਲਈ ਖਰਚਾ ਕਰਦਾ ਹੈ ਅਤੇ ਪੂਰਾ ਲੁਤਫ਼ ਵੀ ਉਠਾਉਂਦਾ ਹੈ।

ਹਰ ਕਿਸੇ ਦਾ ਦਿਲ ਕਰਦਾ ਹੈ, ਘੁੰਮਣ ਨੂੰ, ਨਵੀਆਂ ਥਾਵਾਂ ਵੇਖਣ ਨੂੰ, ਵੱਖਰਾ ਸੱਭਿਆਚਾਰ ਵੇਖਣ ਨੂੰ। ਸਾਰੇ ਸਾਲ ਦਾ ਥਕੇਵਾਂ ਲਾਹ ਕੇ ਤਰੋਤਾਜ਼ਾ ਹੋਣ ਲਈ ਅਕਸਰ ਲੋਕ ਗਰਮੀਆਂ ਦੀਆਂ ਛੁੱਟੀਆਂ ਦਾ ਇੰਤਜ਼ਾਰ ਕਰਦੇ ਹਨ ਅਤੇ ਛੁੱਟੀਆਂ ਦੀ ਵਿਉਂਤਬੰਦੀ ਮਹੀਨਾ ਪਹਿਲਾਂ ਹੀ ਕਰਨ ਲੱਗ ਜਾਂਦੇ ਹਨ।

ਅਜਿਹੇ ਵਿੱਚ ਵੀ ਜੇ ਕੋਈ ਸਾਧਨ ਅਤੇ ਸਮਰੱਥਾ ਹੋਣ ਦੇ ਬਾਵਜੂਦ ਵੀ ਇਹਨਾਂ ਛੁੱਟੀਆਂ ਦਾ ਕੀਮਤੀ ਸਮਾਂ ਕਿਸੇ ਹੋਰ ਪਾਸੇ ਲਾਉਂਦਾ ਹੈ ਤਾਂ ਹੈਰਾਨ ਹੋਣਾ ਸੁਭਾਵਿਕ ਹੈ। ਪੰਜਾਬ ਯੂਨਿਵਰਸਿਟੀ ਚੰਡੀਗੜ੍ਹ ਦੇ ਇਹ ਨੌਜਵਾਨ ਹਰ ਵਾਰ ਦੀ ਤਰਾਂ ਇਸ ਵਾਰ ਵੀ ਅਪਣੀਆਂ ਛੁੱਟੀਆਂ ਉਹਨਾਂ ਲੋਕਾਂ ਨੂੰ ਸਮਰਪਿਤ ਕਰ ਰਹੇ ਹਨ, ਜਿਹਨਾਂ ਨੂੰ ਛੁੱਟੀਆਂ ਦਾ ਪਤਾ ਹੀ ਨਹੀਂ ਹੁੰਦਾ ਕਿ ਇਹ ਵੀ ਜ਼ਿੰਦਗੀ ਦਾ ਇੱਕ ਆਨੰਦਮਈ ਅਨੁਭਵ ਹੁੰਦਾ ਹੈ।

ਪਿੰਡ-ਪਿੰਡ ਜਾ ਕੇ ਲੋਕਾਂ ਨਾਲ ਜ਼ਮੀਨੀ ਪੱਧਰ ਤੇ ਰਾਬਤਾ ਬਣਾ ਕੇ ਉਹਨਾਂ ਦੇ ਦੁੱਖ-ਤਕਲੀਫ਼ਾਂ ਨੂੰ ਸਮਝਣਾ ਅਤੇ ਉਹਨਾਂ ਵਿੱਚ ਰਾਜਨੀਤਕ ਚੇਤੰਨਤਾ ਦਾ ਜਾਗ ਲਾਉਣਾ ਅਤੇ ਨਾਲ ਦੀ ਨਾਲ ਅਪਣੇ ਕੰਮਾਂ ਦੀ ਸਵੈਪੜਚੋਲ ਕਰਕੇ ਨਿੱਗਰ ਰਣਨੀਤੀ ਉਲੀਕਣੀ। ਸਿਖ਼ਰ ਦੁਪਹਿਰਾਂ ਸਿਰ ਤੇ ਹੰਢਾ ਕੇ, ਭੁੱਖ ਨੂੰ ਜ਼ਾਬਤਾ ਬਣਾ ਕੇ ਲੋਕਾਂ ਲਈ ਲੋਕ ਹੋ ਕੇ ਕੰਮ ਕਰਨ ਵਾਲੇ ਅਜਿਹੇ ਨੌਜਵਾਨ ਹੀ ਅਸਲ ਵਿੱਚ ਭਗਤ ਸਿੰਘ ਦੇ ਵਾਰਸ ਕਹਾਉਣ ਦੇ ਲਾਇਕ ਹਨ।

ਅੱਜ ਜਦੋਂ ਅਪਣੇ ਪੁੱਤਰ ਰਵੀ ਅਤੇ ਧੀ ਪੂਜਾ ਨੂੰ ਇਸ ਕਾਫ਼ਲੇ ਦੇ ਸਾਥੀ ਬਣਾਉਣ ਇਹਨਾਂ ਨੌਜਵਾਨਾਂ ਕੋਲ ਗਿਆ ਤਾਂ ਮੇਰਾ ਖ਼ਿਆਲ ਸੀ ਕਿ ਕਿਸੇ ਪਿੰਡ ਵਿੱਚ ਕਿਸੇ ਦੇ ਘਰੇ ਠਹਿਰੇ ਆਰਾਮ ਕਰ ਰਹੇ ਹੋਣਗੇ ਅਤੇ ਸ਼ਾਮ ਦੇ ਨਾਟਕ ਦੀਆਂ ਤਿਆਰੀਆਂ ਕਰ ਰਹੇ ਹੋਣਗੇ। ਪਰ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਵੇਖਿਆ ਕਿ ਇਹ ਪਹਿਲਾ ਪੜਾਅ ਮੁਕੰਮਲ ਕਰ ਕੇ ਅਗਲੇ ਪੜਾਅ ਦੀ ਤਿਆਰੀ ਵਿੱਚ ਅੱਜ ਦੇ ਪ੍ਰੋਗਰਾਮ ਦੀ ਵਿਉਂਤਬੰਦੀ ਕਰ ਰਹੇ ਨਹਿਰ ਕਿਨਾਰੇ ਪਟੜੀ ਤੇ ਬੈਠੇ ਪੂਰੇ ਉਤਸ਼ਾਹ ਵਿੱਚ ਹਨ। ਮੇਰੇ ਪੁੱਜਦਿਆਂ ਮੈਨੂੰ ਇੱਕ ਕਵੀ ਵਜੋਂ ਸਤਿਕਾਰ ਦਿੱਤਾ ਪਰ ਮੈਂ ਇਹਨਾਂ ਸਾਹਮਣੇ ਅਪਣੇ ਆਪ ਨੂੰ ਬਹੁਤ ਛੋਟਾ ਮਹਿਸੂਸ ਕੀਤਾ।

ਇਹਨਾਂ ਖ਼ੂਬਸੂਰਤ ਚਿਹਰਿਆਂ ਵਿੱਚ ਸਿਰਫ਼ ਲੜਕੇ ਹੀ ਨਹੀਂ, ਲੜਕੀਆਂ ਦੀ ਸ਼ਮੂਲੀਅਤ ਸੋਚਣ ਲਈ ਮਜ਼ਬੂਰ ਕਰਦੀ ਹੈ ਕਿ ਜਿੱਥੇ ਪੜ੍ਹ ਲਿਖ ਕੇ ਲੋਕ ਮਸ਼ੀਨਾਂ ਬਣ ਰਹੇ ਹਨ, ਪੈਸੇ ਦੀ ਦੌੜ੍ਹ ਵਿੱਚ ਸ਼ਾਮਿਲ ਹੋ ਰਹੇ ਹਨ, ਓਥੇ ਇਹ ਲੜਕੀਆਂ ਕਿੰਨੀ ਸ਼ਿੱਦਤ ਨਾਲ ਅਪਣੀ ਪੜ੍ਹੇ ਲਿਖੇ ਹੋਣ ਦੀ ਜ਼ਿੰਮੇਵਾਰੀ ਨਿਭਾ ਰਹੀਆਂ ਹਨ। ਸਾਡੇ ਸਮਾਜ ਵਿੱਚ ਇੱਕ ਪਾਸੇ ਲੜਕੀਆਂ ਦੇ ਪੜ੍ਹਨ-ਲਿਖਣ ਤੋਂ ਇਲਾਵਾ ਕਿਸੇ ਵੀ ਹੋਰ ਗਤੀਵਿਧੀ ਤੇ ਅਣਐਲਾਨੀ ਪਾਬੰਦੀ ਹੈ ਅਤੇ ਦੂਜੇ ਪਾਸੇ ਇਹ ਵੀਰਾਂਗਣਾਂ ਹਨ ਜਿਹੜੀਆਂ ਇਸ ਸਮਾਜ ਦੇ ਹਰ ਪਿਛਾਂਹਖਿੱਚੂ ਵਿਚਾਰ ਨੂੰ, ਜਗੀਰੂ ਧੌਂਸ ਨੂੰ ਪੈਰਾਂ ਥੱਲੇ ਲਿਤਾੜਨ ਲਈ ਤੱਤਪਰ ਹਨ।

ਹੈਰਾਨੀ ਹੁੰਦੀ ਹੈ ਕਿ ਸਾਡੇ ਗੀਤ, ਸਾਡੀਆਂ ਫ਼ਿਲਮਾਂ, ਸਾਡੇ ਖ਼ਬਰੀ ਚੈੱਨਲ ਸਾਨੂੰ ਇਹ ਸਾਰਾ ਕੁੱਝ ਦੱਸ ਹੀ ਨਹੀਂ ਰਹੇ ਜਿਸ ਨੂੰ ਕਿ ਵਡਿਆ ਕੇ ਪੇਸ਼ ਕਰਨਾ ਚਾਹੀਦਾ ਹੈ, ਵਡਿਆ ਕੇ ਪੇਸ਼ ਕਰਨ ਦੀ ਲੋੜ ਵੀ ਹੈ।

ਜੇ ਗੱਲ ਨਿੱਜ ਤੱਕ ਹੀ ਸੀਮਿਤ ਹੋਵੇ, ਅਪਣੀ ਹੀ ਜੂਨ ਸੁਧਾਰਨੀ ਹੋਵੇ, ਅਪਣੇ ਲਈ ਹੀ ਜਿਊਣਾ ਹੋਵੇ, ਅਪਣੇ ਆਪ ਨੂੰ ਹੀ ਮੁਖ਼ਾਤਿਬ ਹੋਣਾ ਹੋਵੇ ਤਾਂ ਇਹ ਨੌਜਵਾਨ ਹੋਰਾਂ ਵਾਂਗ ਅਪਣੀ ਉੱਚਵਿੱਦਿਆ ਦੀ ਦੁਰਵਰਤੋਂ ਕਰਦੇ ਹੋਏ ਡਾਕਟਰ ਬਣ ਕੇ ਲੋਕਾਂ ਦੀ ਖੱਲ ਲਾਹੁਣ, ਵਕੀਲ ਬਣਕੇ ਕਿਸੇ ਨੂੰ ਉਮਰਾਂ ਦਾ ਸਰਾਪ ਦੇਣ ਜਾਂ ਸਾਧਾਰਣ ਨਾਗਰਿਕ ਬਣਕੇ ਇਸ ਦੇਸ਼ ਦੇ ਵਿਗੜ ਚੁੱਕੇ ਢਾਂਚੇ ਨੂੰ ਹੋਰ ਮਜ਼ਬੂਤ ਕਰਨ। ਪਰ ਸਲਾਮ ਹੈ ਇਹਨਾਂ ਦੀ ਪ੍ਰਤੀਬੱਧਤਾ ਨੂੰ ਜਿਹਨਾਂ ਨਿਜੀ ਸੁੱਖ-ਆਰਾਮ ਤਿਆਗ ਕੇ ਲੋਕ ਹਿਤਾਂ ਨੂੰ, ਲੋਕ-ਘੋਲ਼ਾਂ ਨੂੰ ਅਪਣਾ ਮਿਸ਼ਨ ਸਮਝਿਆ ਹੈ।

ਇਹ ਉਹ ਨੌਜਵਾਨ ਹਨ ਜਿਹਨਾਂ ਦੇ ਬੁੱਲ੍ਹਾਂ ਤੇ "ਤੇਰੇ ਕਰਕੇ ਲੜਾਈਆਂ ਹੁੰਦੀਆਂ" ਦੀ ਥਾਂ ਅਸੀਂ ਲੜਾਂਗੇ ਸਾਥੀ ਚੜ੍ਹਿਆ ਹੈ।

ਇਹ ਉਹ ਨੌਜਵਾਨ ਨੇ ਜਿਹਨਾਂ ਦੇ ਪੈਰਾਂ ਵਿੱਚ ਰੰਗ-ਬਰੰਗੀਆਂ (ਬਦਰੰਗ) ਚੱਪਲਾਂ ਇਨਕਲਾਬ ਦੇ ਗੀਤਾਂ ਤੇ ਥਾਪ ਦਿੰਦੀਆਂ ਹਨ।

ਧਰਮਾਂ, ਜ਼ਾਤਾਂ ਤੋਂ ਉੱਤੇ ਉੱਠ ਕੇ ਲੋਕ ਹਿਤਾਂ ਲਈ ਕੰਮ ਕਰਨ ਵਾਲੇ ਇਹ ਉਹ ਲੋਕ ਹਨ ਜਿਹੜੇ ਆਈਲੈਟਸ ਕਰਕੇ ਵਿਦੇਸ਼ ਜਾਣ ਵਾਲੇ ਨੌਜਵਾਨਾਂ ਲਈ ਅਪਣੇ ਹੀ ਦੇਸ਼ ਵਿੱਚ ਉਹਨਾਂ ਦੀ ਸੋਚ ਦੇ ਹਾਣ ਤੋਂ ਵੀ ਵੱਡੀ ਜ਼ਮੀਨ ਤਿਆਰ ਕਰਕੇ ਦੇਣ ਦੀ ਸਹੁੰ ਚੁੱਕੀ ਫਿਰਦੇ ਹਨ।

ਅਸੀਂ-ਤੁਸੀਂ ਮਾੜੀ-ਮੋਟੀ ਸਮਝ ਰੱਖਣ ਵਾਲੇ ਲੋਕ ਇਹਨਾਂ ਨੌਜਵਾਨਾਂ ਦਾ ਦੇਣ ਸ਼ਾਇਦ ਕਦੇ ਨਹੀਂ ਦੇ ਸਕਦੇ, ਇਹਨਾਂ ਦੀ ਹੌਸਲਾ ਅਫ਼ਜ਼ਾਈ ਲਈ ਸਲਾਮ ਅਤੇ ਸ਼ੁਕਰੀਆ ਤੋਂ ਵੱਡਾ ਸ਼ਬਦ ਸ਼ਾਇਦ ਅਜੇ ਬਣਿਆ ਹੀ ਨਹੀਂ



ਹਰੀਪਾਲ
403-714-4816

# ਲੋਕਤੰਤਰ ਕਿ ਛੜਯੰਤਰ?




ਕਿਰਪਾ ਕਰਕੇ ਗਲਤ ਨਾ ਸਮਝ ਲੈਣਾ। ਇਹ ਲੇਖ ਲਿਖਣ ਦਾ ਸਾਡਾ ਇਹ ਮਤਲਬ ਨਹੀਂ ਹੈ ਕਿ ਲੋਕਤੰਤਰ ਬਿਲਕੁਲ ਫੇਲ੍ਹ ਹੋ ਗਿਆ ਹੈ। ਸਾਡਾ ਇਹ ਲੇਖ ਦਾ ਮਤਲਬ ਇਹ ਹੈ ਕਿ ਆਓ ਡੈਮੋਕਰੇਸੀ ਦਾ ਮੁਲੰਕਣ ਕਰੀਏ ਕਿ ਇਹ ਕਿੰਨੀ ਕੁ ਕਾਮਯਾਬ ਹੈ। ਗੁਫ਼ਾ ਯੁਗ, ਕਬੀਲਾ ਯੁੱਗ, ਰਾਜਸ਼ਾਹੀ, ਇਨ੍ਹਾਂ ਸਾਰੇ ਯੁੱਗਾਂ ਤੋਂ ਬਾਅਦ ਜੇਕਰ ਕੋਈ ਸਿਸਟਮ ਜ਼ਿਆਦਾ ਪਾਪੂਲਰ ਹੋਇਆ ਜਾਂ ਜੋ ਸਿਸਟਮ ਦੁਨੀਆਂ ਦੇ ਬਹੁਤੇ ਮੁਲਕਾਂ ਨੇ ਅਪਣਾਇਆ ਉਹ ਡੈਮੋਕਰੇਟਿਕ ਸਿਸਟਮ ਹੀ ਸੀ। ਅਮਰੀਕਾ ਦੇ ਪ੍ਰਧਾਨ ਅਬਰਾਹਿਮ ਲਿੰਕਨ ਡੈਮੋਕਰੇਸੀ ਦੀ ਪ੍ਰੀਭਾਸ਼ਾ ਇਸ ਤਰ੍ਹਾਂ ਕਰਦਾ ਹੈ, ਲੋਕ ਰਾਜ ਲੋਕਾਂ ਵਲੋਂ, ਲੋਕਾਂ ਲਈ, ਲੋਕਾਂ ਦਾ ਰਾਜ ਹੈ। ਜਦਵੀ ਡੈਮੋਕਰੇਸੀ ਦੀ ਗੱਲ ਹੁੰਦੀ ਹੈ ਤਾਂ ਅਬਰਾਹਿਮ ਲਿੰਕਨ ਦੀ ਇਹ ਪ੍ਰੀਭਾਸ਼ਾ ਬੜੀ ਹੀ ਸ਼ਾਨ ਨਾਲ ਪੜ੍ਹੀ ਜਾਂਦੀ ਹੈ ਪਰ ਕੀ ਸਾਨੂੰ ਪਤਾ ਹੈ ਕਿ ਇਸੇ ਅਬਰਾਹਿਮ ਲਿੰਕਨ ਦੀ ਪ੍ਰਧਾਨਗੀ ਸਮੇਂ 68 ਆਦਿਵਾਸੀ ਬਾਗੀਆਂ ਨੂੰ ਸਮੂਹਿਕ ਤੌਰ 'ਤੇ ਫਾਹੇ ਲਾਇਆ ਗਿਆ ਸੀ। ਕੀ ਅਮਰੀਕਨ ਬਹੁਸੰਮਤੀ ਇਨ੍ਹਾਂ ਆਦਿਵਾਸੀਆਂ ਨੂੰ ਫਾਂਸੀ ਲਾਉਣ ਵਿਚ ਸਹਿਮਤ ਸੀ, ਜਾਂ ਅਬਰਾਹਿਮ ਲਿੰਕਨ ਨੇ ਬਹੁਸੰਮਤੀ ਤਾਂ ਕੀ ਜਾਂ ਆਪਨੀ ਮਾੜੀ ਮੋਟੀ ਨੈਤਿਕਤਾ ਦੀ ਪ੍ਰਵਾਹ ਵੀ ਕੀਤੀ ਸੀ ਜਾਂ ਨਹੀਂ? ਉਸ ਨੇ ਬਿਲਕੁਲ ਪ੍ਰਵਾਹ ਨਹੀਂ ਕੀਤੀ ਕਿਉਂਕਿ ਜਦੋਂ ਸਟੇਟ ਨੂੰ ਖਤਰਾ ਪੈਦਾ ਹੁੰਦਾਹੈ ਉਦੋਂ ਕਿਸੇ ਵੀ ਕਿਸਮ ਦੇ ਲੋਕਤੰਤਰ ਜਾਂ ਨੈਤਿਕਤਾ ਦੀ ਪ੍ਰਵਾਹ ਨਹੀਂ ਕੀਤੀ ਜਾਂਦੀ। ਜਦੋਂ ਸਟੇਟ ਨੂੰ ਖ਼ਤਰਾ ਪੈਦਾ ਹੁੰਦਾ ਹੈ ਉਸ ਸਮੇਂ ਸਟੇਟ ਦੀਆਂ ਰਖੈਲਾਂ ਨੂੰ ਮਾਰਧਾੜ, ਬਲਾਤਕਾਰ, ਲੁੱਟ ਖੋਹ ਦੀ ਖੁੱਲ੍ਹ ਦਿੱਤੀ ਜਾਂਦੀ ਹੈ। ਜਦ ਸਟੇਟ ਨੂੰ ਖਤਰਾ ਪੈਦਾ ਹੁੰਦਾ ਹੈ, ਫਿਰ ਲੋਕਤੰਤਰ ਨਾਂ ਦਾ ਸ਼ਬਦ, ਡੂੰਘੇ ਟੋਏ ਵਿਚ ਸੁੱਟ ਦਿੱਤਾ ਜਾਂਦਾ ਹੈ। ਮੀਡੀਆ ਵੀ ਸਟੇਟ ਦੀ ਬੋਲੀ ਬੋਲਦਾ ਹੈ, ਲੋਕਤੰਤਰ ਅਵਾਜ਼ਾਂ ਚੁੱਪ ਕਰਾ ਦਿੱਤੀਆਂ ਜਾਂਦੀਆਂ ਹਨ। ਡੈਮੋਕਰੇਸੀ ਦੇ ਹੇਠ ਦਿੱਤੇ ਨੁਕਸ ਜ਼ਰੂਰ ਵਿਚਾਰਨਯੋਗ ਹਨ :

1. ਲੋਕਤੰਤਰ ਸਿਸਟਮ ਵਿਚ ਚੋਣਾਂ ਉਹੀ ਲੜ ਸਕਦਾ ਹੈ ਜਿਸਦੇ ਕੋਲ ਪੈਸਾ ਹੁੰਦਾ ਹੈ। ਹੁਣ ਪੈਸਾ ਜਾਂ ਪੈਸੇ ਦੀ ਬਹੁਤਾਤ ਕਿਸੇ ਇਮਾਨਦਾਰ ਬੰਦੇ ਕੋਲ ਹੋਣੀ ਤਾਂ ਮੁਸ਼ਕਿਲ ਹੁੰਦੀ ਹੈ, ਇਸ ਕਰਕੇ ਕਿਸੇ ਇਮਾਨਦਾਰ ਬੰਦੇ ਦੇ ਚੋਣ ਲੜਨ ਦੇ ਚਾਂਸ ਬਹੁਤ ਘੱਟ ਹੁੰਦੇ ਹਨ। ਪੈਸਾ ਤਾਂ ਸਮੱਗਲਰਾਂ, ਜਖੀਰੇਬਾਜ਼ਾਂ, ਹੇਰਾਫੇਰੀਆਂ ਕਰਨ ਵਾਲਿਆਂ ਕੋਲ ਹੀ ਬਹੁਤਾ ਹੁੰਦਾ ਹੈ। ਇਸ ਕਰਕੇ ਚੋਣਾਂ ਵੀ ਇਹੀ ਲੋਕ ਲੜਦੇ ਹਨ। ਪੁਲੀਟੀਕਲ ਪਾਰਟੀਆਂ ਨੇ ਵੀ, ਫੰਡ ਇਕੱਠਾ ਕਰਨ ਲਈ ਟਿਕਟਾਂ ਦਾ ਮੁੱਲ ਰੱਖਿਆ ਹੁੰਦਾ ਹੈ। ਇਹ ਜ਼ਖੀਰੇਬਾਜ਼ ਜਾਂ ਹੇਰਾਫੇਰੀਆਂ ਕਰਨ ਵਾਲੇ ਟਿਕਟਾਂ ਮੁੱਲ ਲੈਂਦੇ ਹਨ, ਚੋਣਾਂ ਲੜਦੇ ਹਨ ਤੇ ਚੋਣਾਂ ਵਿਚ ਪੈਸਾ ਪਾਣੀ ਦੀ ਤਰ੍ਹਾਂ ਵਹਾਇਆ ਜਾਂਦਾ ਹੈ। ਅੱਗੇ ਜਾ ਕੇ ਇਨ੍ਹਾਂ ਲੋਕਾਂ ਦੀਆਂ ਪਾਰਟੀਆਂ ਹੀ ਸਰਕਾਰਾਂ ਬਣਾਉਂਦੀਆਂ ਹਨ ਤੇ ਫੇਰ ਅਸੀਂ ਇਹੋ ਜਿਹੀਆਂ ਸਰਕਾਰਾਂ ਤੋਂ ਲੋਕਾਂ ਦੇ ਭਲੇ ਵਾਲੇ ਕੰਮਾਂ ਦੀ ਆਸ ਵੀ ਕਿਵੇਂ ਕਰ ਸਕਦੇ ਹਾਂ। ਇਹ ਬੰਦੇ ਜਦੋਂ ਸਰਕਾਰਾਂ ਵਿਚ ਹੁੰਦੇ ਹਨ ਤਾਂ ਸਾਰੀਆਂ ਪਬਲਿਕ ਸੰਸਥਾਵਾਂ ਵਿਚ ਆਪਦੇ ਵਰਗੇ ਬੰਦੇ ਫਿੱਟ ਕਰ ਦਿੰਦੇ ਹਨ। ਫਿਰ ਤਾਂ ਕਾਨੂੰਨ ਵੀ ਇਹੀ ਹਨ, ਮੁਜਰਮ ਵੀ ਇਹੀ ਹਨ, ਜੱਜ ਵੀ ਇਹੀ ਹਨ ਤੇ ਆਮ ਲੋਕਾਂ ਦਾ ਤਾਂ ਫਿਰ ਬੱਸ ਰੱਬ ਹੀ ਰਾਖਾ ਹੈ।

ਇਕ ਹੋਰ ਵੱਡਾ ਕਾਰਨ ਹੈ, ਬਹੁਗਿਣਤੀ ਫਿਰਕੇ ਨੂੰ ਕੋਈ ਵੀ ਇਗਨੋਰ ਨਹੀਂ ਕਰ ਸਕਦਾ। ਬਹੁਗਿਣਤੀ ਨੂੰ ਖ਼ੁਸ਼ ਕਰਨ ਲਈ ਮਨੁੱਖਤਾ ਤੋਂ ਗਿਰੇ ਹੋਏ ਕੁ-ਕਰਮ ਕੀਤੇ ਜਾਂਦੇ ਹਨ। ਜਿਵੇਂ 1984 ਵਿਚ ਸਿੱਖਾਂ ਦਾ ਕਤਲੇਆਮ ਅਤੇ 2002 ਵਿਚ ਮੁਸਲਮਾਨਾਂ ਦਾ ਕਤਲੇਆਮ। ਸਰਕਾਰੀ ਮੀਡੀਆ ਇਸ ਵਿਚ ਬਹੁਤ ਵੱਡਾ ਰੋਲ ਅਦਾ ਕਰਦਾ ਹੈ। ਕਿਸੇ ਘੱਟ ਗਿਣਤੀ ਵਾਲੇ ਬੰਦੇ ਨੂੰ ਹੀਰੋ ਬਣਾਇਆ ਜਾਂਦਾ ਹੈ, ਉਸ ਦੇ ਰਾਹੀਂ ਜਾਂ ਆਪ ਕੁਝ ਗਲਤ ਕੰਮ ਕਰਕੇ ਉਸ ਦੇ ਨਾਂ ਲਾ ਦਿੱਤੇ ਜਾਂਦੇ ਹਨ, ਫਿਰ ਉਸ ਨੂੰ ਮਾਰ ਕੇ ਬਹੁਗਿਣਤੀ ਦੀਆਂ ਵੋਟਾਂ ਖਰੀਆਂ ਕੀਤੀਆਂ ਜਾਂਦੀਆਂ ਹਨ। ਲੋਕਤੰਤਰੀ ਸਿਸਟਮ ਵਿਚ ਜਿਹੜਾ ਲੀਡਰ ਮੁੱਦਿਆਂ 'ਤੇ ਸਹੀ ਵਿਚਾਰ ਰੱਖਦਾ ਹੈ ਉਹ ਹਾਰ ਜਾਂਦਾ ਹੈ। ਜਿਹੜਾ ਉਹ ਗੱਲ ਕਰਦਾ ਹੈ ਜਿਸ ਨੂੰ ਲੋਕ ਸੁਣਨਾ ਚਾਹੁੰਦੇ ਹਨ ਉਹ ਜਿੱਤ ਜਾਂਦਾ ਹੈ। ਜਿਵੇਂ ਕੈਨੇਡਾ ਵਿਚ ਬਰਾਇਨ ਮੂਰਨੀ ਨੇ ਜੀ.ਐਸ.ਟੀ. ਲਾਇਆ ਸੀ ਅਤੇ ਜੀਨ ਕ੍ਰਿਸਚੀਅਨ ਨੇ ਲੋਕਾਂ ਤੋਂ ਇਹ ਕਹਿ ਕੇ ਵੋਟਾਂ ਲੈ ਲਈਆਂ ਕਿ ਜੇਕਰ ਉਹ ਜਿੱਤ ਗਿਆ ਤਾਂ ਜੀ. ਐਸ. ਟੀ. ਹਟਾ ਦੇਵੇਗਾ, ਪਰ ਜਦ ਲਿਬਰਲ ਚੋਣਾਂ ਜਿੱਤ ਗਏ ਤਾਂ ਉਹ ਜੀ. ਐਸ. ਟੀ. ਹਟਾਉਣ ਤੋਂ ਸਾਫ਼ ਮੁਕਰ ਗਏ। ਕੁਝ ਚਿਰ ਬਾਅਦ ਲੋਕ ਚੋਣ ਜੁਮਲਿਆਂ ਨੂੰ ਭੁੱਲ ਜਾਂਦੇ ਹਨ। ਜਿਹੜੇ ਲੀਡਰ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਦੇ ਹਨ ਉਹੀ ਕਾਮਯਾਬ ਹੁੰਦੇ ਹਨ, ਚਾਹੇ ਬਾਅਦ ਵਿਚ ਇਨ੍ਹਾਂ ਜੁਮਲਿਆਂ ਦੇ ਬੜੇ ਭੈੜੇ ਨਤੀਜੇ ਨਿਕਲਦੇ ਹਨ। ਲੋਕਤੰਤਰ ਵਿਚ ਬਹੁਤ ਵਾਰੀ ਸਿਆਣਪ ਅਤੇ ਨੈਤਿਕਤਾ, ਜੁਮਲਿਆਂ ਅੱਗੇ ਬੁਰੀ ਤਰ੍ਹਾਂ ਹਾਰ ਜਾਂਦੀ ਹੈ।

ਅਸੀਂ ਚਾਹੇ 21ਵੀਂ ਸਦੀ ਵਿਚ ਪਹੁੰਚ ਗਏ ਹਾਂ ਪਰ ਸਾਡੇ ਅੰਦਰੋਂ ਅਜੇ ਵੀ ਕਬੀਲਾ ਸੋਚ ਨਹੀਂ ਮਰੀ ਜਿਵੇਂ ਮੇਰੇ ਲੋਕ, ਮੇਰੇ ਧਰਮ ਦੇ ਲੋਕ, ਮੇਰੇ ਖਿੱਤੇ ਦੇ ਲੋਕ। ਅਸੀਂ ਜਦੋਂ ਗੱਲ ਕਰਦੇ ਹਾਂ ਤਾਂ ਕਹਿੰਦੇ ਹਾਂ ਕਿ ਕੈਨੇਡਾ ਵਿਚ ਸਾਡੇ ਇੰਨੇ ਐਮ. ਐਲ. ਏ. ਜਾਂ ਐਮ. ਪੀ. ਜਿੱਤ ਗਏ ਹਨ, ਅਸੀਂ ਖੁਸ਼ ਹੋ ਜਾਂਦੇ ਹਾਂ, ਅਸੀਂ ਇਹ ਨਹੀਂ ਸੋਚਦੇ ਕਿ ਇਨ੍ਹਾਂ ਦਾ ਏਜੰਡਾ ਕੀ ਹੈ। ਅਸੀਂ ਆਪਣੇ ਆਪ ਨੂੰ ਹਮੇਸ਼ਾ ਕਿਸੇ ਧਰਮ ਨਾਲ, ਭਾਸ਼ਾ ਨਾਲ ਜਾਂ ਕੌਮੀਅਤ ਨਾਲ ਜੋੜ ਕੇ ਦੇਖਦੇ ਹਾਂ। ਸਾਡੀ ਬਹੁਤ ਵੱਡੀ ਗਿਣਤੀ ਵੀ ਆਪਦੇ ਆਪ ਨੂੰ ਮਨੁੱਖਵਾਦੀ ਸੋਚ ਨਾਲ ਜੋੜ ਕੇ ਨਹੀਂ ਦੇਖਦੀ। ਬੀ. ਸੀ. ਵਿਚ ਉਜਲ ਦੁਸਾਂਝ ਮੁੱਖ ਮੰਤਰੀ ਬਣ ਜਾਂਦਾ ਹੈ ਜਾਂ ਹਰਜੀਤ ਸੱਜਣ ਕੈਨੇਡਾ ਦਾ ਰੱਖਿਆ ਮੰਤਰੀ ਬਣ ਜਾਂਦਾ ਹੈ ਤਾਂ ਸਾਡਾ ਉਹ ਹਾਲ ਹੁੰਦਾ ਹੈ ਕਿ "ਮਾਮੇ ਨੇ ਕਰਾਈਆਂ ਨੱਤੀਆਂ, ਭਾਣਜਾ ਆਕੜਿਆ ਫਿਰੇ।" ਹਰਜੀਤ ਸੱਜਣ ਹੋਵੇ ਚਾਹੇ ਉਜਲ ਦੁਸਾਂਝ ਇਹ ਆਪਦੀਆਂ ਪਾਰਟੀਆਂ ਦੀ ਪੋਲੀਟਿਕਸ ਤੋਂ ਬਾਹਰ ਕੁਝ ਨਹੀਂ ਕਰ ਸਕਦੇ।

ਡੈਮੋਕਰੇਸੀ ਵਿਚ ਟਰਬਾਈਨ ਮੈਨਟੈਲਿਟੀ ਹੁੰਦੀ ਹੈ। ਇਹ ਬੜੀ ਖਤਰਨਾਕ ਹੈ, ਕਿਉਂਕਿ ਇਹ ਤੁਹਾਨੂੰ ਤੁਹਾਡੀ ਟੀਮ ਲਈ ਵੋਟ ਦੇਣ ਤੇ ਪਰੇਰੂਗੀ ਨਾ ਕਿ ਕਿਸੇ ਮੁੱਦੇ ਉਤੇ। ਇਸ ਦਾ ਮਤਲਬ ਜਿਹੜਾ ਤੁਹਾਡੀ ਟੀਮ 'ਚੋਂ ਖੜ੍ਹਦਾ ਹੈ, ਤੁਹਾਡੀ ਵੋਟ ਉਸੇ ਨੂੰ ਜਾਂਦੀ ਹੈ, ਫਿਰ ਵੋਟਾਂ ਲੈ ਕੇ ਉਹੀ ਵਿਅਕਤੀ ਆਪਦਾ ਇੰਟਰੈਸਟ ਦੇਖਦਾ ਹੈ, ਨਾ ਕਿ ਲੋਕਾਂ ਦਾ। ਬਹੁਗਿਣਤੀ ਨੂੰ ਖ਼ੁਸ਼ ਕਰਨ ਲਈ UNFAIR ਕਾਨੂੰਨ ਪਾਸ ਕੀਤੇ ਜਾਂਦੇ ਹਨ ਤੇ ਘੱਟ ਗਿਣਤੀਆਂ ਨੂੰ ਦਬਾਕੇ ਰੱਖਿਆ ਜਾਂਦਾ ਹੈ।

ਲੋਕਤੰਤਰ ਬਾਰੇ ਇਕ ਹੋਰ ਗੱਲ ਕਹੀ ਜਾਂਦੀ ਹੈ ਇਹ ਘੱਟ ਕੁਰੱਪਟ ਹੈ, ਦੂਜੇ ਸਿਸਟਮ ਦੇ ਮੁਕਾਬਲੇ, ਪਰਵੋਟਿੰਗ ਸਿਸਟਮ ਵਿਚ, ਲੀਡਰ ਵੋਟਾਂ ਲੈਣ ਲਈ, ਆਪਦਾ ਵੋਟ ਬੈਂਕ ਪੱਕਾ ਕਰਨ ਲਈ, ਕਿਸੇ ਖਾਸ ਗਰੁੱਪ ਨੂੰ, ਖਾਸ ਸਹੂਲਤਾਂ ਦੀ ਵੱਡੀ ਦਿੰਦੇ ਹਨ। ਇਹ ਬਿਲਕੁਲ ਉਸੇ ਤਰ੍ਹਾਂ ਹੀ ਹੈ ਜਿਸ ਤਰ੍ਹਾਂ ਵੋਟਾਂ ਲੈਣ ਲਈ, ਕਿਸੇ ਨੂੰ ਪੈਸੇ ਦੇਣਾ। ਜਿਸ ਤਰ੍ਹਾਂ ਕੁੱਲ ਐਮ. ਐਲ. ਏ. ਜਾਂ ਐ. ਪੀ. (ਜਿਹੜੇ ਵਜੀਰੀਆਂ ਤੋਂ ਰਹਿ ਜਾਂਦੇ ਹਨ) ਖ਼ੁਸ਼ ਕਰਨ ਲਈ, ਉਨ੍ਹਾਂ ਨੂੰ ਚੇਅਰਮੈਨੀਆਂ ਬਖਸ਼ਣੀਆਂ। ਕਈ ਵਾਰ ਕੋਈ ਲੀਡਰ ਸਹੀ ਕੰਮ ਕਰਨ ਕਰਕੇ ਵੀ ਮਾਰਿਆ ਜਾਂਦਾ (ਜੇਕਰ ਉਹ ਸਹੀ ਕੰਮ ਕਰਨਾ ਚਾਹੁੰਦਾ ਹੈ) ਜਿਸ ਤਰ੍ਹਾਂ ਮਾਰਗਰੇਟ ਥੈਚਰ ਨੇ ਜਦੋਂ ਪ੍ਰਦੂਸ਼ਣ ਫੈਲਾਉਣ ਵਾਲੀਆਂ ਕੋਲੇ ਦੀਆਂ ਖਾਣਾ ਬੰਦ ਕਰਨ ਦਾ ਫੈਸਲਾ ਕੀਤਾ ਤਾਂ ਕੋਲੇ ਦੀਆਂ ਖਾਣਾ ਵਿਚ ਕੰਮ ਕਰਨ ਵਾਲੇ ਕਾਮੇ ਥੈਚਰ ਦੇ ਵਿਰੋਧੀ ਹੋ ਗਏ। ਇਥੇ ਠੀਕ ਗਲਤ ਨਹੀਂ ਦੇਖਿਆ ਜਾਂਦਾ ਪਰ ਤੁਰੰਤ ਫਾਇਦਾ ਦੇਖਿਆ ਜਾਂਦਾ ਹੈ। ਜਿਵੇਂ ਅਲਬਰਟਾ ਵਿਚ ਪਾਈਪ ਲਾਈਨਾਂ ਦੇ ਵਿਰੋਧੀ ਵੀ ਵੋਟਾਂ ਲੈਣ ਲਈ ਪਾਈਪ ਲਾਈਨ ਦੇ ਹੱਕ ਵਿਚ ਮੁਜ਼ਾਹਰੇ ਕਰ ਰਹੇ ਹਨ। ਇਸ ਗੱਲ ਦਾ ਸਭ ਨੂੰ ਪਤਾ ਹੈ, ਜਦੋਂ ਇਹ ਪਾਈਪ ਲਾਈਨਾਂ ਨੇ ਤੇਲ ਦਾ ਕੰਮ ਨਬੇੜ ਦਿੱਤਾ ਉਸ ਵਕਤ 140000 ਵਰਗ ਕਿਲੋਮੀਟਰ ਧਰਤੀ ਬਾਂਝ ਹੋ ਜਾਵੇਗੀ। ਫਿਰ ਉਸ ਵਕਤ ਤੇਲ ਦਾ ਬਦਲ ਲੱਭਣ ਦੀ ਦੌੜ ਭੱਜ ਤੇਜ਼ ਹੋਵੇਗੀ, ਇਹ ਹੁਣ ਹੀ ਕਿਉਂ ਨਹੀਂ ਲੱਭਿਆ ਜਾਂਦਾ ਇਹ ਤਾਂ ਉਹ ਗੱਲ ਹੈ ਸੌ ਗੰਢ ਵੀ ਖਾ ਲੈਣਾ ਤੇ ਸੌ ਛਿੱਤਰ ਵੀ ਖਾ ਲੈਣਾ ਅਤੇ ਸੌ ਰੁਪਿਆ ਜੁਰਮਾਨਾ ਵੀ ਦੇ ਦੇਣਾ।

ਬਹੁਤ ਵਾਰੀ ਰਾਜਨੀਤਕ ਪਾਰਟੀਆਂ ਇਕ ਦੂਜੀ ਦੀ ਖੱਲ ਬਚਾਉਣ ਲਈ ਆਪਸ ਵਿਚ ਅਨੈਤਿਕ ਸਮਝੌਤੇ ਕਰ ਜਾਂਦੀਆਂ ਹਨ। ਫਰਜ਼ ਕਰੋ ਕਿ ਏ ਪਾਰਟੀ ਰਾਜ ਕਰ ਰਹੀ ਹੈ ਅਤੇ ਰਿਸ਼ਵਤ, ਹੇਰਾਫੇਰੀਆਂ, ਕੁਰੱਪਸ਼ਨ ਦਾ ਰਿਕਾਰਡ ਤੋੜ ਦਿੰਦੀ ਹੈ। ਪਾਰਟੀ ਬੀ ਜਿਹੜੀ ਕਿ ਵਿਰੋਧੀ ਪਾਰਟੀ ਹੈ ਉਹ ਏ ਪਾਰਟੀ ਦੀਆਂ ਹੇਰਾਫੇਰੀਆਂ ਨੂੰ ਨੰਗਾ ਕਰਦੀ ਹੈ ਅਤੇ ਇਸੇ ਬੇਸ ਤੇ ਚੋਣਾਂ ਜਿੱਤ ਜਾਂਦੀ ਹੈ ਕਿ ਜੇਕਰ ਉਹ ਸੱਤਾ ਵਿਚ ਆ ਗਈ ਤਾਂ ਪਾਰਟੀ ਏ ਨੂੰ ਅਦਾਲਤ ਵਿਚ ਘੜੀਸੇਗੀ। ਫਰਜ਼ ਕਰੋ ਬੀ ਪਾਰਟੀ ਚੋਣਾਂ ਜਿੱਤ ਜਾਂਦੀ ਹੈ ਫਿਰ ਅੰਦਰਖਾਤੇ ਬੀ ਪਾਰਟੀ, ਏ ਪਾਰਟੀ ਨਾਲ ਸਮਝੌਤਾ ਕਰਦੀ ਹੈ ਕਿ ਅਸੀਂ ਤੁਹਾਨੂੰ ਮੁਆਫ਼ ਕਰ ਦਿਆਂਗੇ ਤੇ ਤੁਸੀਂ ਜਦੋਂ ਦੁਬਾਰਾ ਪਾਵਰ ਵਿਚ ਆਵੋਗੇ ਤਾਂ ਸਾਨੂੰ ਮੁਆਫ਼ ਕਰ ਦੇਣਾ। ਇਹ ਸਮਝੌਤਾ ਅੰਦਰਖਾਤੇ ਹੁੰਦਾ ਹੈ, ਥੋੜ੍ਹਾ ਚਿਰ ਕਮਿਸ਼ਨ ਬਿਠਾਉਣ ਦਾ ਡਰਾਮਾ ਹੁੰਦਾ ਹੈ। ਫਿਰ ਕੋਈ ਹੋਰ ਵੱਡਾ ਡਰਾਮਾ ਕਰਕੇ ਪਹਿਲੇ ਡਰਾਮੇ ਨੂੰ ਢੱਕ ਦਿੱਤਾ ਜਾਂਦਾ ਹੈ।

ਹੁਣ ਕਿਉਂਕਿ ਇਹ ਪਾਰਟੀਆਂ ਕਦੇ ਇਮੀਗਰੇਸ਼ਨ ਬੰਦ ਕਰਨ ਦੀ ਧਮਕੀ ਦਿੱਤੀ ਜਾਂਦੀ ਹੈ ਤੇ ਕਈ ਵਾਰ ਗੁਆਂਢੀ ਮੁਲਕ ਦੇ ਨਾਲ ਵੱਡੀ ਸਾਰੀ ਕੰਧ ਕੱਢੀ ਜਾਂਦੀ ਹੈ। ਜਿਹੜੀ ਪਾਰਟੀ ਜਿੰਨੀ ਬਹੁਤੀ ਜ਼ਹਿਰ ਪਰਵਾਸੀਆਂ ਤੇ ਉਗਲਦੀ ਹੈ ਉਸ ਦੇ ਜਿੱਤਣ ਦੇ ਚਾਂਸ ਉਨੇ ਹੀ ਵੱਧ ਜਾਂਦੇ ਹਨ। ਨਸਲਵਾਦੀ ਸੰਗਠਨਾਂ ਨੂੰ ਹੱਲਾਸ਼ੇਰੀ ਦਿੱਤੀ ਜਾਂਦੀ ਹੈ, ਫਰੀਡਮ ਆਫ਼ ਸਪੀਚ ਦਾ ਬਹਾਨਾ ਬਣਾ ਕੇ ਨਸਲਵਾਦੀਆਂ ਤੇ ਕੇਸ ਵੀ ਦਰਜ ਨਹੀਂ ਕੀਤਾ ਜਾਂਦਾ। ਆਮ ਪਬਲਿਕ ਜਿਹੜੀ ਕਿ ਰੋਟੀ ਦੇ ਚੱਕਰ 'ਚ ਇੰਨੀ ਵਿਆਸਤ ਹੈ, ਜਿਸ ਕੋਲ ਸੋਚਣ ਦਾ ਟਾਈਮ ਨਹੀਂ ਹੈ, ਇਨ੍ਹਾਂ ਗੱਲਾਂ ਵਿਚ ਆ ਕੇ ਸਾਰਾ ਗੁੱਸਾ ਪਰਵਾਸੀਆਂ 'ਤੇ ਕੱਢਦੀ ਹੈ।

ਸਾਡੇ ਇਥੇ ਕੈਨੇਡਾ ਵਿਚ ਚੋਣਾਂ ਤਾਂ ਪਹਿਲਾਂ ਨੌਮੀਨੇਸ਼ਨ ਲਈ ਵੀ ਵੋਟਿੰਗ ਕਰਾਈ ਜਾਂਦੀ ਹੈ। ਜਿਹੜੀ ਪਾਰਟੀ ਲੱਗਦਾ ਹੈ ਚੋਣਾਂ ਜਿੱਤੂਗੀ, ਉਸ ਪਾਰਟੀ ਦੀ ਨੌਮੀਨੇਸ਼ਨ ਲਈ ਸਵਾਰਥੀ ਲੋਕਾਂ ਵਿਚ ਦੌੜ ਸ਼ੁਰੂ ਹੋ ਜਾਂਦੀ ਹੈ। ਵਿਚਾਰੇ ਮੁਰਗਿਆਂ ਦੀ ਸ਼ਾਮਤ ਆ ਜਾਂਦੀ ਹੈ, ਮੱਛੀ ਦੇ ਪਕੌੜੇ ਉਡਦੇ ਹਨ, ਸ਼ਰਾਬ ਦਾ ਸਤਲੁਜ ਵਗਦਾ ਹੈ। ਇਹ ਨੌਮੀਨੇਸ਼ਨ ਲੈਣ ਵਾਲੇ ਕੈਂਡੀਡੇਟ ਬੜੀਆਂ ਅਜੀਬ ਗੱਲਾਂ ਕਰਦੇ ਹਨ। ਧਾਰਮਿਕ ਅਦਾਰਿਆਂ 'ਚ ਮੱਥੇ ਟੇਕਦੇ ਹਨ, ਅਖ਼ਬਾਰਾਂ ਵਿਚ ਫੋਟੋਆਂ ਛਪਾਉਣ ਲਈ ਪੂਰੀ ਚਾਣਕੀਆ ਨੀਤੀ ਵਰਤਦੇ ਹਨ। ਕਈ ਵਾਰ ਲੋਕਾਂ ਵਿਚ ਆਪਦੀ ਭਲ ਬਣਾਉਣ ਲਈ ਬੜੇ ਹੀ ਪਾਪੂਲਰ ਮੁੱਦੇ ਚੁੱਕੇ ਜਾਂਦੇ ਹਨ। ਕਦੇ ਬੱਚਿਆਂ ਵਿਚ ਵੱਧ ਰਹੇ ਨਸ਼ੇ ਨੂੰ ਰੋਕਣ ਲਈ, ਸਕੂਲਾਂ ਦੀ ਘਾਟ, ਸੜਕਾਂ ਦੀ ਘਾਟ, ਸੀਨੀਅਰਜ਼ ਦਾ ਫਿਕਰ, ਇਹ ਸਾਰੇ ਮੁੱਦੇ ਨੌਮੀਨੇਸ਼ਨ ਵੇਲੇ ਹੀ ਜਾਂ ਚੋਣਾਂ ਵੇਲੇ ਹੀ ਯਾਦ ਆਉਂਦੇ ਹਨ। ਚੋਣਾਂ ਤੋਂ ਬਾਅਦ ਇਹ ਸਭ ਮੁੱਦੇ ਢੱਠੇ ਖੂਹ ਵਿਚ ਸੁੱਟ ਦਿੰਦੇ ਜਾਂਦੇ ਹਨ। ਫੇਰ ਇਹ ਮੁੱਦੇ ਚਾਰ ਸਾਲ ਬੋੜੇ ਖੂਹ ਵਿਚ ਹੀ ਪਏ ਰਹਿੰਦੇ ਹਨ। ਚਾਰ ਸਾਲਾਂ ਬਾਅਦ ਕੋਈ ਹੋਰ ਮਾਈ ਦਾ ਲਾਲ ਆਉਂਦਾ ਹੈ ਤੇ ਇਨ੍ਹਾਂ ਮੁੱਦਿਆਂ ਦੀ ਪੌੜੀ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਨੌਮੀਨੇਸ਼ਨ ਲੈਣ ਲਈ ਵੱਡੀਆਂ ਪਾਰਟੀਆਂ ਕਰਕੇ, ਵੱਡਾ ਇਕੱਠ ਦਿਖਾਕੇ, ਹਾਈ ਕਮਾਂਡ ਤੋਂ ਆਪਦੀ ਨੌਮੀਨੇਸ਼ਨ ਲੈਣ ਲਈ ਵੱਡੀਆਂ ਪਾਰਟੀਆਂ ਕਰਕੇ, ਵੱਡਾ ਇਕੱਠ ਦੇਖਕੇ, ਹਾਈ ਕਮਾਂਡ ਤੋਂ ਆਪਦੀ ਨੌਮੀਨੇਸ਼ਨ ਲੈਣ ਲਈ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਜਿਥੇ ਟੈਕਸ ਦੀ ਦਰ ਘੱਟੋ ਘੱਟ ਹੋਵੇ। ਇਸ ਕਰਕੇ ਕੈਨੇਡੀਅਨ ਕੰਪਨੀਆਂ, ਮੁਨਾਫ਼ਾ ਤਾਂ ਕੈਨੇਡਾ ਵਿਚ ਕਮਾਉਂਦੀਆਂ ਹਨ, ਪਰ ਟੈਕਸ ਦੇ ਪੇਪਰ ਬਾਰਬੇਡੋ ਜਾਂ ਦੇਮਨ ਆਈਲੈਂਡ ਜਾ ਕੇ ਭਰਦੀਆਂ ਹਨ। ਇਨ੍ਹਾਂ ਟਾਪੂਆਂ ਵਿਚ ਕੈਨੇਡੀਅਨ ਕੰਪਨੀਆਂ ਦਾ 200 ਬਿਲੀਅਨ ਡਾਲਰ ਤੋਂ ਉਪਰ ਪੈਸਾ ਪਿਆ ਹੈ। ਕਿਸੇ ਪੁਲੀਟੀਕਲ ਲੀਡਰ ਦੀ ਹਿੰਮਤ ਨਹੀਂ ਕਿ ਇਸ 200 ਬਿਲੀਅਨ ਡਾਲਰ ਨੂੰ ਕੈਨੇਡਾ ਮੰਗਵਾਉਣ ਦੀ ਹਿੰਮਤ ਕਰੇ। ਇਸੇ ਤਰ੍ਹਾਂ ਅਮਰੀਕਾ ਦਾ ਇਕ ਟਰਿਲੀਅਨ (ਇਕ ਹਜ਼ਾਰ ਬਿਲੀਅਨ) ਤੋਂ ਵੀ ਵੱਧ ਡਾਲਰ ਇਨ੍ਹਾਂ ਮੁਲਕਾਂ ਵਿਚ ਪਿਆ ਹੈ।

ਜਦੋਂ ਕਾਰਪੋਰੇਸ਼ਨਾਂ ਨੂੰ ਘਾਟਾ ਪੈਂਦਾ ਹੈ ਤਾਂ ਸਰਕਾਰਾਂ ਦੀ ਨੀਂਦ ਉਡ ਜਾਂਦੀ ਹੈ। ਸੰਨ 2008 ਦੇ ਰੀਸੈਸ਼ਨ ਸਮੇਂ ਹਾਰਪਰ ਸਰਕਾਰ ਨੇ 13.5 ਬਿਲੀਅਨ ਡਾਲਰ ਜੀ. ਐਮ. ਅਤੇ ਕਰਾਈਸਲਰ (ਕਾਰਾਂ ਬਣਾਉਣ ਵਾਲੀਆਂ ਕੰਪਨੀਆਂ) ਦੀ ਝੋਲੀ ਪਾਇਆ, ਪਰ ਵਾਪਸ ਮੁੜਿਆ ਸਿਰਫ਼ 10 ਬਿਲੀਅਨ ਡਾਲਰ। ਲੋਕਾਂ ਦਾ 3.5 ਬਿਲੀਅਨ ਇਨ੍ਹਾਂ ਕਾਰਪੋਰੇਸ਼ਨਾਂ ਨੂੰ ਟੇਢੇ ਰੂਪ ਵਿਚ ਦਾਨ ਹੋ ਗਿਆ। ਸਾਡੇ ਪ੍ਰਧਾਨ ਮੰਤਰੀ ਟਰੂਡੋ ਵੀ ਕਿਊਬੈਕ ਦੀ BOMBARDIA ਕੰਪਨੀ ਦੀ ਮਦਦ ਕਰਨ ਲਈ ਪੱਬਾਂ ਭਾਰ ਹੋਇਆ। ਇਕ ਪਾਸੇ ਤਾਂ ਇਹ ਕੰਪਨੀਆਂ ਸਰਕਾਰਾਂ ਨੂੰ ਘਾਟੇ ਦਾ ਡਰਾਵਾ ਦਿੰਦੀਆਂ ਹਨ ਤੇ ਕੰਪਨੀ ਨੂੰ ਸਟਡਾਊਨ ਕਰਨ ਦਾ ਡਰਾਵਾ ਦਿੰਦੀਆਂ ਹਨ ਤੇ ਸਰਕਾਰਾਂ ਤੋਂ ਪੈਸੇ ਲੈ ਕੇ ਝੱਟ ਪੱਟ ਆਪਦੇ ਐਗਜੈਕਟਿਵ ਅਫ਼ਸਰਾਂ ਨੂੰ ਬੋਨਸ ਦੇਣ ਦਾ ਐਲਾਨ ਵੀ ਕਰ ਦਿੰਦੀਆਂ ਹਨ। ਬਹੁਤ ਵਾਰੀ ਮੁਨਾਫ਼ੇ ਕਮਾ ਰਹੇ ਸਰਕਾਰੀ ਅਦਾਰੇ ਪ੍ਰਾਈਵੇਟ ਕਰ ਦਿੱਤੇ ਜਾਂਦੇ ਹਨ, ਜਿਵੇਂ ਕੈਨੇਡਾ ਵਿਚ Petro Canada ਨਾਲ ਹੋਇਆ। ਜਦੋਂ ਇਹ ਅਦਾਰਾ ਨਫ਼ਾ ਕਮਾ ਰਿਹਾ ਸੀ ਤਾਂ ਕੀ ਲੋੜ ਸੀ ਇਸ ਨੂੰ ਪ੍ਰਾਈਵੇਟ ਕਰਨ ਦੀ? ਪਰ ਸਰਕਾਰਾਂ ਨੇ ਆਪਣੇ ਆਕਿਆਂ ਨੂੰ ਖੁਸ਼ ਵੀ ਕਰਨਾ ਹੈ। ਲੋਕਾਂ ਨੂੰ ਇਹ ਮਹਿਸੂਸ ਕਰਨ ਲਾ ਦਿੱਤਾ ਜਾਂਦਾ ਹੈ ਕਿ ਇਹ ਤਾਂ ਕਾਰਪੋਰੇਸ਼ਨਾਂ ਦੀ ਕਿਰਪਾ ਹੈ ਜਿਨ੍ਹਾਂ ਦੀ ਬਦੌਲਤ ਤੁਹਾਡਾ ਚੁੱਲ੍ਹਾ ਤਪਦਾ ਹੈ। ਸਰਕਾਰਾਂ ਇਨ੍ਹਾਂ ਅੱਗੇ ਬੁਰੀ ਤਰ੍ਹਾਂ ਗੋਡੇ ਟੇਕਦੀਆਂ ਹਨ ਤੇ ਬੜੇ ਬੇਸ਼ਰਮ ਸਮਝੌਤੇ ਕੀਤੇ ਜਾਂਦੇ ਹਨ। ਅਲਬਰਟਾ ਵਿਚ ਬਿਜਲੀ ਸਪਲਾਈ ਕਰਨ ਵਾਲੀਆਂ ਕੰਪਨੀਆਂ ਨਾਲ ਇਸ ਤਰ੍ਹਾਂ ਸਮਝੌਤਾ ਕੀਤਾ ਜਾਂਦਾ ਹੈ ਕਿ ਜੇਕਰ ਘਾਟਾ ਪੈਂਦਾ ਹੈ ਤਾਂ ਬਿਜਲੀ ਸਪਲਾਈ ਕੰਪਨੀਆਂ ਸਮਝੌਤਾ ਤੋੜ ਵੀ ਸਕਦੀਆਂਹਨ। ਹੈ ਨਾ ਕਮਾਲ ਦੀ ਗੱਲ! "ਲੱਡੂ ਖਾਣ ਨੂੰ ਬਾਂਦਰੀ, ਡੰਡੇ ਖਾਣ ਨੂੰ ਰਿੱਛ" ਜੇਕਰ ਬਿਜਲੀ ਸਪਲਾਈ ਕੰਪਨੀਆਂ ਨੂੰ ਘਾਟਾ ਪੈ ਗਿਆ ਤਾਂ ਜਦੋਂ ਮਰਜ਼ੀ ਤੁਸੀਂ ਸਮਝੌਤਾ ਤੋੜੋ ਅਤੇ ਬਿਜਲੀ ਦੇ ਰੇਟ ਚੱਕ ਦਿਓ।

ਪੂੰਜੀਵਾਦ ਨੂੰ ਜਦ ਖਤਰਾ ਪੈਦਾ ਹੁੰਦਾ ਹੈ ਤਾਂ ਉਹ ਫਾਸ਼ੀਵਾਦ ਦਾ ਸੱਪ ਵੀ ਕੱਢ ਲੈਂਦਾ ਹੈ। ਲੋਕਾਂ ਨੂੰ ਧਰਮ, ਜਾਤ, ਭਾਸ਼ਾ, ਇਲਾਕੇ ਦੇ ਨਾਂ 'ਤੇ ਭੜਕਾ ਕੇ ਦੰਗੇ ਕਰਾਏ ਜਾਂਦੇ ਹਨ। ਲੋਕਾਂ ਨੂੰ ਆਪਦੀ ਜਾਨ ਦਾ ਫਿਕਰ ਪੈ ਜਾਂਦਾ ਹੈ ਫਿਰ ਉਹਨਾਂ ਨੇ ਆਪਦੇ ਹੱਕ ਮੰਗਣ ਲਈ ਲਾਮਬੰਦ ਕੀ ਹੋਣਾ ਹੈ।

**ਆਖਿਰ ਵਿਚ :**

ਅਖੀਰ ਵਿਚ ਇਹ ਸਾਫ਼ ਹੈ ਕਿ ਡੈਮੋਕਰੇਸੀ, ਸਹੀ ਮਾਅਨਿਆਂ ਵਿਚ ਸਭ ਦੀ ਪ੍ਰਤੀਨਿਧਤਾ ਵੀ ਨਹੀਂ ਕਰਦੀ। ਫਰਜ਼ ਕਰੋ ਕਿ ਮੁਲਕ ਵਿਚ 10% ਲੋਕ ਅੱਪਰ ਕਲਾਸ ਨੂੰ ਸੰਬੰਧਤ ਹਨ, 20% ਮਿਡਲ ਕਲਾਸ ਹਨ ਤੇ ਬਾਕੀ 70% ਮਜ਼ਦੂਰ, ਬੇਘਰੇ ਗਰੀਬ ਲੋਕ ਹਨ ਪਰ ਰਾਜ ਕਿਸਦਾ ਹੈ? ਰਾਜ ਸ਼ਰਤੀਆ ਹੀ ਉਪਰਲੇ 30% ਲੋਕਾਂ ਦਾ ਹੈ, ਕਿਉਂਕਿ ਉਨ੍ਹਾਂ ਕੋਲ ਪੈਸਾ ਹੈ। ਉਹ ਆਪਦੀ ਮਰਜ਼ੀ ਦੇ ਕਾਨੂੰਨ ਬਣਾਉਂਦੇ ਹਨ, ਲਾਗੂ ਕਰਦੇ ਹਨ ਤੇ ਸਰਕਾਰੀ ਮਸ਼ੀਨਰੀ ਵੀ ਉਨ੍ਹਾਂ ਦੀ ਹੈ। ਜੇਕਰ ਹੇਠਲੇ 70% ਲੋਕ ਹੱਕਾਂ ਦੀ ਗੱਲ ਕਰਦੇ ਹਨ ਤਾਂ ਉਨ੍ਹਾਂ ਨੂੰ ਕੁੱਟਣ ਲਈ ਫੌਜ, ਪੁਲਿਸ ਹੈ। ਹੁਣ ਜੇਕਰ ਸਹੀ ਮਾਇਨਿਆਂ 'ਚ ਲੋਕਤੰਤਰ ਦੀ ਗੱਲ ਕਰੀਏ ਤਾਂ 100 ਮੈਂਬਰਾਂ ਦੀ ਪਾਰਲੀਮੈਂਟ ਵਿਚੋਂ 70 ਬੰਦੇ ਹੇਠਲੀ ਕਲਾਸ ਵਿਚ ਲਏ ਜਾਣੇ ਚਾਹੀਦੇ ਹਨ ਤੇ 30 ਬੰਦੇ ਉਪਰਲੀ ਕਲਾਸ ਵਿਚ ਲਏ ਜਾਣੇ ਚਾਹੀਦਾ ਹੈ। ਕੀ ਇਹ ਸੰਭਵ ਹੈ? ਜੇਕਰ ਇਹ ਸੰਭਵ ਹੈ ਤਾਂ ਸਹੀ ਮਾਇਨਿਆਂ ਵਿਚ ਲੋਕਤੰਤਰ ਹੈ ਜਿਸ ਤੇ ਕਿਸੇ ਨੂੰ ਇਤਰਾਜ਼ ਨਹੀਂ ਹੋ ਸਕਦਾ ਹੈ। ਜੇਕਰ ਇਹ ਅਨੁਪਾਤ ਨਹੀਂ ਰੱਖਿਆ ਜਾਂਦਾ ਤਾਂ ਫਿਰ 30% ਲੋਕਾਂ ਦੀ (ਯਾਨੀ ਘੱਟ ਗਿਣਤੀ ਦੀ) ਬਹੁਗਿਣਤੀ ਤੇ ਤਾਨਾਸ਼ਾਹੀ ਹੈ, ਫਿਰ ਡੈਮੋਕਰੇਸੀ ਕਿਥੇ ਹੈ?




## Matrimonial Advertisement

- ਜੱਟ ਸਿੱਖ ਦਿਓਲ 26 ਸਾਲ , 5'-8", ਬਰਨਾਲੇ ਤੋਂ ਵਿਨੀਪੈਗ ਵਿਚ ਰਹਿ ਰਹੀ ਲੜਕੀ ਲਈ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ ਕਰੋ +919417034180 ਜਾਂ jaspreetd96@gmail.com
- ਜੱਟ ਸਿੱਖ ਢਿੱਲੋਂ 32 ਸਾਲਾ , 5'-11" ਕੈਨੇਡੀਅਨ ਸਿਟੀਜਨ, ਵਿਨੀਪੈਗ, ਲਈ ਪੜ੍ਹੀ ਲਿਖੀ ਹੋਣਹਾਰ ਲੜਕੀ ਦੀ ਲੋੜ ਹੈ। ਸੰਪਰਕ ਕਰੋ -204-960-9055 ਜਾਂ dhillon_jasvirsingh@yahoo.com
- ਜੱਟ ਸਿੱਖ ਸਿੱਧੂ 29 ਸਾਲਾ , 5'-8" ਕੈਨੇਡੀਅਨ ਸਿਟੀਜਨ , ਵਿਨੀਪੈਗ , ਲਈ ਪੜੀ ਲਿਖੀ ਹੋਣਹਾਰ ਵਰ ਦੀ ਲੋੜ ਹੈ। ਸੰਪਰਕ ਕਰੋ -204-333-5094 ਜਾਂ rivereastpharmacy@hotmail.com
- ਜੱਟ ਸਿੱਖ ਗਿੱਲ ਕੈਨੇਡੀਅਨ ਪੀ.ਆਰ. 1991 'ਚ ਜਨਮੇ ਐਮ.ਏ. 5-9" ਲੜਕੇ ਲਈ ਲੜਕੀ ਦੀ ਲੋੜ। ਸਟੂਡੈਂਟ ਵੀ ਵਿਚਾਰਨ ਯੋਗ। ਲੜਕੇ ਦਾ ਸਾਰਾ ਪਰਿਵਾਰ ਕੈਲਗਰੀ ਵਿਚ ਸੈਟਲ ਹੈ। ਲੁਧਿਆਣਾ ਜ਼ਿਲੇ ਨੂੰ ਪਹਿਲ। ਸੰਪਰਕ: 780-850-7730 ਜਾਂ 780-762-4681, navgill72@gmail.com



ਰਣਦੀਪ ਸੰਗਤਪੁਰਾ
98556-95905
rvs0001@gmail.com

# ਸਾਡੀ ਜਿੱਤ ਦੂਰ ਜਰੂਰ ਐ, ਪਰ ਅਟੱਲ : ਸੁਰਿੰਦਰ

*ਲੋਕ ਕਲਾ ਮੰਚ, ਮੁੱਲਾਂਪੁਰ ਦੇ ਪ੍ਰਧਾਨ ਸੁਰਿੰਦਰ ਸ਼ਰਮਾ ਨਾਲ ''ਸਰੋਕਾਰਾਂ ਦੀ ਆਵਾਜ਼'' ਦੇ ਸਹਿ-ਸੰਪਾਦਕ ਰਣਦੀਪ ਸੰਗਤਪੁਰਾ ਵੱਲੋਂ ਵਿਸ਼ੇਸ਼ ਗੱਲਬਾਤ*





**ਇਨਕਲਾਬੀ ਰੰਗਮੰਚ ਨਾਲ ਕਿਵੇਂ ਜੁੜੇ ?**

ਮੇਰਾ ਜਨਮ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਜ਼ਿਲ੍ਹੇ ਦੇ ਨਿੱਕੇ ਜਿਹੇ ਪਿੰਡ ਡੋਹਕ 'ਚ ਹੋਇਆ। ਇਹ ਪਿੰਡ ਗੋਬਿੰਦ ਸਾਗਰ ਝੀਲ 'ਤੇ ਵਸਿਆ ਹੋਇਆ ਹੈ। 10ਵੀਂ ਤੱਕ ਦੀ ਪੜ੍ਹਾਈ ਮੈਂ ਆਪਣੇ ਪਿੰਡ ਕੀਤੀ। ਫਿਰ ਅਗਲੇਰੀ ਪੜ੍ਹਾਈ ਲਈ ਲੁਧਿਆਣੇ ਆ ਗਿਆ। ਇੱਥੇ ਮੇਰਾ ਮੇਲ ਇਨਕਲਾਬੀ ਵਿਚਾਰਾਂ ਦੇ ਸਾਥੀਆਂ ਹਰਕੇਸ਼, ਤਜਿੰਦਰ, ਰਾਜੀਵ ਹੋਰਾਂ ਨਾਲ ਹੋਇਆ। ਇੱਥੇ ਆ ਕੇ ਹੀ ਮੈਂ ਪੰਜਾਬੀ ਸਿੱਖੀ, ਅਗਾਂਹਵਧੂ ਸਾਹਿਤ ਪੜ੍ਹਿਆ। ਫਿਰ ਮੈਂ ਮੁੱਲਾਂਪੁਰ ਰਹਿਣ ਲੱਗਿਆ। ਸ਼ਾਮ ਨੂੰ ਮੇਰੇ ਕਮਰੇ 'ਚ ਮੈਂ ਰਾਜੀਵ, ਹਰਕੇਸ਼, ਤਜਿੰਦਰ ਹੋਰਾਂ ਤੋਂ ਵੱਖ-ਵੱਖ ਚਲੰਤ ਮਸਲਿਆਂ ਤੇ ਵਿਚਾਰ ਸੁਣਦਾ, ਚਰਚਾ ਕਰਦੇ। ਉਸ ਸਮੇਂ ਪੰਜਾਬ 'ਚ ਖਾਲਿਸਤਾਨ ਦਾ ਦੌਰ ਸੀ।

ਜੂਨ, 1988 'ਚ ਅਸੀਂ ਗੁਰਸ਼ਰਨ ਭਾਅ ਜੀ ਦੀ ਪ੍ਰੇਰਨਾ ਨਾਲ ਲੋਕ ਕਲਾ ਮੰਚ, ਮੁੱਲਾਂਪੁਰ ਸਥਾਪਿਤ ਕੀਤਾ। ਦਸੰਬਰ, 1988 'ਚ ਮੈਂ ਪਹਿਲਾ ਨਾਟਕ ਕੀਤਾ।

**ਰੰਗਮੰਚ ਲੋਕ ਚੇਤਨਾ 'ਚ ਕੀ ਭੂਮਿਕਾ ਨਿਭਾ ਸਕਦਾ ਹੈ ?**

ਮੈਂ ਇੱਥੇ ਰੰਗਮੰਚ ਤੋਂ ਭਾਵ ਇਨਕਲਾਬੀ ਰੰਗਮੰਚ ਲਵਾਂਗਾ। ਇਹ ਬਹੁਤ ਵਧੀਆ ਸੁਆਲ ਹੈ। ਰੰਗਮੰਚ ਰਾਹੀਂ ਗੱਲ ਹੋਰ ਵਿਧਾਵਾਂ ਨਾਲੋਂ ਛੇਤੀ ਅਸਰ ਕਰਦੀ ਹੈ। ਉਹ ਵੀ ਹਰ ਪਾਸਿਓਂ ਅਸਰ।

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਰਟੀਫਿਕੇਟਾਂ 'ਤੇ ਬੱਚਿਆਂ ਦੇ ਮਾਤਾ ਦਾ ਨਾਂਅ ਨਹੀਂ ਸੀ ਹੁੰਦਾ, ਗੁਰਸ਼ਰਨ ਭਾਅ ਜੀ ਨੇ ਰੰਗਮੰਚ ਰਾਹੀਂ ਇਹ ਗੱਲ ਜ਼ੋਰਦਾਰ ਤਰੀਕੇ ਨਾਲ ਉਭਾਰੀ, ਅੱਜ ਉਹਨਾਂ ਦੇ ਉੱਦਮ ਸਦਕਾ ਬੱਚੇ ਨੂੰ ਜਨਮ ਦੇਣ ਵਾਲੀਂ ਮਾਂ ਦਾ ਨਾਂਅ ਸਰਟੀਫਿਕੇਟ 'ਤੇ ਲਿਖਿਆ ਜਾਣ ਲੱਗਿਆ ਹੈ।

ਰੰਗਮੰਚ ਤੁਹਾਡੇ ਸੋਚਣ/ਸਮਝਣ ਦਾ ਪੱਧਰ ਉੱਚਾ ਚੁੱਕਦਾ ਹੈ।

ਦਸੰਬਰ, 2012 ਦੀ ਗੱਲ ਹੈ ਸ਼ਾਇਦ। ਅਸੀਂ ਪਟਿਆਲੇ ਜ਼ਿਲ੍ਹੇ ਦੇ ਇੱਕ ਪਿੰਡ 'ਚ ਨਸ਼ਿਆਂ ਬਾਰੇ ਨਾਟਕ 'ਇਹਨਾਂ ਜ਼ਖ਼ਮਾਂ ਦੀ ਕੀ ਕਰੀਏ?' ਖੇਡ ਕੇ ਆਏ, ਇਹ ਨਾਟਕ 200 ਤੋਂ ਵੱਧ ਥਾਵਾਂ 'ਤੇ ਖੇਡਿਆ ਜਾ ਚੁੱਕਾ ਹੈ।

ਗੁਰਸ਼ਰਨ ਭਾਅ ਜੀ ਦੇ ਸ਼ਰਧਾਂਜਲੀ ਸਮਾਗਮ 'ਤੇ ਸਾਨੂੰ ਮਿਲਣ ਲਈ ਪਹੁੰਚੀ ਉਸ ਪਿੰਡ ਦੀ ਪੰਚਾਇਤ ਨੇ ਦੱਸਿਆ ਕਿ ਤੁਹਾਡੇ ਨਾਟਕ ਤੋਂ ਪ੍ਰਭਾਵਿਤ ਹੋ ਕੇ ਸਾਡੇ ਪਿੰਡ ਦੇ 20-25 ਮੁੰਡਿਆਂ ਨੇ ਗੁਰਦੁਆਰਾ ਸਾਹਿਬ ਜਾ ਕੇ ਨਸ਼ਾ ਨਾ ਕਰਨ ਦੀ ਸਹੁੰ ਖਾਧੀ ਹੈ ਅਤੇ ਕਬੱਡੀ ਖੇਡਣੀ ਸ਼ੁਰੂ ਕੀਤੀ ਹੈ।

ਅਜਿਹੀਆਂ ਹਜ਼ਾਰਾਂ ਹੀ ਘਟਨਾਵਾਂ ਨੇ ਜੋ ਸਿੱਧ ਕਰਦੀਆਂ ਨੇ ਕਿ ਰੰਗਮੰਚ ਵਿਅਕਤੀ 'ਤੇ ਸਿੱਧਾ ਅਸਰ ਕਰਦਾ ਹੈ। ਗੁਰਸ਼ਰਨ ਕਲਾ ਭਵਨ ਉਸਾਰਨ ਦਾ ਕੀ ਮੰਤਵ ਹੈ?

**ਗੁਰਸ਼ਰਨ ਕਲਾ ਭਵਨ ਉਸਾਰਨ ਦਾ ਕੀ ਮੰਤਵ ਹੈ ?**

ਰਣਦੀਪ, ਇਹ ਇੱਕ ਨਿਵੇਕਲੀ ਘਟਨਾ ਐ। ਕਿਸੇ ਇਨਸਾਨ ਦੇ ਜਿਉਂਦੇ ਜੀਅ ਉਸਦੀ ਯਾਦਗਾਰ ਬਣਾਈ ਜਾਵੇ ਅਤੇ ਉਦਘਾਟਨ ਵੀ ਉਸ ਇਨਸਾਨ ਤੋਂ ਹੀ। ਮੈਂ ਸਮਝਦਾਂ ਕਿ ਜੇ ਕਿਸੇ ਇਨਸਾਨ ਦੇ ਕੰਮ ਨੂੰ ਸਲਾਮ ਕਰਨਾ ਐ, ਤਾਂ ਬਾਅਦ 'ਚ ਈ ਕਿਉਂ? ਜਿਉਂਦੇ ਜੀਅ ਕਿਉਂ ਨੀਂ ਕੀਤਾ ਜਾ ਸਕਦਾ।

ਅਸੀਂ ਭਾਅ ਜੀ ਦੀ ਵਿਰਾਸਤ ਨੂੰ ਉਹਨਾਂ ਦੇ ਜਿਉਂਦੇ ਜੀਅ ਸਾਂਭਿਆ, ਅੱਗੇ ਤੋਰਿਐ।

ਦੂਜੀ ਗੱਲ, ਮੈਂ ਕਹਿੰਨਾ ਕਿ ਜੇ ਟੈਗੋਰ ਥੀਏਟਰ ਹੋ ਸਕਦਾ ਹੈ, ਤਾਂ ਫਿਰ ਗੁਰਸ਼ਰਨ ਕਲਾ ਭਵਨ ਕਿਉਂ ਨੀ ?

ਤੀਜੀ ਗੱਲ, ਆਪਣੀ ਗੱਲ ਕਹਿਣ ਲਈ ਆਪਣੀ ਥਾਂ ਹੋਣੀ ਜ਼ਰੂਰੀ ਐ। ਪੰਜਾਬ ਅੰਦਰ ਕਿਸੇ ਨੇਤਾ, ਚੋਰ, ਬਲੈਕੀਏ ਤੋਂ ਮਦਦ ਲਏ ਬਗੈਰ ਉਸਾਰਿਆ ਐ ਅਸੀਂ ਗੁਰਸ਼ਰਨ ਕਲਾ ਭਵਨ। ਇਹ 30 ਸਾਲਾਂ ਤੋਂ ਲੋਕ ਕਲਾ ਮੰਚ, ਮੁੱਲਾਂਪੁਰ ਨਾਲ ਜੁੜੇ ਦਰਸ਼ਕ/ਹਮਦਰਦਾਂ ਦੀ ਦੇਣ ਐ।





ਜਿਥੇ ਸਾਹਿਤਕ/ਸਮਾਜਿਕ/ਰਾਜਨੀਤਿਕ ਗਤੀਵਿਧੀਆਂ ਚਲਦੀਆਂ ਰਹਿੰਦੀਆਂ। ਜੇ ਤੁਸੀਂ ਸਰਮਾਏਦਾਰੀ ਦਾ ਟਾਕਰਾ ਕਰਨਾ ਹੈ ਤਾਂ ਤੁਹਾਨੂੰ ਹਰ ਪੱਖੋਂ ਮਜ਼ਬੂਤ ਹੋਣਾ ਪਵੇਗਾ।

ਸਾਡੇ ਕੋਲ ਜੇ ਬੈਠਣ, ਰਿਹਰਸਲ ਕਰਨ ਨੂੰ ਜਗ੍ਹਾ ਹੀ ਨੀ। ਫਿਰ ਆਪਾਂ ਟੱਕਰ ਲੈਣ ਦੇ ਸਮਰੱਥ ਕਿਵੇਂ ਹੋਵਾਂਗੇ?

ਗੁਰਸ਼ਰਨ ਕਲਾ ਭਵਨ 'ਚ ਲਾਇਬਰੇਰੀ, ਹਾਲ, ਸਟੇਜ, ਦੋ ਬੈੱਡਰੂਮ ਹਨ। ਜਿੱਥੇ ਨਾਟਕ, ਗੋਸ਼ਟੀਆਂ, ਵਰਕਸ਼ਾਪ ਸਾਰਾ ਸਾਲ ਚਲਦੀਆਂ ਰਹਿੰਦੀਆਂ ਹਨ। ਸਰਮਾਏਦਾਰ, ਲੁਟੇਰੇ ਕਲਚਰ ਦਾ ਬਦਲ ਦੇਣ ਲਈ ਅਜਿਹੇ ਭਵਨਾਂ ਦੀ ਸਖਤ ਜ਼ਰੂਰਤ ਐ।

**ਗੁਰਸ਼ਰਨ ਭਾਅ ਜੀ ਦੇ ਵਿਛੜਨ ਬਾਅਦ ਇਨਕਲਾਬੀ ਰੰਗਮੰਚ/ਸਿਆਸਤ 'ਚ ਜੋ ਖਲਾਅ ਪੈਦਾ ਹੋਇਆ ਉਹ ਕਿਓਂ ਨੀਂ ਭਰਿਆ ਜਾ ਸਕਿਆ ?**

ਗੁਰਸ਼ਰਨ ਭਾਅ ਜੀ ਇੱਕ ਸੰਸਥਾ ਸਨ। ਉਹ ਸਰਵਪ੍ਰਮਾਣਿਤ ਹਸਤੀ ਸਨ। ਇਨਕਲਾਬੀ ਧਿਰਾਂ ਦੇ ਨਾਲ-ਨਾਲ ਵਿਰੋਧੀ ਵੀ ਉਹਨਾਂ ਤੋਂ ਪ੍ਰਭਾਵਿਤ ਹੁੰਦੇ ਸਨ।

ਉਹਨਾਂ ਦਾ ਜਾਣਾ, ਇਨਕਲਾਬੀ ਰੰਗਮੰਚ ਲਈ ਨਾਂ ਪੂਰਿਆ ਜਾ ਸਕਣ ਵਾਲਾ ਘਾਟਾ ਹੈ। ਭਾਵੇਂ ਉਹ ਸਰੀਰਕ ਰੂਪ 'ਚ ਅੱਜ ਸਾਡੇ ਦਰਮਿਆਨ ਨਹੀਂ, ਪ੍ਰੰਤੂ ਉਹਨਾਂ ਦੇ ਵਿਚਾਰ ਹਮੇਸ਼ਾ ਸਾਡੀ ਅਗਵਾਈ ਕਰਦੇ ਰਹਿਣਗੇ।

ਅੱਜ ਪੰਜਾਬ ਦੇ ਪਿੰਡਾਂ 'ਚ ਕਿੰਨੀਆਂ ਹੀ ਨਾਟਕ ਮੰਡਲੀਆਂ ਸਰਗਰਮ ਹਨ। ਜੋ ਭਾਅ ਜੀ ਵਿਰਾਸਤ ਨੂੰ ਅੱਗੇ ਤੋਰ ਰਹੀਆਂ ਹਨ।

**ਤੁਸੀਂ ਫਿਲਮਾਂ ਵੀ ਕੀਤੀਆਂ ਨੇ, ਕਿਵੇਂ ਰਿਹਾ ਅਨੁਭਵ ?**

ਫਿਲਮਾਂ ਅਤੇ ਰੰਗਮੰਚ ਭਾਵੇਂ ਅਲੱਗ-ਅਲੱਗ ਖੇਤਰ ਹਨ ਪਰ ਦੋਨੋਂ ਇੱਕ ਦੂਜੇ ਨਾਲ ਬੜੀ ਨੇੜਿਓਂ ਜੁੜੇ ਹੋਏ ਹਨ। ਫਿਲਮਾਂ ਵੀ ਲੋਕ ਚੇਤਨਾ ਲਈ ਵਧੀਆ ਸਾਧਨ ਬਣ ਸਕਦੀਆਂ ਹਨ। ਮੈਂ "ਨਾਬਰ", "ਚੰਮ", "ਕਿੱਸਾ ਪੰਜਾਬ", "ਸਾਡੇ ਆਲੇ" ਅਤੇ ਹੋਰਾਂ ਕਈ ਫਿਲਮਾਂ 'ਚ ਕੰਮ ਕੀਤਾ ਹੈ। ਰਾਜੀਵ ਦੀ ਨਿਰਦੇਸ਼ਨਾ 'ਚ ਬਣੀ ਫਿਲਮ 'ਚੰਮ' ਕਿਰਤੀ ਲੋਕਾਂ ਦੀ ਦਾਸਤਾਨ ਹੈ, ਇਸ ਫਿਲਮ ਨੂੰ ਅਸੀਂ ਸਕਰੀਨ ਰਾਹੀਂ ਕਰੀਬ 200 ਪਿੰਡਾਂ 'ਚ ਵਿਖਾ ਚੁੱਕੇ ਹਾਂ।

ਮੈਂ ਸਮਝਦਾ ਹਾਂ ਤੁਹਾਡੀ ਕਲਾ ਵਿਹੜਿਆਂ ਤੱਕ ਜਾਣੀ ਚਾਹੀਦੀ ਹੈ, ਮਾਧਿਆਮ ਕੋਈ ਵੀ ਹੋਵੇ।

**ਕੈਨੇਡਾ ਅਤੇ ਭਾਰਤੀ ਲੋਕਾਂ ਦੇ ਜੀਵਨ ਪੱਧਰ 'ਚ ਕੀ ਫਰਕ ਹੈ ?**

ਜੀਵਨ ਪੱਧਰ 'ਚ ਤਾਂ ਰਣਦੀਪ ਕਾਫੀ ਫਰਕ ਹੈ, ਉਥੋਂ ਦੀ ਹਾਕਮਾਂ ਨੇ ਲੋਕਾਂ ਨੂੰ ਸੁਖ ਸਹੂਲਤਾਂ ਜ਼ਿਆਦਾ ਦਿੱਤੀਆਂ। ਜੀਵਨ ਪੱਧਰ ਉੱਚਾ ਹੈ। ਤਾਈਂ ਤਾਂ ਆਪਣੇ ਆਲੇ ਉਧਰ ਵਹੀਰਾਂ ਘੱਤੀ ਜਾਂਦੇ ਨੇ। ਅਸਲ 'ਚ 1917 'ਚ ਰੂਸ 'ਚ ਕ੍ਰਾਂਤੀ ਤੋਂ ਬਾਅਦ ਦੁਨੀਆਂ ਦੇ ਇਹਨਾਂ ਸਰਮਾਏਦਾਰ ਮੁਲਕਾਂ ਨੂੰ ਖਤਰਾ ਖੜ੍ਹਾ ਹੋ ਗਿਆ ਸੀ ਤਬਦੀਲੀ ਦਾ। ਸੋ, ਇਸੇ ਕਰਕੇ ਲੋਕਾਂ ਨੂੰ ਸੁੱਖ ਸਖੂਲਤਾਂ ਦੇਣੀਆਂ ਪਈਆਂ।

ਪਰ ਇਹ ਢਾਂਚਾ ਹੈ ਬਹੁਤ ਖਤਰਨਾਕ। ਲੋਕਾਂ ਨੂੰ ਲੁੱਟ ਮਹਿਸੂਸ ਹੋਣ ਦੀ ਨੀਂ ਦਿੰਦਾ।

ਭਾਰਤ 'ਚ ਹਾਲਤ ਮਾੜੀ ਹੋਣ ਦਾ ਕਾਰਨ ਰਾਜਨੀਤਿਕ ਨਿਘਾਰ ਵੀ ਹੈ। ਜੇ ਸਾਡਾ ਰਾਜਨੀਤਿਕ ਪ੍ਰਬੰਧ ਬਦਲ ਜਾਵੇ ਤਾਂ ਆਪਣੇ ਮੁਲਕ ਵਰਗਾ ਕੋਈ ਨਹੀਂ।

ਬਸ ਮੁੱਖ ਫਰਕ ਇਹੀ ਹੈ ਕਿ ਕੈਨੇਡਾ 'ਚ ਮਨੁੱਖ ਨੂੰ ਮਨੁੱਖ ਤਾਂ ਸਮਝਿਆ ਜਾਂਦਾ। ਸਾਡੇ ਹਾਲਤ ਬੁਰੀ ਐ।

**ਇੱਕ ਅਧਿਆਪਕ ਵਜੋਂ ਵਿਦਿਆਰਥੀਆਂ ਨੂੰ ਅਗਾਂਹਵਧੂ ਵਿਚਾਰਾਂ ਨਾਲ ਜੋੜਨ ਲਈ ਕੀ ਯਤਨ ਕਰਦੇ ਹੋ ?**

ਮੈਂ ਸਮਝਦਾ ਹਾਂ ਕਿ ਅਧਿਆਪਕ ਵਿਦਿਆਰਥੀਆਂ ਲਈ ਬਹੁਤ ਕੁੱਝ ਕਰ ਸਕਦਾ ਹੈ। ਵਿਦਿਆਰਥੀ ਜਿੰਨਾ ਅਧਿਆਪਕ ਤੋਂ ਪ੍ਰਭਾਵਿਤ ਹੁੰਦੇ ਹਨ, ਉਨਾ ਕਿਸੇ ਹੋਰ ਤੋਂ ਨਹੀਂ ਹੋ ਸਕਦੇ। ਪਰ ਜ਼ਰੂਰੀ ਹੈ ਕਿ ਅਧਿਆਪਕ ਖੁਦ ਅਗਾਂਹਵਧੂ ਹੋਵੇ, ਚੰਗੇ ਸਰੋਕਾਰਾਂ ਵਾਲਾ ਹੋਵੇ, ਅਤੇ ਬੱਚਿਆਂ ਨੂੰ ਨਰੋਈ ਜੀਵਨ ਸੇਧ ਦੇਵੇ। ਮੈਂ ਆਪਣੇ ਵਿਦਿਆਰੀਥੀਆ ਨਾਲ ਹਰ ਤਰ੍ਹਾਂ ਦੇ ਚਲੰਤ ਮਸਲੇ 'ਤੇ ਗੱਲ ਕਰਦਾ ਹੈ। ਨਾਟਕਾਂ, ਗੀਤ, ਕੋਰੀਓਗ੍ਰਫੀਆਂ 'ਚ ਹਿੱਸਾ ਲੈਣ ਲਈ ਪ੍ਰੇਰਦਾ ਹਾਂ।

ਮੈਂ ਉਹਨਾਂ ਨੂੰ ਜ਼ਿੰਦਗੀ ਦੀਆਂ ਹਾਲਤਾਂ ਬਾਰੇ ਸਮਝਾਉਂਦਾ ਹਾਂ, ਵਹਿਮਾ-ਭਰਮਾਂ ਤੋਂ ਤੋੜਦਾ ਹਾਂ। ਕਿਤਾਬੀ ਪੜ੍ਹਾਈ ਦੇ ਨਾਲ-ਨਾਲ ਜ਼ਿੰਦਗੀ ਦੀ ਅਸਲ ਸਿੱਖਿਆ ਨਾਲ ਜੋੜਦਾ ਹਾਂ।

**ਮੁੱਲਾਂਪੁਰੀਏ ਕਲਾਕਾਰ ਇੱਕਜੁੱਟਤਾ ਨਾਲ ਰਹਿੰਦੇ ਨੇ, ਕੰਮ ਕਰਦੇ ਨੇ। ਇਸ ਇਕਜੁੱਟਤਾ ਨੂੰ ਤੁਸੀਂ ਕਿਵੇਂ ਬਚਾ ਕੇ ਰੱਖਿਆ ?**

ਰਣਦੀਪ, ਜਦੋਂ ਇਹ ਸਾਫ ਹੋ ਜਾਵੇ ਕਿ ਤੁਸੀਂ ਨਾਟਕ ਕਰਨੇ ਕਿਓਂ ਨੇ? ਤਾਂ ਬਹੁਤਾ ਕੁੱਝ ਆਪਣੇ ਆਪ ਹੀ ਸਾਫ ਹੋ ਜਾਂਦਾ ਹੈ। ਜਦੋਂ ਕਲਾ ਨਿੱਜ ਕੇਂਦਰਿਤ ਹੋਵੇ, ਉਦੋਂ ਏਕਤਾ ਟੁੱਟਦੀ ਹੈ। ਪਰ ਜਦੋਂ ਕਲਾ ਲੋਕਾਂ ਲਈ ਹੋਵੇ ਤਾਂ ਸਾਂਝ ਦੀਆਂ ਤੰਦਾਂ ਮਜਬੂਤ ਹੁੰਦੀਆਂ ਨੇ।

ਸਾਡੀ ਸੰਸਥਾ ਦਾ ਤਾਂ ਨਾਂਅ ਈ ਲੋਕ ਕਲਾ ਮੰਚ ਹੈ, ਸਾਡਾ ਨਾਟਕ ਕਰਨ ਦਾ ਮਕਸਦ ਸਾਫ ਹੈ। ਅਸੀਂ ਸਮਾਜ ਲਈ ਨਾਟਕ ਖੇਡਣੇ ਨੇ, ਅਸੀਂ ਸਾਫ, ਸਪੱਸ਼ਟ ਹਾਂ ਅਤੇ ਇੱਕਜੁੱਟ ਹਾ।

**ਸਰਕਾਰੀ ਸਰਪ੍ਰਸਤੀ 'ਚ ਕੰਮ ਕਰਦੇ ਰੰਗਕਰਮੀਆਂ ਬਾਰੇ ਕੀ ਕਹੋਗੇ ?**

ਕਹਿਣਾ ਕੀ ਐ? ਉਹ ਆਪਣਾ ਕੰਮ ਕਰੀ ਜਾਂਦੇ ਨੇ, ਅਸੀਂ ਆਪਣਾ। ਸਾਰਿਆਂ ਦੀ ਸੋਚ ਇੱਕੋ ਜਿਹੀ ਨਹੀਂ ਹੋ ਸਕਦੀ। ਸਾਰਿਆਂ ਨੂੰ ਬਦਲਿਆ ਵੀ ਨਹੀਂ ਜਾ ਸਕਦਾ। ਹਾਂ, ਇਹ ਜ਼ਰੂਰ ਐ ਕਿ ਸਰਕਾਰੀ ਸਰਪ੍ਰਸਤੀ 'ਚ ਇਨਕਲਾਬ ਨਹੀਂ ਹੋ ਸਕਦਾ।

**ਪੰਜਾਬ ਦੀ ਇਨਕਲਾਬੀ ਲਹਿਰ ਦਾ ਕੀ ਭਵਿੱਖ ਵੇਖਦੇ ਹੋ ?**

ਪੰਜਾਬ ਹੀ ਨਹੀਂ, ਭਾਰਤ ਦੀ ਇਨਕਲਾਬੀ ਲਹਿਰ ਦੀ ਗੱਲ ਕਰੀਏ। ਮੈਂ ਬਹੁਤ ਆਸ਼ਾਵਾਦੀ ਹਾਂ। ਇਨਕਲਾਬੀ ਲਹਿਰ ਦਾ ਭਵਿੱਖ ਉੱਜਵਲ ਹੈ। ਇਹ ਤਾਂ ਅਟੱਲ ਸੱਚਾਈ ਐ ਕਿ ਲੁੱਟ-ਖਸੁੱਟ ਦਾ ਰਾਜ ਇੱਕ ਦਿਨ ਤਾਂ ਜੜੋਂ ਪੁੱਟਿਆ ਹੀ ਜਾਣਾ ਅਤੇ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦੇ ਦੇਸ਼ ਦੀ ਉਸਾਰੀ ਹੋਣੀ ਹੈ। ਹਾਂ ਏਕਾ ਬਹੁਤ ਜ਼ਰੂਰੀ ਹੈ। ਇਨਕਲਾਬੀ ਧਿਰਾਂ ਦੀ ਏਕਤਾ ਸਮੇਂ ਦੀ ਜ਼ਰੂਰਤ ਹੈ। ਆਸ ਹੈ ਕਿ ਭਵਿੱਖ 'ਚ ਇਨਕਲਾਬੀ ਲਹਿਰ ਹੋਰ ਮਜਬੂਤ ਹੋਵੇਗੀ।

**ਭਵਿੱਖ 'ਚ ਤੁਹਾਡੀਆਂ ਕੀ-ਕੀ ਯੋਜਨਾਵਾਂ ਹਨ ?**

ਲੋਕ ਕਲਾਮੰਚ ਮੁੱਲਾਂਪੁਰ ਦੀ ਇਹ ਖਾਸੀਅਤ ਰਹੀ ਹੈ ਕਿ ਕੋਈ ਵੀ ਖਾਸ ਘਟਨਾ ਵਾਪਰੀ ਹੈ, ਤਾਂ ਅਸੀਂ ਨਾਟਕਾਂ ਜ਼ਰੀਏ, ਆਵਾਜ਼ ਉੱਠਾਈ ਹੈ, ਲੋਕਾਂ ਤੱਕ ਮੁੱਦਾ ਲੈ ਕੇ ਗਏ ਹਾਂ। ਲੁਧਿਆਣੇ ਦੇ ਮਜਦੂਰਾਂ 'ਤੇ ਹੋਏ ਹਮਲੇ ਵੇਲੇ ਅਸੀਂ ਐ ਲਾਲ ਪਰਚਮ ਹਮਾਰਾ ਨਾਟਕ ਤਿਆਰ ਕੀਤਾ।

ਸ਼ਹੀਦ ਕਿਰਨਜੀਤ ਕੌਰ ਮਹਿਲਕਲਾਂ ਅਗਵਾ, ਅਤੇ ਕਤਲਕਾਂਡ ਬਾਰੇ ਅਸੀਂ 'ਧਰਤੀ ਝੁਕਣ ਦੇ ਮੂਡ ਨਹੀਂ'ਨਾਟਕ ਤਿਆਰ ਕੀਤਾ। ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਹੋਈਆਂ ਬਲਾਤਕਾਰਾਂ ਦੀਆਂ ਦਰਦਨਾਕ ਘਟਨਾਵਾਂ ਬਾਰੇ ਨਾਟਕ 'ਮਸ਼ਾਲਾਂ ਬਾਲ ਕੇ ਰੱਖਣਾ'ਰਾਹੀਂ ਚੇਤਨਾ ਦਾ ਹੋਕਾ ਦਿੱਤਾ। ਸਾਡੀਆਂ ਰੰਗਮੰਚ ਸਰਗਰਮੀਆਂ ਸਾਲ ਭਰ ਚਲਦੀਆਂ ਹੀ ਰਹਿੰਦੀਆਂ ਹਨ। ਮੈਂ ਮਾਲਵੇ 'ਚ ਖੁਦਕੁਸ਼ੀਆਂ 'ਤੇ ਸਰਵੇ ਕੀਤਾ। ਕਿਸਾਨ ਖੁਦਕੁਸ਼ੀਆਂ ਬਾਰੇ ਨਾਟਕ ਲਿਖਿਆ। ਨਸ਼ਿਆ ਬਾਰੇ ਨਾਟਕ ਲਿਖਿਆ, ਖੇਡਿਆ। ਮੇਰਾ ਸਾਰਾ ਪਰਿਵਾਰ ਰੰਗਮੰਚ ਨਾਲ ਜੁੜਿਆ ਹੋਇਆ ਹੈ। ਮੇਰੀ ਪਤਨੀ, ਮੇਰੀਆਂ ਦੋਵੇਂ ਬੇਟੀਆਂ ਰੰਗਮੰਚ ਨੂੰ ਸਮਰਪਿਤ ਹਨ। ਹੁਣ ਮੈਂ ਬਜ਼ੁਰਗਾਂ ਬਾਰੇ ਨਾਟਕ ਲਿਖ ਰਿਹਾਂ ਹਾਂ। ਮੈਨੂੰ ਲਗਦਾ ਐ ਕਿ ਰੰਗਮੰਚ ਉਹਨਾਂ ਦੀ ਗੱਲ ਉਨੀ ਨਹੀਂ ਪੇਸ਼ ਕਰ ਸਕਿਆ, ਜਿੰਨੀ ਕੀਤੀ ਜਾਣੀ ਚਾਹੀਦੀ ਸੀ।

**ਨੌਜਵਾਨਾਂ ਨੂੰ ਕੀ ਸੁਨੇਹਾ ਦਿਓਗੇ ?**

ਨੌਜਵਾਨ ਹੀ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਭਾਰਤ ਸਿਰਜ ਸਕਦੇ ਹਨ।

ਹਾਕਮਾਂ ਨੂੰ ਪਤਾ ਹੈ ਕਿ ਪੰਜਾਬੀਆਂ ਸੁਭਾਅ ਟਿਕਣ ਵਾਲਾ ਨਹੀਂ ਹੈ। ਇਹ ਜਬਰ ਵਿਰੁੱਧ ਹਮੇਸ਼ਾ ਟੱਕਰ ਲੈਂਦੇ ਰਹੇ ਹਨ? ਇਸੇ ਕਰਕੇ ਹਾਕਮਾਂ ਵੱਲੋਂ ਨੌਜਵਾਨਾਂ ਦੀ ਸੋਚ ਨੂੰ ਖੁੰਢਾ ਕੀਤਾ ਜਾ ਰਿਹਾ ਹੈ। ਉਹਨਾਂ ਨੂੰ ਮਾਨਸਿਕ ਤੌਰ 'ਤੇ ਕਮਜ਼ੋਰ ਕੀਤਾ ਜਾ ਰਿਹਾ ਹੈ, ਸਰੀਰਕ ਪੱਖੋਂ ਵੀ। ਨੌਜਵਾਨਾਂ ਨੂੰ ਲੱਚਰ ਗਾਇਕੀ, ਨਸ਼ਿਆਂ ਵੱਲ ਤੋਰਿਆ ਜਾ ਰਿਹਾ, ਨੌਜਵਾਨ ਗੈਂਗਸਟਰ ਬਣ ਰਹੇ ਹਨ। ਕਿਉਂਕਿ ਸਰਕਾਰਾਂ ਨੂੰ ਪਤਾ ਹੈ ਕਿ ਜੇ ਨੌਜਵਾਨ ਜਾਗ ਗਏ, ਇਹ ਆਪਣੇ ਹੱਕ/ਰੁਜ਼ਗਾਰ ਮੰਗਣਗੇ।


ਪਰ ਮੈਂ ਨੌਜਵਾਨਾਂ ਨੂੰ ਇਹ ਗੱਲ ਜ਼ਰੂਰ ਕਹਿਣੀ ਚਾਹਾਂਗਾ ਕਿ 18ਵੇਂ 'ਚ ਮੁੰਡਾ ਬਦਨਾਮ ਕਿਵੇਂ ਹੋ ਗਿਆ?


18ਵੇਂ 'ਚ ਤਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਦੇਸ਼ ਲਈ ਫਾਂਸੀ ਦਾ ਰੱਸਾ ਚੁੰਮ ਲਿਆ ਸੀ। ਉਸਨੇ 18ਵੇਂ ਸਾਲ 'ਚ ਅਜਿਹੀ ਇੱਜ਼ਤ ਖੱਟ ਕੇ ਸਦਾ ਲਈ ਅਮਰ ਹੋ ਗਿਆ।

ਇਸੇ ਕਰਕੇ ਨੌਜਵਾਨਾਂ ਨੂੰ ਸਮਝਣਾ ਚਾਹੀਦਾ ਕਿ ਉਹਨਾਂ ਦੇ ਪਿਓਆਂ ਦੀਆਂ ਪਗੜੀਆਂ/ਦਾਹੜੀਆਂ ਕਿਓਂ ਰੁਲ ਰਹੀਆਂ ਨੇ ? ਨੌਜਵਾਨਾਂ ਨੂੰ ਧੀਆਂ-ਭੈਣਾਂ ਦੀ ਇੱਜਤ ਦੀ ਰਾਖੀ ਲਈ ਅੱਗੇ ਆਉਣਾ ਈ ਪਵੇਗਾ।

ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਅਪਣਾ ਕੇ ਹੀ ਗਰੀਬ-ਗੁਰਬੇ ਦੀ ਪੁੱਗਤ ਵਾਲਾ ਢਾਂਚਾ ਉਸਰ ਸਕਦਾ ਹੈ।

ਸੋ, ਨੌਜਵਾਨਾਂ ਨੂੰ ਅਗਾਂਹਵਧੂ ਵਿਚਾਰਾਂ ਦਾ ਧਾਰਨੀ ਬਣਾਦਿਆਂ ਨਰੋਏ ਸਮਾਜ ਦੀ ਉਸਾਰੀ ਲਈ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ।











# ਸੂਰਜਾ ਸੂਰਜਾ ਫੱਟੀ ਸੁਕਾਅ, ਫੱਟੀ ਸੁਕਾਅ ਮੇਰਾ ਦੇਸ਼ ਬਚਾਅ



ਜਦੋਂ ਕੁਲ ਦੁਨੀਆਂ ਵਿਚ ਮੁਨਾਫ਼ੇ ਦੀ ਦੌੜ ਚਰਮਸੀਮਾ 'ਤੇ ਹੋਵੇ, ਮੁਨਾਫ਼ੇ ਦੀ ਦੌੜ ਨੇ ਮਨੁੱਖ ਨੂੰ ਮਨੁੱਖ ਨਾਲੋਂ ਤੋੜ ਤੋੜ ਦਿੱਤਾ ਹੈ। ਇਸ ਨਾ ਮੁੱਕਣ ਵਾਲੀ ਰੇਸ ਵਿਚ ਜਿਹੜੇ ਟਾਵੇਂ ਟਾਵੇਂ ਲੋਕ ਨਹੀਂ ਪੈਂਦੇ ਉਨ੍ਹਾਂ ਨੂੰ ਸਮੇਂ ਦੇ ਹਾਣੀ ਨਹੀਂ ਸਮਝਿਆ ਜਾਂਦਾ ਹੈ। ਸਰਮਾਏਦਾਰੀ ਯੁੱਗ ਵਿਚ ਮਨੁੱਖ ਸਮਾਜ ਵਿਚ ਰਹਿੰਦਾ ਹੋਇਆ ਵੀ ਇਕੱਲਾ ਹੈ। ਇਕਾਈ ਹੈ। ਮਨੁੱਖ ਨੂੰ ਇਕਾਈ ਬਣਾਉਣ ਲਈ ਉਸ ਮਨੁੱਖ ਦੇ ਬਾਲ ਮਨ ਉਪਰ ਹੀ ਅਜਿਹਾ ਹਮਲਾ ਕੀਤਾ ਜਾਂਦਾ ਹੈ ਕਿ ਉਹ ਖਿਆਲਾਂ ਦੀ ਦੁਨੀਆਂ ਵਿਚ ਰਹਿਣਾ ਹੀ ਪਸੰਦ ਕਰਦਾ ਹੈ। ਬੱਚਿਆਂ ਦੇ ਬਾਲ ਮਨ ਨੂੰ ਵੀਡੀਓ ਗੇਮਾਂ ਵਿਚ ਉਲਝਾ ਲਿਆ ਗਿਆ ਹੈ। ਦੁਨੀਆਂ ਵਿਚ ਵੀਡੀਓ ਗੇਮਾਂ ਦਾ ਬਿਜਨਸ ਹਜ਼ਾਰਾਂ ਕਰੋੜ ਰੁਪਿਆ/ਡਾਲਰਾਂ ਵਿਚ ਫੈਲ ਗਿਆ ਹੈ। ਭਾਰਤ ਦੇਸ਼ ਵਿਚ ਇਹ 40 ਹਜ਼ਾਰ ਕਰੋੜ ਰੁਪਏ ਦਾ ਹੈ। ਕੁਝ ਹੀ ਸਮੇਂ ਵਿਚ ਇਹ ਦੁੱਗਣਾ ਹੋਣ ਜਾ ਰਿਹਾ ਹੈ। ਇਸ ਦੌਰ ਵਿਚ ਲੋਕ ਕਲਾ ਮੰਚ ਵਲੋਂ ਲਗਾਇਆ ਜਾਂਦਾ ਸਮਰ ਚੇਤਨਾ ਕੈਂਪ ਘੁੱਪ ਹਨ੍ਹੇਰੇ ਨੂੰ ਚੀਰਦੀ ਸੂਰਜ ਦੀ ਸੁਨਹਿਰੀ ਕਿਰਨ ਵਾਂਗ ਹੈ। ਜਦੋਂ ਅੱਜ ਕੱਲ੍ਹ ਬੱਚੇ ਆਪਣੇ ਪਿਤਾ ਦੇ ਮੋਬਾਇਲ ਫੜ ਕੇ ਗੇਮਾਂ ਖੇਡਦੇ ਰਹਿੰਦੇ ਹਨ। ਇਨ੍ਹਾਂ ਗੇਮਾਂ ਕਰਕੇ ਉਨ੍ਹਾਂ ਵਿਚ ਗੁੱਸਾ, ਚਿੜਚਿੜਾ ਸੁਭਾਅ ਅਤੇ ਇਕੱਲਤਾ ਵਿਚ ਰਹਿਣ ਦੀ ਭਾਵਨਾ ਪੈਦਾ ਕਰਦੀਆਂ ਹਨ। ਉਸ ਦੌਰ ਵਿਚ ਲੋਕ ਕਲਾ ਮੰਚ ਮੁੱਲਾਂਪੁਰ ਸਮਰ ਕੈਂਪ ਵਿਚ ਬੱਚਿਆਂ ਵਿਚ ਸਾਂਝੇ ਸੰਘਰਸ਼ ਸਾਂਝੀ ਜਿੱਤ ਦਾ ਖਿਆਲ ਪੈਦਾ ਕਰਦਾ ਹੈ। ਲੋਕ ਕਲਾ ਮੰਚ ਪਿਛਲੇ ਚਾਰ ਸਾਲਾਂ ਤੋਂ ਇਹ ਕੈਂਪ ਲਗਾਉਂਦਾ ਆ ਰਿਹਾ ਹੈ। ਮੰਚ ਦੀ ਇਸ ਪਹਿਲ ਸਦਕਾ ਹੋਰ ਅਗਾਂਹਵਧੂ ਨਾਟਕ ਟੀਮਾਂ ਨੇ ਵੀ ਅਜਿਹੇ ਕੈਂਪ ਲਗਾਉਣੇ ਸ਼ੁਰੂ ਕੀਤੇ ਹਨ। ਇਸ ਵਾਰ 60 ਬੱਚਿਆਂ ਨੂੰ ਗੁਰਸ਼ਰਨ ਕਲਾ ਭਵਨ ਵਿਚ ਲਗਾਏ ਗਏ ਕੈਂਪ ਦਾ ਹਿੱਸਾ ਬਣਨ ਦਾ ਮੌਕਾ ਮਿਲਿਆ। ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਵਲੋਂ ਅਣਥੱਕ ਯਤਨਾ ਸਦਕਾ ਸਿਰਜਿਆ ਗਿਆ ਗੁਰਸ਼ਰਨ ਕਲਾ ਭਵਨ ਜੋ ਕਿ ਉਸਾਰੂ ਲੋਕ ਸਭਿਆਚਾਰ ਗਤੀਵਿਧੀਆਂ ਦਾ ਕੇਂਦਰ ਬਣ ਚੁੱਕਾ ਹੈ ਜਿਸ ਵਿਚ ਹਰ ਮਹੀਨੇ ਦੇ ਅਖੀਰਲੇ ਸ਼ਨੀਵਾਰ ਨਾਟਕ ਸਮਾਗਮ ਹੁੰਦਾ ਹੀ ਹੈ ਜਿਸਨੂੰ ਵੇਖਣ ਲਈ ਲੋਕ ਪਰਿਵਾਰ ਸਮੇਤ ਪੁੱਜਦੇ ਹਨ ਅਤੇ ਅਗਲੇ ਸ਼ਨੀਵਾਰ ਦੀ ਉਡੀਕ ਕਰਦੇ ਹਨ। ਪੰਜਾਬ ਲੋਕ ਸਭਿਆਚਾਰ ਮੰਚ (ਪਲਸ ਮੰਚ) ਦੀਆਂ ਮੀਟਿੰਗਾਂ ਹੁੰਦੀਆਂ ਹਨ ਕਿ ਪੰਜਾਬ ਅੰਦਰ ਵਗਦੀ ਲੱਚਰ ਗੀਤਾਂ ਤੇ ਲੱਚਰ ਸਭਿਆਚਾਰ ਦੀ ਹਨ੍ਹੇਰੀ ਨੂੰ ਠੱਲ ਕਿਵੇਂ ਪਾਈ ਜਾਵੇ। ਕਦੇ ਭਵਨ ਵਿਚ ਵੱਖ ਵੱਖ ਪੰਜਾਬ ਦੇ ਖਿੱਤਿਆਂ ਵਿਚੋਂ ਆ ਕੇ ਨਾਟਕ ਟੀਮਾਂ ਇਥੇ ਲਗਾਤਾਰ ਕਈ ਕਈ ਦਿਨ ਰਹਿ ਕੇ ਨਾਟਕ ਤਿਆਰ ਕਰਦੀਆਂ ਹਨ। ਇਸੇ ਤਰ੍ਹਾਂ ਲੋਕ ਕਲਾ ਮੰਚ ਵਲੋਂ ਜਿਥੇ ਪੰਜਾਬ ਦੇ ਵੱਖ ਵੱਖ ਪਿੰਡਾਂ, ਸ਼ਹਿਰਾਂ ਵਿਚ ਜਾ ਕੇ ਆਪਣੇ ਨਾਟਕਾਂ ਰਾਹੀਂ ਚੇਤਨਾ ਦਾ ਸੁਨੇਹਾ ਦਿੱਤਾ ਜਾਂਦਾ ਹੈ, ਉਥੇ ਮੰਚ ਵਲੋਂ ਪਿਛਲੇ ਚਾਰ ਸਾਲਾਂ ਤੋਂ ਸਮਰ ਚੇਤਨਾ ਕੈਂਪ ਲਗਾਤਾਰ ਲਗਾਇਆ ਜਾ ਰਿਹਾ ਹੈ ਜਿਸ ਵਿਚ ਇਲਾਕੇ ਦੇ ਵੱਖ ਵੱਖ ਸਕੂਲਾਂ ਦੇ ਬੱਚਿਆਂ ਨੂੰ ਲਗਾਤਾਰਾਂ ਬਾਰਾਂ ਦਿਨ ਭਵਨ ਵਿਚ ਰੱਖ ਕੇ ਪੰਜਾਬ ਦੇ ਲੋਕ ਸਭਿਆਚਾਰ ਦੀਆਂ ਵੰਨਗੀਆਂ ਨਾਲ ਤੁਅੱਰਫ ਕਰਵਾਇਆ ਜਾਂਦਾ ਹੈ। ਸਮਰ ਹਿੰਦੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ 'ਯੁੱਧ' ਹੈ। ਮਨੁੱਖ ਅੰਦਰ ਹਮੇਸ਼ਾ ਇਕ ਯੁੱਧ ਚਲਦਾ ਰਹਿੰਦਾ ਹੈ। ਇਸ ਯੁੱਧ ਨੂੰ ਜਿੱਤਣ ਲਈ ਬਿਬੇਕ ਦਾ ਹੋਣਾ ਜ਼ਰੂਰੀ ਹੁੰਦਾ ਹੈ। ਇਸੇ ਤਰ੍ਹਾਂ ਸਮਾਜ ਵਿਚ ਵੀ ਇਕ ਨਿਰੰਤਰ ਯੁੱਧ ਚਲਦਾ ਰਹਿੰਦਾ ਹੈ। ਇਹ ਯੁੱਧ ਮਲਕ ਭਾਗੋਆਂ 'ਤੇ ਭਾਈ ਲਾਲੋਆਂ ਵਿਚਕਾਰ ਹੈ। ਇਹ ਯੁੱਧ ਦੋ ਧੜਿਆਂ ਵਿਚ ਹੈ। ਇਹ ਯੁੱਧ ਦੋ ਜਮਾਤਾਂ ਵਿਚ ਹੈ। ਯੁੱਧ ਬਾਰੇ ਇਨਕਲਾਬੀ ਕਵੀ ਪਾਸ਼ ਲਿਖਦਾ ਹੈ! ਅਸੀਂ ਜਿਨ੍ਹਾਂ ਨੇ ਯੁੱਧ ਨਹੀਂ ਕੀਤਾ, ਤੇਰੇ ਸਾਊ ਪੁੱਤ ਨਹੀਂ ਹਾਂ ਜ਼ਿੰਦਗੀ ਉਂਝ ਅਸੀਂ ਸਦਾ ਸਾਊ ਬਣਨਾ ਲੋਚਦੇ ਰਹੇ।" ਸੋ ਯੁੱਧ ਜ਼ਿੰਦਗੀ ਦਾ ਲਾਜ਼ਮੀ ਹਿੱਸਾ ਹੁੰਦਾ ਹੈ। ਜਿਹੜੇ ਆਪਣੇ ਹਿੱਸੇ ਦਾ ਯੁੱਧ ਨਹੀਂ ਲੜਦੇ ਉਹ ਜ਼ਿੰਦਗੀ ਦੇ ਮਕਾਰ ਪੁੱਤਰ ਹੁੰਦੇ ਹਨ। ਯੁੱਧ ਲੜਨ ਦੀ ਸੂਝ ਵੀ ਬਹੁਤ ਜ਼ਰੂਰੀ ਹੁੰਦੀ ਹੈ। ਚੇਤਨਾ ਦਾ ਅਰਥ 'ਸੂਝ' ਹੈ। ਸੋ ਗੁਰਸ਼ਰਨ ਕਲਾ ਭਵਨ ਅੰਦਰ ਲਗਦਾ ਯੁੱਧ ਸੂਝ ਦਾ ਕੈਂਪ ਬੱਚਿਆਂ ਅੰਦਰ ਮੁਕਾਬਲੇ ਦਾ ਸਭਿਆਚਾਰ ਪੈਦਾ ਕਰਨ ਦੀ ਸੂਝ ਦਾ ਸਫ਼ਰ ਹੈ। ਜਦੋਂ ਉਹ ਕੋਰੀਓਗ੍ਰਾਫ਼ੀ ਤਿਆਰ ਕਰਦੇ ਕਰਦੇ ਕਹਿੰਦੇ ਹਨ "ਸੂਰਜਾ ਸੂਰਜਾ ਫੱਟੀ ਸੁਕਾਅ, ਫੱਟੀ ਸੁਕਾਅ ਮੇਰਾ ਦੇਸ਼ ਬਚਾਅ ਗੁਰਸ਼ਰਨ ਕਲਾ ਭਵਨ ਦੀ ਪ੍ਰਬੰਧਕ ਟੀਮ ਲਈ ਹੋਰ ਵੀ ਉਤਸ਼ਾਹ ਵਾਲੀ ਗੱਲ ਹੁੰਦੀ ਹੈ। ਜਦੋਂ ਨਿੱਕੇ ਨਿੱਕੇ ਬੱਚੇ ਜਿਹੜੇ ਪਹਿਲੀ ਦੂਜੀ ਜਮਾਤ ਦੇ ਹੁੰਦੇ ਹਨ ਉਹ ਕੈਂਪ 'ਚ ਚੌਥੇ ਪੰਜਵੇਂ ਦਿਨ ਏਨਾ ਰਚਮਿਚ ਜਾਂਦੇ ਹਨ ਕਿ ਐਲਾਨ ਕਰ ਦਿੰਦੇ ਹਨ। ਮੈਂ ਹੁਣ ਆਪਣਾ ਸਕੂਲ ਬਦਲ ਲੈਣਾ ਹੈ। ਮੈਂ ਤਾਂ ਇਸੇ ਸਕੂਲ ਵਿਚ ਪੜ੍ਹਨਾ ਹੈ। ਭਾਵ ਕਿ ਇਸੇ ਕੈਂਪ ਵਿਚ ਹਮੇਸ਼ਾ ਆਉਂਦੇ ਰਹਿਣਾ ਹੈ ਤੇ ਇਥੇ ਬੱਚੇ ਰਹਿੰਦੇ ਹਨ ਕਿ ਸਾਨੂੰ ਹੁਣ ਪਤਾ ਲੱਗਿਆ ਹੈ ਕਿ ਭਗਤ ਸਿੰਘ ਨਾ ਮੁੱਛ ਵਾਲਾ ਤੇ ਨਾ ਪਿਸਤੌਲ ਵਾਲਾ ਹੈ। ਭਗਤ ਸਿੰਘ ਤਾਂ ਕਿਤਾਬ ਵਾਲਾ ਹੈ। ਕੈਂਪ ਦਾ ਸਮਾਂ ਸਵੇਰੇ 7 ਵਜੇ ਤੋਂ 2 ਵਜੇ ਤੱਕ ਸੀ। ਪਰ ਬੱਚੇ 6.30 ਵਜੇ ਪਹੁੰਚੇ ਹੁੰਦੇ ਸਨ। ਮਾਪੇ ਦੋ ਵਜੇ ਬੱਚਿਆਂ ਨੂੰ ਲੈਣ ਆਉਂਦੇ ਖੜ੍ਹੇ ਬੱਚਿਆਂ ਨੂੰ ਉਡੀਕਦੇ ਉਡੀਕਦੇ ਕੈਂਪ ਦਾ ਹਿੱਸਾ ਬਣ ਜਾਂਦੇ, ਬੱਚਿਆਂ ਨੂੰ ਰਿਫ਼ੈਰਸਮੈਂਟ ਦੇਣ ਲਈ ਆਪਣੀ ਵਾਰੀ ਲਈ ਪ੍ਰਬੰਧਕਾਂ ਨੂੰ ਵਾਰ ਵਾਰ ਆਖਦੇ ਸਨ। ਵੱਖ ਵੱਖ ਦਿਨਾਂ ਵਿਚ ਪੰਜਾਬ ਦੇ ਉਘੇ ਵਿਦਵਾਨਾਂ ਨੂੰ ਬੱਚਿਆਂ ਦੇ ਰੂਬਰੂ ਕਰਵਾਇਆ ਜਾਂਦਾ ਰਿਹਾ ਹੈ। ਕਦੇ ਪ੍ਰੋ. ਜਗਮੋਹਣ ਸਿੰਘ (ਸ਼ਹੀਦ ਭਗਤ ਵਿਚਾਰ ਮੰਚ) ਭਗਤ ਸਿੰਘ ਤੇ ਉਸਦੇ ਸਾਥੀਆਂ ਦੀਆਂ ਗੱਲਾਂ ਦੱਸਦੇ, ਕਦੇ ਰਾਜਿੰਦਰ ਭਦੌੜ ਵਹਿਮਾ ਭਰਮਾ ਵਿਰੁੱਧ ਵਿਗਿਆਨਕ ਨਜ਼ਰੀਆ ਅਪਣਾਉਣ ਬਾਰੇ ਸੁਨੇਹਾ ਦਿੰਦੇ, ਕਦੇ ਸਵਰਨ ਭੰਗੂ (ਕਾਲਮ ਨਵੀਸ) ਬੱਚਿਆਂ ਨੂੰ ਸ਼ਖਸੀਅਤ ਵਿਕਾਸ ਦਾ ਰਾਹ ਦੱਸਦੇ, ਕਦੇ ਕਮਲਜੀਤ ਖੰਨਾ ਸਮਾਜ ਉਨਤੀ ਦਾ ਮਾਰਗ ਦੱਸਦੇ, ਕਦੇ ਰਵਨੀਤ ਕੌਰ ਕਾਵਿ ਸਿਰਜਣ ਪ੍ਰਕਿਰਿਆ ਦੱਸਦੇ, ਕਦੇ ਸਮਾਜ ਦੀਆਂ ਪੀੜਾਂ ਦਾ ਚਿਤਰਣ ਨਾਟਕ ਰਾਹੀਂ ਹੁੰਦਾ ਕਿ ਮੇਰਾ ਸਾਰਾ ਪਿੰਡ ਵਿਕਾਊ ਹੈ। ਜਦੋਂ ਬੱਚੇ ਇਸ ਪ੍ਰਕਿਰਿਆ ਵਿਚੋਂਗੁਜਰ ਰਹੇ ਹੁੰਦੇ ਤਾਂ ਅੱਖਾਂ ਭਰ ਲੈਂਦੇ, ਕਦੀ ਉਚੀ ਉਚੀ ਸਿਸਕੀਆਂ ਲੈਂਦੇ, ਨਾਲ ਦੇ ਪਿੰਡ ਜਾਂਗਪੁਰ ਤੋਂ ਇਕ ਸੈਨਿਕ ਆਪਣੇ ਪੁੱਤ ਨੂੰ ਕੈਂਪ ਵਿਚ ਛੱਡਣ ਆਇਆ ਤੇ ਪੁੱਛਣ ਲੱਗਿਆ ਕਿ ਕੀ ਸਿਖਾਉਂਦੇ ਤਾਂ ਮੇਰੇ ਵਲੋਂ ਇਸ ਵਿਅਕਤੀ ਨੂੰ ਇਹੋ ਕਿਹਾ ਗਿਆ ਕਿ ਜਿਹੋ ਜਿਹਾ ਹੁਣ ਤੁਹਾਡਾ ਬੱਚਾ ਹੈ ਉਸ ਵਿਚ ਥੋੜ੍ਹਾ ਜਿਹਾ ਫਰਕ ਜ਼ਰੂਰ ਪਵੇਗਾ, ਕੈਂਪ ਦੇ ਅੰਤ ਤੇ ਉਸ ਬੱਚੇ ਦੇ ਪਿਤਾ ਦੀ ਇਹ ਟਿੱਪਣੀ ਵੀ ਸਾਡੇ ਹੌਸਲੇ ਨੂੰ ਜਰਬਾਂ ਦਿੰਦੀ ਹੈ ਕਿ ਬੱਚੇ ਵਿਚ ਥੋੜ੍ਹਾ ਜਿਹਾ ਨਹੀਂ ਬਹੁਤ ਜ਼ਿਆਦਾ ਫਰਕ ਪਿਆ ਹੈ। ਸਾਡੇ ਪਰਿਵਾਰ ਨੂੰ ਮੰਚ ਦਾ ਹਮੇਸ਼ਾ ਹਿੱਸਾ ਬਣਾਈ ਰੱਖੀਓ,ਸ੍. ਹਰਦਿਆਲ ਸਿੰਘ ਅਤੇ ਰਾਜਵੀਰ ਪੰਡੋਰੀ ਦੇ ਬੱਚਿਆਂ ਨੂੰ ਭੰਗੜਾ ਸਿਖਾਇਆ, ਮਨਦੀਪ ਕੌਰਨੇ ਗਿੱਧਾ, ਦੀਪਕ ਰਾਏ ਨੇ ਸਕਿਟ, ਹਰਮਨ ਲੀਹਾ ਕਮਲਜੀਤ ਮੋਹੀ ਤੇ ਰਣਵੀਰ ਸਿੰਘ ਨੇ ਕੋਰੀਓਗ੍ਰਾਫ਼ੀਆਂ ਤਿਆਰ ਕਰਵਾਈਆਂ, ਹਰਕੇਸ਼ ਚੌਧਰੀ ਨੇ ਨਾਟਕ ਤਿਆਰ ਕਰਵਾਇਆ, ਕਿਵੇਂ 12 ਜੂਨ ਦਾ ਦਿਨ ਆ ਗਿਆ ਪਤਾ ਹੀ ਨਹੀਂ ਲੱਗਿਆ, ਸਾਰੇ ਬੱਚਿਆਂ ਦੇ ਮਾਪੇ ਖੁਸ਼ ਸਨ, ਬੱਚੇ ਥੋੜ੍ਹਾ ਜਿਹਾ ਉਦਾਸੀ ਦਿਖਾ ਰਹੇ ਸਨਕਿ ਕੱਲ੍ਹ ਉਨ੍ਹਾਂ ਭਵਨ ਨਹੀਂ ਆਉਣਾ, ਫਿਰ ਮਿਲਣ ਦਾ ਇਕਰਾਰ ਨਾਲ ਵਿਛੜਨ ਲੱਗਿਆਂ ਅਸੀਂ ਸੋਚ ਰਹੇ ਸਾਂ।

ਮੈਂ ਲੱਭ ਕੇ ਲਿਆਉਂਦਾ ਹਾਂ ਕਲਮਾਂ
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।"

## ਰੈਲੀ 'ਚ ਲੋਕਾਂ ਦੀ ਅਵਾਜ਼ ਵਰਕਰਾਂ ਨਾਲ ਧੱਕਾ ਨਹੀਂ ਹੋਣ ਦਿਆਂਗੇ, ਜਿੱਤੇ ਹੱਕ ਨਹੀਂ ਖੋਹਣ ਦਿਆਂਗੇ

ਪਿਛਲੇ ਸਾਲ ਲਿਬਰਲ ਪਾਰਟੀ ਦੀ ਸਰਕਾਰ ਨੇ ਮਿਨੀਮਮ ਵੇਜ 11 ਡਾਲਰ 60 ਸੈਂਟ ਤੋਂ 15 ਡਾਲਰ ਤੱਕ ਵਧਾਉਣ ਦਾ ਕਾਨੂੰਨ ਪਾਸ ਕਰ ਦਿੱਤਾ ਸੀ। 14 ਡਾਲਰ 1 ਜਨਵਰੀ 2018 ਤੋਂ ਮਿਲਣੇ ਸ਼ੁਰੂ ਹੋ ਗਏ ਸਨ ਤੇ 15ਡਾਲਰ 1 ਜਨਵਰੀ 2019 ਤੋਂ ਲਾਗੂ ਹੋਣੇ ਸਨ। 7 ਜੂਨ 2018 ਨੂੰ ਹੋਈਆਂ ਚੋਣਾਂ 'ਚ ਪੀ. ਸੀ. ਪਾਰਟੀ ਨੂੰ ਬਹੁਮਤ ਪ੍ਰਾਪਤ ਹੋਇਆ ਤੇ ਉਸ ਦੇ ਲੀਡਰ ਮਿਸਟਰ ਡੱਗ ਫੋਰਡ ਹੁਣ ਉਨਟਾਰੀਉ ਦੇ ਪ੍ਰੀਮੀਅਰ ਬਣਨ ਜਾ ਰਹੇ ਹਨ। ਡੱਗ ਫੋਰਡ ਦਾ ਇਹ ਨਿਰਣਾ ਹੈ ਕਿ ਮਿਨੀਮਮ ਵੇਜ 14 ਡਾਲਰ ਤੋਂ ਨਹੀ ਵਧਾਈ ਜਾਵੇਗੀ ਕਿਉਂਕਿ ਮਿਨੀਮਮ ਵੇਜ ਵੱਧਣ 'ਤੇ ਕਾਰਪੋਰੇਟ ਜਗਤ ਵਲੋਂ ਖੂਬ ਰੌਲਾ ਪਾਇਆ ਗਿਆ ਸੀ ਕਿ ਇਕਦਮ ਏਨੀ ਵੇਜ ਵੱਧਣ ਨਾਲ ਮੁਲਕ ਦੀ ਆਰਥਿਕਤਾ ਡਾਵਾਂ ਡੋਲ ਹੋ ਜਾਵੇਗੀ ਕੋਈ 60,000 ਦੇ ਕਰੀਬ ਜੌਬਾਂ ਜਾ ਸਕਦੀਆਂ ਹਨ। ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਪਿਛਲੇ ਢਾਈ ਦਹਾਕਿਆਂ ਚ 12 ਸਾਲਾਂ ਤੱਕ ਮਿਨੀਮਮ ਵੇਜ ਫਰੀਜ ਕਰਕੇ ਰੱਖੀ ਗਈ ਸੀ ਤੇ ਮਹਿੰਗਾਈ ਉਦੋਂ ਵੀ ਵੱਧਦੀ ਹੀ ਰਹੀ। ਪਿਛਲੇ ਕੁਝ ਸਾਲਾਂ ਤੋਂ ਨਿਗੂਣਾਂ ਜਿਹਾ ਵਾਧਾ ਕੀਤਾ ਜਾ ਰਿਹਾ ਸੀ ਪਰ ਇਸ ਦੇ ਮੁਕਾਬਲੇ ਮਹਿੰਗਾਈ ਕਈ ਗੁਣਾਂ ਵੱਧਣ ਕਰਕੇ ਲੱਖਾਂ ਹੀ ਵਰਕਰ ਗਰੀਬੀ ਲਾਈਨ ਤੋਂ ਹੇਠਾਂ ਵਾਲੀ ਜ਼ਿੰਦਗੀ ਕੱਟ ਰਹੇ ਸਨ। ਇੱਕ ਸਰਵੇ ਮੁਤਾਬਕ ਟੋਰੰਟੋਂ



ਦੇ 70% ਲੋਕ ਇਸ ਵਾਧੇ ਦੇ ਹੱਕ 'ਚ ਸਨ। ਅਮਰੀਕਾ ਅਤੇ ਕੈਨੇਡਾ ਦੇ ਵਰਕਰਾਂ ਨੇ ਯੂਨੀਅਨਾਂ ਅਤੇ ਗੈਰ ਯੂਨੀਅਨਾਂ ਦੀ ਅਗਵਾਹੀ 'ਚ ਇੱਕ ਲੰਮਾ ਸੰਘਰਸ਼ ਕੀਤਾ ਤਾਂ ਕਿਤੇ ਜਾ ਕੇ ਅਮਰੀਕਾ ਦੇ 20 ਵੱਡੇ ਸ਼ਹਿਰਾਂ ਤੇ ਕੈਨੇਡਾ ਦੇ ਕੁਝ ਪ੍ਰੋਵਿੰਸਾਂ 'ਚ ਇਸ ਮੰਗ ਨੂੰ ਪ੍ਰਵਾਨ ਕੀਤਾ ਗਿਆ। ਫਰਵਰੀ 'ਚ ਆਏ ਇੱਕ ਸਰਵੇ ਮੁਤਾਬਕ ਮਿਨੀਮਮ ਵੱਧਣ ਨਾਲ ਸਗੋਂ ਉਨਟਾਰੀਉ 'ਚ ਫੁੱਲ ਟਾਈਮ ਜੌਬਾਂ ਵਧੀਆਂ ਹਨ ਤੇ ਆਰਥਿਕਤਾ ਵੀ ਹੋਰ ਵਧੀਆ ਹੋਈ ਹੈ। ਸੰਘਰਸ਼ ਕਰਕੇ ਲਏ ਹੱਕਾਂ ਨੂੰ ਬਚਾਉਣ ਲਈ ਹੀ ਵਰਕਰਜ਼ ਐਕਸ਼ਨ ਸੈਂਟਰ ਟੋਰੰਟੋ, ਬਰੈਂਪਟਨ ਐਕਸ਼ਨ ਕਮੇਟੀ, 15 ਐਂਡ ਫੇਅਰਨੇਸ ਤੇ ਕਈ ਹੋਰ ਯੂਨੀਅਨਾਂ ਵਲੋਂ 16 ਜੂਨ ਨੂੰ ਇਕ ਵੱਡੀ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਰੈਲੀ 'ਚ ਮੰਗ ਕੀਤੀ ਗਈ ਹੈ ਕਿ ਮਿਨੀਮਮ ਵੇਜ 15 ਡਾਲਰ ਕਰਨ ਵਾਲੇ ਕਾਨੂੰਨ ਨੂੰ ਬਰਕਰਾਰ ਰੱਖਿਆ ਜਾਵੇ ਤੇ ਇਸ ਨੂੰ 1 ਜਨਵਰੀ ਤੋਂ ਲਾਗੂ ਕੀਤਾ ਜਾਵੇ। ਬਰੈਂਪਟਨ ਨਿਵਾਸੀਆਂ ਵਲੋਂ ਵੀ ਇਸ 'ਚ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ ਗਈ। ਰੈਲੀ 'ਚ ਇਕ ਬਹੁਤ ਹੀ ਸੁੰਦਰ ਬੈਂਡ ਦਾ ਪ੍ਰਬੰਧ ਕੀਤਾ ਹੋਇਆ ਸੀ ਤੇ ਇਸ ਬੈਂਡ ਦੇ ਮੈਂਬਰ ਵਰਕਰਾਂ ਪੱਖੀ ਗੀਤ ਸੰਗੀਤ ਨਾਲ ਲੋਕਾਂ ਦਾ ਮਨੋਰੰਜਨ ਕਰ ਰਹੇ ਸਨ। ਲੋਕ ਨੱਚਦੇ ਗਾਉਂਦੇ, ਭੰਗੜੇ ਪਾਉਂਦੇ ਤੇ ਨਾਲ ਹੀ ਨਾਅਰੇ ਮਾਰਦੇ ਜਾ ਰਹੇ ਸਨ। ਬਰੈਂਪਟਨ ਦੇ ਲੋਕਾਂ ਨੂੰ ਇਹ ਇਕ ਵੱਖਰਾ ਹੀ ਢੰਗ ਦੇਖਣ ਨੂੰ ਮਿਲਿਆ ਸੀ ਆਪਣੀਆਂ ਮੰਗਾਂ ਪ੍ਰਤੀ ਇਸ ਤਰ੍ਹਾਂ ਦੀ ਰੈਲੀ ਕਰਨ ਦਾ। ਇਸ ਰੈਲੀ ਨੂੰ ਸਬੋਧੰਨ ਕਰਨ ਵਾਲਿਆਂ 'ਚ ਬਲੈਕ ਲਾਈਵਜ਼ ਮੈਟਰ ਵਲੋਂ ਸੈਂਡੀ ਹਡਸਨ, ਫੈਡਰੇਸ਼ਨ ਆਫ ਲੇਬਰ ਵਲੋਂ ਕ੍ਰੀਸ ਬਕਲੇਅ, ਡੀਫੈਂਸ ਵਰਕਰਜ਼ ਐਂਡ ਹੈਲਥ ਨੈਟਵਰਕ ਆਫ ਉਨਟਾਰੀਉ ਵਲੋਂ ਡਾਕਟਰ ਰਿਤਿਕਾ ਗੋਇਲ, ਡਿਸਅਬਲਿਟੀ ਨੈਟਵਰਕ ਆਫ ਉਨਟਾਰੀਉ ਵਲੋਂ ਸੈਹਰਾ ਜਾਮਾ, ਵੈਲਫੇਅਰ ਅਲਾਇੰਸ ਵਲੋਂ ਅਮੀਤਾ ਅਗਰਵਾਲ, ਰੈਕਸਡੇਲ ਕਮਿਊਨਟੀ ਲੀਡਰਜ਼ ਦੇ ਸਾਈਨਾਬ ਅਤੇ ਅਬਦੁੱਲ ਤੇ ਬਰੈਪਟਨ ਐਕਸ਼ਨ ਕਮੇਟੀ ਵਲੋਂ ਨਾਹਰ ਔਜਲਾ ਸਨ। ਰੈਲੀ ਦੇ ਕਿਊਨਜ਼ ਪਾਰਕ ਪਹੁੰਚਣ ਤੇ ਅੰਤਰਰਾਸਟਰੀ ਪੱਧਰ ਦੀ ਪ੍ਰਸਿੱਧ ਲੇਖਕਾ ਨਿਊਮੀ ਕਲਾਈਨ ਨੇ ਮੁੱਖ ਬੁਲਾਰੇ ਦੇ ਤੌਰ 'ਤੇ ਸੰਬੋਧਨ ਕੀਤਾ। ਨਿਊਮੀ ਕਲਾਈਨ ਨੇ ਕਿਹਾ ਕਿ ਡੱਗ ਫੋਰਡ ਦੇ ਪ੍ਰੀਮੀਅਰ ਬਣਨ ਨਾਲ ਆਰਥਿਕ ਪਾੜਾ ਹੋਰ ਵਧੇਗਾ, ਸੇਹਤ ਸੇਵਾਵਾਂ 'ਚ ਕੋਈ ਸੁਧਾਰ ਨਹੀਂ ਹੋਵੇਗਾ, ਇਹ ਸਰਕਾਰ ਇੱਕ ਟਰਮ ਤੱਕ ਹੀ ਚੱਲੇਗੀ। ਸੱਤਾ 'ਚ ਕੌਣ ਬੈਠਾ ਹੈ ਮੈਟਰ ਨਹੀਂ ਕਰਦਾ ਸਗੋਂ ਇਹ ਗੱਲ ਮੈਟਰ ਕਰਦੀ ਹੈ ਕਿ ਕਿੰਨੇ ਲੋਕ ਆਪਣੇ ਹੱਕਾਂ ਲਈ ਗਲੀਆਂ 'ਚ ਨਿਕਲ ਆਉਂਦੇ ਹਨ। ਲੋਕ ਹੀ ਅਸਲੀ ਤਾਕਤ ਹੁੰਦੇ ਹਨ। ਨਵੇਂ ਚੁਣੇ ਗਏ ਐਮ. ਪੀ. ਪੀ. ਗੁਰਰਤਨ ਸਿੰਘ, ਸਾਰਾ ਸਿੰਘ ਤੇ ਕਈ ਹੋਰ ਲੀਡਰਾਂ ਵਲੋਂ ਵੀ ਇਸ ਰੈਲੀ 'ਚ ਸ਼ਮੂਲੀਅਤ ਕੀਤੀ ਗਈ। ਇਸ ਰੈਲੀ ਦੀ ਐਮ ਸੀ ਵਰਕਰਜ਼ ਐਕੰਸ਼ਨ ਸੈਂਟਰ ਦੀ ਆਗੂ ਡੀਨਾ ਲੈਡ ਤੇ ਮੀਨਾ ਰਾਜੀਬੀ ਵਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ ਗਈ ਤੇ ਅੰਤ ਵਿੱਚ ਸਾਰੇ ਮੀਡੀਏ ਤੇ ਸ਼ਾਮਿਲ ਲੋਕਾਂ ਦਾ ਧੰਨਵਾਦ ਕੀਤਾ ਗਿਆ।

# ਵਿਸ਼ਵ ਦੀ ਸ਼ਾਹਕਾਰ ਰਚਨਾ ਹੈ 'ਸਰਮਾਇਆ': ਜਗਰੂਪ

## ਦਲਿਤਾਂ ਦੀ ਮੁਕਤੀ ਦਾ ਰਾਹ ਜਮਾਤੀ ਸੰਗਰਾਮ: ਪ੍ਰੋ. ਆਨੰਦ ਤੈਲਤੁੰਬੜੇ







ਜਲੰਧਰ: ਪੰਜਾਬ ਦੇ ਕੋਨੇ ਕੋਨੇ ਤੋਂ ਦੇਸ਼ ਭਗਤ ਯਾਦਗਾਰ ਹਾਲ 'ਚ ਆਏ ਸਿਖਿਆਰਥੀਆਂ ਨੂੰ ਚੇਤਨਾ ਕੈਂਪ ਦੇ ਦੂਜੇ ਦਿਨ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਜਗਰੂਪ ਨੇ ਕਾਰਲ ਮਾਰਕਸ ਦੀ ਵਿਸ਼ਵ ਪ੍ਰਸਿੱਧ, ਯੁੱਗ ਪਲਟਾਊ ਰਚਨਾ 'ਸਰਮਾਇਆ' ਦੀ ਇਤਿਹਾਸਕ ਦੇਣ, ਮਹੱਤਤਾ ਅਤੇ ਪ੍ਰਸੰਗਕਤਾ ਉਪਰ ਚਾਨਣਾ ਪਾਇਆ।

ਜਗਰੂਪ ਨੇ 'ਸਰਮਾਇਆ' ਪੁਸਤਕ ਦੇ ਅਨੇਕਾਂ ਅਮੁੱਲੇ ਪੱਖਾਂ ਉਪਰ ਰੌਸ਼ਨੀ ਪਾਉਂਦਿਆਂ ਕਿਰਤ, ਲੁੱਟ-ਖੋਹ, ਪੈਦਾਵਾਰੀ ਸਾਧਨ, ਪੈਦਾਵਾਰੀ ਸ਼ਕਤੀ ਅਤੇ ਪੂੰਜੀਵਾਦ ਦੇ ਲੋਕ-ਵਿਰੋਧੀ ਚਰਿੱਤਰ ਬਾਰੇ ਤੱਥਾਂ ਸਹਿਤ ਸਿਖਿਆਰਥੀਆਂ ਨੂੰ ਜਾਣੂੰ ਕਰਾਇਆ। ਉਹਨਾਂ ਦੱਸਿਆ ਕਿ ਮਸ਼ੀਨੀਕਰਣ, ਕੰਪਿਊਟਰੀਕਰਣ ਆਦਿ ਦੀ ਬੇਸ਼ੁਮਾਰ ਵਰਤੋਂ ਪੂੰਜੀਪਤੀ ਜਮਾਤ ਵੱਲੋਂ ਮਿਹਨਤਕਸ਼ਾਂ ਦੀ ਕਿਰਤ ਬੇਕਿਰਕੀ ਨਾਲ ਹੜੱਪਣ ਅਤੇ ਸਸਤੀ ਕਿਰਤ-ਸ਼ਕਤੀ ਆਪਣੇ ਹਿੱਤਾਂ ਲਈ ਰਾਖਵੀਂ ਕਰਨ ਲਈ ਬੇਰੁਜ਼ਗਾਰਾਂ ਦੀਆਂ ਫੌਜਾਂ ਪੈਦਾ ਕਰਨਾ ਹੈ।

ਜਗਰੂਪ ਨੇ ਸਮਾਜਕ ਵਿਕਾਸ 'ਚ ਕਿਰਤ ਦੀ ਭੂਮਿਕਾ ਬਾਰੇ ਵਿਆਖਿਆ ਕਰਦਿਆਂ ਦੱਸਿਆ ਕਿ ਜੇ ਕਿਰਤ ਦੀ ਸਮਾਜ ਵਿੱਚ ਸਰਦਾਰੀ ਹੋਵੇ ਤਾਂ ਬੇਰੁਜ਼ਗਾਰੀ, ਮਹਿੰਗਾਈ ਅਤੇ ਜ਼ਬਰ-ਜ਼ੁਲਮ ਦਾ ਜੂੜ ਵੱਢਿਆ ਜਾ ਸਕਦਾ ਹੈ ਪਰ ਪੂੰਜੀਪਤੀ ਪ੍ਰਬੰਧ ਅੰਦਰ ਪੂੰਜੀ ਦੀ ਪੁੱਗਤ ਕਾਰਨ ਸਮਾਜ ਦੇ ਸਿਰਜਕ, ਚੌਤਰਫ਼ਾ ਸੰਕਟ ਹੰਢਾ ਰਹੇ ਹਨ।

ਉਹਨਾਂ ਸਿਖਿਆਰਥੀਆਂ ਨੂੰ ਜਚਾਇਆ ਕਿ ਮਾਰਕਸਵਾਦ ਕਦੀ ਵੀ ਵੇਲਾ ਵਿਹਾ ਚੁੱਕਣ ਵਾਲਾ ਨਹੀਂ ਜਦੋਂ ਤੱਕ ਵਰਗ ਰਹਿਣਗੇ ਉਦੋਂ ਤੱਕ ਵਰਗ-ਸੰਘਰਸ਼ ਵੀ ਜਾਰੀ ਰਹੇਗਾ।

ਸਿਖਿਆਰਥੀਆਂ ਵੱਲੋਂ ਆਏ ਸੁਆਲਾਂ ਦੇ ਜਗਰੂਪ ਹੋਰਾਂ ਨੇ ਸਾਰਥਕ ਜੁਆਬ ਦਿੱਤੇ।

ਗੋਆ ਇੰਸਟੀਚਿਊਟ ਆਫ਼ ਮੈਨੇਜ਼ਮੈਂਟ ਦੇ ਪ੍ਰੋਫ਼ੈਸਰ, ਸਿਵਲ ਲਿਬਰਟੀਜ਼, ਜਮਹੂਰੀ ਹੱਕਾਂ ਦੇ ਸਰਗਰਮ ਕਾਮੇ, ਵਿਗਿਆਨਕ ਵਿਸ਼ੇ ਦੇ ਲੇਖਕ ਆਨੰਦ ਤੈਲਤੁੰਬੜੇ ਦਾ ਪੁਸਤਕ ਸੈਟ ਨਾਲ ਕਮੇਟੀ ਨੇ ਸਨਮਾਨ ਕੀਤਾ। ਉਹਨਾਂ ਨੇ ਜਾਤ-ਪਾਤ ਦਾ ਸੁਆਲ ਅਤੇ ਇਸਦਾ ਹੱਲ ਵਿਸ਼ੇ ਉਪਰ ਬੋਲਦਿਆਂ ਉਹਨਾਂ ਨੇ ਸਾਡੇ ਸਮਾਜ ਅੰਦਰ ਉਸਾਰੀਆਂ ਗਈਆਂ ਜਾਤ-ਪਾਤੀ ਕੰਧਾਂ ਦੇ ਇਤਿਹਾਸ ਪਿਛੋਕੜ ਅਤੇ ਇਸ ਸਮਾਜਕ ਬੁਰਾਈ ਦੇ ਮਿਹਨਤਕਸ਼ ਜਮਾਤ ਲਈ ਬੁਰੇ ਅਸਰਾਂ ਦਾ ਗਹਿਰਾ ਅਧਿਐਨ ਕਰਦਿਆਂ ਵਿਸ਼ਲੇਸ਼ਣ ਪੇਸ਼ ਕੀਤਾ।

ਪ੍ਰੋ. ਆਨੰਦ ਨੇ ਕਿਹਾ ਕਿ ਮਹਾਤਮਾ ਗਾਂਧੀ ਹੀ ਅਜੇਹਾ ਦੂਰ-ਅੰਦੇਸ਼, ਤੇਜ਼ ਤਰਾਰ ਨੀਤੀ ਘਾੜਾ ਸੀ ਜਿਸਨੇ ਸੋਚ ਸਮਝ ਕੇ ਸੰਵਿਧਾਨ-ਘਾੜੇ ਦੇ ਤੌਰ 'ਤੇ ਸਮਾਜ ਦੇ ਸਭ ਤੋਂ ਦੱਬੇ-ਕੁੱਚਲੇ ਹਿੱਸੇ ਦੇ ਪ੍ਰਤੀਨਿੱਧ ਵਜੋਂ ਡਾ. ਅੰਬੇਦਕਰ ਨੂੰ ਨਾਇਕ ਵਜੋਂ ਉਭਾਰਿਆ ਤਾਂ ਜੋ ਧਨ ਅਤੇ ਧਰਤੀ ਵਰਗੇ ਬੁਨਿਆਦੀ ਮੁੱਦਿਆਂ ਤੋਂ ਭਟਕਾ ਕੇ, ਦਰੜੇ ਲੋਕਾਂ ਨੂੰ ਸਮਾਜ ਸੁਧਾਰਕ ਦੋਮ ਕਰਜ਼ੇ ਦੇ ਮੁੱਦਿਆਂ ਤੱਕ ਹੀ ਸੀਮਤ ਰੱਖਣ ਦਾ ਕੰਮ ਕੀਤਾ ਜਾ ਸਕੇ। ਜਿਸ ਤਬਕੇ ਨੇ ਪਹਿਲੇ ਲੋਕ-ਦੋਖੀ ਪ੍ਰਬੰਧ ਨੂੰ ਮੂਲੋਂ ਢਹਿ ਢੇਰੀ ਕਰਕੇ ਨਵਾਂ-ਨਰੋਆ ਮਜ਼ਦੂਰ ਜਮਾਤ ਦੇ ਰਾਜ-ਭਾਗ ਵਾਲਾ ਸਮਾਜ ਸਿਰਜਣਾ ਸੀ ਉਹਨਾਂ ਨੂੰ ਨਿਗੂਣੀਆਂ ਸਹੂਲਤਾਂ ਨੂੰ ਹੀ 'ਬਹੁਤ ਕੁਝ' ਸਮਝਕੇ ਸਬਰ ਸੰਤੋਖ ਕਰਨ ਦਾ ਅਣ-ਕਿਹਾ ਪਾਠ ਹਾਕਮ ਜਮਾਤਾਂ ਨੇ ਪੜਾਇਆ; ਜੋ ਰੁਕਾਵਟਾਂ ਅੱਜ਼ ਤੱਕ ਵੀ ਦਲਿਤ ਵਰਗ ਨੂੰ ਇਨਕਲਾਬੀ ਮਾਰਗ ਤੋਂ ਰੋਕ ਕੇ ਰੱਖਣ ਦੇ ਕੰਮ ਆ ਰਹੀਆਂ ਹਨ, ਇਸ ਤੋਂ ਅੱਗੇ ਤੁਰਨ ਦੀ ਲੋੜ ਹੈ।

ਪ੍ਰੋ. ਆਨੰਦ ਨੇ ਕਿਹਾ ਜੋ ਅੱਜ ਮੋਦੀ ਸਰਕਾਰ ਜਾਤ-ਪਾਤੀ/ਫ਼ਿਰਕੂ ਅਜੰਡਾ ਲਾਗੂ ਕਰ ਰਹੀ ਹੈ। ਇਸ ਦੀਆਂ ਜੜ੍ਹਾਂ ਕਾਂਗਰਸ ਹਕੂਮਤ/ਪਾਰਟੀ ਵਿੱਚ ਹੀ ਲੱਗੀਆਂ ਹੋਈਆਂ ਹਨ। ਇਸ ਲਈ ਪ੍ਰਤੱਖ ਜਮਹੂਰੀ ਲੋਕ-ਲਹਿਰ ਲਈ ਲੋਕ-ਪੱਖੀ ਵਿਗਿਆਨਕ ਦ੍ਰਿਸ਼ਟੀਕੋਣ ਅਪਣਾਕੇ ਹਰ ਵੰਨਗੀ ਦੀਆਂ ਲੋਕ-ਦੁਸ਼ਮਣ ਤਾਕਤਾਂ ਖਿਲਾਫ਼ ਲੋਕ ਆਵਾਜ਼ ਉਠਾਉਣ ਦੀ ਲੋੜ ਹੈ।

ਜਾਤਾਂ ਦੀ ਦਰਜ਼ਾਬੰਦੀ ਦਾ ਕੋਈ ਦਿਸ ਹੱਦਾਂ ਨਹੀਂ ਹੈ। ਜਾਤੀ ਆਧਾਰ 'ਤੇ ਲਾਮਬੰਦੀ, ਜੱਦੋਜਹਿਦ ਸਾਨੂੰ ਬੁਨਿਆਦੀ ਤੌਰ 'ਤੇ ਮੁਕਤੀ ਨਹੀਂ ਦੁਆ ਸਕਦੀ, ਸਿਰਫ਼ ਭਟਕਣ ਹੀ ਸਾਡੇ ਪੱਲੇ ਪਾ ਸਕਦੀ ਹੈ।

ਉਹਨਾਂ ਕਿਹਾ ਕਿ ਬੀਤੇ ਦਿਨੀਂ ਫੜੇ ਪੰਜ ਬੁੱਧੀਜੀਵੀ, ਸੰਪਾਦਕ, ਜਮਹੂਰੀ ਕਾਮਿਆਂ ਨੂੰ 'ਮਾਓਵਾਦੀ' ਕਹਿਕੇ ਝੂਠੇ ਕੇਸਾਂ 'ਚ ਫਸਾਇਆ ਜਾ ਰਿਹਾ ਹੈ। ਜਿਹੜਾ ਵੀ ਦਲਿਤ ਵਰਗ ਦੀ ਮੁਕਤੀ ਦਾ ਸਹੀ ਰਾਹ ਦਿਖਾਉਂਦਾ ਹੈ, ਉਸਨੂੰ ਜੇਲ੍ਹ ਦਾ ਰਾਹ ਦਿਖਾਇਆ ਜਾ ਰਿਹਾ ਹੈ।

ਚੇਤਨਾ ਕੈਂਪ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ, ਖਜ਼ਾਨਚੀ ਰਣਜੀਤ ਸਿੰਘ ਔਲਖ, ਕਮੇਟੀ ਮੈਂਬਰ ਚਰੰਜੀ ਲਾਲ ਕੰਗਣੀਵਾਲ, ਬਲਬੀਰ ਕੌਰ ਬੁੰਡਾਲਾ, ਸੁਰਿੰਦਰ ਕੁਮਾਰੀ ਕੋਛੜ, ਰਮਿੰਦਰ ਪਟਿਆਲਾ, ਮੰਗਤ ਰਾਮ ਪਾਸਲਾ, ਦੇਵਰਾਜ ਨਯੀਅਰ, ਮਨਜੀਤ ਸਿੰਘ ਅਤੇ ਡਾ. ਰਘਬੀਰ ਕੌਰ ਹਾਜ਼ਰ ਸਨ।

ਮੰਚ ਸੰਚਾਲਨ ਦੀ ਭੂਮਿਕਾ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਅਦਾ ਕੀਤੀ।















# ਅਰੁਨ ਫਰੇਰਾ ਦੀ ਕਿਤਾਬ 'ਕਲਰਜ਼ ਆਫ਼ ਦਾ ਕੇਜ: ਏ ਪ੍ਰਿਜ਼ਨ ਮੈਮਾਇਰ' ਦੇ ਪੰਜਾਬੀ ਤਰਜਮੇ 'ਪਿੰਜਰੇ ਦੇ ਰੰਗ : ਜੇਲ੍ਹ ਯਾਦਾਂ' ਦੀ ਸਮੀਖਿਆ

**ਜਸਵੀਰ ਸਮਰ**

ਦਸਤਾਵੇਜ਼ੀ ਫ਼ਿਲਮਸਾਜ਼ ਆਨੰਦ ਪਟਵਰਧਨ ਐਮਰਜੈਂਸੀ ਦੌਰਾਨ ਸਿਆਸੀ ਕੈਦੀਆਂ ਬਾਬਤ ਬਣਾਈ ਫ਼ਿਲਮ 'ਪ੍ਰਿਜ਼ਨਰਜ਼ ਆਫ਼ ਕੌਨਸ਼ੈਂਸ' (1978) ਵਿੱਚ ਕਹਿੰਦਾ ਹੈ: 'ਜੇ ਜੇਲ੍ਹ ਦੀਆਂ ਕੰਧਾਂ ਬੋਲ ਸਕਦੀਆਂ ਹੁੰਦੀਆਂ, ਤਾਂ ਇਹ ਜ਼ਰੂਰ ਅੰਦਰ ਵਰ੍ਹਦੀ ਦਹਿਸ਼ਤ ਬਾਰੇ ਗੱਲਾਂ ਸੁਣਾਉਣਗੀਆਂ, ਪਰ ਇਸ ਦੇ ਨਾਲ ਹੀ ਇਹ ਬੁਲੰਦ ਹੌਂਸਲੇ ਦੀ ਬਾਤ ਵੀ ਪਾਉਣਗੀਆਂ।'

ਕੰਧਾਂ ਦੇ ਕੰਨ ਤਾਂ ਜ਼ਰੂਰ ਹੁੰਦੇ ਹੋਣਗੇ, ਜ਼ੁਬਾਨ ਨਹੀਂ ਹੁੰਦੀ; ਪਰ ਇਨ੍ਹਾਂ ਕੰਧਾਂ ਅੰਦਰ ਟੁੱਟਦੇ ਕਹਿਰ ਦੀ ਕਹਾਣੀ ਸੁਣਾਉਣ ਲਈ ਮਹਾਰਾਸ਼ਟਰੀ ਮੁੰਡਾ ਅਰੁਨ ਫਰੇਰਾ ਤਕਰੀਬਨ ਪੰਜ ਸਾਲ ਸੀਖਾਂ ਪਿੱਛੇ ਗੁਜ਼ਾਰ ਕੇ ਬਾਹਰ ਆ ਗਿਆ। ਅਤੇ ਜਿਹੜਾ ਕਿੱਸਾ ਉਸ ਨੇ ਆਪਣੀ ਕਿਤਾਬ 'ਕਲਰਜ਼ ਆੱਫ਼ ਦਿ ਕੇਜ: ਏ ਪ੍ਰਿਜ਼ਨ ਮੈਮਾਇਰ' (ਇਸ ਦਾ ਪੰਜਾਬੀ ਤਰਜਮਾ 'ਪਿੰਜਰੇ ਦੇ ਰੰਗ: ਜੇਲ੍ਹ ਯਾਦਾਂ'



ਛਪਿਆ ਹੈ) ਵਿੱਚ ਜੋੜਿਆ ਹੈ, ਉਹ ਐਮਰਜੈਂਸੀ ਬਾਰੇ ਲਿਖੀਆਂ ਜੇਲ੍ਹ ਯਾਦਾਂ ਤੋਂ ਐਨ ਵੱਖਰਾ ਹੈ। ਥਾਣਿਆਂ ਵਿੱਚ ਤਸੀਹਿਆਂ ਦੌਰਾਨ ਵੱਜਦੀਆਂ ਚੀਕਾਂ ਤਾਂ ਕਦੇ ਕਦਾਈਂ ਬਾਹਰ ਸੁਣ ਹੀ ਜਾਂਦੀਆਂ ਹਨ, ਪਰ ਜੇਲ੍ਹਾਂ ਅੰਦਰਲੀ ਕੁਰਲਾਹਟ ਬੱਸ ਅੰਦਰ ਹੀ ਦਮ ਤੋੜ ਜਾਂਦੀ ਹੈ। ਇਸ ਬੇਵਸੀ ਦਾ ਮਾਰਮਿਕ ਚਿੱਤਰ ਇਸ ਕਿਤਾਬ ਦਾ ਹਾਸਲ ਹੈ। ਕਸ਼ਮੀਰੀ ਪੱਤਰਕਾਰ ਇਫ਼ਤਿਖ਼ਾਰ ਗਿਲਾਨੀ ਵੱਲੋਂ ਆਪਣੀ ਕਿਤਾਬ 'ਮਾਈ ਡੇਜ਼ ਇਨ ਪ੍ਰਿਜ਼ਨ' ਅਤੇ ਹੁਣ ਨਾਗਪੁਰ ਜੇਲ੍ਹ ਵਿੱਚ ਬੰਦ ਦਿੱਲੀ ਦੇ ਪ੍ਰੋ.ਜੀ.ਐੱਨ. ਸਾਈਬਾਬਾ ਵੱਲੋਂ ਆਪਣੀ ਪਤਨੀ ਦੇ ਨਾਂ ਭੇਜੀਆਂ ਚਿੱਠੀਆਂ ਵਿੱਚ ਮਾਰੀਆਂ ਕੂਕਾਂ ਇਸੇ ਕੜੀ ਦੀ ਅਗਲੀ ਲੜੀ ਹਨ। ਇਹ ਬੇਵਸੀ ਦੀ ਬੇਇੰਤਹਾ ਹੈ। ਜੇਲ੍ਹਾਂ ਜਿਨ੍ਹਾਂ ਨੂੰ ਅਕਸਰ ਸੁਧਾਰਘਰਾਂ ਵਜੋਂ ਪ੍ਰਚਾਰਿਆ ਜਾਂਦਾ ਹੈ, ਕੈਦੀਆਂ, ਖ਼ਾਸ ਕਰ ਕੇ ਸਿਆਸੀ ਕੈਦੀਆਂ ਨੂੰ ਹਰ ਹੀਲੇ ਭੰਨ ਸੁੱਟਣ ਵਾਲੇ ਤਸੀਹਾ ਕੇਂਦਰ ਹਨ। ਲਾਚਾਰੀ ਦੇ ਵੱਸ ਪਏ ਬਹੁਤੇ ਕੈਦੀ ਤਾਂ ਹਫ਼ਤਿਆਂ ਵਿੱਚ ਹੀ ਢਹਿ ਪੈਂਦੇ ਹਨ, ਪਰ ਜੇਲ੍ਹ ਦੀਆਂ ਜ਼ਿਆਦਤੀਆਂ ਖ਼ਿਲਾਫ਼ ਅਰੁਨ ਫਰੇਰਾ ਦਾ ਸਾਥ ਟੱਬਰ ਵੱਲੋਂ ਭੇਜੀਆਂ ਕਿਤਾਬਾਂ ਨੇ ਨਿਭਾਇਆ ਅਤੇ ਸਭ ਤੋਂ ਵੱਡੀ ਗੱਲ, ਉਹਨੇ ਉਮੀਦ ਨੂੰ ਬਹੁਤ ਸਹਿਜ ਨਾਲ ਉਂਗਲੀ ਫੜਾ ਕੇ ਆਪਣੇ ਨਾਲ ਤੋਰੀ ਰੱਖਿਆ। ਇਸ ਆਸ ਨੂੰ ਉਹਨੇ ਮਰਨ ਨਹੀਂ ਦਿੱਤਾ। ਇਹੀ ਉਸ ਦੀ ਸਭ ਤੋਂ ਵੱਡੀ ਅਜ਼ਮਾਇਸ਼ ਸੀ; ਨਤੀਜੇ ਵਜੋਂ ਇਹ ਕਿਤਾਬ ਅੱਜ ਪਾਠਕਾਂ ਦੇ ਹੱਥ ਵਿੱਚ ਹੈ।


ਅਰੁਨ ਫਰੇਰਾ ਨੂੰ ਮਾਓਵਾਦੀ ਆਖ ਕੇ ਮਈ 2007 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਉੱਤੇ ਮਾਓਵਾਦੀ ਪਾਰਟੀ ਦੇ ਪ੍ਰਚਾਰ ਅਤੇ ਸੰਚਾਰ ਵਿੰਗ ਦਾ ਮੁਖੀ ਹੋਣ, ਕਤਲ, ਇਰਾਦਾ ਕਤਲ, ਹਥਿਆਰ ਰੱਖਣ ਆਦਿ ਦੇ 11 ਕੇਸ ਮੜ੍ਹੇ ਗਏ ਜੋ ਬਾਅਦ ਵਿੱਚ ਇੱਕ-ਇੱਕ ਕਰ ਕੇ ਝੂਠੇ ਸਾਬਤ ਹੋਏ। ਇਸ ਦੌਰਾਨ ਥਾਣੇ ਅਤੇ ਜੇਲ੍ਹ ਅੰਦਰ ਜੋ ਕੁਝ ਉਸ ਨਾਲ ਕੀਤਾ ਗਿਆ, ਉਸ ਦੇ ਵੇਰਵੇ ਲੂੰ-ਕੰਡੇ ਖੜ੍ਹੇ ਕਰਨ ਵਾਲੇ ਹਨ। ਉਂਝ, ਜਿਸ ਕੋਣ ਤੋਂ ਅਰੁਨ ਨੇ ਇਹ ਬਿਰਤਾਂਤ ਛੇੜਿਆ ਤੇ ਨਿਭਾਇਆ ਹੈ, ਉਸ ਨਾਲ ਸੱਤ ਦਹਾਕਿਆਂ ਦੀ ਆਜ਼ਾਦੀ ਅਤੇ ਸਿਸਟਮ ਅੰਦਰਲੇ ਕੁਹਜ ਦੀ ਹਕੀਕਤ ਕਿਤਾਬ ਦੇ ਪੰਨਿਆਂ ਉਤੇ ਫੈਲ ਗਈ ਹੈ।

ਅਰੁਨ ਦੀ ਇਸ ਕਹਾਣੀ ਵਿੱਚੋਂ 70ਵਿਆਂ ਵਿੱਚ ਨਕਸਲਵਾਦੀ ਆਖ ਕੇ ਗ੍ਰਿਫ਼ਤਾਰ ਕੀਤੀ ਅੰਗਰੇਜ਼ ਕੁੜੀ ਮੇਰੀ ਟੇਲਰ ਦੀ ਕਿਤਾਬ 'ਮਾਈ ਯੀਅਰਜ਼ ਇਨ ਐਨ ਇੰਡੀਅਨ ਪ੍ਰਿਜ਼ਨ' ਦੀ ਝਲਕ ਪੈਂਦੀ ਹੈ। ਇਸ ਕੁੜੀ ਨੂੰ ਉਸ ਦੇ ਇਨਕਲਾਬਪਸੰਦ ਪਤੀ ਅਮਲੇਂਦੂ ਸੇਨ ਨਾਲ ਫੜਿਆ ਗਿਆ ਸੀ ਅਤੇ ਉਹਦੀ ਜ਼ਿੰਦਗੀ ਦੇ ਜ਼ਰਖੇਜ਼ ਵਰ੍ਹੇ ਬਿਹਾਰ ਦੀ ਜੇਲ੍ਹ ਅੰਦਰ ਦਫ਼ਨ ਕਰ ਦਿੱਤੇ ਗਏ। ਇਹ ਦੋਵੇਂ ਸੁਫ਼ਨਸਾਜ਼, ਦੱਬੇ-ਕੁਚਲਿਆਂ ਲਈ ਜੂਝਣ ਹਿੱਤ ਭਾਰਤ ਪੁੱਜੇ ਸਨ। ਮੇਰੀ ਟੇਲਰ ਦਾ ਬਿਆਨ ਦੇਖੋ: 'ਜਿੱਥੇ ਬੱਚੇ ਹੱਥ ਵਿੱਚ ਠੂਠਾ ਫੜੀ ਮਿੱਟੀ ਵਿੱਚ ਰੀਂਗ ਰਹੇ ਹੋਣ, ਉੱਥੇ ਤੁਸੀਂ ਸ਼ਾਂਤ ਅਤੇ ਸਹਿਜ ਕਿਸ ਤਰ੍ਹਾਂ ਰਹਿ ਸਕਦੇ ਹੋ।' ਹੁਣ ਇਸ ਕੁੜੀ ਦੀ ਇੱਛਾ ਅਤੇ ਇਸ ਇੱਛਾ ਪਿੱਛੇ ਲੁਕਿਆ ਦਰਦ ਰਤਾ ਵਿਚਾਰੋ: '(ਚਾਹੁੰਦੀ ਸਾਂ) ਪਿੰਡਾਂ ਵਿੱਚ ਸੱਤਾ ਦਾ ਢਾਂਚਾ ਉਲਟ ਜਾਵੇ ਅਤੇ ਇਸ ਦੀ ਥਾਂ ਕਿਸਾਨ ਕਮੇਟੀਆਂ ਲੈ ਲੈਣ।' ਮੇਰੀ ਟੇਲਰ ਦੀ ਇਹ ਕਿਤਾਬ 1977 ਵਿੱਚ ਛਪੀ ਸੀ। ਚਾਰ ਦਹਾਕਿਆਂ ਬਾਅਦ ਅਰੁਨ ਫਰੇਰਾ ਆਪਣੀ ਕਿਤਾਬ ਵਿੱਚ ਲਿਖਦਾ ਹੈ: 'ਜਿੰਨੇ ਜ਼ਿਆਦਾ ਉਹ ਦੱਬੇ-ਕੁਚਲੇ ਸਨ, ਓਨਾ ਹੀ ਉਨ੍ਹਾਂ ਅੰਦਰ ਸਮਾਜ ਨੂੰ ਬਦਲਣ ਦੀ ਇੱਛਾ ਤੀਬਰ ਸੀ।' ਦਹਾਕਿਆਂ ਦੌਰਾਨ ਸਾਡੇ ਭਾਰਤ ਮਹਾਨ ਨੇ ਕਿੰਨੀ ਤਰੱਕੀ ਕੀਤੀ ਹੈ!

ਅਰੁਨ ਨੇ ਆਪਣਾ ਹਾਲ-ਏ-ਦਿਲ ਪਹਿਲਾਂ ਆਪਣੇ ਘਰਦਿਆਂ ਨੂੰ ਲਿਖੀਆਂ ਚਿੱਠੀਆਂ ਵਿੱਚ ਸੁਣਾਇਆ ਸੀ, ਜੇਲ੍ਹ ਵਿੱਚ ਦਰਪੇਸ਼ ਔਕੜਾਂ ਬਾਰੇ ਸਕੈੱਚ ਬਣਾਏ ਸਨ ਜੋ ਮਗਰੋਂ 'ਪਿੰਜਰੇ ਦੇ ਰੰਗ' ਕਿਤਾਬ ਵਿੱਚ ਵਟ ਗਏ। ਜ਼ੁਲਮ ਨਾਲ ਜੂਝਦਿਆਂ ਲੰਘਾਏ ਵਕਤ ਬਾਰੇ ਲਿਖਣ ਵੇਲੇ ਉਸ ਦੇ ਨਿਸ਼ਾਨੇ ਉੱਤੇ ਪੁਲੀਸ ਜਾਂ ਜੇਲ੍ਹ ਮੁਲਾਜ਼ਮਾਂ ਨਾਲ ਸ਼ਖ਼ਸੀ ਮੁਖ਼ਾਲਫ਼ਤ ਦੀ ਥਾਂ ਸਮੁੱਚਾ ਢਾਂਚਾ ਰਿਹਾ। ਇਸ ਸਿਸਟਮ ਦੀ ਮਾਰ ਅਤੇ ਜ਼ੋਰ ਦਾ ਪਤਾ ਜੇਲ੍ਹ ਅੰਦਰ ਬੰਦ, ਖੈਰਲਾਂਜੀ ਕਾਂਡ ਦੇ ਦੋਸ਼ੀਆਂ ਦੀ ਗੱਲਬਾਤ ਤੋਂ ਲੱਗਦਾ ਹੈ। ਇਹ ਦੋਸ਼ੀ ਬਿਨਾਂ ਕਿਸੇ ਪਛਤਾਵੇ ਦੇ ਦੱਸਦੇ ਹਨ: 'ਸਾਰਾ ਕਸੂਰ ਸੁਰੇਖਾ ਭੋਤਮਾਂਗੇ ਦਾ ਸੀ। ਉਹ ਸਾਰੇ ਪਿੰਡ ਦੀ ਸ਼ਾਂਤੀ ਭੰਗ ਕਰਦੀ ਸੀ। ਉਸ ਨੇ ਸਾਡੇ ਖ਼ਿਲਾਫ਼ ਸ਼ਿਕਾਇਤ ਕਰਨ ਦਾ ਹੌਸਲਾ ਕੀਤਾ। ਉਹ ਹੋਰ ਦਲਿਤਾਂ ਦੇ ਮੁਕਾਬਲੇ ਕੁਝ ਜ਼ਿਆਦਾ ਹੀ ਬੜਬੋਲੀ ਸੀ ਤੇ ਬਹਾਦਰ ਬਣਦੀ ਸੀ।' ਤੇ ਅਰੁਨ ਲਿਖਦਾ ਹੈ: 'ਅਦਾਲਤ ਨੇ ਨਤੀਜਾ ਕੱਢਿਆ ਸੀ ਕਿ ਇਹ ਜਾਤੀ ਹਿੰਸਾ ਦਾ ਮਸਲਾ ਨਹੀਂ।'

ਨਿਆਂਇਕ ਢਾਂਚੇ ਦਾ ਜਦੋਂ ਸੰਸਥਾਈਕਰਨ ਹੁੰਦਾ ਹੈ ਤਾਂ ਅਨਿਆਂ ਹੋਣਾ ਤੈਅ ਹੈ। ਅਰੁਨ ਇਸ ਅਨਿਆਂ ਦੀ ਗੰਢ ਇੱਕ-ਇੱਕ ਕਰ ਕੇ ਖੋਲ੍ਹਦਾ ਹੈ। ਨਤੀਜੇ ਵਜੋਂ, ਇਹ ਕਹਾਣੀ ਇਕੱਲੇ ਅਰੁਣ ਦੀ ਕਹਾਣੀ ਨਹੀਂ ਰਹਿ ਜਾਂਦੀ, ਇਹ ਉਨ੍ਹਾਂ ਨਪੀੜੀਆਂ ਜਿੰਦਾਂ ਦੀ ਕਹਾਣੀ ਵੀ ਬਣ ਜਾਂਦੀ ਹੈ ਜਿਹੜੀਆਂ ਅੱਠ-ਅੱਠ, ਦਸ-ਦਸ, ਅਤੇ ਕਈ ਵਾਰ ਚੌਦਾਂ-ਚੌਦਾਂ ਵਰ੍ਹੇ ਜੇਲ੍ਹਾਂ ਅੰਦਰ ਸੜ ਕੇ ਆਖ਼ਰਕਾਰ ਬਰੀ ਹੁੰਦੀਆਂ ਹਨ। ਉਂਝ, ਜੇਲ੍ਹਾਂ ਵਿੱਚ ਸਭ ਦਾ ਹਾਲ ਅਰੁਨ ਫਰੇਰਾ ਵਰਗਾ ਵੀ ਨਹੀਂ ਹੁੰਦਾ। ਸਮਾਜਕ, ਆਰਥਕ ਜਾਂ ਸਿਆਸੀ ਪਿਛੋਕੜ ਕਾਰਨ ਜੇਲ੍ਹਾਂ ਤੁਹਾਡੇ ਲਈ ਜੰਨਤ ਵੀ ਹੋ ਸਕਦੀਆਂ ਹਨ। ਮੁਲਕ ਵਿੱਚ ਜੇਲ੍ਹ ਅੰਦਰਲੀਆਂ ਮੌਜਾਂ ਕਿਸੇ ਤੋਂ ਲੁਕੀਆਂ ਨਹੀਂ ਹਨ, ਪਰ ਮਾਓਵਾਦੀਆਂ ਜਾਂ ਘੱਟ-ਗਿਣਤੀਆਂ ਲਈ ਵਿਹਾਰ ਬਾਕੀ ਸਭ ਤੋਂ ਵੱਖਰਾ ਹੁੰਦਾ ਹੈ। ਦਰਅਸਲ, ਸੱਤਾ ਨੇ ਅਜਿਹੇ ਜੁਝਾਰੂ ਨੌਜਵਾਨਾਂ ਨੂੰ ਆਪਣੇ ਦੁਸ਼ਮਣ ਤਸੱਵੁਰ ਕਰ ਲਿਆ ਹੋਇਆ ਹੈ। ਹੁਣ ਰਤਾ ਇਸ ਕਿਤਾਬ ਵਿੱਚ ਅਰੁਨ ਦਾ ਉਲਾਂਭਾ ਪੜ੍ਹੋ: 'ਹਿੰਦੂਵਾਦ ਖ਼ਿਲਾਫ਼ ਸੰਘਰਸ਼ ਕਰਦੇ ਮੁਸਲਮਾਨ ਜਹਾਦੀ ਬਣਾ ਦਿੱਤੇ ਅਤੇ ਸਾਡੇ ਵਰਗੇ ਮਾਰਕਸਵਾਦੀ ਜਿਹੜੇ ਕਬਾਇਲੀਆਂ ਨੂੰ ਜਥੇਬੰਦ ਕਰਨ, ਉਹ 'ਖੱਬੇ-ਪੱਖੀ ਅਤਿਵਾਦੀ' ਗਰਦਾਨ ਦਿੱਤੇ। ਪਾਬੰਦੀ ਅਤੇ ਸਖ਼ਤੀ ਦਾ ਇਹੀ ਤਰੀਕਾ ਆਜ਼ਾਦੀ ਤੋਂ ਪਹਿਲਾਂ ਗੋਰੇ ਵਰਤਦੇ ਹੁੰਦੇ ਸਨ।' ਗੌਰਤਲਬ ਹੈ ਕਿ ਅੰਗਰੇਜ਼ ਸ਼ਾਸਕਾਂ ਨੇ 1894 ਦਾ ਜੇਲ੍ਹ ਐਕਟ, ਸ਼ਰਾਰਤੀ ਅਨਸਰਾਂ ਨੂੰ ਕਾਬੂ ਰੱਖਣ ਲਈ ਬਣਾਇਆ ਸੀ ਜੋ 1947 ਤੋਂ ਬਾਅਦ ਵੀ ਜੇਲ੍ਹ ਪ੍ਰਬੰਧਾਂ ਲਈ ਅਗਵਾਈ ਕਰ ਰਿਹਾ ਹੈ। ਹੁਣ ਵੀ ਇਹੀ ਐਕਟ ਸੂਬਾ ਸਰਕਾਰਾਂ ਦੀ ਜ਼ਿੰਮੇਵਾਰੀ ਬਣਿਆ ਹੋਇਆ ਹੈ।






ਆਜ਼ਾਦੀ ਪ੍ਰਾਪਤ ਭਾਰਤ ਭਲਾ ਕਿਨ੍ਹਾਂ ਲੋਕਾਂ ਦਾ ਮੁਲਕ ਬਣ ਗਿਆ ਹੈ?

ਅੱਜ ਕਿੰਨੇ ਲੋਕ ਇਸ ਭਾਰਤ ਮਹਾਨ ਦੇ ਮੌਜੂਦਾ ਢਾਂਚੇ ਦਾ ਭਾਰ ਢੋਹ ਰਹੇ ਹਨ। ਅਰੁਨ ਫਰੇਰਾ ਦੀ ਸਰਗਰਮੀ ਅਤੇ ਇਸ ਕਿਤਾਬ ਦਾ ਸੁਨੇਹਾ ਪਾਠਕ ਨੂੰ ਇਸ ਭਾਰ ਦਾ ਚੇਤਾ ਕਰਵਾਉਂਦਾ ਹੈ। ਇਹ ਕਿਤਾਬ ਪਾਠਕ ਦੇ ਜ਼ਿਹਨ ਅੰਦਰਲੀ ਤਬਦੀਲੀ ਵਾਲੀ ਤਾਂਘ ਅਤੇ ਤੀਬਰਤਾ ਨੂੰ ਦੂਣ-ਸਵਾਇਆ ਕਰਦੀ ਹੈ। ਅਰੁਨ ਦੀ ਇਹ ਕਥਾ ਉਹ ਸਵਾਲ ਹੈ ਜੋ ਉਸ ਨੇ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਦੇ ਮੱਥੇ ਉੱਤੇ ਟੰਗਿਆ ਹੈ।

ਅਰੁਨ ਫਰੇਰਾ ਜ਼ਿੰਦਗੀ ਦੇ ਹਰ ਮੋੜ ਉੱਤੇ ਸਰਗਰਮ ਸਿਆਸੀ ਕਾਰਕੁਨ ਰਿਹਾ ਜਿਸ ਦਾ ਵਾਹ ਵਿਦਿਆਰਥੀ ਅੰਦੋਲਨਾਂ, ਉਜਾੜਾ-ਵਿਰੋਧੀ ਮੁਹਿੰਮਾਂ ਅਤੇ ਦਲਿਤ ਅਤੇ ਆਦਿਵਾਸੀ ਅੰਦੋਲਨਾਂ ਨਾਲ ਪਿਆ, ਪਰ ਗ੍ਰਿਫ਼ਤਾਰੀ ਵੇਲੇ ਜੇਬ੍ਹ ਵਿੱਚੋਂ ਮਿਲੀ ਪੈੱਨ ਡਰਾਈਵ ਨਾਲ ਉਹ ਮਾਓਵਾਦੀ ਪਾਰਟੀ ਦੇ ਪ੍ਰਚਾਰ ਅਤੇ ਸੰਚਾਰ ਵਿੰਗ ਦਾ ਮੁਖੀ ਹੋ ਗਿਆ। ਇਸ ਦੇ ਨਾਲ ਹੀ ਸਿਸਟਮ ਦੇ ਪਿਆਦਿਆਂ ਦਾ ਉਸ ਪ੍ਰਤੀ ਵਿਹਾਰ ਬਦਲ ਗਿਆ। ਪੰਜਾਬੀ ਸ਼ਾਇਰ ਲਾਲ ਸਿੰਘ ਦਿਲ ਨੇ ਦਲਿਤਾਂ ਨਾਲ ਹੁੰਦੇ ਮਾੜੇ ਵਿਹਾਰ ਦਾ ਜ਼ਿਕਰ ਕਰਦਿਆਂ ਆਪਣੀ ਕਵਿਤਾ ਵਿੱਚ ਲਿਖਿਆ ਸੀ – 'ਜੇ ਕਿਤੇ ਇਹ ਗੱਲਾਂ ਦੂਜੇ ਨਛੱਤਰਾਂ ਦੇ ਲੋਕਾਂ ਨੂੰ ਪਤਾ ਲੱਗਣ ਤਾਂ ਪੱਥਰ ਹੋ ਜਾਵਣ'; ਅਰੁਨ ਨਾਲ ਜੋ ਕੁਝ ਹੋਇਆ, ਸੱਚਮੁੱਚ ਪੱਥਰ ਕਰ ਦੇਣ ਵਾਲਾ ਹੈ।

'ਪਿੰਜਰੇ ਦੇ ਰੰਗ' ਦਾ ਤਰਜਮਾ ਮਾਸਟਰ ਤਰਸੇਮ ਲਾਲ ਅਤੇ ਪੰਜਾਬੀ ਤਰਜਮੇ ਦਾ ਸੰਪਾਦਨ ਪੱਤਰਕਾਰ ਅਮਨਿੰਦਰ ਪਾਲ ਨੇ ਕੀਤਾ ਹੈ। ਕਿਤਾਬ ਦਾ ਟੈਕਸਟ ਇੰਨਾ ਜ਼ੋਰਦਾਰ ਹੈ ਕਿ ਤਰਜਮਾ ਵੀ ਤਰਜਮਾ ਨਹੀਂ ਜਾਪਦਾ। ਇਹ ਕਿਤਾਬ ਹੁਣ ਤੱਕ ਛੇ ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁੱਕੀ ਹੈ। ਕੁੱਲ 192 ਸਫ਼ਿਆਂ ਦੀ ਇਹ ਕਿਤਾਬ 'ਜੰਗਲਨਾਮਾ' ਦੇ ਲੇਖਕ ਸਤਨਾਮ ਦੀ ਯਾਦ ਵਿੱਚ ਸ਼ੁਰੂ ਹੋਏ ਸਤਨਾਮ ਜੰਗਲਨਾਮਾ ਯਾਦਗਾਰੀ ਪ੍ਰਕਾਸ਼ਨ ਨੇ ਛਾਪੀ ਹੈ। ਅੱਜ ਕੱਲ੍ਹ ਪ੍ਰਚੰਡ ਰਾਸ਼ਟਰਵਾਦ ਦੇ ਦੌਰ ਵਿੱਚ ਅਰੁਨ ਫਰੇਰਾ ਦੀ ਇਹ ਕਥਾ ਹਰ ਪਾੜ੍ਹੇ, ਪੁਲੀਸ ਵਾਲੇ, ਵਕੀਲ ਅਤੇ ਸਿਆਸਤਦਾਨ, ਸਭ ਨੂੰ ਸੁਣਾਈ ਜਾਣੀ ਚਾਹੀਦੀ ਹੈ। ਇਸ ਕਥਾ ਦੀ ਸਭ ਤੋਂ ਖ਼ੂਬਸੂਰਤ ਗੱਲ ਅਰੁਨ ਫਰੇਰਾ ਦੀ ਲਗਾਤਾਰਤਾ ਹੈ। ਉਹ ਅਨਿਆਂ ਖ਼ਿਲਾਫ਼ ਜੂਝਦਾ ਹੈ, ਤਸ਼ੱਦਦ ਸਹਾਰ ਕੇ ਇਸ ਦਾ ਮੁੱਲ ਤਾਰਦਾ ਹੈ, ਰਿਹਾਈ ਤੋਂ ਬਾਅਦ ਸੇਕ ਛੱਡਦੇ ਸ਼ਬਦਾਂ ਵਾਲਾ ਕਿੱਸਾ ਜੋੜਦਾ ਹੈ ਅਤੇ ਫਿਰ ਵਕੀਲ ਬਣ ਕੇ ਮਨੁੱਖੀ ਹੱਕਾਂ ਦਾ ਅਲੰਬਰਦਾਰ ਬਣਦਾ ਹੈ। ਅਰੁਨ ਫਰੇਰਾ ਉਨ੍ਹਾਂ ਲੋਕਾਂ ਵਿੱਚ ਸ਼ੁਮਾਰ ਹੋ ਗਿਆ ਹੈ ਜਿਨ੍ਹਾਂ ਦੀ ਮਿੱਟੀ, ਕੁੱਟਿਆਂ ਭੁਰਦੀ ਨਹੀਂ, ਜੁੜਦੀ ਹੈ।

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

Century 21
Century 21 Green Realty Inc. Brokerage.
Each Office is Independently Owned and Operated
Residential & Commercial
Kulwant Singh Punnu
Sales Representative
416-276-1566
REALTOR
MLS
www.century21.ca/greenrealty
Email : c21greenadmin@gmail.com
Ph : 905-565-9565 Fax : 905-565-9522

# ਸਿੱਖ ਵਿਰਸੇ ਦੇ ਸੰਪਾਦਕ ਹਰਚਰਨ ਪਰਹਾਰ ਡਾ. ਕੁਲਦੀਪ ਸਿੰਘ 'ਗਿਆਨ ਪ੍ਰਸਾਰ ਸਮਾਜ' ਪੰਜਾਬ ਦੇ ਆਗੂ ਨਾਲ ਗੱਲਬਾਤ ਕਰਦੇ ਹੋਏ



**ਸਵਾਲ 1. ਸਭ ਤੋਂ ਪਹਿਲਾਂ ਤਾਂ ਜੀ ਤੁਸੀਂ ਆਪਣੇ ਬਾਰੇ ਸੰਖੇਪ ਜਾਣਕਾਰੀ ਸਾਡੇ ਨਾਲ਼ ਸਾਂਝੀ ਕਰੋ।**

**ਉੱਤਰ:-** ਜੀ! ਮੈਂ ਪੰਜਾਬ ਦੇ ਜ਼ਿਲ੍ਹਾ ਮੁਕਤਸਰ ਦੀ ਤਹਿਸੀਲ ਮਲੋਟ ਦੇ ਇੱਕ ਛੋਟੇ ਜਿਹੇ ਪਿੰਡ ਰੋੜਾਂਵਾਲੀ ਦਾ ਜੰਮ-ਪਲ ਹਾਂ। ਮੁੱਢਲੀ ਸਿੱਖਿਆ ਮੈਂ ਪਿੰਡ ਦੇ ਸਰਕਾਰੀ ਸਕੂਲ ਤੇ ਗੁਆਂਢੀ ਪਿੰਡ ਦੇ ਸਰਕਾਰੀ ਸਕੂਲ ਤੋਂ ਲਈ। ਉਸ ਤੋਂ ਬਾਅਦ ਡੀ.ਏ.ਵੀ. ਕਾਲਜ ਮਲੋਟ ਤੋਂ ਮੈਂ ਬੀ.ਏ. ਕੀਤੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੱਤਰ ਵਿਹਾਰ ਵਿਭਾਗ ਤੋਂ ਮੈਂ ਐਮ. ਏ. ਪੰਜਾਬੀ ਪਾਸ ਕੀਤੀ। ਪੀਐਚ.ਡੀ ਮੈਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪਾਸ ਕੀਤੀ ਹੈ। ਅੱਜ-ਕੱਲ੍ਹ ਮੈਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਕੈਂਪਸ ਤਲਵੰਡੀ ਸਾਬੋ ਵਿਖੇ ਬਤੌਰ ਅਸਿਸਟੈਂਟ ਪ੍ਰੋਫੈਸਰ ਕੰਮ ਕਰ ਰਿਹਾ ਹਾਂ। ਪਰ ਨਾਲ਼ ਹੀ ਮੇਰਾ ਮੰਨਣਾ ਹੈ ਕਿ ਆਪਣੇ ਕੰਮ ਦੇ ਨਾਲ਼-ਨਾਲ਼ ਸਾਨੂੰ ਸਮਾਜਿਕ ਸ਼ਹਿਰੀ ਹੋਣ ਦੇ ਨਾਤੇ ਆਪਣੀਆਂ ਸਮਾਜਿਕ ਜਿੰਮੇਵਾਰੀਆਂ ਨੂੰ ਵੀ ਨਿਭਾਉਣਾ ਚਾਹੀਦਾ ਹੈ। ਜੋ ਸਮਾਜ ਦੀਆਂ ਸਮੱਸਿਆਂ ਨੇ, ਉਹਨਾਂ ਬਾਰੇ ਵੀ ਸੋਚਣਾ ਤੇ ਵਿਚਾਰ ਕਰਨਾ ਚਾਹੀਦਾ ਹੈ ਅਤੇ ਉਹਨਾਂ ਦੇ ਹੱਲ ਲਈ ਯਤਨ ਕਰਨੇ ਚਾਹੀਦੇ ਹਨ। ਜੇਕਰ ਸਮਾਜ ਦੀਆਂ ਸਮੱਸਿਆਵਾਂ ਗੰਭੀਰ ਹਨ ਅਤੇ ਅਸੀਂ ਇਹਨਾਂ ਤੋਂ ਮੂੰਹ ਮੋੜ ਕੇ ਆਪਾ-ਮਸਤ ਖੂਹ ਦੇ ਡੱਡੂ ਵਰਗਾ ਜੀਵਨ ਜਿਉਂਦੇ ਹਾਂ ਤਾਂ ਇਤਿਹਾਸ ਸਾਨੂੰ ਕਦੇ ਮਾਫ਼ ਨਹੀਂ ਕਰੇਗਾ ਕਿਉਂਕਿ ਸਾਡੀ ਅੱਜ ਦੀ ਖਾਮੋਸ਼ੀ ਭਵਿੱਖ ਦੇ ਸੁਪਨਿਆਂ ਦੀ ਜਮੀਨ ਨੂੰ ਬਾਂਝ ਬਣਾਉਣ 'ਚ ਤਬਾਹਕੁੰਨ ਤਾਕਤਾਂ ਦੇ ਬਰਾਬਰ ਦੀ ਹਿੱਸੇਦਾਰ ਹੋਵੇਗੀ। ਇਸੇ ਸੋਚ ਦੇ ਚੱਲਦੇ ਮੈਂ ਪੰਜਾਬ ਵਿੱਚ ਸਰਗਰਮ ਇੱਕ ਅਗਾਂਹਵਧੂ ਗਰੁੱਪ – ਜੋ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਯਤਨਸ਼ੀਲ ਹੈ ਅਤੇ ਜਿਸਨੂੰ ਪੰਜਾਬ ਵਿੱਚ 'ਲਲਕਾਰ-ਪ੍ਰਤੀਬੱਧ' ਗਰੁੱਪ ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ – ਵਿੱਚ ਕੰਮ ਕਰਨਾ ਸ਼ੁਰੂ ਕੀਤਾ। ਜਿਸਦੇ ਤਹਿਤ ਸਮਾਜਿਕ – ਸੱਭਿਆਚਾਰਕ ਸਮੱਸਿਆਵਾਂ ਵਿਰੁੱਧ ਜੂਝਣ ਲਈ ਸਾਡੇ ਵੱਲੋਂ ਬਣਾਏ ਇੱਕ ਮੰਚ 'ਗਿਆਨ ਪ੍ਰਸਾਰ ਸਮਾਜ' ਦਾ ਮੈਂ ਕੋ-ਕਨਵੀਨਰ ਹਾਂ। ਸਮਾਜ ਦੇ ਬੇਹਤਰ ਭਵਿੱਖ ਲਈ ਅਸੀਂ ਅਜਿਹੇ ਹੀ ਕਈ ਮੰਚਾਂ/ਜਥੇਬੰਦੀਆਂ/ਗਰੁੱਪਾਂ ਰਾਹੀਂ ਕਾਰਜਸ਼ੀਲ ਹਾਂ।

**ਸਵਾਲ 2. ਅੱਜ ਦੀ ਜ਼ਿੰਦਗੀ ਵਿੱਚ ਅਸੀਂ ਦੇਖ ਰਹੇ ਹਾਂ ਕਿ ਕਿਸ ਤਰ੍ਹਾਂ ਬਹੁਤ ਗਿਣਤੀ ਨੌਕਰੀ-ਪੇਸ਼ਾ ਲੋਕ ਆਪਣੀ ਖਾਉ-ਪੀਓ ਐਸ਼ ਕਰੋ ਦੀ ਜ਼ਿੰਦਗੀ ਵਿੱਚ ਮਸਤ ਨੇ, ਤਾਂ ਅਜਿਹੇ ਮਾਹੌਲ ਵਿੱਚ ਤੁਸੀਂ ਸਮਾਜ ਸੇਵਾ ਵਾਲ਼ੇ ਪਾਸੇ ਕਿਵੇਂ ਆਏ? ਕੀ ਸੋਚ ਕੇ ਕੰਮ ਕਰ ਰਹੇ ਹੋ?**

**ਜਵਾਬ:-** ਮੋਟੇ ਤੌਰ 'ਤੇ ਤਾਂ ਇਹੀ ਸੋਚ ਕੇ ਆਏ ਸੀ ਕਿ ਸਾਡੇ ਸਮਾਜ ਵਿੱਚ ਜੋ ਅਨਿਆਂ, ਸਮਾਜਿਕ-ਆਰਥਿਕ ਗ਼ੈਰ-ਬਰਾਬਰੀ, ਭ੍ਰਿਸ਼ਟਾਚਾਰ, ਗਰੀਬੀ, ਬੇਰੁਜਗਾਰੀ, ਜਾਤ-ਪਾਤੀ ਦਾਬਾ, ਧਾਰਮਿਕ ਕੱਟੜਤਾ, ਅੰਧ-ਵਿਸ਼ਵਾਸ, ਅਨਪੜ੍ਹਤਾ ਆਦਿ ਸਮੱਸਿਆਵਾਂ ਹਨ ਉਹ ਨਹੀਂ ਹੋਣੀਆਂ ਚਾਹੀਦੀਆਂ ਅਤੇ ਸਮਾਜ ਦੇ ਹਰ ਚੇਤੰਨ ਸ਼ਹਿਰੀ ਨੂੰ ਇਹਨਾਂ ਵਿਰੁੱਧ ਲੜਨਾ ਚਾਹੀਦਾ ਹੈ। ਪਰ ਹੌਲੀ-ਹੌਲੀ ਜਦੋਂ ਸਮਾਜ ਦੀ ਸਟੱਡੀ ਕੀਤੀ, ਸਾਡੇ ਸਮਾਜਿਕ-ਆਰਥਿਕ-ਸਿਆਸੀ-ਸੱਭਿਆਚਾਰ ਇਤਿਹਾਸ ਦੀ ਸਟੱਡੀ ਕੀਤੀ ਅਤੇ ਸਮਾਜ ਵਿਗਿਆਨ ਨੂੰ ਸਮਝਿਆ ਤਾਂ ਇਹ ਗੱਲ ਹੋਰ ਵੱਧ ਸ਼ਿੱਦਤ ਤੇ ਗਹਿਰਾਈ ਨਾਲ਼ ਮਹਿਸੂਸ ਕੀਤੀ। ਸਾਡੇ ਦੇਸ਼ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਨੇ। ਅੱਜ ਵੀ ਜਾਤ-ਪਾਤ ਦੇ ਨਾਂ 'ਤੇ ਨੀਵੀਂ ਜਾਤ ਦੇ ਲੋਕਾਂ ਨੂੰ ਜਲੀਲ ਕੀਤਾ ਜਾਂਦਾ ਹੈ, ਔਰਤ ਦੀ ਹਾਲਤ ਚਿੰਤਜਨਕ ਹੈ, ਦੇਸ਼ ਦੀ 33 ਕਰੋੜ ਵਸੋਂ ਸੜਕਾਂ 'ਤੇ ਸੌਂਦੀ ਹੈ, ਗਰੀਬੀ ਮਹਿੰਗਾਈ ਲੋਕਾਂ ਦਾ ਲੱਕ ਤੋੜ ਰਹੀ ਹੈ। ਇੱਕ ਆਮ ਮਿਹਨਤਕਸ਼ ਵਿਅਕਤੀ ਨੂੰ ਦਿਨ ਭਰ ਹੱਡ-ਭੰਨਵੀਂ ਮਿਹਨਤ ਤੋਂ ਬਾਅਦ ਵੀ ਜਲਾਲਤ ਦੀ ਜ਼ਿੰਦਗੀ ਜਿਊਣੀ ਪੈ ਰਹੀ ਹੈ ਤਾਂ ਅਜਿਹੇ ਮਾਹੌਲ ਵਿੱਚ ਇੱਕ ਇਨਸਾਨ ਕਿਵੇਂ ਨਿਰਲੇਪ ਰਹਿ ਸਕਦਾ ਹੈ, ਬਸ਼ਰਤੇ ਕਿ ਉਸਦੀ ਛਾਤੀ 'ਚ ਇੱਕ ਸੰਵੇਦਨਸ਼ੀਲ ਦਿਲ ਹੋਣਾ ਚਾਹੀਦਾ ਹੈ। ਬਸ ਅਜਿਹੇ ਸਵਾਲਾਂ ਨਾਲ਼ ਦੋ ਚਾਰ ਹੁੰਦੇ ਸੋਚਿਆ ਕਿ ਆਰਥਿਕ-ਸਿਆਸੀ ਸਮੱਸਿਆਵਾਂ ਤੇ ਸਮਾਜਿਕ-ਸੱਭਿਆਚਾਰਕ ਸਮੱਸਿਆਵਾਂ ਦੇ ਵਿਰੁੱਧ ਦੋਵਾਂ ਮੋਰਚਿਆਂ ਤੋਂ ਘੋਲ਼ ਲੜਿਆ ਜਾਣਾ ਜਰੂਰੀ ਹੈ। ਇਸ ਦੌਰਾਨ ਸਮਾਜਿਕ-ਸੱਭਿਆਚਾਰਕ ਸਮੱਸਿਆਵਾਂ ਵਿਰੁੱਧ ਜਥੇਬੰਦ ਹੋ ਕੇ ਘੋਲ ਚਲਾਉਣ ਦੇ ਕੰਮ 'ਚ ਮੈਂ ਵੀ ਸਰਗਰਮ ਹੋ ਗਿਆ। ਜਿਸਦੇ ਤਹਿਤ ਅਸੀਂ ਪੰਜ ਕੁ ਸਾਲ ਪਹਿਲਾਂ 'ਗਿਆਨ ਪ੍ਰਸਾਰ ਸਮਾਜ' ਨਾਂ ਦਾ ਮੰਚ ਬਣਾਇਆ ਹੈ ਜੋ ਸਾਡੇ ਸਮਾਜ ਵਿੱਚ ਸਮਾਜਿਕ-ਸੱਭਿਆਚਾਰ ਪੱਧਰ 'ਤੇ ਪਾਇਆਂ ਜਾਂਦੀਆਂ ਬਹੁਤ ਸਾਰੀਆਂ ਅਲਾਮਤਾਂ ਦੇ ਵਿਰੁੱਧ ਆਰਥਿਕ ਤੇ ਸਿਆਸੀ ਘੋਲ ਦੇ ਨਾਲ਼-ਨਾਲ਼ ਘੋਲ਼ ਚਲਾ ਰਿਹਾ ਹੈ। ਅਸੀਂ ਇਹ ਸੋਚ ਕੇ ਕੰਮ ਕਰ ਰਹੇ ਹਾਂ ਕਿ ਇੱਕ ਅਜਿਹਾ ਸਮਾਜ ਸਿਰਜੀਏ ਜਿੱਥੇ ਮਨੁੱਖ ਹੱਥੋਂ ਮਨੁੱਖ ਦੀ ਹਰ ਤਰ੍ਹਾਂ ਦੀ ਲੁੱਟ-ਖੋਹ, ਅਨਿਆਂ ਆਦਿ ਤਾਂ ਖ਼ਤਮ ਹੋਵੇ ਹੀ ਸਗੋਂ ਜਾਤੀ-ਪਾਤੀ ਦਾਬਾ, ਔਰਤ-ਵਿਰੋਧੀ ਮਾਨਸਿਕਤਾ, ਅਗਿਆਨਤਾ, ਅੰਧ-ਵਿਸ਼ਵਾਸੀ ਮਾਨਸਿਕਤਾ, ਪਿੱਤਰਸੱਤ੍ਹਾ, ਧਾਰਮਿਕ ਕੱਟੜਤਾ ਆਦਿ ਅਲਾਮਤਾਂ ਵੀ ਖ਼ਤਮ ਹੋ ਜਾਣ। ਸਾਡੇ ਇਹ ਯਤਨ ਉਸ ਸਮਾਜ ਵੱਲ ਨੂੰ ਜਾਂਦੀ ਸ਼ਾਹਰਾਹ ਦੀ ਉਸਾਰੀ ਦੇ ਬਸ ਮੁੱਢਲੇ ਜਿਹੇ ਯਤਨ ਹਨ।

**ਸਵਾਲ 3. ਤੁਸੀਂ 'ਗਿਆਨ ਪ੍ਰਸਾਰ ਸਮਾਜ' ਨਾਮੀ ਮੰਚ 'ਚ ਕੰਮ ਕਰ ਰਹੇ ਹੋ। ਤੁਸੀਂ ਸਾਨੂੰ ਦੱਸੋਗੇ ਕਿ 'ਗਿਆਨ ਪ੍ਰਸਾਰ ਸਮਾਜ ਕੀ ਹੈ ਅਤੇ ਇਸਦਾ ਕੰਮ ਢੰਗ ਤੇ ਦਾਇਰਾ ਕੀ ਹੈ?**

**ਉੱਤਰ:-** ਅਸੀਂ ਸਾਡੇ ਸਮਾਜ ਦੇ ਇਤਿਹਾਸ ਦੀ ਸਟੱਡੀ ਤੋਂ ਜਾਣਿਆ ਕਿ ਭਾਰਤ ਵਿੱਚ ਰਾਜਸੀ-ਸਿਆਸੀ ਘੋਲ਼ ਤਾਂ ਬਹੁਤ ਲੜੇ ਗਏ ਤੇ ਲੜੇ ਜਾ ਰਹੇ ਹਨ ਅਤੇ ਇਹਨਾਂ ਦੀ ਲੋੜ ਹੈ, ਇਹ ਬਹੁਤ ਜਰੂਰੀ ਹਨ। ਪਰ ਸਮਾਜਿਕ-ਸੱਭਿਆਚਾਰਕ ਪੱਧਰ 'ਤੇ ਪਾਇਆਂ ਜਾਂਦੀਆਂ ਅਲਾਮਤਾਂ ਜਿਵੇਂ ਅਗਿਆਨਤਾ, ਅਣਪੜ੍ਹਤਾ, ਅੰਧ-ਵਿਸ਼ਵਾਸ, ਔਰਤ-ਵਿਰੋਧੀ ਮਾਨਸਿਕਤਾ, ਪਿੱਤਰਸੱਤ੍ਹਾ, ਗ਼ੈਰ-ਜਮਹੂਰੀਅਤ, ਜਾਤੀ-ਪਾਤੀ ਦਾਬਾ, ਧਾਰਮਿਕ ਕੱਟੜਤਾ, ਬੀਤੇ ਦਾ ਹੇਰਵਾ ਆਦਿ ਵਿਰੁੱਧ ਕੋਈ ਜਥੇਬੰਦਕ, ਸਮਝੌਤਾ-ਰਹਿਤ ਘੋਲ਼ ਸਾਡੇ ਸਮਾਜ ਵਿੱਚ ਨਹੀਂ ਚੱਲਿਆ, ਭਾਵੇਂ ਜਾਤ-ਪਾਤ ਤੋੜਕ ਮੰਡਲ ਆਦਿ ਬਣਦੇ ਰਹੇ ਜਾਂ ਰਾਧਾ ਮੋਹਨ ਗੋਕੁਲ ਜੀ, ਰਾਹੁਲ ਸੰਕਰਤਾਇਨ, ਗਣੇਸ਼ ਸ਼ੰਕਰ ਵਿਦਿਆਰਥੀ, ਸਵਿਤਰੀ ਬਾਈ ਫੂਲੇ ਵਰਗੇ ਲੋਕਾਂ ਨੇ ਵਿਅਕਤੀਗਤ ਤੌਰ 'ਤੇ ਇਹਨਾਂ ਅਲਾਮਤਾਂ ਵਿਰੁੱਧ ਲੜਾਈ ਲਈ। ਤਾਂ ਅਜਿਹੀ ਲੜਾਈ ਨੂੰ ਜਥੇਬੰਦ ਹੋ ਕੇ ਲੜਣ ਦੇ ਮਕਸਦ ਨਾਲ਼ ਅਸੀਂ 2014 'ਚ ਇਸ ਮੰਚ ਦੀ ਸਥਾਪਨਾ ਕੀਤੀ ਸੀ ਤਾਂ ਜੋ ਉਪਰੋਕਤ ਅਲਾਮਤਾਂ ਵਿਰੁੱਧ ਸਮਝੌਤਾਹੀਣ ਘੋਲ ਲੜਿਆ ਜਾ ਸਕੇ। ਇਸਦੇ ਤਹਿਤ ਅਸੀਂ ਸੈਮੀਨਾਰ, ਗੋਸ਼ਟੀਆਂ, ਫਿਲਮ-ਸ਼ੋਅ, ਪੁਸਤਕ ਪ੍ਰਦਰਸ਼ਨੀਆਂ, ਨਾਟਕਾਂ ਆਦਿ ਰਾਹੀਂ ਉਪਰੋਕਤ ਅਲਾਮਤਾਂ ਦੇ ਵਿਰੁੱਧ ਲੋਕਾਂ 'ਚ ਪ੍ਰਚਾਰ ਕਰਦੇ ਹਾਂ। ਇਹਨਾਂ ਅਲਾਮਤਾਂ ਦੇ ਇਤਿਹਾਸ, ਕਾਰਨ ਤੇ ਹੱਲ ਦੀ ਗੱਲ ਕਰਦੇ ਹੋਏ ਅਸੀਂ ਲੋਕਾਂ ਨੂੰ ਅਜਿਹੇ ਦਕਿਆਨੂਸੀ ਵਿਚਾਰ ਛੱਡ ਕੇ ਵਿਗਿਆਨਕ ਸੋਚ ਦੇ ਧਾਰਣੀ ਬਣਨ ਦਾ ਸੁਨੇਹਾ ਦਿੰਦੇ ਹਾਂ। ਵਿਗਿਆਨਕ ਢੰਗ ਨਾਲ਼ ਅਸੀਂ ਦਿਖਾਉਂਦੇ ਹਾਂ ਕਿ ਇਹ ਸਭ ਅਲਾਮਤਾਂ ਦਾ ਕਿਵੇਂ ਕੋਈ ਵਿਗਿਆਨਕ ਅਧਾਰ ਨਹੀਂ ਹੈ ਅਤੇ ਬੀਤੇ ਸਮੇਂ ਵਿੱਚ ਸਾਡੇ ਸਮਾਜ 'ਚ ਪੈਦਾ ਹੋਣ ਤੋਂ ਲੈ ਕੇ ਇਹਨਾਂ ਦਾ ਕੀ ਇਤਿਹਾਸ ਰਿਹਾ ਹੈ, ਕਿਵੇਂ ਅਜਿਹੇ ਤੁਅੱਸਬ ਲੋਕਾਂ ਨੂੰ ਆਪਸ ਵਿੱਚ ਲੜਾਉਂਦੇ ਰਹੇ ਹਨ ਤੇ ਲੜਾ ਰਹੇ ਹਨ ਆਦਿ।

**ਸਵਾਲ 4. ਬੁੱਧੀਜੀਵੀ/ਲੇਖਕ ਅਜਿਹੇ ਮਾਹੌਲ ਵਿੱਚ ਕੀ ਕਰ ਰਹੇ ਨੇ ਤੇ ਕੀ ਕਰ ਸਕਦੇ ਨੇ?**

**ਜਵਾਬ:-** ਬਹੁਤ ਵਧਿਆ ਸਵਾਲ ਹੈ ਜੀ ਇਹ। ਅਜਿਹੇ ਮਾਹੌਲ ਵਿੱਚ ਬੁੱਧੀਜੀਵੀ ਤਬਕਾ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਅ ਸਕਦਾ ਹੈ। ਪਰ ਮੈਨੂੰ ਇਹ ਗੱਲ ਬਹੁਤ ਅਫ਼ਸੋਸ ਨਾਲ਼ ਕਹਿਣੀ ਪੈ ਰਹੀ ਹੈ ਕਿ ਸਾਡੀ ਬੁੱਧੀਜੀਵੀ ਜਮਾਤ ਦਾ ਵੱਡਾ ਹਿੱਸਾ ਆਪਣੀ ਐਸ਼ੋ-ਅਰਾਮ ਦੀ ਜ਼ਿੰਦਗੀ ਵਿੱਚ ਪੂਰੀ ਤਰ੍ਹਾਂ ਮਸਤ ਹੈ। ਜ਼ਿਆਦਾਤਰ ਲੇਖਕ/ਆਲੋਚਕ ਬੌਧਿਕ ਸੈਲੀਬਰੇਸ਼ਨ ਦੇ ਵਿੱਚ ਮਸ਼ਰੂਫ਼ ਹਨ। ਪਰ ਜਿਹਨਾਂ ਬੁੱਧੀਜੀਵੀਆਂ/ਲੇਖਕਾਂ ਦੇ ਅੰਦਰ ਸੰਵੇਦਨਸ਼ੀਲ ਦਿਲ ਹੈ, ਜਿਹਨਾਂ ਦਾ ਹਿਰਦਾ ਮਨੁੱਖਤਾ ਦੇ ਬੇਹਤਰ ਭਵਿੱਖ ਲਈ ਅੱਜ ਵੀ ਧੜਕਦਾ ਹੈ, ਜ਼ਿੰਦਗੀ ਦੀਆਂ ਕਰੂਰ ਹਲਾਤਾਂ ਦੇ ਪੁੜਾਂ ਵਿੱਚ ਪਿਸ ਰਹੇ ਗ਼ਰੀਬ ਮਜ਼ਦੂਰ/ਮਿਹਨਤਕਸ਼ਾਂ ਦਾ ਦਰਦ ਜਿਹਨਾਂ ਲਈ ਆਪਣਾ ਦਰਦ ਹੈ, ਉਹਨਾਂ ਦੇ ਦਿਲ ਖੁਦਗਰਜ਼ੀ, ਆਪਾ-ਮਸਤੀ ਦੇ ਇਸ ਬਰਫ਼ੀਲੇ ਮੌਸਮ ਵਿੱਚ ਵੀ ਸੁੰਨ ਨਹੀਂ ਹੋਏ ਹਨ। ਅਜਿਹੇ ਲੋਕ ਆਪਣੇ ਲੋਕਾਂ ਲਈ ਕੰਮ ਕਰ ਰਹੇ ਹਨ ਭਾਵੇਂ ਉਹ ਕਿਸੇ ਵੀ ਰੂਪ ਵਿੱਚ ਹੋਵੇ।

**ਸਵਾਲ 5. ਤੁਸੀਂ ਜੋ ਕੰਮ ਕਰ ਰਹੇ ਹੋ ਉਸ 'ਚ ਚੈਲੰਜ ਜਾਂ ਸਮੱਸਿਆਵਾਂ ਕੀ ਆ ਰਹੀਆਂ ਹਨ?**

**ਜਵਾਬ:-** ਕਿਉਂਕਿ ਤੁਸੀਂ ਅਗਿਆਨਤਾ ਦੇ ਮਹਾਂਸਾਗਰ ਵਿੱਚ ਗਿਆਨ ਦੇ ਟਾਪੂ ਵਸਾਉਣਾ ਚਾਹੁੰਦੇ ਹੋ ਤਾਂ ਸੁਭਾਵਿਕ ਹੈ ਕਿ ਸਮੱਸਿਆਵਾਂ ਤਾਂ ਆਉਣੀਆਂ ਹੀ ਨੇ। ਖ਼ਾਸ ਕਰਕੇ ਅੱਜ ਦੇ ਫਿਰਕੂਪੁਣੇ ਦੇ ਮਾਹੌਲ ਵਿੱਚ ਜਿੱਥੇ ਮਜ਼ਦੂਰਾਂ, ਗ਼ਰੀਬਾਂ ਦੀ ਗੱਲ ਕਰਨਾ ਨਕਸਲਵਾਦੀ ਹੋਣਾ ਗਰਦਾਨਿਆ ਜਾਂਦਾ ਹੈ, ਤਰਕਸ਼ੀਲ ਹੋਣਾ ਜਾਂ ਵਿਗਿਆਨ ਦੀ ਗੱਲ ਕਰਨਾ ਦੇਸ਼-ਧ੍ਰੋਹੀ ਹੋਣਾ ਹੈ, ਘੱਟ-ਗਿਣਤੀਆਂ 'ਤੇ ਹੋ ਹਰੇ ਹਮਲੇ ਦੀ ਨਿੰਦਾ ਕਰਨਾ ਪਾਕਿਸਤਾਨ ਦੀ ਏਜੰਟੀ ਹੋ ਸਕਦਾ ਹੈ, ਸੱਚ ਦੀ ਅਵਾਜ਼ ਨੂੰ ਜਦ ਗੋਲੀਆਂ ਨਾਲ਼ ਚੁੱਪ ਕਰਵਾਇਆ ਜਾ ਰਿਹਾ ਹੈ ਤਾਂ ਅਜਿਹੇ ਮਾਹੌਲ ਵਿੱਚ ਵਿਗਿਆਨਕ ਜੀਵਨ ਜਾਂਚ ਦਾ ਪ੍ਰਚਾਰ ਕਰਨਾ, ਤਰਕ ਦੀ ਗੱਲ ਕਰਨ ਦਾ ਕੰਮ ਖ਼ਤਰੇ ਭਰਿਆ ਹੈ। ਪਰ ਇਤਿਹਾਸ ਗਵਾਹ ਹੈ ਕਿ ਜਿਹੜੇ ਲੋਕ ਸੱਚ ਦਾ ਝੰਡਾ ਚੁੱਕਦੇ ਹਨ, ਜੋ ਆਮ ਲੋਕਾਂ ਦੀ ਗੱਲ ਕਰਦੇ ਹਨ, ਸਮਾਜ ਦੀ ਬੇਹਤਰੀ ਦੇ ਸੁਪਨੇ ਦੇਖਦੇ ਹਨ ਉਹਨਾਂ ਦੇ ਵਿਸ਼ਵਾਸ ਨੂੰ ਅਜਿਹੇ ਡਰ ਡੋਲਾ ਨਹੀਂ ਸਕਦੇ। ਜਿਵੇਂ ਪਿੱਛੇ ਜਿਹੇ ਤੋਂ ਡਾ. ਕਲਬੁਰਗੀ, ਡਾ. ਦਭੋਲਕਰ, ਪਾਨਸਰੇ, ਗੌਰੀ ਲੰਕੇਸ਼ ਆਦਿ ਵਰਗੇ ਲੇਖਕਾਂ ਬੁੱਧੀਜੀਵੀਆਂ ਦੇ ਕਤਲ ਅਜੋਕੇ ਮਾਹੌਲ ਦੇ ਵਹਿਸ਼ੀਪੁਣੇ ਨੂੰ ਦਿਖਾਉਂਦੇ ਹਨ। ਤਾਂ ਸਾਨੂੰ ਵੀ ਕੱਟੜਪੰਥੀਆਂ ਵੱਲੋਂ ਕਈ ਵਾਰ ਸਮੱਸਿਆਵਾਂ ਦਾ ਸਮਾਹਮਣਾ ਕਰਨਾ ਪੈਂਦਾ ਹੈ ਜਿਵੇਂ ਉਹ ਸਾਡੀਆਂ ਪੁਸਤਕਾਂ-ਪ੍ਰਦਰਸ਼ਨੀਆਂ ਰੁਕਵਾਉਣ ਦੀ ਕੋਸ਼ਿਸ਼ 'ਚ ਰਹਿੰਦੇ ਹਨ, ਬੁੱਕ ਵੈਨ 'ਤੇ ਦੋ ਵਾਰ ਦਿੱਲੀ ਹਮਲਾ ਹੋਇਆ, ਲੁਧਿਆਣੇ ਪਿਛਲੇ ਸਾਲ ਜਨਚੇਤਨਾ ਬੁੱਕ ਸੈਂਟਰ 'ਤੇ ਹਮਲਾ ਹੋਇਆ, ਦਿੱਲੀ 'ਚ 'ਮੁਜੱਫ਼ਰਨਗਰ ਬਾਕੀ ਹੈ' ਫਿਲਮ ਦਾ ਸ਼ੋਅ ਰੁਕਵਾਉਣ ਦੀ ਕੋਸ਼ਿਸ਼ ਕੀਤੀ ਗਈ ਆਦਿ ਇਸਦੀਆਂ ਕੁਝ ਤਾਜ਼ਾ ਉਦਾਹਰਨਾਂ ਹਨ। ਦੂਜਾ ਸਮਾਜ 'ਚ ਅਗਿਆਨਤਾ, ਅਣਪੜ੍ਹਤਾ ਆਦਿ ਵੱਡੀ ਪੱਧਰ 'ਤੇ ਪਈ ਹੋਣ ਕਰਕੇ ਵੀ ਲੋਕਾਂ ਨੂੰ ਵਿਗਿਆਨ ਦੀ ਗੱਲ ਸਮਝਾਉਣੀ, ਤਰਕ ਦੀ ਗੱਲ ਸਮਝਾਉਣੀ, ਇਹ ਔਖਾ ਕੰਮ ਹੈ। ਪਰ ਫਿਰ ਵੀ ਅਸੀਂ ਲੱਗੇ ਹੋਏ ਹਾਂ, ਕਿਉਂਕਿ ਸਾਨੂੰ ਲੋਕਾਂ 'ਚ ਯਕੀਨ ਹੈ, ਲੋਕ ਹੀ ਅਸਲੀ ਤਾਕਤ ਹੁੰਦੇ ਹਨ, ਇਤਿਹਾਸ ਦੇ ਨਿਰਮਾਤਾ ਹੁੰਦੇ ਹਨ, ਲੋਕ ਹੀ ਵੱਡੇ-ਵੱਡੇ ਚਮਤਕਾਰ ਕਰਦੇ ਹਨ ਇਸ ਕਰਕੇ ਸਾਨੂੰ ਯਕੀਨ ਹੈ ਕਿ ਅੱਜ ਨਹੀਂ ਤਾਂ ਕੱਲ੍ਹ ਲੋਕ ਸਾਡੀ ਗੱਲ ਜਰੂਰ ਸੁਣਨਗੇ ਬਸ ਤੁਹਾਡੀ ਗੱਲ ਵਿਵੇਕਪੂਰਨ ਤੇ ਲੋਕਾਂ ਦੇ ਹਿੱਤ ਦੀ ਹੋਣੀ ਚਾਹੀਦੀ ਹੈ। ਅਖ਼ੀਰ ਜਿੱਤ ਸੱਚਾਈ ਦੀ ਹੀ ਹੋਣੀ ਹੈ। ਇਤਿਹਾਸ ਤੋਂ ਵੱਡੀ ਇਸ ਗੱਲ ਦੀ ਗਵਾਹੀ ਕਿੱਥੋਂ ਮਿਲ ਸਕਦੀ ਹੈ।











-ਮਾਰਥਾ ਮੇਦੇਰੋਸ
- ਮਨਦੀਪ

ਲਾਤੀਨੀ ਦੁਨੀਆ

# ਇਹ 'ਵਾਇਰਲ' ਕਵਿਤਾ ਪਾਬਲੋ ਨੈਰੂਦਾ ਦੀ ਕਲਮ ਤੋਂ ਨਹੀਂ ਹੈ





ਪਿਛਲੇ ਕੁੱਝ ਸਾਲਾਂ ਤੋਂ ਦੁਨੀਆਂ ਦੀਆਂ ਵੱਖ-ਵੱਖ ਭਸ਼ਾਵਾਂ 'ਚ ਸਪੈਨਿਸ਼ ਭਾਸ਼ਾ ਦੀ ਇਕ ਕਵਿਤਾ Muere lentamente (ਹੌਲੀ-ਹੌਲੀ ਮਰਨਾ, dying slowly) ਦਾ ਅਨੁਵਾਦ ਹੋ ਰਿਹਾ ਹੈ। ਅਨੁਵਾਦਕ ਆਪਣੇ ਨਾਂ ਦੇ ਨਾਲ-ਨਾਲ ਪਾਬਲੋ ਨੈਰੂਦਾ ਦੇ ਨਾਂ ਨੂੰ ਇਸ ਕਵਿਤਾ ਦੇ ਮੂਲ ਲੇਖਕ ਵਜੋਂ ਲਿਖ ਰਹੇ ਹਨ। ਪ੍ਰਿੰਟ ਮੀਡੀਆ ਦੇ ਕਈ ਸਥਾਪਤ ਅਖਬਾਰ-ਰਸਾਲੇ ਇਸਨੂੰ ਖੂਬ ਛਾਪ ਰਹੇ ਹਨ। ਸ਼ੋਸ਼ਲ ਮੀਡੀਆ ਤੇ ਇਹ ਕਵਿਤਾ ਇਸ ਕਦਰ ਦਿਨ-ਬ-ਦਿਨ ਫੈਲ ਰਹੀ ਹੈ ਕਿ ਜਿਸਦਾ ਠੋਸ ਅੰਦਾਜਾ ਲਾਉਣਾ ਮੁਸ਼ਕਲ ਹੈ। ਸ਼ੋਸ਼ਲ ਸਾਇਟਾਂ (ਗੂਗਲ, ਫੇਸਬੁੱਕ, ਯੂਟਿਊਬ ਆਦਿ) ਤੇ ਇਸਦੇ ਦਰਜਨਾਂ ਲਿੰਕ ਮਿਲ ਜਾਂਦੇ ਹਨ। ਦੁਨੀਆਂ ਭਰ 'ਚ ਹਰ ਵਰਗ ਦੇ ਪਾਠਕ ਇਸ ਪ੍ਰਭਾਵਸ਼ਾਲੀ ਕਵਿਤਾ ਦੇ ਮੁਰੀਦ ਹੋ ਰਹੇ ਹਨ। ਸਭ ਤੋਂ ਪਹਿਲਾਂ ਇਹ ਕਵਿਤਾ ਸਪੈਨਿਸ਼ ਭਾਸ਼ਾ ਵਿੱਚ ਸ਼ੋਸ਼ਲ ਮੀਡੀਆ 'ਤੇ ਫੈਲੀ। ਸ਼ੁਰੂ 'ਚ ਇਹ ਕਵਿਤਾ ਸਪੈਨਿਸ਼ ਭਾਸ਼ਾ ਵਿਚ ਹੀ ਪਾਬਲੋ ਨੈਰੂਦਾ ਦੇ ਨਾਂ ਹੇਠ ਲਾਤੀਨੀ ਅਤੇ ਯੂਰਪੀ ਦੇਸ਼ਾਂ ਵਿਚ ਵਾਇਰਲ ਹੋਈ। ਉਸ ਤੋਂ ਬਾਅਦ ਇਸਦਾ ਅੰਗਰੇਜ਼ੀ ਅਨੁਵਾਦ ਦੁਨੀਆਂ ਭਰ 'ਚ ਸ਼ੋਸ਼ਲ ਮੀਡੀਆ ਉੱਪਰ ਰਾਤੋ-ਰਾਤ ਛਾਅ ਗਿਆ। ਇਸਦੇ ਅੰਗਰੇਜ਼ੀ ਅਨੁਵਾਦ ਤੋਂ ਇਹ ਕਵਿਤਾ ਦੁਨੀਆਂ ਭਰ ਦੀਆਂ ਵੱਖ-ਵੱਖ ਭਸ਼ਾਵਾਂ ਵਿਚ ਤੇਜ਼ੀ ਨਾਲ ਅਨੁਵਾਦ ਕੀਤੀ ਜਾਣ ਲੱਗੀ। ਇਹ ਸਿਲਸਿਲਾ ਹਾਲੇ ਤੱਕ ਵੀ ਜਾਰੀ ਹੈ। ਸਾਲ 2017 ਦੇ ਬੀਤ ਜਾਣ ਅਤੇ ਸਾਲ 2018 ਦੀ ਆਮਦ ਤੇ ਇਹ ਕਵਿਤਾ ਹਿੰਦੀ ਵਿੱਚ ਅਨੁਵਾਦ ਹੋਈ। ਹਿੰਦੀ ਭਾਸ਼ਾ 'ਚ ਅਨੁਵਾਦ ਹੋਣ ਤੋਂ ਬਾਅਦ ਇਹ ਭਾਰਤ ਦੀਆਂ ਹੋਰ ਖੇਤਰੀ ਭਸ਼ਾਵਾਂ ਵਿਚ ਅਨੁਵਾਦ ਹੋਣ ਲੱਗੀ। ਇਨ੍ਹੀ ਦਿਨੀਂ ਹੀ ਇਸ ਕਵਿਤਾ ਦਾ ਪੰਜਾਬੀ ਅਨੁਵਾਦ ਵੀ ਵੇਖਣ ਨੂੰ ਮਿਲਿਆ। ਇਸਦੇ ਅਨੁਵਾਦਕ (ਅਮਰਜੀਤ ਕੌਂਕੇ) ਨੇ ਵੀ ਅਨੁਵਾਦਕ ਵਜੋਂ ਆਪਣੇ ਨਾਮ ਦੇ ਨਾਲ ਇਸ ਕਵਿਤਾ ਦਾ ਮੂਲ ਰਚਨਾਕਾਰ ਪਾਬਲੋ ਨੈਰੂਦਾ ਨੂੰ ਹੀ ਦੱਸਿਆ। ਇਕ ਪ੍ਰਭਾਵਸ਼ਾਲੀ ਕਾਵਿ ਰਚਨਾ ਹੋਣ ਕਰਕੇ ਅਤੇ ਪਾਬਲੋ ਨੈਰੂਦਾ ਦਾ ਕਾਵਿ ਖੇਤਰ 'ਚ ਵੱਡਾ ਨਾਂ ਹੋਣ ਕਰਕੇ ਪਾਠਕ ਨੂੰ ਇਕ ਪਲ ਲਈ ਵੀ ਇਹ ਸ਼ੰਕਾ ਖੜ੍ਹਾ ਨਹੀਂ ਹੁੰਦਾ ਕਿ ਇਹ ਕਵਿਤਾ ਕਿਸੇ ਹੋਰ ਕਵੀ ਜਾਂ ਕਵਿਤਰੀ ਦੀ ਰਚਨਾ ਵੀ ਹੋ ਸਕਦੀ ਹੈ। ਇਸਦਾ ਪੰਜਾਬੀ ਅਨੁਵਾਦ ਪੜ੍ਹਦਿਆਂ ਮੈਂ ਵੀ ਇਸ ਕਵਿਤਾ ਦਾ ਕਾਇਲ ਹੋ ਗਿਆ। ਮੈਨੂੰ ਪਾਬਲੋ ਨੈਰੂਦਾ ਦਾ ਕੱਦ ਹੋਰ ਵੀ ਵੱਧ ਉੱਚਾ ਜਾਪਣ ਲੱਗਾ। ਪਾਬਲੋ ਦੇ ਗਵਾਂਢੀ ਦੇਸ਼ 'ਚ ਬੈਠਿਆਂ ਮੈਨੂੰ ਤਿੰਨ ਵਰ੍ਹੇ ਬੀਤ ਚੱਲੇ ਸਨ। ਇਹ ਕਵਿਤਾ ਪੜ੍ਹਕੇ ਮਨ ਨੇ ਲਾਹਨਤਾਂ ਪਾਈਆਂ ਕਿ ਮੈਂ ਐਡੇ ਵੱਡੇ ਕਵੀ ਦੀ ਮਾਤ ਭੂਮੀ ਦੀ ਬਗਲ 'ਚ ਬੈਠ ਕੇ, ਉਸਦੀ ਮਾਤ ਭਾਸ਼ਾ ਦਾ ਮੁੱਢਲਾ ਗਿਆਨ ਹਾਸਲ ਕਰਕੇ, ਉਸਦੀ ਮਾਤ ਭਾਸ਼ਾ ਦੇ ਸੱਭਿਆਚਾਰ ਨੂੰ ਜਾਣ ਕੇ, ਮਾਣ ਕੇ ਅਤੇ ਉਸਦੇ ਸਭ ਤੋਂ ਵੱਧ ਪਿਆਰੇ ਮਿਹਨਤਕਸ਼ ਲੋਕਾਂ 'ਚ ਰਹਿਕੇ ਉਹਨਾਂ ਦੇ ਮਹਿਬੂਬ ਕਵੀ ਦੀ ਮਾਤ-ਭੂਮੀ, ਉਸਦੀਆਂ ਪੈੜਾਂ ਤੇ ਯਾਦਾਂ ਤੋਂ ਅਭਿੱਜ ਕਿਉਂ ਰਹਿ ਰਿਹਾਂ ਹਾਂ? ਮਨ 'ਚ ਉਸਦੀ ਮਾਤ ਭੂਮੀ ਅਤੇ ਉਸਦੇ ਘਰ ਜਾਣ ਦੀ ਤਾਂਘ ਹੋਰ ਵੱਧ ਗਈ। ਮਨ ਵਿਚ ਪਾਬਲੋ ਨੈਰੂਦਾ ਨੂੰ ਹੋਰ ਜਾਨਣ-ਪੜਨ ਦੀ ਲਾਲਸਾ ਪੈਦਾ ਹੋ ਗਈ। ਜਲਦ ਹੀ ਮੇਰਾ ਇਹ ਸੁਪਨਾ ਪੂਰਾ ਹੋ ਗਿਆ। ਉਸਦੇ ਦੇਸ਼, ਉਸਦੇ ਘਰ, ਉਸਦੇ ਲੋਕਾਂ ਕੋਲ ਜਾ ਕੇ ਦੇਖਿਆ ਤਾਂ ਪਤਾ ਲੱਗਾ ਕਿ ਪਾਬਲੋ ਨੈਰੂਦਾ ਹਾਲੇ ਵੀ ਜਿੰਦਾ ਹੈ। ਉਸਤੋਂ ਕਿਤੇ ਵੱਧ ਜਿਸਦਾ ਅਹਿਸਾਸ ਉਸਦੀਆਂ ਕਵਿਤਾਵਾਂ, ਉਸਦੀਆਂ ਰਚਨਾਵਾਂ ਪੜ੍ਹਕੇ ਮਨ ਵਿਚ ਪੈਦਾ ਹੁੰਦਾ ਹੈ।

ਪਾਬਲੋ ਦੇ ਘਰ ਜਾਣ ਤੋਂ ਪਹਿਲਾਂ ਉਸਦੀਆਂ ਜਿੰਨੀਆਂ ਕੁ ਰਚਨਾਵਾਂ ਨੂੰ ਖੰਗਾਲਿਆ ਮੈਨੂੰ ਕਿਤੇ ਵੀ ਇਹ ਸ਼ਾਨਦਾਰ ਕਵਿਤਾ (ਜਿਸਦਾ ਅਨੁਵਾਦ ਦੁਨੀਆਂ ਭਰ 'ਚ ਫੈਲ ਰਿਹਾ ਹੈ) ਨਹੀਂ ਮਿਲੀ। ਪਰੰਤੂ ਇੰਟਰਨੈਟ ਉਤੇ ਸਪੈਨਿਸ਼ ਭਾਸ਼ਾ ਵਿਚ ਇਸ ਕਵਿਤਾ ਨੂੰ ਭਾਲਣ ਤੇ ਇਸ ਕਵਿਤਾ ਦੇ ਦੋ ਰਚਨਾਕਾਰ ਮੇਰੇ ਸਾਹਮਣੇ ਆ ਖੜ੍ਹੇ ਹੋਏ। ਦੋਨਾਂ ਦੀ ਦਾਅਵੇਦਾਰੀ 'ਚੋਂ ਮੇਰਾ ਭਾਵੁਕ ਤੇ ਕਾਲਪਨਿਕ ਮਨ ਪਾਬਲੋ ਵੱਲ ਵਾਰ-ਵਾਰ ਝੁਕ ਰਿਹਾ ਸੀ। ਇਹ ਮੇਰੇ ਮਨ ਉੱਤੇ ਉਸਦੀ ਜਾਦੂਈ ਸ਼ਖ਼ਸੀਅਤ ਦੇ ਪ੍ਰਭਾਵ ਕਰਕੇ ਸੀ। ਪਰ ਸ਼ੰਕਾ, ਪ੍ਰਭਾਵ ਤੋਂ ਉਚਤਮ ਹੈ। ਸ਼ੰਕਾ, ਸੱਚ ਤਲਾਸ਼ਣ ਲਈ ਮੇਰੇ ਵਾਸਤੇ ਇਕ ਕਾਰਜ ਲੈ ਕੇ ਆਇਆ। ਦੋ ਦਾਅਵੇਦਾਰ ਤੇ ਦੋਵੇਂ ਹੀ ਆਪਣੇ-ਆਪਣੇ ਸਾਹਿਤਕ ਖੇਤਰ ਦੇ ਜਾਣੇ-ਪਛਾਣੇ ਚਿਹਰੇ ਸਨ। ਇਕ ਪਾਸੇ ਨੋਬਲ ਪੁਰਸਕਾਰ ਵਿਜੇਤਾ ਪਾਬਲੋ ਨੈਰੂਦਾ ਅਤੇ ਦੂਜੇ ਪਾਸੇ ਬਰਾਜੀਲ ਦੀ ਲੇਖਿਕਾ ਤੇ 'ਸੇਰੋ ਓਰਾ' (Zero Hora -Zero hours) ਅਖਬਾਰ ਦੀ ਰਿਪੋਰਟਰ ਮਾਰਥਾ ਮੇਦੇਰੋਸ (Martha Medeiros)। ਮੈਂ ਉਸੇ ਵਕਤ ਇਸ ਤੱਥ ਦੀ ਪੁਸ਼ਟੀ ਕਰਨ ਲਈ ਮਾਰਥਾ ਦੇ ਨਾਂ ਉਸਦੀ ਮਾਤ ਭਾਸ਼ਾ ਅਤੇ ਅੰਗਰੇਜ਼ੀ 'ਚ ਇਕ ਰੁੱਕਾ ਭੇਜਿਆ। ਜਿਸਦਾ ਇਹ ਲਿਖਤ ਲਿਖਣ ਤੱਕ ਕੋਈ ਜਵਾਬ ਨਹੀਂ ਆਇਆ। ਇਨ੍ਹੀਂ ਹੀ ਦਿਨੀਂ ਮੈਂ ਚਿੱਲੀ 'ਚ ਪਾਬਲੋ ਦੇ ਉਸ ਘਰ ਸਾਂ ਜਿੱਥੇ ਉਸਨੇ ਆਪਣੀ ਤੀਸਰੀ ਪਤਨੀ ਨਾਲ ਜਿੰਦਗੀ ਦੇ ਆਖਰੀ ਸੋਲ੍ਹਾਂ ਵਰ੍ਹੇ ਬਿਤਾਏ। ਪਾਬਲੋ ਨੈਰੂਦਾ ਦੇ ਉਸ ਘਰ (ਇਸ ਤੋਂ ਇਲਾਵਾ ਪਾਬਲੋ ਨੈਰੂਦਾ ਦੇ ਦੋ ਹੋਰ ਘਰ ਹਨ- ਲਾ ਕਸਕੋਨਾ (ਵਾਲਪਰੇਸੋ) ਤੇ ਲਾ ਸਿਬਆਸਤੀਆਨਾ (ਸਾਂਤਿਆਗੋ) ਜਿਸਨੂੰ 'ਈਲਾ ਨੇਗਰਾ ਦਾ ਘਰ' (casa de Isla Negra-house of Black Island) ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਘਰ ਵਿਚ ਦਾਖਲ ਹੋਣ ਸਮੇਂ ਮੇਰੇ ਸਹਾਇਕ ਦਨੀਅਲ ਨੂੰ ਮੇਰਾ ਦੁਆ ਸਲਾਮ ਤੋਂ ਬਾਅਦ ਪਹਿਲਾ ਸਵਾਲ ਇਸ ਕਵਿਤਾ ਦੇ ਵਿਵਾਦਤ ਰਚਨਾਕਾਰ ਨੂੰ ਲੈ ਕੇ ਹੀ ਸੀ। ਦਨੀਅਲ ਨੂੰ ਵੀ ਇਸ ਬਾਰੇ ਪੂਰੀ ਸਪੱਸ਼ਟ ਤੇ ਠੋਸ ਜਾਣਕਾਰੀ ਨਹੀਂ ਸੀ। ਉਸਨੇ ਪਾਬਲੋ ਨੈਰੂਦਾ ਫਾਊਂਡੇਸ਼ਨ ਦੇ ਅਹੁਦੇਦਾਰਾਂ ਨਾਲ ਫੋਨ ਤੇ ਫੌਰੀ ਰਾਬਤਾ ਕਰਕੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਇਹ ਕਵਿਤਾ ਪਾਬਲੋ ਨੈਰੂਦਾ ਦੀ ਰਚਨਾ ਨਹੀਂ ਹੈ ਬਲਕਿ ਬਰਾਜੀਲ ਦੀ ਲੇਖਿਕਾ ਤੇ ਪੱਤਰਕਾਰ ਮਾਰਥਾ ਮੇਦੇਰੋਸ ਦੀ ਹੈ। ਉਸਨੇ ਸਾਲ 2000 'ਚ ਇਹ ਕਵਿਤਾ ਲਿਖੀ ਸੀ। ਮੇਰੇ ਮਨ 'ਚ ਇਹ ਰਚਨਾ ਮੇਰੇ ਮਹਿਬੂਬ ਕਵੀ ਦੀ ਨਾ ਹੋਣ ਕਾਰਨ ਥੋੜੀ ਨਿਰਾਸ਼ਾ ਜਰੂਰ ਪੈਦਾ ਹੋਈ ਪਰ ਮੇਰੇ ਮਨ ਉੱਤੇ ਇਸ ਕਵਿਤਾ ਦੇ ਪ੍ਰਭਾਵ 'ਚ ਕੋਈ ਕਮੀ ਨਹੀਂ ਆਈ। ਅਗਲੇ ਹੀ ਪਲ ਮਨ ਹੀ ਮਨ ਮੈਂ ਆਪਣੇ ਆਪ ਨੂੰ ਇਸ ਕਵਿਤਾ ਦੇ ਅਸਲੀ ਰਚੇਤਾ ਨੂੰ ਇਨਸਾਫ ਦਿਵਾਉਣ ਦਾ ਦਾਅਵੇਦਾਰ ਘੋਸ਼ਿਤ ਕਰਕੇ ਖੁਸ਼ ਹੋ ਰਿਹਾਂ ਸਾਂ। ਮੈਨੂੰ ਜਾਪਦਾ ਸੀ ਜਿਵੇਂ ਮਾਰਥਾ ਮੈਨੂੰ ਦੇਖਕੇ ਅਹਿਸਾਨ ਭਰੀਆਂ ਨਜ਼ਰਾਂ ਨਾਲ ਮੁਸਕਰਾ ਰਹੀ ਹੋਵੇ ਅਤੇ ਪਾਬਲੋ ਨੈਰੂਦਾ ਦੀ ਖਿੱਚ ਭਰੀ ਤੱਕਣੀ 'ਚ ਖੁਸ਼ੀਆਂ ਤੇ ਧੰਨਵਾਦ ਦੇ ਕਿੰਨੇ ਹੀ ਸਿਜਦੇ ਦੌੜ ਰਹੇ ਹੋਣ। ਜਾਪਦਾ ਸੀ ਜਿਵੇਂ ਕਹਿ ਰਹੇ ਹੋਣ ਕਿ 'ਆਪਣੀ ਮਾਤ ਭਾਸ਼ਾ ਦੇ ਪਾਠਕਾਂ ਨੂੰ ਦੱਸੀਂ ਕਿ ਇਹ ਕਵਿਤਾ ਪਾਬਲੋ ਨੈਰੂਦਾ ਦੀ ਰਚਨਾ ਨਹੀਂ ਹੈ ਬਲਕਿ ਇਸ ਪ੍ਰਸਿੱਧ ਕਵਿਤਾ ਦੀ ਅਸਲੀ ਰਚੇਤਾ ਮਾਰਥਾ ਹੈ। ਦੁਨੀਆਂ 'ਚ ਕੇਵਲ ਪ੍ਰਸਿੱਧ ਕਵੀ ਹੀ ਪ੍ਰਸਿੱਧ ਕਵਿਤਾ ਲਿਖਣ ਲਈ ਬਾਧਕ ਨਹੀਂ ਹਨ। ਅਸਲ ਕਵਿਤਾ ਤਾਂ ਲੋਕ ਲਿਖ ਰਹੇ ਹਨ। ਅਸੀਂ ਤਾਂ ਉਹਨਾਂ ਨੂੰ ਇਕ ਜੁਬਾਨ ਦੇ ਰਹੇ ਹਾਂ। ਧੰਨਵਾਦ ਤੇਰੀ ਭਾਸ਼ਾ ਦੇ ਪਾਠਕਾਂ ਦਾ ਜਿਨ੍ਹਾਂ ਨੇ ਇਸ ਕਵਿਤਾ ਨੂੰ ਸਿਰ-ਅੱਖਾਂ ਤੇ ਬਿਠਾਇਆ।'

ਬਾਅਦ 'ਚ ਮੈਨੂੰ ਪਤਾ ਲੱਗਾ ਕਿ ਪੰਜਾਬੀ 'ਚ ਅਨੁਵਾਦ ਹੋਈ ਇਹ ਕਵਿਤਾ ਇਨਕਲਾਬੀ ਰਸਾਲੇ 'ਲਲਕਾਰ' ਦੇ ਕਿਸੇ ਅੰਕ 'ਚ ਮਹਿਮਾਨ ਕਵਿਤਾ ਵਜੋਂ ਪ੍ਰਕਾਸ਼ਿਤ ਹੋਈ ਸੀ। ਕਈ ਵਾਰ ਅਨੁਵਾਦਕ ਵੀ ਟਪਲਾ ਖਾ ਜਾਂਦੇ ਹਨ। ਇਹ ਜੋਖਮ ਉਦੋਂ ਹੋਰ ਵੀ ਵੱਧ ਜਾਂਦਾ ਹੈ ਜਦੋਂ ਸ਼ੋਸ਼ਲ ਸਾਇਟਾਂ ਉੱਤੇ ਤੱਥਹੀਣ ਸਮੱਗਰੀ ਦੀ ਭਰਮਾਰ ਹੋਵੇ। ਕਿਸੇ ਅਨੁਵਾਦਿਤ ਲਿਖਤ ਦੇ ਅਸਲੀ ਲੇਖਕ ਦੀ ਸ਼ਨਾਖਤ ਕਰਨ ਦੀ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਦੇ ਸੰਪਾਦਕਾਂ ਦੀ ਵੀ ਇਕ ਸੀਮਾ ਹੁੰਦੀ ਹੈ। ਬਹੁਤੀ ਵਾਰ ਬਹੁਤੀਆਂ ਲਿਖਤਾਂ ਲੇਖਕਾਂ ਅਤੇ ਅਨੁਵਾਦਕਾਂ ਦੀ ਭਰੋਸੇਯੋਗਤਾ ਦੇ ਅਧਾਰ ਤੇ ਹੀ ਪ੍ਰਕਾਸ਼ਿਤ ਕਰ ਦਿੱਤੀਆਂ ਜਾਂਦੀਆਂ ਹਨ। ਸੰਭਵ ਹੱਦ ਤੱਕ ਵਿਚਾਰਗੋਚਰੀ ਕਵਿਤਾ ਦੇ ਸੰਦਰਭ 'ਚ ਵੀ ਇੰਝ ਹੀ ਵਾਪਰਿਆ ਹੋ ਸਕਦਾ ਹੈ। ਪਰ 'ਫੇਕ ਵਾਇਰਲ' ਦੇ ਇਸ ਦੌਰ 'ਚ ਲਿਖਤ ਦੇ ਅਸਲੀ ਰਚੇਤਾ ਨਾਲ ਅਕਸਰ ਬੇਇਨਸਾਫੀ ਹੋ ਜਾਂਦੀ ਹੈ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਹੋ ਜਿਹੀਆਂ 'ਵਾਇਰਲ' ਰਚਨਾਵਾਂ ਦੀ ਭਰੋਸੇਯੋਗਤਾ ਦੀ ਪਰਖ ਕਰ ਲਈ ਜਾਣੀ ਚਾਹੀਦੀ ਹੈ।

ਇਸ ਕਵਿਤਾ ਦੇ ਅਨੁਵਾਦ ਦੀ ਦੂਸਰੀ ਵੱਡੀ ਖਾਮੀ ਇਹ ਹੈ ਕਿ ਮੂਲ ਸਪੈਨਿਸ਼ ਭਾਸ਼ਾ ਵਿਚ ਰਚੀ ਕਵਿਤਾ ਤੋਂ ਅੰਗਰੇਜੀ, ਹਿੰਦੀ ਅਤੇ ਪੰਜਾਬੀ ਦਾ ਅਨੁਵਾਦ ਸੌਖ ਤੇ ਰੌਚਿਕਤਾ ਪੈਦਾ ਕਰਨ ਲਈ ਕਾਫੀ ਸ਼ਾਂਗਿਆ-ਤਰਾਸ਼ਿਆ ਹੋਇਆ ਹੈ। ਕਵਿਤਾ ਦੀ ਇਹ ਕਾਂਟ-ਛਾਂਟ ਸਭ ਤੋਂ ਪਹਿਲਾਂ ਸਪੈਨਿਸ਼ ਭਾਸ਼ਾ ਤੋਂ ਅੰਗਰੇਜ਼ੀ ਭਾਸ਼ਾ ਵਿਚ ਹੋਏ ਅਨੁਵਾਦ ਵਿਚ ਕੀਤੀ ਮਿਲਦੀ ਹੈ। ਅੱਗੋਂ ਹਿੰਦੀ, ਪੰਜਾਬੀ ਤੇ ਹੋਰ ਭਾਸ਼ਾਵਾਂ ਦੇ ਅਨੁਵਾਦਕਾਂ ਨੇ ਅੰਗਰੇਜ਼ੀ ਵਾਲੇ ਅਨੁਵਾਦ ਨੂੰ ਅਧਾਰ ਬਣਾਕੇ ਇਸ ਕਵਿਤਾ ਦਾ ਅਨੁਵਾਦ ਕਰਨਾ ਸ਼ੁਰੂ ਕਰ ਦਿੱਤਾ। ਇਕ ਭਾਸ਼ਾ, ਖਾਸ ਕਰ ਕਵੀ ਦੀ ਮਾਤ-ਭਾਸ਼ਾ 'ਚ ਰਚੀ ਕਵਿਤਾ ਨੂੰ ਦੂਸਰੀ ਭਾਸ਼ਾ 'ਚ ਅਨੁਵਾਦ ਕਰਨ ਦੇ ਮਾਮਲੇ 'ਚ ਅਕਸਰ ਤਰੁੱਟੀਆਂ ਅਤੇ ਸੀਮਤਾਈਆਂ ਰਹਿ ਜਾਂਦੀਆਂ ਹਨ। ਕਵਿਤਾ ਦਾ ਅਨੁਵਾਦ ਕਰਦਿਆਂ ਕਈ ਵਾਰ ਕਵਿਤਾ ਦਾ ਮੂਲ ਭਾਸ਼ਾ ਵਾਲਾ ਭਾਵ ਤੇ ਤੱਤ ਖਤਮ ਹੋ ਜਾਂਦਾ ਹੈ। ਖੁਦ ਪਾਬਲੋ ਨੈਰੂਦਾ ਵੀ ਆਪਣੀਆਂ ਕਵਿਤਾਵਾਂ ਦੇ ਅੰਗਰੇਜੀ ਅਨੁਵਾਦ ਤੋਂ ਖੁਸ਼ ਨਹੀਂ ਸਨ। ਕਵਿਤਾ ਦੇ ਅਨੁਵਾਦ ਦਾ ਵਿਸ਼ਾ ਹਮੇਸ਼ਾਂ ਪੇਚੀਦਾ ਤੇ ਵਿਵਾਦਤ ਰਿਹਾ ਹੈ। ਕੀ ਕਵਿਤਾ ਦਾ ਸ਼ੁੱਧ ਅਨੁਵਾਦ ਸੰਭਵ ਹੈ? ਇਹ ਅੜਾਉਣੀ ਹਾਲੇ ਤੱਕ ਵੀ ਅਣਸੁਲਝੀ ਹੀ ਪਈ ਹੈ। ਪਰੰਤੂ ਫਿਰ ਵੀ ਮੂਲ ਭਾਸ਼ਾਈ ਕਵਿਤਾ ਦੇ ਬਿਹਤਰ ਅਨੁਵਾਦ ਨੂੰ ਹੀ ਦੂਸਰੀ ਭਾਸ਼ਾ 'ਚ ਮਾਨਤਾ ਦਿੱਤੀ ਜਾਂਦੀ ਹੈ। ਅਨੁਵਾਦਤ ਕਵਿਤਾ ਦੀ ਰੌਚਿਕਤਾ ਬਰਕਰਾਰ ਰੱਖਣ ਲਈ ਭਾਵੇਂ ਅਨੁਵਾਦਕ ਆਪਣੀਆਂ ਮੌਲਿਕ ਅਨੁਵਾਦਤ ਜੁਗਤਾਂ ਦੀ ਵਰਤੋਂ ਅਕਸਰ ਕਰ ਲੈਂਦੇ ਹਨ ਪਰੰਤੂ ਕਵਿਤਾ ਖਾਸਕਰ ਸਿਆਸੀ ਤੇ ਸਿਧਾਂਤਕ ਮੱਸ ਵਾਲੀ ਕਵਿਤਾ ਦੇ ਮਾਮਲੇ 'ਚ ਇਸਦਾ ਮੂਲ ਤੱਤ ਖਤਮ ਨਹੀਂ ਹੋਣ ਦੇਣਾ ਚਾਹੀਦਾ। ਪਾਬਲੋ ਦੇ ਨਾਂ ਹੇਠ ਵਾਇਰਲ ਹੋ ਰਹੀ ਮਾਰਥਾ ਦੀ ਇਸ ਕਵਿਤਾ ਨਾਲ ਵੀ ਕੁਝ ਇਸੇ ਤਰ੍ਹਾਂ ਹੀ ਵਾਪਰਿਆ। ਸਪੈਨਿਸ਼ ਭਾਸ਼ਾ ਤੋਂ ਵਾਇਆ ਅੰਗਰੇਜ਼ੀ, ਹਿੰਦੀ ਭਾਸ਼ਾ ਰਾਹੀਂ ਹੁੰਦੀ ਹੋਈ ਪੰਜਾਬੀ ਭਾਸ਼ਾ ਤੱਕ ਅੱਪੜਦੀ-ਅੱਪੜਦੀ ਇਸ ਕਵਿਤਾ ਦੇ ਪੀਲੇ ਪੱਤਿਆਂ ਦੇ ਨਾਲ-ਨਾਲ ਕਈ ਹਰੇ-ਕਚੂਰ ਵੀ ਝਾੜ ਦਿੱਤੇ ਗਏ। ਇਸਦੀ ਹਰਿਆਵਲ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਵਜੋਂ ਪੇਸ਼ ਹੈ Muere lentamente (ਹੌਲੀ-ਹੌਲੀ ਮਰਨਾ) ਕਵਿਤਾ ਦਾ ਮੂਲ ਸਪੈਨਿਸ਼ ਤੋਂ ਪੰਜਾਬੀ ਅਨੁਵਾਦ।

## ਹੌਲੀ-ਹੌਲੀ ਮਰਨਾ

ਹੌਲੀ-ਹੌਲੀ ਮਰਨ ਲੱਗਦੇ ਹਨ
ਜੋ ਆਦਤਾਂ ਦੇ ਗੁਲਾਮ ਹੋ ਜਾਂਦੇ ਹਨ
ਜੋ ਰੋਜ ਇਕੋ ਹੀ ਸਫਰ ਤੇ ਨਿਕਲਦੇ ਹਨ
ਜੋ ਤਰਤੀਬ ਨਹੀਂ ਬਦਲਦੇ
ਜੋ ਰੰਗ-ਬਰੰਗੀਆਂ ਪੁਸ਼ਾਕਾਂ ਨਹੀਂ
ਪਹਿਨਦੇ
ਅਤੇ
ਜਿਹੜੇ ਅਜਨਬੀਆਂ ਨਾਲ
ਗੱਲਾਂ ਨਹੀਂ ਕਰਦੇ
ਉਹ ਹੌਲੀ-ਹੌਲੀ ਮਰਨਾ ਸ਼ੁਰੂ ਕਰ ਦਿੰਦੇ ਹਨ

ਉਹ ਮਰਨਾ ਸ਼ੁਰੂ ਕਰ ਦਿੰਦੇ ਹਨ
ਜਿਨ੍ਹਾਂ ਨੇ ਟੈਲੀਵਿਜਨ ਨੂੰ ਹੀ
ਗੁਰੂ ਧਾਰ ਲਿਆ ਹੈ

ਉਹ ਮਰਦੇ ਹਨ
ਹੌਲੀ-ਹੌਲੀ
ਜੋ ਜਾਨੂੰਨ ਤੋਂ ਬਚਦੇ ਹਨ
ਜੋ ਸਿਰਫ ਕਾਲਾ ਤੇ ਸਫੈਦ
ਰੰਗ ਹੀ ਪਸੰਦ ਕਰਦੇ ਹਨ
ਜੋ 'ਮੈਂ ਹਾਂ' ਦੀ ਭਾਵਨਾ ਦੇ
ਭੰਵਰ ਚੱਕਰ 'ਚ ਫਸੇ ਰਹਿੰਦੇ ਹਨ
ਜਿਹੜੇ ਬਚਦੇ ਹਨ ਅੱਖਾਂ ਦੀ ਚਮਕ
ਤੇ ਉਬਾਸੀ ਦੀ ਮੁਸਕਰਾਹਟ ਤੋਂ
ਜੋ ਨਹੀਂ ਸਮਝਦੇ
ਦਿਲ ਦੀ ਤੀਖਣਤਾ ਤੇ ਭਾਵਨਾਵਾਂ ਨੂੰ

ਜੋ ਆਪਣੇ ਨੀਰਸ ਕਿੱਤੇ ਨੂੰ ਨਹੀਂ ਬਦਲਦੇ
ਜੋ ਸੁਪਨਿਆਂ ਪਿੱਛੇ ਨਹੀਂ ਭੱਜਦੇ
ਤੇ ਖਤਰਾ ਨਹੀਂ ਸਹੇੜਦੇ
ਜੋ ਘੱਟੋ-ਘੱਟ ਜਿੰਦਗੀ 'ਚ ਇਕ ਵਾਰ
ਅਕਲਮੰਦ ਨਸੀਹਤਾਂ ਤੋਂ ਦੂਰ ਨਹੀਂ ਭੱਜਦੇ
ਹੌਲੀ-ਹੌਲੀ ਮਰਨਾ ਸ਼ੁਰੂ ਕਰ ਦਿੰਦੇ ਹਨ

ਜੋ ਸਫਰ ਨਹੀਂ ਕਰਦੇ
ਜੋ ਪੜ੍ਹਦੇ ਨਹੀਂ
ਜੋ ਸੰਗੀਤ ਨਹੀਂ ਸੁਣਦੇ
ਜੋ ਖੁਦ ਦੀ ਤਾਰੀਫ ਨਹੀਂ ਕਰਦੇ
ਹੌਲੀ-ਹੌਲੀ ਮਰਨਾ ਸ਼ੁਰੂ ਕਰ ਦਿੰਦੇ ਹਨ

ਹੌਲੀ-ਹੌਲੀ ਮਰਨਾ ਸ਼ੁਰੂ ਕਰ ਦਿੰਦੇ ਹਨ
ਜੋ ਆਤਮ-ਸਨਮਾਨ ਦਾ ਗਲਾ
ਘੋਟ ਦਿੰਦੇ ਹਨ
ਜੋ ਆਪਣੇ ਆਪ ਦੀ ਮਦਦ ਨਹੀਂ ਕਰਦੇ

ਹੌਲੀ-ਹੌਲੀ ਮਰਨਾ ਸ਼ੁਰੂ ਕਰ ਦਿੰਦੇ ਹਨ
ਜੋ ਬੁਰੀ ਕਿਸਮਤ
ਅਤੇ ਮੂਸਲਾਧਾਰ ਬਾਰਸ਼ ਨੂੰ ਕੋਸਣ ਲਈ
ਆਪਣਾ ਸਮਾਂ ਬਰਬਾਦ ਕਰਦੇ ਹਨ

ਹੌਲੀ-ਹੌਲੀ ਮਰਨਾ ਸ਼ੁਰੂ ਕਰ ਦਿੰਦੇ ਹਨ
ਜੋ ਪ੍ਰਾਜੈਕਟ ਸ਼ੁਰੂ ਕਰਨ ਤੋਂ ਪਹਿਲਾਂ ਹੀ
ਉਸਨੂੰ ਅੱਧ-ਵਿਚਕਾਰ ਛੱਡ ਦਿੰਦੇ ਹਨ

ਜਦੋਂ ਕੋਈ ਅਣਜਾਣ
ਸਵਾਲਾਂ ਨੂੰ ਨਾ ਟੱਕਰੇ
ਜਦੋਂ ਕੋਈ ਸਭ ਕੁਝ ਜਾਣਦਿਆਂ
ਅਣਜਾਣ ਬਣ ਜਾਏ
ਤਾਂ ਉਹ ਹੌਲੀ-ਹੌਲੀ ਮਰਨਾ
ਸ਼ੁਰੂ ਕਰ ਦਿੰਦਾ ਹੈ

ਆਓ
ਕਿਸ਼ਤਾਂ 'ਚ ਮਰਨੋ ਬਚੀਏ
ਹਮੇਸ਼ਾਂ ਯਾਦ ਰੱਖੀਏ ਕਿ
ਜਿੰਦਾ ਰਹਿਣਾ
ਸਾਹ ਲੈਣ ਨਾਲੋਂ ਵੱਡੇ
ਯਤਨਾਂ ਦੀ ਮੰਗ ਕਰਦਾ ਹੈ
ਸਬਰ ਤੇ ਧੀਰਜ ਨਾਲ ਹੀ
ਜਿੱਤ ਦੇ ਝੰਡੇ ਗੱਡੇ ਜਾ ਸਕਦੇ ਹਨ
ਤੇ ਸ਼ਾਨਦਾਰ ਖੁਸ਼ੀਆਂ ਦੇ
ਦੁਆਰ ਖੋਲੇ ਜਾ ਸਕਦੇ ਹਨ।

# ਐਡਵੋਕੇਟ ਵਾਂਚੀ ਨਾਥਨ ਦੀ ਗ੍ਰਿਫ਼ਤਾਰੀ ਦੀ ਨਿਖੇਧੀ

ਅੱਜ ਪ੍ਰੈੱਸ ਬਿਆਨ ਜਾਰੀ ਕਰਕੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ.ਕੇ.ਮਲੇਰੀ, ਸੂਬਾ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਨ ਸਿੰਘ ਅਤੇ ਪ੍ਰੈੱਸ ਸਕੱਤਰ ਬੂਟਾ ਸਿੰਘ ਨੇ ਉੱਘੇ ਵਕੀਲ ਸ਼੍ਰੀ ਵਾਂਚੀ ਨਾਥਨ ਨੂੰ ਮਦਰਾਸ ਪੁਲਿਸ ਵਲੋਂ ਚੇਨਈ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ ਅਤੇ ਉਹਨਾਂ ਨੂੰ ਤੁਰੰਤ ਰਿਹਾਅ ਕੀਤੇ ਜਾਣ ਦੀ ਮੰਗ ਕੀਤੀ ਹੈ। ਐਡਵੋਕੇਟ ਵਾਂਚੀ ਨਾਥਨ ਪੀਪਲਜ਼ ਰਾਈਟਸ ਪ੍ਰੋਟੈਕਸ਼ਨ ਸੈਂਟਰ ਦੇ ਸੂਬਾ ਕੋਆਰਡੀਨੇਟਰ ਹਨ ਅਤੇ ਮਦਰਾਸ ਹਾਈਕੋਰਟ ਦੇ ਮਦੁਰਾਏ ਬੈਂਚ ਵਿਖੇ ਪ੍ਰੈਕਟਿਸ ਕਰ ਰਹੇ ਵਕੀਲ ਹੈ। ਤੂਤੀਕੋਰੀਨ (ਤਾਮਿਲਨਾਡੂ) ਦੇ ਲੋਕ ਬਹੁਕੌਮੀ ਕਾਰਪੋਰੇਟ ਸਮੂਹ ਵੇਦਾਂਤ ਗਰੁੱਪ ਦੀ ਸਟਰਲਾਈਟ ਕੰਪਨੀ ਦੇ ਤਾਂਬਾ ਪਲਾਂਟ ਵਲੋਂ ਫੈਲਾਏ ਜਾ ਰਹੇ ਭਿਆਨਕ ਪ੍ਰਦੂਸ਼ਨ ਵਿਰੁੱਧ ਜਾਨਹੂਲਵੀਂ ਲੜਾਈ ਲੜ ਰਹੇ ਹਨ ਜਿਹਨਾਂ ਦੇ ਪੁਰਅਮਨ ਪ੍ਰਦਰਸ਼ਨ ਉੱਪਰ ਫਾਸ਼ੀਵਾਦੀ ਹਮਲੇ ਕਰਕੇ ਪੁਲਿਸ ਵਲੋਂ ਪਿਛਲੇ ਦਿਨੀਂ 13 ਲੋਕਾਂ ਦੀ ਹੱਤਿਆ ਕੀਤੀ ਗਈ ਅਤੇ 100 ਤੋਂ ਵੱਧ ਲੋਕਾਂ ਨੂੰ ਜ਼ਖ਼ਮੀ ਕਰ ਦਿੱਤਾ ਗਿਆ। ਦੋਸ਼ੀ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨ ਦੀ ਥਾਂ ਸਰਕਾਰ ਦੀ ਹਦਾਇਤ ਅਨੁਸਾਰ ਪੁਲਿਸ ਵਲੋਂ ਆਗੂਆਂ ਤੇ ਸਰਗਰਮ ਕਾਰਕੁੰਨਾਂ ਸਮੇਤ ਬਹੁਤ ਸਾਰੇ ਲੋਕਾਂ ਉੱਪਰ ਸੰਗੀਨ ਧਾਰਾਵਾਂ ਲਾਕੇ ਫ਼ੌਜਦਾਰੀ ਮੁਕੱਦਮੇ ਦਰਜ ਕੀਤੇ ਗਏ। ਐਡਵੋਕੇਟ ਵਾਂਚੀ ਨਾਥਨ ਆਮ ਨਾਗਰਿਕਾਂ ਅਤੇ ਸਟਰਲਾਈਟ ਵਿਰੁੱਧ ਸੰਘਰਸ਼ ਕਰ ਰਹੇ ਗਰੁੱਪਾਂ ਵਲੋਂ ਲੜੀ ਜਾ ਰਹੀ ਲੜਾਈ ਵਿਚ ਉਹਨਾਂ ਦੇ ਵਕੀਲ ਹਨ ਅਤੇ ਰਾਤ ਇਕ ਵਜੇ ਉਹਨਾਂ ਨੂੰ ਗ੍ਰਿਫ਼ਤਾਰ ਕਰਕੇ ਉਹਨਾਂ ਉੱਪਰ ਇੰਡੀਅਨ ਪੀਨਲ ਕੋਡ ਦੀਆਂ ਧਾਰਾਵਾਂ 147, 148, 188, 353, 506(2) ਅਤੇ ਟੀ.ਐੱਨ. ਪੀ.ਪੀ.ਡੀ.ਐੱਲ. ਐਕਟ ਦੇ ਸੈਕਸ਼ਨ 3 ਤਹਿਤ ਫ਼ੌਜਦਾਰੀ ਜੁਰਮ ਦਾ ਕੇਸ ਪਾ ਦਿੱਤਾ ਗਿਆ ਹੈ। ਇਹ ਸਪਸ਼ਟ ਤੌਰ ਇਕ ਪ੍ਰੈਕਟਿਸ ਕਰ ਰਹੇ ਵਕੀਲ ਦੇ ਕਾਨੂੰਨੀ ਅਧਿਕਾਰ ਉੱਪਰ ਹਮਲਾ ਹੈ ਅਤੇ ਤਾਮਿਲਨਾਡੂ ਸਰਕਾਰ ਦੀ ਮਿਲੀਭੁਗਤ ਨਾਲ ਸਟਰਲਾਈਟ ਕੰਪਨੀ ਦੀ ਉਸ ਵਲੋਂ ਕੀਤੀ ਜਾ ਰਹੀ ਕਾਨੂੰਨੀ ਪੈਰਵੀ ਨੂੰ ਰੋਕਣ ਦੀ ਡੂੰਘੀ ਸਾਜਿਸ਼ ਹੈ ਜਿਸਦਾ ਮਨੋਰਥ ਪੀੜਤ ਲੋਕਾਂ ਦੀ ਮਦਦ ਕਰ ਰਹੇ ਵਕੀਲ ਦੀ ਬਾਂਹ ਮਰੋੜਕੇ ਲੋਕ ਸੰਘਰਸ਼ ਨੂੰ ਦਬਾਉਣਾ ਹੈ। ਸਭਾ ਦੇ ਆਗੂਆਂ ਨੇ ਕਿਹਾ ਕਿ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਹੁਕਮਰਾਨਾਂ ਵਲੋਂ ਲੋਕਾਂ ਦੇ ਜਮਹੂਰੀ ਹੱਕਾਂ ਉੱਪਰ ਹਮਲਾ ਦਿਨੋਦਿਨ ਹੋਰ ਵੀ ਵਧੇਰੇ ਤਿੱਖਾ ਹੋ ਰਿਹਾ ਹੈ। ਜਮਹੂਰੀ ਅਤੇ ਲੋਕਪੱਖੀ ਤਾਕਤਾਂ ਨੂੰ ਇਸ ਹਮਲੇ ਵਿਰੁੱਧ ਵਿਆਪਕ ਆਵਾਜ਼ ਉਠਾਉਣ ਲਈ ਇਕਜੁੱਟ ਹੋਕੇ ਵਿਆਪਕ ਆਵਾਜ਼ ਉਠਾਉਣੀ ਚਾਹੀਦੀ ਹੈ।

# ਹਿਸਟਰੀ ਧਰਤੀ ਦੀ ਸਿੱਖਣੀ ਚਾਹੀਦੀ ਹੈ, ਧਰਮਵਾਲਿਆਂ ਦੀ ਨਹੀਂ

## (ਉੱਘੇ ਇਤਿਹਾਸਕਾਰ ਇਰਫ਼ਾਨ ਹਬੀਬ ਨਾਲ ਇੱਕ ਮੁਲਾਕਾਤ)

*(ਇਰਫ਼ਾਨ ਹਬੀਬ, ਮੱਧਕਾਲੀ ਭਾਰਤ ਦੇ ਆਰਥਿਕ ਅਤੇ ਰਾਜਨੀਤਿਕ ਇਤਿਹਾਸ ਲੇਖਨ ਦੇ ਖੇਤਰ ਵਿੱਚ ਇੱਕ ਮੰਨਿਆ-ਪ੍ਰਮੰਨਿਆ ਨਾਂ ਹੈ । ਇਤਿਹਾਸ ਦੇ ਮੂਲ ਸੋਮਿਆਂ ਦਾ ਡੂੰਘਾ ਅਧਿਅਨ ਅਤੇ ਇਨ੍ਹਾਂ ਦਾ ਨਿਰਪੱਖ ਵਿਸ਼ਲੇਸ਼ਣ ਉਨ੍ਹਾਂ ਦੇ ਲੇਖਨ ਦੀਆਂ ਵਿਸ਼ੇਸ਼ਤਾਈਆਂ ਹਨ । ਉਹ ਇਤਿਹਾਸ ਲੇਖਨ ਵਿੱਚ ਵਿਗਿਆਨਿਕ ਅਤੇ ਧਰਮ-ਨਿਰਪੱਖ ਨਜ਼ਰੀਆ ਅਪਨਾਉਣ ਦੇ ਹਾਮੀ ਹਨ । ਉਨ੍ਹਾਂ ਦੀਆਂ ਕਿਤਾਬਾਂ ''ਐਨ ਅਗਰੇਰੀਅਨ ਸਿਸਟਮ ਆਫ਼ ਮੁਗ਼ਲ ਇੰਡੀਆ'' ਅਤੇ ''ਐਨ ਐਟਲਸ ਆਫ ਦੀ ਮੁਗ਼ਲ ਐਮਪਾਇਰ'' ਦੁਨੀਆ-ਭਰ ਦੇ ਇਤਿਹਾਸ ਲੇਖਨ ਵਿੱਚ ਮੀਲ-ਪੱਥਰ ਦਾ ਮੁਕਾਮ ਰਖਦੀਆਂ ਹਨ । ਸ਼੍ਰੀ ਪ੍ਰੇਮ ਕੁਮਾਰ ਨੇ ਪੰਦਰਾਂ ਸਾਲ ਪਹਿਲੇ ਇਹ ਇੰਟਰਵਿਉ ਕੀਤੀ ਸੀ ਜਿਸ ਵਿੱਚ ਪ੍ਰੋਫ਼ੈਸਰ ਹਬੀਬ ਨੇ ਇਤਿਹਾਸ ਲੇਖਨ ਦੇ ਵੱਖ ਵੱਖ ਪਹਿਲੂਆਂ ਬਾਰੇ ਵਿਚਾਰ ਪੇਸ਼ ਕੀਤੇ ਸਨ । ਇਹ ਇੰਟਰਵਿਉ ਅੱਜ ਵੀ ਉਨੀ ਹੀ ਸਾਰਥਿਕ ਹੈ । ਇਤਫ਼ਾਕ ਨਾਲ ਮੁਲਕ ਵਿਚ ਉਦੋਂ ਵੀ ਬੀਜੇਪੀ ਦਾ ਰਾਜ ਸੀ ਅਤੇ ਹੁਣ ਵੀ । ਪੰਜਾਬੀ ਅਨੁਵਾਦ: ਸੁਭਾਸ਼ ਪਰਿਹਾਰ)*



(ਪ੍ਰੋ. ਇਰਫ਼ਾਨ ਹਬੀਬ ਅਜ਼ੀਮ ਫ਼ਿਲਮੀ ਹਸਤੀ ਨਸੀਰੁੱਦੀਨ ਸ਼ਾਹ ਨਾਲ)

**ਸਰਕਾਰ ਦੀ ਸਿੱਖਿਆ ਨੀਤੀ ਨੂੰ ਲੈ ਕੇ ਕਈ ਚਰਚਾਵਾਂ ਹਨ। ਪਾਠ-ਪੁਸਤਕਾਂ ਵਿੱਚ ਲਿਆਂਦੇ ਜਾ ਰਹੇ ਬਦਲਾਅ ਨੂੰ ਕੀ ਤੁਸੀਂ ਕੋਈ ਖ਼ਾਸ ਵਿਚਾਰਧਾਰਾ ਥੋਪਣ ਦੀ ਸਾਜਿਸ਼ ਮੰਨਦੇ ਹੋ?**

—ਇਸ ਦੇ ਪਿੱਛੇ ਸਾਜਿਸ਼ ਨਹੀਂ, ਉਨ੍ਹਾਂ ਦੀ ਵਿਚਾਰਧਾਰਾ ਹੈ। ਉਨ੍ਹਾਂ ਦੀ ਸਰਕਾਰ ਹੈ, ਉਹ ਲਿਆਉਣਾ ਚਾਹੁੰਦੇ ਹਨ। ਉਹ ਇਤਿਹਾਸ ਦੀਆਂ ਪਾਠ-ਪੁਸਤਕਾਂ ਬਦਲਣਾ ਚਾਹੁੰਦੇ ਹਨ। ਗ਼ਲਤ ਢੰਗ ਨਾਲ ਪੜ੍ਹਾਉਣਾ ਚਾਹੁੰਦੇ ਹਨ। ਆਰਿਆ ਹਿੰਦੁਸਤਾਨ ਤੋਂ ਪੂਰੀ ਦੁਨੀਆ ਵਿੱਚ ਗਏ; ਦ੍ਰਾਵਿੜ ਜੁਬਾਨਾਂ ਸੰਸਕ੍ਰਿਤ ਵਿੱਚੋਂ ਨਿੱਕਲੀਆਂ ਹਨ; ਸਾਇੰਸ ਦੀਆਂ ਸਾਰੀਆਂ ਖੋਜਾਂ ਭਾਰਤ ਨੂੰ ਪਹਿਲਾਂ ਹੀ ਪਤਾ ਸੀ। ਅਜੇਹੀਆਂ ਗੱਲਾਂ ਕਰਨਾ, ਇਤਿਹਾਸ ਦੀ ਵਿਗਿਆਨਿਕ ਸੋਚ ਨਹੀਂ ਹੈ। ਗੌਤਮ, ਅਸ਼ੋਕ, ਜਿਨ੍ਹਾਂ ਨਾਲ ਦੁਨੀਆਂ ਵਿੱਚ ਸਾਡਾ ਨਾਂ ਰੋਸ਼ਨ ਹੁੰਦਾ ਹੈ, ਇਹ ਉਨ੍ਹਾਂ ਦੀ 'ਡਾਰਕ ਏਜ਼' (Dark Age) ਹੈ। ਪ੍ਰਾਕ੍ਰਿਤ (ਭਾਸ਼ਾ) ਨੂੰ, ਇਸ ਵਿਚ ਇੰਨੇ ਵੱਡੇ ਲਿਟਰੇਚਰ ਨੂੰ ਉਹ ਕੁਝ ਨਹੀਂ ਮੰਨਦੇ। ਅਜੇਹੀਆਂ ਚੀਜਾਂ ਦਾ ਵਿਰੋਧ ਹੋਣਾ ਚਾਹੀਦਾ ਹੈ। ਵਿਰੋਧ ਨਾਂ ਕੀਤਾ ਗਿਆ ਤਾਂ ਇਹ ਹੋਰ ਫੈਲਣਗੀਆਂ।

**ਇਨ੍ਹਾਂ ਲਈ ਦੋਸ਼ੀ ਕੌਣ ਹੈ? ਭਵਿੱਖ ਲਈ ਕੀ ਰਾਹ ਦਿਸਦਾ ਹੈ?**

—ਦੋਸ਼ ਦੇਣ ਦੀ ਗੱਲ ਨਹੀਂ। ਅੱਜ ਜੋ ਦੇਸ਼ ਪ੍ਰੋਗਰੈਸ ਕਰ ਰਹੇ ਹਨ, ਉਨ੍ਹਾਂ ਦੇ ਬਾਰੇ ਵਿੱਚ ਕੁਝ ਚੀਜਾਂ 'ਇਸਟੈਬਲਿਸ਼ਡ' established ਹਨ। ਤੁਹਾਡੀ ਸਪਿਰਿਟ ਅਤੇ ਆਉਟਲੁੱਕ ਸਾਇੰਟਿਫਿਕ ਹੋਣੀ ਚਾਹੀਦੀ ਹੈ। ਜੇਕਰ ਤੁਸੀਂ ਪੂਰਾ ਐਜੁਕੇਸ਼ਨ ਸਿਸਟਮ ਅਜੇਹਾ ਬਣਾ ਦਿਓਂ, ਜਿਸ ਵਿੱਚ ਸਾਇੰਟਿਫਿਕ ਆਉਟਲੁੱਕ (scientific outlook) ਨਾਂ ਰਹੇ, ਤਾਂ ਵਿਕਾਸ ਤੇ ਬੁਰਾ ਅਸਰ ਪਵੇਗਾ। ਹਿੰਦੁਸਤਾਨ ਦੀਆਂ ਸੀਰੀਅਸ ਪੋਲੀਟੀਕਲ ਪਾਰਟੀਜ਼ ਨੂੰ ਇਨ੍ਹਾਂ ਹਾਲਾਤਾਂ ਦਾ ਮੁਕਾਬਲਾ ਕਰਨ ਲਈ ਇੱਕ ਹੋਣਾ ਚਾਹੀਦਾ ਹੈ। ਜੋ ਆਪਣੇ ਆਪ ਨੂੰ ਸੈਕੂਲਰ ਕਹਿੰਦੇ ਹਨ, ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਇਸ ਬਾਰੇ। ਕਮਿਊਨਿਸਟਾਂ ਨੂੰ ਇਸ ਬਾਰੇ ਯੂਨਾਈਟ ਹੋਣਾ ਚਾਹੀਦਾ ਹੈ।

**ਕੀ ਭਾਰਤ ਵਿੱਚ ਸੰਪਰਦਾਇਕ ਤਾਕਤਾਂ ਦੇ ਵਧਣ ਨੂੰ ਕਮਿਯੂਨਿਸਟ ਅੰਦੋਲਨ ਦੀ ਅਸਫ਼ਲਤਾ ਦੇ ਰੂਪ ਵਿੱਚ ਵੇਖਿਆ ਜਾ ਸਕਦਾ ਹੈ?**

–ਇੱਕ ਮਸ਼ਹੂਰ ਰਾਈਟਰ ਨੇ ਕਿਹਾ ਹੈ ਕਿ ਹਰ ਇਨਸਾਨ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਦੁਨੀਆ ਵਿੱਚ ਜੋ ਕੁਝ ਗ਼ਲਤ ਹੋਇਆ ਹੈ ਉਸ ਵਿੱਚ ਮੇਰੀ ਵੀ ਜਿੰਮੇਵਾਰੀ ਹੈ। ਇਹ ਸੱਚ ਹੈ ਕਿ ਕਮਿਯੂਨਿਸਟ ਜਿਆਦਾ 'ਅਵੇਅਰ' (ਹੁੰਦੇ ਹਨ। ਉਨ੍ਹਾਂ ਦੀ ਜ਼ਿੰਮੇਦਾਰੀ ਹੈ, ਸਾਡੀ ਹੈ, ਹਰ ਹਿੰਦੁਸਤਾਨੀ ਦੀ ਹੈ। ਮੈਨੂੰ ਨਹੀਂ ਲੱਗਦਾ ਸੋਵੀਅਤ ਰੂਸ ਵਰਗਾ ਸਾਨੂੰ ਕੋਈ ਡਰ ਹੈ। ਪਰ ਹਿੰਦੁਸਤਾਨ ਵਰਗੇ ਮੁਲਕ ਵਿੱਚ ਬਹੁਤ ਧਿਆਨ ਰੱਖਣ ਦੀ ਲੋੜ ਹੈ। ਕਿਸੇ ਵਰਗ ਨੂੰ ਵੀ ਅਲਗਾਅ ਦਾ ਅਹਿਸਸ ਨਾਂ ਹੋਵੇ। ਜਦੋਂ ਤੁਸੀਂ ਨਸਲ ਦਾ, ਸੰਸਕ੍ਰਿਤ ਦਾ, ਇਸਾਈਅਤ ਦਾ ਜਾਂ ਧਰਮ ਦਾ ਵਿਵਾਦਾਸਪਦ ਮੁੱਦਾ ਉਠਾਉਂਦੇ ਹੋ, ਤਾਂ ਇਸਦਾ ਬੁਰਾ ਅਸਰ ਹੁੰਦਾ ਹੈ।

**ਇੱਕ ਅਕੈਡਮੀਸ਼ੀਅਨ ਅਤੇ ਇਤਿਹਾਸਕਾਰ ਦੇ ਰੂਪ ਵਿੱਚ ਤੁਸੀਂ ਮੰਦਰ-ਮਸਜਿਦ ਵਿਵਾਦ ਨੂੰ ਕਿਸ ਤਰਾਂ ਲੈਂਦੇ ਹੋ? ਇਸ ਝਗੜੇ ਦੇ ਜਾਰੀ ਰਹਿਣ ਦੇ ਪਿੱਛੇ ਕੀ ਕਾਰਣ ਅਤੇ ਕੀ ਗ਼ਲਤੀਆਂ ਰਹੀਆਂ ਹਨ?**

–ਇਹ ਠੀਕ ਹੈ ਕਿ ਬਾਬਰੀ ਮਸਜਿਦ ਹਾਦਸਾ ਇੱਕ ਰਿਫਲੈਕਸ਼ਨ ਸੀ। ਦੁਨੀਆ ਵਿੱਚ ਕੋਈ ਨਹੀਂ ਕਹੇਗਾ ਕਿ ਇਸ ਨਾਲ ਸਾਡੀ ਨੇਕਨਾਮੀ ਹੋਈ। ਉਹ ਕਿਸੇ ਵੀ ਤਰਾਂ ਦੇਸ਼ਭਗਤੀ ਨਹੀਂ ਸੀ। ਮੈਂ ਉਨ੍ਹਾਂ ਦਿਨਾਂ ਵਿੱਚ ਚੇਅਰਮੈਨ ਸੀ, ਆਈ. ਸੀ. ਐੱਚ. ਆਰ. Indian Council of Historical research ਦਾ। ਕਾਫ਼ੀ ਟੈਂਸ਼ਨ ਹੋ ਗਈ ਸੀ ਹਰ ਪਾਸੇ। ਮੈਨੂੰ ਝਟਕਾ ਲੱਗਾ। ਇਸ ਲਈ ਹੀਂ ਕਿ ਮਜ਼ਬੀ ਇਮਾਰਤ ਡਿੱਗੀ, ਸਗੋਂ ਇਸ ਲਈ ਕਿ ਸਾਡੀ ਬਹੁਤ ਬਦਨਾਮੀ ਹੋਈ ਬਾਹਰ। ਅਸੀਂ ਇਹ ਫੈਸਲਾ ਕਰਨਾ ਹੈ ਕਿ ਅਸੀਂ ਜਾ ਕਿਸ ਪਾਸੇ ਰਹੇ ਹਾਂ, ਅਗਾਂਹ ਕਿ ਪਿਛਾਂਹ। ਬੁੱਧ ਦੀ ਮੂਰਤੀ ਤੋੜ ਕੇ ਤਾਲੀਬਾਨ ਨੇ ਇਸਲਾਮ ਨੂੰ ਬਦਨਾਮ ਕੀਤਾ ਹੈ। ਅਜਿਹੀਆਂ ਚੀਜ਼ਾਂ ਪਿੱਛੇ ਇੱਕੋ ਤਰਾਂ ਦੀ ਮਾਨਸਿਕਤਾ ਹੈ। ਸੰਘ ਹੋਵੇ ਜਾਂ ਤਾਲੀਬਾਨ, ਉਹ ਪਰੈਫਰ ਕਰਨਗੇ ਕਿ ਦੂਜੀ ਸਾਈਡ ਵੱਧ 'ਕਮਿਯੂਨਲ' communal ਹੋਵੇ। ਇਹ ਤਾਕਤਾਂ ਹਮੇਸ਼ਾ ਸਨ। ਪਹਿਲਾਂ ਛਿਪੀਆਂ ਹੋਈਆਂ ਸਨ, ਬਦਲਵੇਂ ਰੂਪਾਂ ਵਿੱਚ ਸਨ।

**ਐਡਵਰਡ ਸਈਦ ਦੇ ਇਸ ਕਥਨ ਕਿ 'ਭਾਰਤ ਦਾ ਇਤਿਹਾਸ ਅਸਲ ਵਿਚ ਉਨ੍ਹਾਂ ਲੋਕਾਂ ਦਾ ਇਤਿਹਾਸ ਹੈ, ਜਿਨ੍ਹਾਂ ਨੇ ਕਦੇ ਇਤਿਹਾਸ ਨਹੀਂ ਲਿਖਿਆ' ਨਾਲ ਤੁਸੀਂ ਕਿੱਥੋਂ ਤੀਕ ਸਹਿਮਤ ਹੋ/ਅਸਹਿਮਤ ਹੋ?**

—ਇਹ ਗੱਲ ਪਹਿਲੇ ਡਿਯੂਮਾ (Malone Dumas) ਨੇ ਕਹੀ ਸੀ ਕਿ ਹਿੰਦੁਸਤਾਨ ਦੀ ਜਨਤਾ ਜਾਤਾਂ ਵਿਚ ਵੰਡੀ ਹੋਈ ਹੈ, ਉਸਨੂੰ ਇਕਨਾਮਿਕਸ ਨਹੀਂ ਆਉਂਦੀ ਅਤੇ ਉੱਥੋਂ ਦੇ ਲੋਕਾਂ ਨੇ ਇਤਿਹਾਸ ਨਹੀਂ ਲਿਖਿਆ ਹੈ। ਕਿਉਂਕਿ ਇਕਨਾਮਿਕਸ ਨਹੀਂ ਸੀ, ਇਸ ਲਈ ਹਿਸਟਰੀ ਨਹੀਂ ਹੋ ਸਕਦੀ। ਇਸ ਕਥਨ ਦੇ ਆਧਾਰ ਤੇ ਦੇਖੀਏ ਤਾਂ ਇਕਨਾਮਿਕ ਚੇਤਨਾਂ ਤਾਂ ਸੋਹਲਵੀਂ ਸਦੀ ਵਿਚ ਸ਼ੁਰੂ ਹੋਈ। ਉਸ ਤੋਂ ਪਹਿਲਾਂ ਦੁਨੀਆ ਵਿਚ ਇਕਨਾਮਿਕਸ ਨਹੀਂ ਸੀ। ਫੇਰ ਤਾਂ ਤੁਸੀਂ ਸੋਹਲਵੀਂ ਸਦੀ ਤੋਂ ਪਹਿਲਾਂ ਯੂਰਪ ਦੀ ਹਿਸਟਰੀ ਲਿਖ ਹੀ ਨਹੀਂ ਸਕਦੇ। ਹਿੰਦੁਸਤਾਨ ਦੇ ਬਹੁਤੇ ਡਾਕੂਮੈਂਟਸ ਬਹੁਤ ਪੁਰਾਣੇ ਹਨ। ਆਲੇਖ, ਬਾਣ ਦਾ ਹਰਸ਼ਚਰਿਤ, ਰਿਗਵੇਦ, ਅਸ਼ੋਕ ਦੇ ਸ਼ਿਲਾਲੇਖ। ਜਦੋਂ ਅਸੀਂ ਹਿਸਟਰੀ ਲਿਖਦੇ ਹਾਂ ਤਾਂ ਉਸ ਜ਼ਮਾਨੇ ਦੇ ਡਾਕੂਮੈਂਟਸ ਦੇਖਦੇ ਹਾਂ। ਹਿੰਦੁਸਤਾਨ ਵਿਚ ਜਦ ਇੰਨੇ ਪੁਰਾਣੇ ਡਾਕੂਮੈਂਟਸ ਇੰਨਾ ਕੁਝ ਕਹਿੰਦੇ ਹਨ। ਇਹ ਹਿਸਟਰੀ ਕਿਉਂ ਨਹੀਂ ਲਿਖੀ ਜਾ ਸਕਦੀ। ਇਹੋ ਪਹਿਲੇ ਮਾਰਕਸ ਨੇ ਕਿਹਾ ਸੀ ਪਰ ਬਾਅਦ ਵਿਚ ਮਾਰਕਸ ਨੇ ਆਪ ਭਾਰਤ ਦੀ ਹਿਸਟਰੀ ਪੜ੍ਹੀ, ਨੋਟਸ ਲਏ। ਉਸ ਦਾ ਮਤਲਬ ਇਹ ਸੀ ਕਿ ਇਥੇ ਸਮਾਜਿਕ ਪਰਿਵਰਤਨ ਨਹੀਂ ਹੁੰਦੇ। ਮਗਰੋਂ ਤਾਂ ਉਸ ਨੂੰ ਵੀ ਅਹਿਸਾਸ ਹੋ ਗਿਆ ਅਤੇ ਹੁਣ ਤਾਂ ਸਾਰੇ ਇਤਿਹਾਸਕਾਰ ਹੀ ਮੰਨਦੇ ਹਨ ਕਿ ਇਥੇ ਸਮਾਜਿਕ ਤਬਦੀਲੀਆਂ ਹੁੰਦੀਆਂ ਹਨ ਅਤੇ ਜਾਤੀ ਵਿਵਸਥਾ ਵੀ ਬਦਲਦੀ ਹੈ।

**ਭਾਰਤ ਅਤੇ ਹੋਰ ਮੁਲਕਾਂ ਵਿਚ ਵੀ ਪਿਛਲੇ ਸਾਲਾਂ ਤੋਂ ਇਹ ਸੰਕੇਤ ਮਿਲ ਰਿਹਾ ਹੈ ਕਿ ਧਰਮ ਇਤਿਹਾਸ 'ਤੇ ਹਾਵੀ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਨ੍ਹਾਂ ਕੋਸ਼ਿਸ਼ਾਂ ਨੂੰ ਤੁਸੀਂ ਕਿਸ ਤਰ੍ਹਾਂ ਵੇਖਦੇ ਹੋ?**

—ਇਸ ਵਿਚ ਕੋਈ ਸ਼ੱਕ ਨਹੀਂ ਕਿ ਧਰਮ ਇਤਿਹਾਸ ਵਿਚ ਮਹੱਤਵ ਰੱਖਦਾ ਹੈ। ਪਰ ਸੋਚਣਾ ਚਾਹੀਦਾ ਹੈ ਕਿ ਧਰਮ ਵੀ ਬਦਲਦਾ ਰਹਿੰਦਾ ਹੈ। ਤੁਸੀਂ ਕਿਸੇ ਧਰਮ ਨੂੰ ਲੈ ਲਵੋ, ਉਸਨੂੰ ਮੰਨਣ ਵਾਲਿਆਂ ਦਾ ਅੱਜ ਉਸ ਦੇ ਬਾਰੇ ਜੋ ਕੰਸੈਪਟ ਹੈ, ਉਹ ਪੰਜ ਸੌ ਸਾਲ ਪਹਿਲੇ ਨਹੀਂ ਸੀ। ਧਰਮ ਦਾ ਆਪਣਾ ਇਤਿਹਾਸ ਹੁੰਦਾ ਹੈ। ਬੀਜੇਪੀ ਨੂੰ ਸੋਚਣਾ ਚਾਹੀਦਾ ਹੈ ਕਿ ਵੈਦਿਕ ਕਾਲ ਜਾਂ ਧਰਮ-ਗ੍ਰੰਥਾਂ ਦੇ ਜੋ ਅਰਥ ਉਹ ਦੇ ਰਹੀ ਹੈ, ਉਹ ਨਹੀਂ ਸਨ। ਇਸ ਦੌਰਾਨ ਇੰਨੇ ਦਾਰਸ਼ਨਿਕ ਪਰਿਵਰਤਨ ਹੋਏ ਹਨ ਕਿ ਉਸ ਬਿਲਕੁਲ ਬਦਲ ਗਏ ਹਨ। ਤੁਸੀਂ ਹਰ ਚੀਜ਼ ਨੂੰ ਵੈਦਿਕ ਸਿੱਧ ਕਰੋਂ — ਵੈਦਿਕ ਐਸਟ੍ਰਾਲੋਜੀ ਤੀਕ ਹੋ ਗਈ ਹੈ ਜਿਸਦਾ ਵੇਰਵਾ ਵੇਦਾਂ ਵਿਚ ਨਹੀਂ ਹੈ। ਇਹ ਇਕ ਫ਼ਾਲਸ ਆਰਟੀਫ਼ੀਸ਼ੀਲ਼ ਕ੍ਰਿਏਸ਼ਨ false artificial creation ਹੈ ਰਿਲੀਜਨ ਦੀ।

**ਪਾਕਿਸਤਾਨੀ ਲੇਖਕ ਕੇ.ਕੇ. ਅਜੀਜ਼ ਦੀ ਹਿੰਦੀ ਵਿਚ ਕਿਤਾਬ ਛਪੀ ਹੈ- ''ਇਤਿਹਾਸ ਦਾ ਕਤਲ''। ਇਸ ਵਿਚ ਪਾਕਿਸਤਾਨ ਵਿਚ ਗ਼ਲਤ ਇਤਿਹਾਸ ਪੜ੍ਹਾਉਣ ਦੀ ਚਰਚਾ ਪ੍ਰਮੁੱਖ ਹੈ। ਉੱਥੇ ਗ਼ਲਤ ਇਤਿਹਾਸ ਦਾ ਪੜ੍ਹਾਇਆ ਜਾਣਾ ਤੁਹਾਨੂੰ ਕਿਸ ਤਰਾਂ ਦੇ ਵਿਚਾਰ ਲਈ ਪੈਰਿਤ ਕਰਦਾ ਹੈ?**

—ਪਾਕਿਸਤਾਨ ਵਿਚ ਤਾਂ ਸਾਡੇ ਇੱਥੋਂ ਨਾਲੋਂ ਬਹੁਤ ਪਹਿਲਾਂ ਗ਼ਲਤ ਇਤਿਹਾਸ ਪੜ੍ਹਾਉਣ ਦੀਆਂ ਕੋਸ਼ਿਸ਼ਾਂ ਹੋਈਆਂ। ਜ਼ੀਆ ਦੀ ਡਿਕਟੇਟਰਸ਼ਿਪ ਵਿਚ ਸੰਪਰਦਾਇਕਤਾ ਨੂੰ ਇਸ ਨਾਲ ਬਹੁਤ ਫਾਇਦਾ ਹੋਇਆ, ਪਰ ਪਾਕਿਸਤਾਨ ਨੂੰ ਨੁਕਸਾਨ ਹੋਇਆ। ਉੱਥੇ ਸ਼ੁਰੂ ਤੋਂ ਕੋਸ਼ਿਸ਼ ਹੋਈ ਉਰਦੂ ਨੂੰ ਸਿਰਫ਼ ਮੁਸਲਮਾਨਾਂ ਦੀ ਜ਼ੁਬਾਨ ਦੱਸਣ ਦੀ। ਮੁਸਲਮਾਨਾਂ ਤੋਂ ਪਹਿਲਾਂ ਦੀ ਜੋ ਹੈਰੀਟੇਜ਼ ਸੀ ਉਸ ਦਾ ਉਨ੍ਹਾਂ ਨੇ ਖਿਆਲ ਨਹੀਂ ਕੀਤਾ। ਹੁਣ ਸੋਚਿਆ ਜਾ ਰਿਹਾ ਹੈ ਕਿ ਪਾਕਿਸਤਾਨ ਦੀ ਵੱਖਰੀ ਹਿਸਟਰੀ ਬਣਾਈਏ। ਪੰਜਾਹ ਸਾਲ ਮਗਰੋਂ ਅਹਿਸਾਸ ਹੋਇਆ ਕੀ ਗ਼ਲਤੀ ਹੈ। ਇੱਥੇ 'ਇੰਡਸ ਬੇਸਿਨ' (Indus basin) ਨੂੰ ਇੱਕ ਜਿਉਗ੍ਰਾਫਿਕਲ ਏਰੀਆ ਮੰਨ ਕੇ ਹਿਸਟਰੀ ਦੀ ਗੱਲ ਕੀਤੀ ਜਾ ਰਹੀ ਹੈ। ਉਸ ਦਾ ਇਸਲਾਮ ਨਾਲ ਕੋਈ ਵਾਸਤਾ ਨਹੀਂ। ਮੇਜ਼ਰ ਹਿਸਾਕ ਨੇ ਸਿੰਧ ਵਾਦੀ ਦੀ ਇਕ ਹਿਸਟਰੀ ਦਾ ਮੂਵਮੈਂਟ ਸ਼ੁਰੂ ਕੀਤਾ ਸੀ।... ਆਖਿਰ ਤੁਸੀਂ ਕਦੋਂ ਤੀਕ ਪੜ੍ਹਾਉਂਗੇ ਕਿ ਔਰੰਗਜ਼ੇਬ ਬੁਰਾ ਅਤੇ ਅਕਬਰ ਚੰਗਾ।... ਇਹ ਭਾਰਤ ਜਾਂ ਪਾਕਿਸਤਾਨ ਦੀ ਹੀ ਗੱਲ ਨਹੀਂ ਹੈ। ਸੱਚ ਤਾਂ ਇਹ ਹੈ ਕਿ ਹਿਸਟਰੀ ਧਰਤੀ ਦੀ ਸਿਖਣੀ ਚਾਹੀਦੀ ਹੈ, ਨਾਂ ਕਿ ਧਰਮ ਵਾਲਿਆਂ ਦੀ।

# ਦੋਆਬੇ ਦਾ ਮੀਂਹ ਵੀ ਨਾ ਰੋਕ ਸਕਿਆ ਦਲਿਤਾਂ ਦਾ ਜ਼ਬਰ ਵਿਰੋਧੀ ਜਲਸਾ

**ਪਾਲ ਸਿੰਘ ਨੌਲੀ**

"ਦੇਸ ਵਿੱਚ ਸੋਚੀ ਸਮਝੀ ਸ਼ਾਜਿਸ਼ ਤਹਿਤ ਜਾਤ-ਪਾਤ ਨੂੰ ਉਭਾਰਿਆ ਜਾ ਰਿਹਾ ਹੈ। ਭਾਜਪਾ ਦਾ ਹੁਣ 2019 ਦੀਆਂ ਵੋਟਾਂ ਵਿੱਚ ਹਿੰਦੂ ਕਾਰਡ ਨਹੀਂ ਚੱਲਣਾ। ਇਸ ਲਈ ਦਲਿਤਾਂ 'ਤੇ ਗਿਣੀ ਮਿੱਥੀ ਚਾਲ ਰਾਹੀਂ ਹਮਲੇ ਹੋ ਰਹੇ ਹਨ ਤੇ ਇੰਨ੍ਹਾਂ ਹਮਲਿਆਂ ਨੂੰ ਭਾਜਪਾ ਦਾ ਆਈ.ਟੀ ਸੈੱਲ ਸ਼ੋਸ਼ਲ ਮੀਡੀਆ ਰਾਹੀਂ ਤੇਜ਼ੀ ਨਾਲ ਫੈਲਾ ਰਿਹਾ ਹੈ।"

ਇਹ ਦਾਅਵਾ ਕੀਤਾ ਹੈ ਦਲਿਤਾਂ 'ਤੇ ਜ਼ਬਰ ਵਿਰੋਧੀ ਮੁਹਿੰਮ ਕਮੇਟੀ ਪੰਜਾਬ ਦੇ ਸੂਬਾਈ ਕਨਵੀਨਰ ਲਛਮਣ ਸਿੰਘ ਸੇਵੇਵਾਲ ਨੇ। ਇਹ ਕਾਨਫਰੰਸ ਜਲੰਧਰ ਦੇ ਮਲਸੀਆ ਵਿੱਚ ਹੋਈ । ਬਠਿੰਡਾ ਤੋਂ ਬਾਅਦ ਇਹ ਦੂਜਾ ਵੱਡਾ ਇਕੱਠ ਕੀਤਾ ਗਿਆ ਸੀ।

- ਹਮਲਾਵਰ ਹਿੰਦੂ ਸੰਗਠਨਾਂ ਨੂੰ ਮੋਦੀ ਸਰਕਾਰ ਦਾ ਕੀ ਸੁਨੇਹਾ
- ਦਲਿਤਾਂ ਦਾ ਰਾਖਵਾਂਕਰਨ ਕਾਰਨ ਨਫਾ ਜਾਂ ਨੁਕਸਾਨ
- 'ਬੱਚਿਆਂ ਨੂੰ ਕੀ ਪਤਾ ਹਿੰਦੂ ਕੀ ਮੁਸਲਮਾਨ ਕੀ?'

ਲਛਮਣ ਸਿੰਘ ਦਾ ਇਹ ਦਾਅਵਾ ਹੈ ਕਿ ਰਾਖਵੇਂਕਰਨ ਦੀ ਨੀਤੀ ਵਿਰੁੱਧ ਵੀ ਪੂਰੇ ਦੇਸ ਵਿੱਚ ਇੱਕ ਅਜਿਹਾ ਮਾਹੌਲ ਸਿਰਜਿਆ ਜਾ ਰਿਹਾ ਹੈ ਕਿ ਉੱਚ ਜਾਤੀਆਂ ਦੇ ਮਨਾਂ ਵਿੱਚ ਇਹ ਗੱਲ ਬੈਠਾਈ ਜਾ ਰਹੀ ਹੈ ਕਿ ਦਲਿਤਾਂ ਨੂੰ ਤਾਂ ਯੋਗਤਾ ਪੂਰੀ ਨਾ ਹੋਣ ਦੇ ਬਾਵਜੂਦ ਵੀ ਦੇਣਾ ਪੈਂਦਾ ਹੈ ਕਿਉਂਕਿ ਕਾਨੂੰਨ ਹੀ ਅਜਿਹਾ ਬਣਿਆ ਹੋਇਆ ਹੈ।






ਇਸ ਲਈ ਐੱਸਸੀ/ਐੱਸਟੀ ਐਕਟ ਨੂੰ ਕਮਜ਼ੋਰ ਕਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਦਲਿਤਾਂ 'ਤੇ ਹੋ ਰਹੇ ਹਮਲਿਆਂ ਵਿਰੁੱਧ ਇੱਕਲੇ ਦਲਿਤ ਹੀ ਅਵਾਜ਼ ਨਾ ਉਠਾਉਣ ਸਗੋਂ ਇਸ ਬੁਰਛਾਗਰਦੀ ਵਿਰੁੱਧ ਸਾਰਿਆਂ ਨੂੰ ਬੋਲਣਾ ਚਾਹੀਦਾ ਹੈ।

**ਦਲਿਤਾਂ ਦੇ ਹੱਕ ਦੀ ਜ਼ਮੀਨ ਮਿਲੇ**

ਕਮੇਟੀ ਦੇ ਮੈਂਬਰ ਹਰਮੇਸ਼ ਮਾਲੜੀ ਦਾ ਕਹਿਣਾ ਹੈ, "ਜਾਤ-ਪਾਤ ਨੂੰ ਖ਼ਤਮ ਕਰਨਾ ਹੈ ਤਾਂ ਦਲਿਤਾਂ ਦੇ ਹਿੱਸੇ ਆਉਂਦੀਆਂ ਜ਼ਮੀਨਾਂ ਦਿੱਤੀਆਂ ਜਾਣ। 1972 ਦਾ ਲੈਂਡ ਸੀਲਿੰਗ ਐਕਟ ਲਾਗੂ ਕੀਤਾ ਜਾਵੇ ਜਿਸ ਅਨੁਸਾਰ ਕੋਈ ਵੀ ਸਾਢੇ 17 ਏਕੜ ਤੋਂ ਵੱਧ ਜ਼ਮੀਨ ਦਾ ਮਾਲਕ ਨਹੀਂ ਬਣ ਸਕਦਾ। ਇਸ ਐਕਟ ਨੂੰ ਲਾਗੂ ਕਰਨ ਨਾਲ ਹੀ ਸਾਲ 2011 ਵਿੱਚ ਕੀਤੀ ਗਈ ਜਨਗਣਨਾ ਅਨੁਸਾਰ ਪੰਜਾਬ ਵਿੱਚ 16 ਲੱਖ 66 ਹਜ਼ਾਰ ਏਕੜ ਜ਼ਮੀਨ ਵਾਧੂ ਨਿਕਲ ਆਵੇਗੀ।" ਉਘੇ ਨਾਟਕਕਾਰ ਮਰਹੂਮ ਗੁਰਸ਼ਰਨ ਸਿੰਘ ਉਰਫ ਭਾਈ ਮੰਨਾ ਸਿੰਘ ਦੀ ਧੀ ਡਾ. ਨਵਸ਼ਰਨ ਕੌਰ ਨੇ ਦਲਿਤਾਂ ਨੂੰ ਸੱਦਾ ਦਿੱਤਾ ਕਿ ਉਨ੍ਹਾਂ ਨੂੰ ਮੁਸਬੀਤਾਂ ਵਿੱਚੋਂ ਕੱਢਣ ਲਈ ਕੋਈ ਹੋਰ ਨਹੀਂ ਆਵੇਗਾ । ਉਨ੍ਹਾਂ ਨੂੰ ਖੁਦ ਨੂੰ ਇੱਕਠਿਆ ਹੋਣਾ ਪੈਣਾ ਹੈ। ਕਿਸੇ ਨੇ ਵੀ ਥਾਲੀ ਵਿੱਚ ਪਰੋਸ ਕੇ ਮੰਗਾਂ ਨਹੀਂ ਦੇਣੀਆਂ।

**ਗਰੀਬਾਂ 'ਤੇ ਆਰਥਿਕ ਹਮਲਾ**

ਕਾਮਰੇਡ ਅਮੋਲਕ ਸਿੰਘ ਦਾ ਕਹਿਣਾ ਹੈ, "ਗਰੀਬ ਲੋਕਾਂ 'ਤੇ ਆਰਥਿਕ ਹਮਲਾ ਬੋਲਿਆ ਜਾ ਰਿਹਾ ਹੈ। ਉੱਚ ਜਾਤੀ ਤੇ ਨੀਵੀ ਜਾਤੀ ਦੇ ਲੋਕਾਂ ਵਿਚਲੀ ਲੀਕ ਨੂੰ ਹੋਰ ਗੂੜ੍ਹਾ ਕੀਤਾ ਜਾ ਰਿਹਾ ਹੈ। ਮੋਦੀ ਸਰਕਾਰ ਕਰੋੜਾਂ ਲੋਕਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਸੀ ਉਹ ਵਾਅਦਾ ਤਾਂ ਪੂਰਾ ਨਹੀਂ ਹੋਇਆ ਹੁਣ ਦਲਿਤਾਂ ਨੂੰ ਘੋੜੀ ਚੜ੍ਹਨ ਦੇ ਹੱਕ ਤੋਂ ਵੀ ਰੋਕਿਆ ਜਾ ਰਿਹਾ ਹੈ। ਰਾਖਵੇਂਕਰਨ ਵਿਰੋਧੀ ਮਾਹੌਲ ਤਾਂ ਹੀ ਰੁੱਕ ਸਕਦਾ ਹੈ ਜੇ ਨਿੱਜੀਕਰਨ 'ਤੇ ਵਪਾਰੀਕਰਨ ਦੀਆਂ ਨੀਤੀਆਂ 'ਤੇ ਲਗਾਮਾਂ ਕੱਸੀਆਂ ਜਾਣ। ਪੇਂਡੂ ਕਿਰਤੀਆਂ ਨੂੰ ਚੰਗੀਆਂ ਸਿੱਖਿਆ ਦਿੱਤੀ ਜਾਵੇ।

**ਦੋਹਰੇ ਦਲਿਤ ਕਾਂਡ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਮੰਗ**

ਕਾਨਫਰੰਸ 'ਚ ਉਸ ਸਮੇਂ ਮਾਹੌਲ ਗੰਮਗੀਨ ਬਣ ਗਿਆ ਜਦੋਂ ਪਿੰਡ ਤਲਵੰਡੀ ਸਲੇਮ ਵਿੱਚ ਕੁਝ ਦਿਨ ਪਹਿਲਾਂ ਕਤਲ ਕੀਤੇ ਗਏ ਮਜ਼ਦੂਰ ਪਿਓ-ਪੁੱਤਰ ਦੇ ਪਰਿਵਾਰਿਕ ਮੈਂਬਰਾਂ ਨੇ ਕਾਨਫਰੰਸ ਵਿੱਚ ਸ਼ਮੂਲੀਅਤ ਕੀਤੀ। ਕਾਨਫਰੰਸ ਨੇ ਦਲਿਤਾਂ ਦੇ ਹੋਏ ਇਸ ਦੋਹਰੇ ਕਤਲ ਨੂੰ ਗੰਭੀਰਤਾ ਨਾਲ ਲੈਂਦਿਆਂ ਕਾਤਲਾਂ ਨੂੰ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ। ਕਾਨਫਰੰਸ 'ਚ ਮੰਗ ਕੀਤੀ ਗਈ ਕਿ ਪੀੜਤ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ, ਪਰਿਵਾਰ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ।

2 ਅਪ੍ਰੈਲ ਨੂੰ ਭਾਰਤ ਬੰਦ ਦੌਰਾਨ ਦਲਿਤਾਂ 'ਤੇ ਦਰਜ ਕੀਤੇ ਮੁਕੱਦਮੇ ਰੱਦ ਕੀਤੇ ਜਾਣ, ਜ਼ਮੀਨ ਦੀ ਮੁੜ ਵੰਡ ਕਰਕੇ ਦਲਿਤਾਂ ਨੂੰ ਜ਼ਮੀਨਾਂ ਦੇ ਮਾਲਿਕ ਬਣਾਇਆ ਜਾਵੇ ਅਤੇ ਸਭ ਲਈ ਸਿੱਖਿਆ ਅਤੇ ਸਿਹਤ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਵੇ।

ਨਰਭਿੰਦਰ
93544-30211

# ਮੋਦੀ ਦੇ ਚਾਰ ਸਾਲ ਦੀ ਵਿਨਾਸ਼ ਯਾਤਰਾ ਦਾ ਇਕ ਖਾਕਾ

ਮੋਦੀ ਦੇ ਪਿਛਲੇਰੇ ਚਾਰ ਸਾਲ ਦਾ ਸਫ਼ਰ ਇਕ ਭਿਆਨਕ ਤਸਵੀਰ ਪੇਸ਼ ਕਰਦਾ ਹੈ। ਇਕ ਪਾਸੇ ਭਾਰਤੀ ਸਮਾਜ 1947 ਤੋਂ ਪਿਛੋਂ ਪਹਿਲੀ ਵੇਰ ਐਨਾ ਵੰਡਿਆ ਵਿਖਾਈ ਦੇ ਰਿਹਾ ਕਿ ਨਫ਼ਰਤ ਦੀਆਂ ਦੀਵਾਰਾਂ ਖੂਨੀ ਸੰਘਰਸ਼ਾਂ ਦੇ ਬਾਰੂਹਾਂ ਤੱਕ ਪਹੁੰਚਾ ਦਿੱਤੀਆਂ ਗਈਆਂ। ਦੂਸਰੇ ਪਾਸੇ ਰਾਜ ਤੇ ਰਾਜਕੀ ਮਸ਼ੀਨਰੀ 'ਚ ਤਾਨਾਸ਼ਾਹ ਪ੍ਰਵਿਰਤੀ ਦਾ ਸਭਿਆਚਾਰ ਤੱਕ ਵਿਕਸਤ ਹੋ ਚੁੱਕੀ ਹੈ। ਅਪਰਾਧਾਂ ਦਾ ਸਮੁਦਾਈਕਰਨ ਹੋ ਰਿਹਾ ਹੈ, ਅਪਰਾਧਕ ਗਰੋਹਾਂ ਦਾ ਬੋਲਬਾਲਾ ਐਸ ਹੱਦ ਤੱਕ ਪਹੁੰਚ ਗਿਆ ਹੈ ਕਿ ਜਿਥੇ ਰਾਜਕੀ ਮਸ਼ੀਨਰੀ ਨਿਪੁੰਸ਼ਕ ਹੋ ਚੁੱਕੀ ਹੈ ਉਥੇ ਰਾਜਸੀ ਛਤਰਛਾਇਆ ਦਾ ਖੁੱਲ੍ਹਾ ਥਾਪੜਾ ਹਾਸਲ ਹੈ। 'ਹਿਊਮਨ ਰਾਈਟਸ ਵਾਚ' ਦੀ ਰਿਪੋਰਟ ਕਹਿੰਦੀ ਹੈ ਕਿ 'ਬੀ. ਜੇ. ਪੀ. ਦੇ ਕਈ ਆਗੂਆਂ ਨੇ ਭਾਰਤੀਆਂ ਦੇ ਬੁਨਿਆਦੀ ਅਧਿਕਾਰਾਂ ਦੀ ਕੀਮਤ ਉਤੇ ਹਿੰਦੂ ਉਤਮਤਾ ਅਤੇ ਕੱਟੜ ਰਾਸ਼ਟਰਵਾਦ ਨੂੰ ਉਤਸ਼ਾਹ ਦਿੱਤਾ ਹੈ।" ਅਤੇ ਇਸ ਸਭ ਦੇ ਪਿਛੇ ਭਾਰਤ ਦੇ ਕੁਦਰਤੀ ਸਰੋਤਾਂ ਅਤੇ ਸੰਪਤੀ ਨੂੰ ਹੜੱਪਨ ਦਾ ਸਿਲਸਿਲਾ ਇਨ੍ਹਾਂ ਚੌਂਹ ਸਾਲਾਂ 'ਚ ਬੜੀ ਤੇਜ਼ੀ ਨਾਲ ਵਧਿਆ ਹੈ। ਹਰ ਹਫ਼ਤੇ ਇਕ ਨਵਾਂ ਅਰਬਪਤੀ ਜੰਮ ਪੈਂਦਾ ਹੈ ਅਤੇ ਕਾਰਪੋਰੇਟੀ ਸੰਪਤੀ ਦਾ ਵਿਕਾਸ 200 ਤੋਂ 300 ਗੁਣਾ ਤੱਕ ਵਧ ਰਿਹਾ ਹੈ। ਦੇਸ਼ ਦੇ ਆਵਾਮ ਵਿਚ ਗਰੀਬੀ ਅਤੇ ਅਮੀਰੀ ਦਾ ਪਾੜਾ ਆਪਣੀਆਂ ਸਿਖਰਾਂ ਛੂਹ ਰਿਹਾ ਹੈ। ਇਨ੍ਹਾਂ ਸਾਲਾਂ ਵਿਚ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਪ੍ਰਧਾਨ ਮੰਤਰੀ ਦੇ ਵਿਦੇਸ਼ੀ ਦੌਰੇ ਦੇਸ਼ ਦੇ ਆਵਾਮ ਦੀਆਂ ਲੋੜਾਂ ਦੇ ਹਿੱਤ ਲਈ ਨਹੀਂ ਸਗੋਂ ਕਾਰਪੋਰੇਟੀ ਪੂੰਜੀ ਦੇ ਵਿਸਥਾਰ ਲਈ ਸਿੱਧ ਹੋਏ ਹਨ ਭਾਵ ਜਿਸ ਤੋਂ ਸਾਫ਼ ਹੁੰਦਾ ਹੈ ਕਿ ਪ੍ਰਧਾਨ ਮੰਤਰੀ ਮਹਿਜ ਕਾਰਪੋਰੇਟੀ ਪੂੰਜੀ ਦਾ ਮੈਨੇਜਰ ਡਾਇਰੈਕਟਰ ਹੀ ਹੈ। ਇਹ ਵਰਤਾਰਾ ਪਹਿਲਾਂ ਵੀ ਸੀ ਪਰ ਪਿਛਲੇਰੇ ਚਾਰ ਸਾਲਾਂ 'ਚ ਨੰਗੀ ਚਿੱਟੀ ਬੇਸ਼ਰਮੀ ਦੀ ਇਕ ਤਸਵੀਰ ਤੋਂ ਭਾਰਤੀ ਆਵਾਮ ਵੀ ਜਾਣੂ ਹੋ ਗਿਆ ਹੈ।

1. ਪਿਛਲੇਰੇ ਚਹੁੰ ਸਾਲਾਂ 'ਚ ਭਾਜਪਾ ਪਾਰਟੀ ਨੇ ਕੇਂਦਰ 'ਚ ਸੱਤਾ ਸੰਭਾਲਣ ਪਿਛੋਂ ਢੇਰ ਸਾਰੇ ਜੁਮਲੇਬਾਜ ਨਾਅਰਿਆਂ ਦੇ ਨਾਲ ਨਾਲ ਇਕ ਨਾਅਰਾ ਇਹ ਵੀ ਦਿੱਤਾ ਸੀ ਕਿ ਉਹ ਕਾਂਗਰਸ ਮੁਕਤ ਭਾਰਤ ਸਿਰਜਨਗੇ ਅਤੇ ਆਪਣੇ ਤਿਕੜਮਾ ਨਾਲ ਇਕ ਤੋਂ ਪਿਛੋਂ ਦੂਸਰੇ ਰਾਜ ਨੂੰ ਜਿੱਤ ਕੇ ਉਹੀ ਥਾਂ ਹਾਸਲ ਕਰ ਲਈ ਹੈ ਜਿਹੜੀ ਕਿਸੇ ਵੇਲੇ ਕਾਂਗਰਸ ਕੋਲ ਹੁੰਦੀ ਸੀ। ਭਾਜਪਾ ਅਤੇ ਉਹਦੇ ਮਾਲਕ ਆਰ. ਐਸ. ਐਸ. ਨੇ ਪ੍ਰਚਾਰ ਤੇ ਅਮਲ ਵਿਚ ਪੂਰੇ ਵਿਰੋਧੀ ਖੇਮੇ ਨੂੰ ਹੀ ਮਸਲ ਕੇ ਸੁੱਟ ਦਿੱਤਾ ਹੈ ਅਤੇ ਹਾਸ਼ੀਏ 'ਤੇ ਪਹੁੰਚਿਆ ਇਹ ਵਿਰੋਧੀ ਖੇਮਾ ਜਿਹੜਾ ਖੁਦ ਕਾਰਪੋਰੇਟੀ ਪੂੰਜੀ ਦਾ ਵਫਾਦਾਰ ਹੈ ਇਕ ਮੰਚ 'ਤੇ ਇਕੱਠੇ ਹੋਣ ਲਈ ਹੱਥ ਪੈਰ ਮਾਰ ਰਿਹਾ ਹੈ।

ਸੱਜ ਪਿਛਾਖੜੀ ਹਿੰਦੂਤਵੀ ਰੱਥ ਨੇ ਇਕ ਤੋਂ ਪਿਛੋਂ ਦੂਸਰੇ ਰਾਜ ਨੂੰ ਹਥਿਆਉਣ ਲਈ ਜਿੰਨੇ ਰਾਜਕੀ ਯੋਗ ਆਸਨ ਕੀਤੇ ਇਹਨੇ ਸਪਸ਼ਟ ਕਰ ਦਿੱਤਾ ਕਿ ਇਹ ਲੋਕ ਸੱਤਾ ਹਾਸਲ ਕਰਨ ਲਈ ਹਰ ਹਰਬੇ ਨੂੰ ਵਰਤਣ ਦੀ ਮੁਹਾਰਤ ਦੂਸਰਿਆਂ ਨਾਲੋਂ ਕਿਤੇ ਵੱਧ ਰੱਖਦੇ ਹਨ। ਐਸ ਸਾਲ ਭਾਜਪਾ ਨੇ ਉਤਰ ਪੂਰਬੀ ਰਾਜਾਂ ਅਤੇ ਵਿਸ਼ੇਸ਼ ਕਰਕੇ ਤ੍ਰਿਪਰਾ ਦੀ ਜੱਤੇ ਅਤੇ ਆਪਣੇ ਵਿਧਾਰਧਾਰਕ ਵਿਰੋਧੀ ਖੱਬੇਪੱਖੀ ਮੋਰਚੇ ਦੇ ਗੜ੍ਹ ਤੋੜ ਕੇ ਜਿਵੇਂ ਜਸ਼ਨ ਮਨਾਏ ਅਤੇ ਲੈਨਿਨ ਦੇ ਬੁੱਤ ਤੋੜ ਕੇ, ਇਹ ਵੀ ਸਪਸ਼ਟ ਦਿਖਾਵਾ ਕੀਤਾ ਕਿ ਉਨ੍ਹਾਂ ਦੇ ਹਿੰਦੂ ਰਾਸ਼ਟਰ ਦੇ ਨਿਰਮਾਣ ਲਈ ਰਾਹ ਸਾਫ਼ ਹੋ ਰਿਹਾ ਹੈ, ਨੇ ਉਨ੍ਹਾਂ ਦੇ ਲੁਕਵੇਂ ਏਜੰਡੇ ਨੂੰ ਜੱਗ ਜਾਹਿਰ ਕਰ ਦਿੱਤਾ। ਕਰਨਾਟਕਾ ਚੋਣਾਂ ਤੋਂ ਪਿਛੋਂ ਜੋ ਕੁਝ ਵਪਰਿਆ ਇਹਨੇ ਬੁਰਜੂਆ (ਕਾਰਪੋਰੇਟੀ ਪੂੰਜੀ) ਦੀ ਜਮਹੂਰੀਅਤ ਦੇ ਬੌਣੇਪਨ ਨੂੰ ਸਾਹਮਣੇ ਲਿਆ ਪ੍ਰਤੱਖ ਨੰਗਾ ਕਰ ਦਿੱਤਾ ਹੈ। ਇਨ੍ਹਾਂ ਚਹੁੰ ਸਾਲਾਂ 'ਚ ਨਾ ਸਿਰਫ਼ ਲੋਕ ਸਭਾ 'ਚ ਬਹੁਸੰਮਤੀ ਸਗੋਂ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੋਂ ਇਲਾਵਾ 15-16 ਰਾਜਾਂ ਦੇ ਮੁੱਖ ਮੰਤਰੀ ਆਦਿ ਸਿੱਧੇ ਭਗਵਾ (ਆਰ. ਐਸ. ਐਸ.) ਦੇ ਖੇਮੇ ਵਿਚੋਂ ਹੀ ਹਨ। ਛੇ ਹੋਰ ਰਾਜਾਂ 'ਚ ਉਨ੍ਹਾਂ ਦੀਆਂ ਸਹਿਯੋਗੀ ਦਲਾਂ ਨੇ ਮਿਲ ਕੇ ਬਣਾਈਆਂ ਸਰਕਾਰਾਂ ਹਨ। ਰਾਜ ਸਭਾ ਵਿਚ 68 ਮੈਂਬਰਾਂ ਨਾਲ ਸਭ ਤੋਂ ਵੱਡੀ ਪਾਰਟੀ ਹੈ। ਉਹ ਹੋਰ ਰਾਜਾਂ ਵਿਚ ਵੀ ਪੂੰਜੀ ਦਹਿਸ਼ਤ ਐ ਤਿਕੜਮ ਦੇ ਜੋੜ ਸਰਕਾਰਾਂ ਹਥਿਆ ਸਕਦੀ ਹੈ।

ਉਪਰੋਕਤ ਹਵਾਲਾ ਦੇਣ ਦਾ ਸਾਡਾ ਸਿੱਧਾ ਸਬੰਧ ਇਹ ਹੈ ਕਿ ਜਿਸ ਚੁਣਾਵੀਂ ਤਿਕੜਮ ਨਾਲ ਬੀ. ਜੇ. ਪੀ. (ਮੋਦੀ) ਸਰਕਾਰ ਨੂੰ ਲਾਹੁਣ ਦੇ ਭਰਮ ਪਾਲੇ ਜਾ ਰਹੇ ਹਨ ਇਹ ਮਹਿਜ ਖਿਆਲੀ ਪੁਲਾਅ ਕੜਾਹੀ ਹੀ ਹਨ ਅਤੇ ਇਸ ਤੋਂ ਵੀ ਅੱਗੇ ਜਿਵੇਂ ਆਰ. ਐਸ. ਐਸ. ਨੇ ਆਪਣੀ ਪਕੜ ਰਾਜ ਤੰਤਰ ਦੇ ਵਿਚ ਐਨੀ ਮਜ਼ਬੂਤ ਕਰ ਲਈ ਹੈ ਅਤੇ ਪਿਛਲੇਰੇ ਚਹੁੰ ਸਾਲਾਂ 'ਚ ਹਿੰਦੂਤਵੀ ਏਜੰਡੇ ਨੂੰ ਇਕ ਤੋਂ ਪਿਛੋਂ ਜਿਵੇਂ ਲਾਗੂ ਕਰਨ ਦੇ ਕਦਮ ਚੁੱਕੇ ਹਨ, ਨੇ ਬੁਰਜੂਆ ਜਮਹੂਰੀ ਤੰਤਰ ਦੇ ਚਿਹਰੇ ਨੂੰ ਹੀ ਬਦਲ ਦਿੱਤਾ ਹੈ ਅਤੇ ਇਹ ਨਾ ਸਿਰਫ਼ ਪੁੱਗਤ ਵਾਲ ਕਾਰਪੋਰੇਸ਼ਨ ਪੂੰਜੀ ਦਾ ਨੰਗਾ ਚਿੱਟਾ ਹੱਥ ਠੋਕਾ ਬਣ ਗਿਆ ਹੈ, ਸਗੋਂ ਹਿੰਦੂ ਬਹੁਗਿਣਤੀ ਵਾਲੇ ਹਿੰਦੂ ਰਾਜ ਦਾ ਝਉਲਾ ਵੀ ਪਾਉਣ ਵੱਲ ਵਧ ਰਿਹਾ ਹੈ।

ਪਿਛਲੇ ਸਾਲ 'ਚ ਆਰਥਿਕ ਵਿਕਾਸ ਦੇ ਫਰੇਬ ਹੇਠ ਉਹ ਸਾਰੇ ਵਾਅਦੇ ਤਾਂ ਤਾਕ ਵਿਚ ਰੱਖ ਦਿੱਤੇ ਜਿਨ੍ਹਾਂ ਦੇ ਛੁਣਛੁਣੇ ਨਾਲ ਸੱਤਾ ਹਥਿਆਈ ਸੀ ਪਰ ਉਹ ਦੀ ਥਾਂ ਗਾਂ, ਮੰਦਰ, ਹਿੰਦੂ ਰਾਸ਼ਟਰ, ਅਸਹਿਣਸ਼ੀਲਤਾ, ਵਿਦਿਅਕ ਸੰਸਥਾਵਾਂ ਤੋਂ ਲੈ ਕੇਰਲਾ, ਇਤਿਹਾਸ ਸਹਿਤ ਤੇ ਵਿਗਿਆਨ ਤੱਕ ਦੀਆਂ ਸੰਸਥਾਵਾਂ ਦਾ ਭਗਵਾਂਕਰਨ ਵਰਗੇ ਮੁੱਦੇ ਦੇਸ਼ ਦੇ ਅਵਾਮ ਉਤੇ ਠੋਸ ਦਿੱਤੇ ਜਿਸ ਆਰਥਿਕ ਵਿਕਾਸ ਦੇ ਜੁਮਲੇ ਛੱਡੇ ਗਏ ਉਹਨੇ ਚੰਦ ਕੁ ਘਰਾਣਿਆਂ ਦੀ ਪੂੰਜੀ ਨੂੰ ਸਿਖਰਾਂ ਤੱਕ ਪਹੁੰਚਾ ਦਿੱਤਾ। ਦੇਸ਼ ਦਾ ਕਰੋੜਾਂ ਕਰੋੜ ਆਵਾਮ ਦੀ ਹਾਲਤ ਬਦ ਤੋਂ ਬਦਤਰ ਕਰ ਦਿੱਤੀ। ਇਕ ਕੌਮਾਂਤਰੀ ਕਾਰੋਬਾਰੀ ਪਰਚੇ, 'ਦਾ ਇਕੋਨਾਮਿਕਸ' ਨੇ ਗੁੱਥੀ ਮੋਦੀ (ਭਾਜਪਾ) ਦੇ ਆਰਥਿਕ ਵਿਕਾਸ ਦਾ ਹੀਜ ਪਿਆਜ਼ ਇਹ ਕਹਿ ਕੇ ਕੱਢ ਦਿੱਤਾ ਕਿ, "ਦਰਅਸਲ ਨਰਿੰਦਰ ਮੋਦੀ ਆਰਥਿਕ ਸੁਧਾਰ ਦੇ ਭੇਸ ਵਿਚ ਹਿੰਦੂ ਕੱਟੜਪੰਥ ਹੈ।" ਅਤੇ ਹੁਣ ਟਰੰਪ ਨੇ ਰਹਿੰਦੀ ਖੂੰਹਦੀ ਕਸਰ ਕੱਢ ਦਿੱਤੀ ਹੈ ਕਿ "ਮੋਦੀ ਝੂਠਾ ਅਤੇ ਆਪਣੇ ਦੇਸ਼ ਦੇ ਲੋਕਾਂ ਸਾਹਮਣੇ ਵੀ ਝੂਠ ਬੋਲਦਾ ਹੈ ਬਾਹਰ ਵੀ ਝੂਠ ਮਾਰਦਾ ਹੈ।"

ਅਸਲ ਵਿਚ ਇਨ੍ਹਾਂ ਸੱਜ ਪਿਛਾਖੜੀ ਤਾਕਤਾਂ ਭਾਵ ਆਰ. ਐਸ. ਐਸ. (ਭਾਜਪਾ) ਨੇ ਇਨ੍ਹਾਂ ਚਹੁੰ ਸਾਲਾਂ ਦੀ ਵਰਤੋਂ ਆਪਣੇ ਕਿਲ੍ਹੇ ਨੂੰ ਮਜਬੂਤ ਕਰਨ ਅਤੇ ਨਵੀਆਂ ਕਿੱਲ੍ਹੇ ਠੋਕਣ ਵਿਚ ਕੀਤੀ ਹੈ। ਸਭਿਆਚਾਰਕ, ਸਮਾਜ ਵਿਚ ਵਿਚਾਰਧਾਰਾ, ਅਰਥ ਵਿਵਸਥਾ ਸਾਰੇ ਖੇਤਰਾਂ ਵਿਚ ਹਿੰਦੂ ਤਵੀ ਵਿਚਾਰਧਾਰਾ ਦਾ ਬੋਲਬਾਲਾ ਸਥਾਪਤ ਕੀਤਾ ਅਤੇ ਇਹ ਉਨ੍ਹਾਂ ਨੇ ਇਸ ਉਦਾਰਵਾਦੀ ਬੁਰਜੂਆ ਲੋਕਤੰਤਰ ਦੀਆਂ ਸਾਰੀਆਂ ਸੰਸਥਾਵਾਂ ਦੀ ਵਰਤੋਂ ਕਰਦਿਆਂ ਕੀਤਾ ਹੈ। ਇਨ੍ਹਾਂ ਨੇ ਨਿਆਂਪਾਲਿਕਾ, ਖੁਫ਼ੀਆ ਤੰਤਰ, ਫੌਜੀ ਤੰਤਰ ਤੇ ਪੈਰਾ ਮਿਲਟਰੀ ਫੋਰਸਾਂ ਅੰਦਰ ਅਜਿਹੇ ਜ਼ਹਿਰੀਲੇ ਬੀਜ ਬੀਜ ਦਿੱਤੇ ਹਨ ਕਿ ਜਿਹਦੇ ਕੌੜੇ ਫਲ ਤਾਂ ਲੋਕਾਈ ਲੰਮੇ ਸਮੇਂ ਲਈ ਚੁਖੇਗੀ ਹੀ ਚਖੇਗੀ ਪਰ ਇਹ ਆਸ ਰੱਖਣੀ ਵੀ ਫੋਕਾ ਭਰਮ ਹੈ ਕਿ ਇਹ ਸੰਸਥਾਵਾਂ ਲੋਕਾਈ ਲਈ ਕੋਈ ਜਮਹੂਰੀ ਤਰਜ ਜਾਂ ਇਨਸਾਫ਼ ਦੀ ਆਸ ਬਣ ਸਕਦੀਆਂ ਹਨ। ਦਰਅਸਲ ਕਾਰਪੋਰੇਟੀ ਪੂੰਜੀ ਨੂੰ ਵੀ ਅਜਿਹੇ ਹੀ ਤੰਤਰ ਦੀ ਲੋੜ ਸੀ, ਜਿਸ 'ਚੋਂ ਉਸ ਸਾਸੇ ਜਮਹੂਰੀਅਤ ਨੂੰ ਗਾਇਬ ਕਰ ਦਿੱਤਾ ਜਾਵੇ। ਇਹੀ ਕਾਰਨ ਹੈ ਕਿ ਪਿਛਲੇਰੇ ਚਹੁੰ ਸਾਲਾਂ 'ਚ ਇਕ ਪਿੰਡ ਇਕਾਈ ਤੋਂ ਲੈ ਕੇ ਲੋਕ ਸਭਾ ਤੱਕ ਅਤੇ ਇਥੋਂ ਤੱਕ ਇਨਸਾਫ਼ ਦੇ ਸਭ ਤੋਂ ਵੱਡੇ ਮੰਦਰ ਸੁਪਰੀਮ ਤੱਕ ਇਕ ਹੀ ਕਿਸਮ ਦੀ ਪ੍ਰਵਿਰਤੀ ਪਹਿਲਾਂ ਨਾਲੋਂ ਕਿਵੇਂ ਵੱਧ ਨੰਗੇ ਚਿੱਟੇ ਰੂਪ ਵਿਚ ਵੇਖੀ ਜਾ ਸਕਦੀ ਹੈ। ਉਦਾਰਵਾਦੀ ਸੰਸਥਾਵਾਂ ਰਾਹੀਂ ਆਪਣੇ ਏਜੰਡੇ ਨੂੰ ਅੱਗੇ ਵਧਾਉਣ ਦੀ ਮੁਹਾਰਤਾ ਰੱਖਣ ਵਾਲੀ ਆਰ. ਐਸ. ਐਸ. ਸਹਿਜੇ ਸਹਿਜੇ ਆਪਣੇ ਏਜੰਡੇ ਨੂੰ ਲਾਗੂ ਕਰਦਿਆਂ ਵੀ ਸੱਤਾ 'ਤੇ ਕਾਬਜ਼ ਹੋ ਕੇ ਵੀ ਉਦਾਰਵਾਦੀ ਜਮਹੂਰੀ ਸੰਸਥਾਵਾਂ ਦੀ ਬਾਹਰੀ ਦਿੱਖ (ਪੋਲ) ਨੂੰ ਖਤਮ ਕਰਨ ਨਾਲੋਂ ਬਚਾਅ ਕੇ ਰੱਖਣਾ ਚਾਹੁੰਦੀ ਹੈ ਤਾਂ ਕਿ ਉਹ ਸਿਉਂਕ ਵਾਂਗੂੰ ਇਹਨੂੰ ਖੋਖਲਾ ਕਰ ਦੇਣ ਅਤੇ ਫਿਰ ਇਸੇ ਉਤੇ ਆਪਣੇ 'ਮਹਾਨ ਹਿੰਦੂ ਰਾਸ਼ਟਰ' ਦੀ ਉਸਾਰੀ ਕਰ ਸਕਣ।

ਸੱਤਾ 'ਚ ਆਉਣ ਪਿਛੋਂ ਮੋਦੀ ਸਰਕਾਰ ਤੇ ਸੰਘ ਪਰਿਵਾਰ ਨੇ ਮਿਲ ਕੇ ਦੇਸ਼ ਦਾ ਨੈਰੇਟਿਵ ਬਦਲ ਦਿੱਤਾ। ਉਨ੍ਹਾਂ ਨੇ ਆਪਣਾ ਸਾਰਾ ਜ਼ੋਰ ਪਿਛਲੇਰੇ ਸਾਲਾਂ ਵਿਚ ਆਜ਼ਾਦੀ ਦੀ ਲੜਾਈ ਦੇ ਦੌਰਾਨ ਨਿਕਲੇ ਸਰਕੂਲਰ ਅਤੇ ਪ੍ਰੋਗਰੈਸਵ 'ਭਾਰਤੀ ਰਾਸ਼ਟਰਵਾਦ' ਦੀ ਥਾਂ ਹਿੰਦੂ ਰਾਸਸ਼ਟਰਵਾਦ ਨੂੰ ਸਥਾਪਤ ਕਰਨ ਲਈ ਲਾਇਆ ਹੈ। ਬੇਸ਼ੱਕ 'ਭਾਰਤੀ ਕੌਮਵਾਦ ਵੀ ਇਕ ਵੇਗ ਟਰਮ ਸੀ ਤੇ ਹੈ ਜਿਸ ਵਿਚੋਂ ਵਿਸ਼ਾਲ ਕਿਰਤੀ ਲੋਕਾਈ ਦੀ ਹੋਈ ਹੋਂਦ ਸੁੱਰਖਿਅਤ ਨਹੀਂ ਸੀ ਪਰ ਸੰਘ ਵਲੋਂ ਵਾਰ ਵਾਰ ਜਿਹੜਾ 'ਭਾਰਤੀ ਕੌਮੀਅਤਤਾ ਦਾ ਅਖ਼ਬਾਰ ਹਿੰਦੂਤਵ ਹੈ'। ਦੁਹਰਾਇਆ ਜਾ ਰਿਹਾ ਹੈ। ਇਹ ਅਤਿ ਖਤਰਨਾਕ ਹੈ। ਇਨ੍ਹਾਂ ਚਹੁੰ ਸਾਲਾਂ ਵਿਚ ਮੋਦੀ ਸਰਕਾਰ ਦੇ ਰਵੱਈਏ, ਚੁੱਕੇ ਗਏ ਕਦਮਾਂ ਅਤੇ ਸੰਘ ਪਰਿਵਾਰ ਦੀਆਂ ਹਰਕਤਾਂ ਤੋਂ ਇਹ ਸ਼ੱਕ ਸਹੀ ਸਾਬਤ ਹੋਇਆ ਹੈ ਕਿ ਰਾਸ਼ਟਰ ਦੇ ਤੌਰ 'ਤੇ ਅਸੀਂ ਆਪਣਾ ਰਾਹ ਬਦਲ ਲਿਆ ਹੈ। ਇਸੇ ਦੌਰਾਨ ਧਾਰਮਿਕ ਘੱਟ ਗਿਣਤੀਆਂ ਅਤੇ ਦਲਿਤਾਂ ਉਤੇ ਹਿੰਸਾ ਵਧੀ ਹੈ ਅਤੇ ਉਨ੍ਹਾਂ ਅੰਦਰ ਅਸੁਰੱਖਿਅਤ ਦੀ ਭਾਵਨਾ ਮਜ਼ਬੂਤ ਹੋਈ ਹੈ। ਦੇਸ਼ ਦੀਆਂ ਜਮਹੂਰੀ ਸੰਸਥਾਵਾਂ ਉਤੇ ਹਮਲੇ ਹੋਏ ਹਨ। ਭਾਰਤੀ ਸੰਵਿਧਾਨ ਦੀ ਉਸ ਮੂਲ ਭਾਵਨਾ ਦਾ ਲਗਾਤਾਰ ਉਲੰਘਣ ਹੋਇਆ ਹੈ ਜਿਸ ਵਿਚ ਦੇਸ਼ ਦੇ ਸਾਰੇ ਨਾਗਰਿਕਾਂ ਨੂੰ ਸੁਰੱਖਿਆ, ਮਰਿਆ ਅਤੇ ਮੁਕੰਮਲ ਆਜ਼ਾਦੀ ਨਾਲ ਜਿਊਣ, ਆਪਣੇ ਆਪਣੇ ਧਰਮਾਂ ਦਾ ਪਾਲਣ ਕਰਨ ਦੀ, ਵਿਚਾਰਾਂ ਦੇ ਪ੍ਰਗਟਾਅ [ਲਿਖਣ ਬੋਲਣ ਆਦਿ] ਦੀ ਗਾਰੰਟੀ ਦਿੱਤੀ ਗਈਹੈ। ਭਾਰਤੀ ਸੰਵਿਧਾਨ ਅਨੁਸਾਰ ਰਾਜ ਦਾ ਕੋਈ ਧਰਮ ਨਹੀਂ ਭਾਵ ਸੈਕੂਲਰ ਹੈ ਪਰ ਇਸ ਉਤੇ ਹਮਲੇ ਹੋਏ ਹਨ। ਆਰ. ਐਸ. ਐਸ. ਮੁਖੀ ਹੀ ਕਹਿ ਰਿਹਾ ਹੈ ਜੇ ਸੰਵਿਧਾਨ 'ਚੋਂ-ਸੈਕੂਲਰ ਅਤੇ ਸੋਸ਼ਲਿਜ਼ਮ-ਸ਼ਬਦ ਕੱਢ ਦਿੱਤੇ ਜਾਣ ਤਾਂ ਸੰਵਿਧਾਨ ਕੁਝ ਸ਼ੁੱਧ ਹੋ ਸਕਦਾ ਹੈ। ਇਹ ਦੋਵੇਂ ਸ਼ਬਦ ਹੀ ਸਮਾਜਿਕ ਮੂਲ ਭਾਵਨਾ ਦਾ ਅਧਾਰ ਹਨ। ਭਾਰਤ ਦੇ ਵੱਖ ਵੱਖ ਵਖਰੇਵਿਆਂ ਭਿੰਨਤਾਵਾਂ ਉਤੇ ਯੋਜਨਾਬੱਧ ਢੰਗ ਨਾਲ ਬਹੁਗਿਣਤੀਵਾਦ ਠੋਸਿਆ ਜਾ ਰਿਹਾ ਹੈ। ਰਾਜ ਆਪਦੇ ਆਪ ਨੂੰ ਹਿੰਦੂ ਧਰਮ ਦਾ ਸੁਰੱਖਿਅਤ ਦੇ ਤੌਰ 'ਤੇ ਪੇਸ਼ ਕਰ ਰਿਹਾ ਹੈ।

ਪਿਛਲੇ ਸਾਲ ਦਸੰਬਰ 'ਚ ਸੰਘ ਪ੍ਰਮੁੱਖ ਮੋਹਨ ਭਾਗਵਤ ਨੇ ਤ੍ਰਿਪੁਰਾ ਵਿਚ ਭਾਰਤ ਨੂੰ ਹਿੰਦੂਆਂ ਦੀ ਧਰਤੀ ਕਹਿੰਦਿਆਂ ਕਿਹਾ ਸੀ ਕਿ ਦੁਨੀਆਂ ਭਰ ਤੋਂ ਪੀੜਤ ਹਿੰਦੂ ਇਸ ਦੇਸ਼ ਵਿਚ ਆ ਕੇ ਸ਼ਰਨ ਲੈਂਦੇ ਹਨ। ਹਿੰਦੂ ਭੂਮੀ ਦੀ ਇਹ ਪਰਿਕਲਪਾਸਾ ਯਹੂਦੀਆਂ ਦੇ ਇਜ਼ਰਾਇਲੀ ਰਾਸ਼ਟਰ ਦੇ ਕਰੀਬ ਬਹਿੰਦੀ ਹੈ। ਪ੍ਰਧਾਨ ਮੰਤਰੀ ਬਣਨ ਪਿਛੋਂ ਨਰਿੰਦਰ ਮੋਦੀ ਨੇ ਜਦੋਂ ਵਿਦੇਸ਼ੀ ਦੌਰੇ ਕੀਤੇ ਸਨ ਤਾਂ ਵਿਦੇਸ਼ਾਂ ਵਿਚ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਸੀ ਕਿ, "ਵਿਦੇਸ਼ਾਂ ਵਿਚ ਰਹਿਣ ਵਾਲੇ ਭਾਰਤੀ, ਵਿਸ਼ਾਲ ਭਾਰਤੀ ਸਮੁਦਾਇ ਦਾ ਹਿੱਸਾ ਹਨ ਅਤੇ ਬੇਸ਼ੱਕ ਉਹ ਭਾਰਤ ਦੇ ਕਿਸੇ ਵੀ ਹਿੱਸੇ ਵਿਚ ਰਹਿਣ ਪਰ ਉਹ ਭਾਰਤ ਦਾ ਜਾਇਜ਼ ਹਿੱਸਾ ਹਨ। ਹਾਲਾਂਕਿ ਉਹ ਕਈ ਪੀੜ੍ਹੀਆਂ ਤੋਂ ਵਿਦੇਸ਼ ਵਿਚ ਰਹਿ ਰਹੇ ਹਨ।

'ਹਿਊਮੈਨ ਰਾਈਟਸ ਵਾਚ' ਦੀ 2018 ਦੀ ਵਿਸ਼ਵ ਰਿਪੋਰਟ ਕਹਿੰਦੀ ਹੈ ਕਿ ਸੱਤਾਧਾਰੀ' ਬੀ.ਜੇ. ਪੀ. ਦੇ ਕਈ ਆਗੂਆਂ ਨੇ ਸਾਰੇ ਭਾਰਤੀਆਂ ਦੇ ਬੁਨਿਆਦੀ ਅਧਿਕਾਰਾਂ ਦੀ ਕੀਮਤ ਉਤੇ ਹਿੰਦੂ ਸ੍ਰੇਸ਼ਠਤਾ ਅਤੇ ਕੱਟੜ ਰਾਸ਼ਟਰਵਾਦ ਨੂੰ ਵਧਾਉਣ ਦੀ ਭੂਮਿਕਾ




ਨਿਭਾਈ ਹੈ। ਹਕੀਕਤ ਇਹ ਹੈ ਕਿ 1947 ਦੀ ਵੰਡ ਤੋਂ ਪਿਛੋਂ ਸ਼ਾਇਦ ਪਹਿਲੀ ਵੇਰ ਭਾਰਤੀ ਸਮਾਜ ਐਨਾ ਵੰਡਿਆ, ਆਪਸੀ ਬੇਵਿਸ਼ਵਾਸੀ, ਅਸੁਰੱਖਿਆ ਨਾਲ ਭਰਿਆ ਨਜ਼ਰ ਆ ਰਿਹਾ ਹੈ ਕਿ ਅਜੇ ਅਸੀਂ ਅਜਿਹੇ ਦੌਰ ਵਿਚ ਪਹੁੰਚ ਚੁੱਕੇ ਹਾਂ ਜਦੋਂ ਅਪਰਾਧੀ ਦਾ ਵੀ ਸਮੁਦਾਇਕਰਨ ਹੋਣ ਲੱਗਾ ਹੈ। ਕਠੂਆ ਕਾਂਡ ਇਸ ਦੀ ਪ੍ਰਤੱਖ ਮਿਸਾਲ ਹੈ ਜਦੋਂ ਬਲਾਤਕਾਰੀਆਂ ਦੇ ਹੱਕ 'ਚ ਪੂਰਾ ਇਕ ਚਿੱਟ ਕੱਪੜੀਆ ਵਰਗ ਆ ਖਲੋਂਦਾ ਹੈ ਅਤੇ ਤਿਰੰਗਾ ਯਾਤਰਾ ਕੱਢਦਿਆਂ 'ਭਾਰਤ ਮਾਤਾ ਦੀ ਜੈ' ਦੇ ਨਾਅਰੇ ਲਾਉਂਦਾ ਹੈ ਅਜਿਹਾ ਵਰਤਾਰਾ ਹੀ ਸੰਭੂ ਲਾਲ ਰੈਗਰ ਦੇ ਮਾਮਲੇ ਵਿਚ ਵਾਪਰਿਆ ਸੀ ਜਦੋਂ ਭੀੜ ਇਸ (ਸੰਭੂ ਲਾਲ ਰੈਂਗਰ) ਹੱਤਿਆਰੇ ਦੇ ਹੱਕ 'ਚ ਖਲੋਤੀ ਸੀ ਜਸ ਨੇ 50 ਸਾਲ ਮੁਹੰਮਦ ਅਠਰਾਜਕ ਪ੍ਰਵਾਸੀ ਮਜਨੂਰ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਸੀ ਅਤੇ ਫਿਰ ਲਾਸ਼ ਪੈਟਰੋਲ ਪਾਕੇ ਸਾੜ ਦਿੱਤੀ ਸੀ। ਗੋਰੀ ਲੰਕੇਸ਼ ਦੇ ਮਾਮਲੇ ਵਿਚ ਵੀ ਇਹ ਵਰਤਾਰਾ ਅਜੇ ਤੱਕ ਚਲ ਰਿਹਾ ਹੈ। ਉਸ ਦੇ ਕਤਲ ਨੂੰ ਨਾ ਸਿਰਫ਼ ਜਾਇਜ਼ ਠਹਿਰਾਇਆ ਸਗੋਂ ਅਪਮਾਨਜਨਕ ਭਾਸ਼ਾ ਦੀ ਵਰਤੋਂ ਵੀ ਹੋ ਰਹੀ ਹੈ। ਅਜਿਹੀਆਂ ਅਨੇਕ ਮਿਸਾਲਾਂ ਹਨ। ਜਿਵੇਂ ਭੀੜ ਨਿਆਂਪਾਲਿਕਾ ਜਾਂ ਕਾਨੂੰਨ ਦਾ ਬਦਲ ਹੋਵੇ ਅਤੇ ਅਜਿਹੀਆਂ ਬੇਤੁਕੀਆਂ ਭੀੜਾਂ ਸਾਹਮਣੇ ਰਾਜਕੀ, ਕਾਨੂੰਨ ਤੇ ਨਿਆਂਪਾਲਿਕਾ ਨਿਪੁੰਸਕ ਕਰਨ 'ਚ ਸੰਘ ਕਾਮਯਾਬ ਰਿਹਾ ਹੈ।

ਉਧਰ ਨਿਆਂਪਾਲਿਕਾ ਦੀ ਅਜ਼ਾਦ ਹੋਂਦ ਉਤੇ ਹੀ ਉਹਦੇ ਅੰਦਰੋਂ ਸਵਾਲ ਖੜ੍ਹੇ ਹੋ ਗਏ ਕਿ 'ਸੁਪਰੀਮ ਕੋਰਟ ਦਾ ਵਜੂਦ ਖਤਰੇ ਵਿਚ ਹੈ ਅਤੇ ਜੇ ਕੋਰਟ ਨੇ ਕੁਝ ਨਾ ਕੀਤਾ ਤਾਂ ਇਤਿਹਾਸ ਉਨ੍ਹਾਂ (ਜੱਜਾਂ ਨੂੰ) ਮੁਆਫ਼ ਨਹੀਂ ਕਰੇਗਾ।' ਜੱਜ ਲੋਇਆ ਦੀ ਮੌਤ ਦੇ ਮਾਮਲੇ ਵਿਚ ਸੁਪਰੀਮ ਕੋਰਟ ਦਾ ਰਵੱਈਆ ਆਪਣੇ ਆਪ ਵਿਚ ਹੀ ਸਵਾਲ ਬਣ ਕੇ ਉਭਰਦਾ ਹੈ ਕਿਉਂਕਿ ਜੱਜ ਲੋਇਆ ਦੀ ਮੌਤ ਕੁਦਰਤੀ ਨਹੀਂ ਸੀ ਕਿਸੇ ਸਾਜ਼ਿਸ਼ ਦਾ ਹਿੱਸਾ ਸੀ ਅਤੇ ਇਹਦੀ ਉਂਗਲੀ ਭਾਜਪਾ ਪ੍ਰਧਾਨ ਅਮਿਤ ਸ਼ਾਹ ਵੱਲ ਉਠਦੀ ਸੀ।

ਚੋਣ ਕਮਿਸ਼ਨ ਦਾ ਢਕੋਸਲਾ ਉਦੋਂ ਖੂਨ ਨੰਗਾ ਹੋ ਗਿਆ ਜਦੋਂ ਕਰਨਾਟਕਾ ਚੋਣਾਂ ਦੀਆਂ ਤਰੀਕਾਂ ਦੇ ਐਲਾਨ ਤੋਂ ਪਹਿਲਾਂ ਹੀ ਭਾਜਪਾ ਆਈ ਟੀ ਸੈਲ ਦੇ ਮੁਖੀ ਅਮਿਤ ਮਾਲਵੀਆ ਤਰੀਕਾ ਐਲਾਨ ਦਿੰਦੇ ਹਨ ਅਤੇ ਆਮ ਆਦਮੀ ਪਾਰਟੀ ਦੇ 20 ਵਿਧਾਇਕਾਂ ਨੂੰ ਅਯੋਗ ਐਲਾਨਣ ਦੇ ਮਾਮਲੇ ਨੇ ਹੋਰ ਸਾਫ਼ ਕਰ ਦਿੱਤਾ ਕਿ ਇਹ 'ਨਿਰਪੱਖ' ਕਹਾਉਂਦੇ ਅਦਾਰੇ ਨਿਰਪੱਖ ਨਹੀਂ ਹੁੰਦੇ। ਮੋਦੀ ਨੇ ਇਨ੍ਹਾਂ ਚਹੁੰ ਸਾਲਾਂ 'ਚ ਇਕ ਕੋਰ ਜੁਮਲਾ ਵੀ ਦੁਹਰਾਇਆ -ਵਨ ਨੇਸ਼ਨ-ਵਨ ਇਲੈਕਸ਼ਨ। ਇਹ ਜੁਮਲਾ ਹੀ ਨਹੀਂ ਇਸ ਉਤੇ ਜੇ ਵੀ ਅੰਦਰਖਾਤੇ ਘੁਸਰ ਮੁਸਰ ਚਲ ਰਹੀ ਹੈ। ਬੁਰਜੂਆ ਜਮਹੂਰੀਅਤ ਦਾ ਢੋਂਗ ਖੁਦ ਹੀ ਬੇਪਰਦ ਹੋ ਰਿਹਾ ਹੈ ਕਿਸੇ ਵੇਲੇ ਦੇਸ਼ ਕੇਂਦਰੀ ਬੈਂਕ ਰਿਜ਼ਰਵ ਬੈਂਕ ਆਫ਼ ਇੰਡੀਆ ਦੀ ਪਹਿਚਾਨ ਅਜ਼ਾਦ ਜੰਗਲ ਦੇ ਤੌਰ 'ਤੇ ਕੀਤੀ ਜਾਂਦੀ ਸੀ ਕਿ ਇਹ ਮੁਦਰਾ ਨੀਤੀ ਅਤੇ ਬੈਂਕਿੰਗ ਪ੍ਰਬੰਧ ਦੇ ਅਜ਼ਾਦ ਸੰਚਾਲਨ ਦਾ ਸਬੰਧ ਹੈ। ਪਰ ਨੋਟਬੰਦੀ ਦੇ ਪਿਛੋਂ ਬੈਂਕਿੰਗ ਪੂੰਜੀ ਦੇ ਘੁਟਾਲਿਆਂ ਨੇ ਇਹ ਜੱਜ ਜ਼ਾਹਿਰ ਕਰ ਦਿੱਤਾ ਕਿ ਇਹ ਸਿਰਫ਼ ਤੇ ਸਿਰਫ਼ ਵੱਡੀ ਕਾਰਪੋਰੇਟੀ ਪੂੰਜੀ ਦੇ ਹਿੱਤਾਂ ਅਨੁਸਾਰ ਹੀ ਕੰਮ ਕਰਦਾ ਹੈ। ਮੋਦੀ ਦੇ ਚਹੁੰ ਸਾਲਾਂ ਦੀ ਪ੍ਰਾਪਤੀ ਵਿਚ ਇਹ ਸ਼ਾਮਲ ਹੈ ਕਿ ਉਹਨੇ ਉਹ ਕਾਨੂੰਨ ਬਣਾ ਕੇ ਜਿਥੇ ਕਾਰਪੋਰੇਟੀ ਪੂੰਜੀ ਤੇ ਬੈਂਕਿੰਗ ਪੂੰਜੀ ਨੂੰ ਸੁਰੱਖਿਅਤ ਕਰ ਲਿਆ, ਉਥੇ ਲੋਕਾਈ ਦੀ ਬੈਂਕਿੰਗ ਖੇਤਰ ਵਿਚ ਪਈ ਬਚਤ ਰਾਸ਼ੀ ਨੂੰ ਹੜੱਪਣ ਲਈ ਵੀ ਰਾਹ ਸਾਫ਼ ਕਰ ਲਿਆ।

ਜਿਥੋਂ ਤੱਕ ਮੀਡੀਆ ਦਾ ਸਵਾਲ ਹੈ ਅਤੇ ਜਿਹਨੂੰ ਜਮਹੂਰੀਅਤ ਦਾ ਚੌਥਾ ਖੰਭਾ ਕਿਹਾ ਜਾਂਦਾ ਸੀ। ਦਾ ਚਿਹਰਾ ਪਿਛਲੇਰੇ ਚਾਰ ਸਾਲਾਂ ਵਿਚ ਇਉਂ ਸਾਹਮਣੇ ਆਇਆ ਹੈ ਕਿ ਇਹ ਦੁਨੀਆਂ 'ਚ ਸਭ ਤੋਂ ਘਟੀਆ ਮੀਡੀਆ ਸਾਬਤ ਹੋਇਆ ਹੈ। ਸਰਕਾਰ ਭੌਂਪੂ ਤੱਕ ਕਹਿਣਾ ਵੀ ਵੀਕ ਨਹੀਂ ਸਗੋਂ ਇਸ ਨੇ ਕਾਰਪੋਰੇਟ ਜੀ ਹਜ਼ੂਰੀ ਵਿਚ ਸਾਰੀਆਂ ਹੱਦਾਂ ਉਲੰਘ ਦਿੱਤੀਆਂ ਹਨ। ਮੋਦੀ ਸਰਕਾਰ ਦੇ ਦੌਰਾਨ ਮੀਡੀਆ ਘਰਾਣੇ ਵੀ ਮਨੌਪਲੀ ਦੇ ਰੂਪ ਵਿਚ ਉਭਰੇ ਹਨ ਅਤੇ ਉਦਯੋਗਿਕ ਘਰਾਣਿਆਂ ਵਲੋਂ ਮੀਡੀਆ ਸਮੂਹਾਂ ਦੇ ਸ਼ੇਅਰ ਖ੍ਰੀਦੇ ਨੇ ਉਨ੍ਹਾਂ ਉਤੇ ਅਧਿਕਾਰ ਜਮਾਇਆ ਜਾ ਰਿਹਾ ਹੈ। ਰਿਲਾਇੰਸ ਤੇ ਹੋਰ ਘਰਾਣੇ ਇਸ ਦੀ ਉਗੜਵੀਂ ਮਿਸਾਲ ਹਨ।

ਮੋਦੀ ਰਾਜ ਕਾਲ ਦੇ ਇਨ੍ਹਾਂ ਚਹੁੰ ਸਾਲਾਂ 'ਚ ਵਿਦੇਸ਼ੀ ਨਿਵੇਸ਼ ਮੇਕ ਇਨ ਇੰਡੀਆ ਸਕਿਲ ਇੰਡੀਆ ਆਦਿ ਆਦਿ ਦੇ ਭਰਮ ਪਾਊ ਜੁਮਲਿਆਂ ਦੇ ਬਾਵਜੂਦ ਆਰਥਿਕ ਵਿਕਾਸ ਦੀ ਦਰ 7.5 ਤੋਂ ਹੇਠਾਂ ਡਿੱਗ ਕੇ 5.5 ਤੱਕ ਪਹੁੰਚ ਗਈ ਹੈ। ਸਨਅਤੀ ਖੇਤਰ

ਵਿਚ ਖੜੋਤ, ਨੇ ਨਵੇਂ ਰੁਜ਼ਗਾਰਾਂ ਲਈ ਤਾਂ ਰਾਹ ਬੰਦ ਕਰ ਦਿੱਤਾ ਸਗੋਂ ਪੁਰਾਣੇ ਰੁਜ਼ਗਾਰ ਵੀ ਖੋਹੇ ਜਾ ਰਹੇ ਹਨ। ਉਧਰ ਸਰਕਾਰੀ ਖੇਤਰਾਂ ਵਿਚ ਸਿਹਤ, ਬਿਜਲੀ, ਰੇਲਵੇ, ਦੂਰ ਸੰਚਾਰ ਆਦਿ ਵਿਚ ਨਾ ਸਿਰਫ਼ ਨਵੀਂ ਭਰਤੀ ਬੰਦ ਕੀਤੀ ਗਈ ਹੈ ਸਗੋਂ ਪੁਰਾਣੀਆਂ ਆਸਾਮੀਆਂ ਵੀ ਖਤਮ ਕੀਤੀਆਂ ਗਈਆਂ ਹਨ। ਮੋਦੀ ਰਾਜ ਸਮੇਂ ਹਕੂਮਤ ਲੋਕਾਂ ਪ੍ਰਤੀ ਰਾਜ ਦੀ ਜ਼ਿੰਮੇਵਾਰੀ ਤੋਂ ਖਹਿੜਾ ਛੁਡਾਉਣ ਵਿਚ ਕਈ ਕਦਮ ਹੋਰ ਅੱਗੇ ਵਧੀ ਹੈ। ਉਧਰ ਕਿਸਾਨੀ ਦੀ ਤ੍ਰਾਸਦਿਕ ਹਾਲਤ ਆਪਣੀ ਸਿਖਰ ਉਤੇ ਪਹੁੰਚ ਗਈ ਹੈ। ਵਿਸ਼ੇਸ਼ ਕਰਕੇ ਦੇਸ਼ ਭਰ ਵਿਚ ਛੋਟੀ ਅਤੇ ਦਰਮਿਆਨੀ ਕਿਸਾਨੀ ਦੀ ਹਾਲਤ ਇਥੋਂ ਤੱਕ ਪਹੁੰਚ ਗਈ ਹੈ ਕਿ ਗ਼ੁਸੀ ਹੋਣ ਕਰਕੇ ਜਾਂ ਤਾਂ ਉਹ ਖੁਦਕੁਸ਼ੀ ਵੱਧ ਰਹੀ ਹੈ ਜਾਂ ਖੇਤੀ 'ਚੋਂ ਜ਼ਮੀਨ ਵੇਚ ਕੇ ਬਾਹਰ ਹੋ ਰਹੀ ਹੈ। ਹਰ ਸਾਲ ਲਗਭਗ 30 ਹਜ਼ਾਰ ਲੱਖ ਕਿਸਾਨ ਖੇਤੀ ਦੇ ਧੰਦੇ 'ਚੋਂ ਬਾਹਰ ਹੋ ਰਹੇ ਹਨ। ਉਧਰ ਖੇਤੀ ਸਨਅਤਾਂ ਉਪਯੋਗ ਸਨਅਤ ਮਿਸਾਲ ਵਜੋਂ ਪੈਸਟੀਸਾਈਜ਼, ਇਨਸੈਕਵੀ ਸਾਈਜ਼ ਫਰਟੇਲਾਈਜ਼ਰ ਤੇ ਟਰੈਕਟਰ ਆਦਿ ਸਨਅਤਾਂ ਦਾ ਮੁਨਾਫ਼ਾ 150 ਤੋਂ 300 ਗੁਣਾ ਤੱਕ ਵਧਿਆ ਹੈ। ਮੋਦੀ ਸਰਕਾਰ ਨੇ ਕਿਸਾਨਾਂ ਦੇ ਨਾਂ ਉਤੇ ਦਿੱਤੀ ਜਾ ਰਹੀ ਸਬਸਿਡੀ ਨੂੰ ਅਜਿਹੇ ਅਤੇ ਖੇਤੀ ਆਧਾਰਤ ਸਨਅਤਾਂ ਨੂੰ ਦੇਣ ਵਿਚ ਪਹਿਲੇ ਸਾਰਿਆਂ ਨਾਲੋਂ ਹੋਰ ਰਾਹ ਮੋਕਲੇ ਕਰ ਦਿੱਤੇ ਹਨ। ਛੋਟੀਆਂ ਇਕਾਈਆਂ ਤੇ ਹੋਰ ਕਾਰੋਬਾਰ ਪਹਿਲਾਂ ਹੀ ਸੰਕਟ 'ਚ ਚਲੇ ਆ ਰਹੇ ਸਨ। ਮੋਦੀ ਸਰਕਾਰ ਦੇ ਜੀ. ਐਸ. ਟੀ. ਲਾਗੂ ਕਰਨ ਪਿਛੋਂ ਹੋਰ ਸੰਕਟ ਦੀ ਗ੍ਰਿਫ਼ਤ ਫਸੇ ਅਤੇ ਤਬਾਹ ਹੋ ਰਹੇ ਹਨ ਉਧਰ ਹਰ ਖੇਤਰ ਵਿਚ ਹੀ ਪੂੰਜੀ ਦੇ ਕਾਰਪੋਰੇਟੀ ਗਰੁੱਪ ਵੱਧ ਫੁੱਲ ਰਹੇ ਹਨ। ਮਿਸਾਲ ਵਜੋਂ ਮੁਦਰਾ ਖੇਤਰ 'ਚ ਛੋਟੇ ਕਾਰੋਬਾਰੀਆਂ ਦੀ ਥਾਂ ਤੇਜ਼ੀ ਨਾਲ ਮਾਲ ਵੱਡੇ ਹੋਣ ਜੋ ਪੂੰਜੀਪਤੀ ਘਰਾਣਿਆਂ ਵਲੋਂ ਚਲਾਏ ਜਾ ਰਹੇ ਹਨ, ਨੇ ਲੈ ਲਈ ਹੈ। ਬੇਰੁਜ਼ਗਾਰਾਂ ਦੀ ਫੌਜ 'ਚ ਉੜਕਾਂ ਦਾ ਵਾਧਾ ਹੋਇਆ ਹੈ। ਮੋਦੀ ਦੀ ਹਕੂਮਤ ਨੇ ਜਿਹੜੇ ਦੋ ਕਰੋੜ ਨੌਜਵਾਨਾਂ ਨੂੰ ਹਰ ਸਾਲ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਸੀ, ਉਨ੍ਹਾਂ 'ਚੋਂ ਤਿੰਨ ਸਾਲ ਵਿਚ ਸਿਰਫ਼ ਪੰਜ ਲੱਖ ਹੀ ਰੁਜ਼ਗਾਰ ਸੰਭਵ ਹੋਏ ਹਨ। ਪੰਜ 'ਬਲੂਮ ਵਰਗ' ਦੇ ਅਧਿਐਨ ਮੁਤਾਬਕ ਭਾਰਤ ਵਿਚ ਬੇਰੁਜ਼ਗਾਰੀ ਦੀ ਦਰ 8 ਫੀਸਦੀ ਤੱਕ ਪਹੁੰਚ ਗਈ ਹੈ। ਇਸੇ ਵਿਸ਼ਾਲ ਬੇਰੁਜ਼ਗਾਰ ਨੌਜਵਾਨਾਂ ਦੀ ਫੌਜ ਨੂੰ ਧਰਮਾਂ ਜਾਤਾਂ ਤੇ ਕਬੀਲਿਆਂ 'ਚ ਵੰਡ ਕੇ ਹੱਥਾਂ 'ਚ ਫਿਰਕੂ ਜਨੂੰਨ ਤੇ ਜਾਤੀਵਾਦ ਦੇ ਹਥਿਆਰ ਤ੍ਰਿਸੂਲ ਫੜਾ ਕੇ ਭਗਵੇਂ ਤੇ ਕੌਮੀਸ਼ਾਵਨਵਾਦ ਹੇਠ ਤਿਰੰਗੇ ਫੜਾ ਕੇ ਭਰਾ ਮਾਰ ਲੜਾਈ 'ਚ ਉਲਝਾਉਣ ਦੀ ਸਫ਼ਲ ਖੇਡ ਖੇਡੀ ਹੈ। ਇਹੋ ਮੋਦੀ ਤੇ ਸੰਘੀ ਸਰਕਾਰ ਦੀ ਮੁੱਖ ਪ੍ਰਾਪਤੀ ਹੈ।

ਮੋਦੀ ਦੇ ਰਾਜ ਕਾਲ 'ਚ ਕਸ਼ਮੀਰ ਦੀ ਸਮੱਸਿਆ ਹੋਰ ਵਿਰਾਟ ਹੋਈ ਹੈ। ਜਿਹੜੀ ਖੂਨ ਦੀ ਖੇਡ ਪਹਿਲਾਂ ਤੋਂ ਖੇਡੀ ਜਾ ਰਹੀ ਸੀ ਮੋਦੀ ਰਾਜ ਕਾਲ ਵਿਚ ਉਹਦੇ 'ਚ ਬਹੁਤ ਤੇਜ਼ੀ ਆਈ ਹੈ। ਫੌਜ ਤੇ ਗੋਲੀ ਨਾਲ ਸਮੱਸਿਆ ਹੱਲ ਕਰਨ ਨੇ ਹਾਲਤ ਇਥੇ ਪਹੁੰਚਾ ਦਿੱਤੇ ਹਨ ਕਿ ਰਾਜ ਭਾਗ 'ਚ ਸ਼ਾਮਲ ਪੀ.ਡੀ.ਪੀ. ਤੇ ਮਹਿਬੂਬਾ ਜਿਹਨੇ ਬੀ. ਜੇ. ਪੀ. ਦੀਆਂ ਨੀਤੀਆਂ ਲਾਗੂ ਕਰਨ 'ਚ ਖੁੱਲ੍ਹਾ ਸਮਰਥਨ ਦਿੱਤਾ ਸੀ ਦੇ ਛੋਟੇ ਜਿਹੇ ਰੋਸ ਨੂੰ ਵੀ ਬਰਦਾਸ਼ਤ ਨਹੀਂ ਕਰ ਸਕੀ। ਬੀ. ਜੇ. ਪੀ. ਦਾ ਦੋਗਲਾ ਚਿਹਰਾ ਹੀ ਸੀ ਕਿ ਜਿਹੜੀ ਪੀ. ਡੀ. ਪੀ. ਨੂੰ ਦੇਸ਼ਧ੍ਰੋਹੀ ਤੇ ਪਾਕਿਸਤਾਨ ਪੱਖੀ ਕਹਿੰਦੀ ਸੀ ਉਸੇ ਨਾਲ ਤਿੰਨ ਸਾਲ ਇਕੱਠਿਆਂ ਬਹਿ ਕੇ ਕਸ਼ਮੀਰੀਆਂ ਉਤੇ ਤਸ਼ੱਦਦ ਕੀਤਾ। ਹੁਣ ਉਸੇ ਤੋਂ ਕਿਨਾਰਾ ਕਰਕੇ ਕਹਿ ਰਹੀ ਹੈ ਕਿ ਇਹਨੇ ਅੱਤਵਾਦ ਵਧਾਉਣ 'ਚ ਭੂਮਿਕਾ ਨਿਭਾਈ। ਕਸ਼ਮੀਰ 'ਚ 'ਅੱਤਵਾਦ' ਦੇ ਪਲਰ ਪਸਰਨ ਲਈ ਦੀ ਜ਼ਮੀਨ ਤਿਆਰ ਕਰਨ ਵਿਚ ਕੀ ਭਾਰਤ ਸਰਕਾਰ ਦੀਆਂ ਨੀਤੀਆਂ 'ਤੇ ਪਹੁੰਚ ਦਾ ਰੋਲ ਨਹੀਂ ਸੀ ਜਿਸ ਨੂੰ ਬੀ. ਜੇ. ਪੀ. ਨੇ ਹੋਰ ਤੇਜ਼ੀ ਨਾਲ ਲਾਗੂ ਕੀਤਾ। ਦਰਅਸਲ ਰਾਜ ਹਰ ਖਿੱਤੇ ਵਿਚ ਅਵਿਸ਼ਵਾਸ ਅਤੇ ਗੜਬੜ ਵਾਲਾ ਮਾਹੌਲ ਪੈਦਾ ਕਰਨ ਅਤੇ ਉਸ ਨੂੰ ਵਿਸਥਾਰ ਦੇਣ ਦੀ ਸੁਚੇਤ ਭੂਮਿਕਾ ਨਿਭਾਉਂਦਾ ਹੈ ਅਤੇ ਕਸ਼ਮੀਰ ਵਿਚ ਵੀ ਪਿਛਲੇਰੇ ਚਾਰ ਸਾਲ ਵਿਚ ਇਹੋ ਕੁਝ ਮੋਦੀ ਹਕੂਮਤ ਨੇ ਕੀਤਾ ਤੇ ਅਜੇ ਵੀ ਕਰ ਰਹੀ ਹੈ। ਰਾਜ ਵਲੋਂ ਗੋਲੀ ਤੇ ਖੂਨੀ ਹੋਲੀ ਖੇਡਣ ਬਲਾਤਕਾਰ ਅਤੇ ਫਰਜ਼ੀ ਮੁਕਾਬਲਿਆਂ 'ਚ ਆਗੂ ਮਾਰਨ ਅਤੇ ਉਭਰਦੇ ਆਗੂਆਂ ਨੂੰ ਲੇਖਕਾਂ ਚਿੰਤਕਾਂ ਨੂੰ ਪਰਦੇ ਪਿਛਿਓਂ ਮਰਵਾਉਣ ਦੀ ਗੰਦੀ ਖੇਡ ਅਤਿ ਖਤਰਨਾਕ ਹੈ ਜਿਹੜੀ ਖੇਡਣ ਵਿਚ ਬੀ. ਜੇ. ਪੀ. ਤੇ ਸੰਘੀ ਅਤਿ ਮਾਹਿਰ ਹਨ। ਚਹੁੰ ਸਾਲਾਂ 'ਚ ਕਸ਼ਮੀਰ ਵਿਚ ਬੀ. ਜੇ. ਪੀ. ਨੇ ਇਹੋ ਕੁਝ ਹੀ ਕੀਤਾ ਹੈ।

ਇਧਰ ਦੇਸ਼ ਦੇ ਕੌਮੀ ਵਸੀਲਿਆਂ ਨੂੰ ਵਿਦੇਸ਼ ਤੇ ਦੇਸੀ ਕਾਰਪੋਰੇਟੀ ਪੂੰਜੀ ਨੂੰ ਕੁੱਟਣ ਦੀ ਖੁੱਲ੍ਹੀ ਛੁੱਟੀ ਦੇਣ 'ਚ ਮੋਦੀ ਸਰਕਾਰ ਪਹਿਲਾਂ ਨਾਲੋਂ ਕਈ ਕਦਮ ਅੱਗੇ ਵਧੀ ਹੈ। ਉੜੀਸਾ ਝਾਰਖੰਡ ਛਤੀਸ਼ਗੜ੍ਹ ਬਿਹਾਰ, ਮੱਧ ਪ੍ਰਦੇਸ਼ ਦੇਉਹ ਜੰਗਲੀ ਤੇ ਪਹਾੜੀ ਇਲਾਕਿਆਂ ਨੂੰ ਜਿਨ੍ਹਾਂ ਵਲੋਂ ਜਿਨ੍ਹਾਂ ਵੱਲ ਪਿਛਲੇਰੇ 70 ਸਾਲ ਤੋਂ ਕੋਈ ਧਿਆਨ ਨਹੀਂ ਦਿੱਤਾ ਗਿਆ ਅਤੇ ਜਿਸ ਜ਼ਮੀਨ ਹੇਠ ਅਥਾਹ ਕੁਦਰਤੀ ਸੋਮੇ ਹਨ, ਨੂੰ ਕਾਰਪੋਰੇਟੀ ਪੂੰਜੀ ਨੂੰ ਅਲਾਟ ਕਰ ਦਿੱਤਾ ਸੀ ਅਤੇ ਹੁਣ ਉਥੇ ਵੱਸ ਕੇ ਆਦਿਵਾਸੀ ਲੋਕਾਂ ਨੂੰ ਉਜਾੜਨ ਦੀ ਮੁਹਿਮ ਪਹਿਲਾਂ ਨਾਲੋਂ ਕਈ ਗੁਣਾ ਤੇਜ਼ ਕਰ ਦਿੱਤੀ ਹੈ। ਸਦੀਆਂ ਤੋਂ ਉਸ ਜੰਗਲੀ ਪਹਾੜੀ ਇਲਾਕਿਆਂ ਵਿਚ ਵਸਦੇ ਲੋਕ ਜੇ ਆਪਣੀ ਭੂਮਿਕਾ ਤੇ ਜਿਊਣ ਦੀ ਸੁਰੱਖਿਆ ਲਈ ਸਰਕਾਰ ਦੀ ਇਸ ਨੀਤੀ ਦਾ ਵਿਰੋਧ ਕਰਦੇ ਹਨ ਤਾਂ ਉਨ੍ਹਾਂ ਦੇ ਪਿੰਡਾਂ ਨੂੰ ਨਾ ਸਿਰਫ਼ ਉਜਾੜਿਆ ਜਾ ਰਿਹਾ ਹੈ ਸਗੋਂ ਥੋਕ 'ਚ ਗੋਲੀਆਂ ਨਾਲ ਭੁੰਨਣ ਦਾ ਕੰਮ ਵੀ ਮੋਦੀ ਸਰਕਾਰ ਨੇ ਪਹਿਲਾਂ ਨਾਲੋਂ ਤੇਜ਼ ਕੀਤਾ ਹੈ। ਪਿਛਲੇ ਦਿਨੀਂ ਗੜ੍ਹਾਚਿਰੋਲੀ ਇਲਾਕੇ 'ਚ 40 ਤੋਂ ਵੱਧ ਨਿਹੱਥੇ ਆਦਿਵਾਸੀਆਂ ਨੂੰ ਗੋਲੀਆਂ ਨਾਲ ਭੁੰਨ ਕੇ ਮਾਓਵਾਦੀ ਮੁਕਾਬਲਿਆਂ ਹਊਆ ਬਣਾ ਕੇ ਦੇਸ਼ ਦੇ ਆਵਾਮ ਅੱਗੇ ਪਰੋਸਿਆ ਜਾ ਰਿਹਾ ਹੈ।

ਮੋਦੀ ਹਕੂਮਤ ਹੇਠ ਕਿਸੇ ਵੀ ਖੇਤਰ ਵਿਚ ਆਪਣੇ ਹੱਕਾਂ ਲਈ ਲੜ ਰਹੇ ਲੋਕਾਂ ਨੂੰ ਫਰਜ਼ੀ ਮੁਕਾਬਲਿਆਂ 'ਚ ਮਾਰਨ, ਵਿਰੋਧ ਨੂੰ ਦਬਾਉਣ ਲਈ ਪੁਲਿਸ, ਨੀਮ ਫੌਜੀ ਬਲਾਂ ਤੇ ਫੌਜੀ ਬਲਾਂ ਦੀ ਖੁਸੀ ਵਰਤੋਂ ਵਿਚ ਤੇਜ਼ੀ ਆਈ ਹੈ। ਸੰਵਿਧਾਨ ਤੇ ਕੌਮਾਂਤਰੀ ਨਾਗਰਿਕ ਅਧਿਕਾਰ ਦੇ ਮਾਪ ਦੰਡਾਂ ਨੂੰ ਛਿੱਕੇ ਟੰਗ ਕੇ ਮੋਦੀ ਸਰਕਾਰ ਕਿਸੇ ਵੀ ਕਿਸਮ ਦੇ ਵਿਰੋਧ ਨੂੰ ਬਰਦਾਸ਼ਤ ਕਰਨ ਨੂੰ ਤਿਆਰ ਹੀ ਨਹੀਂ। ਯੂ. ਪੀ. ਦੀ ਮਿਸਾਲ ਲਈਏ ਤਾਂ ਇਥੇ ਪਿਛਲੇਰੇ ਸਮੇਂ 'ਚ ਲਗਭਗ 1250 ਫਰਜ਼ੀ ਮੁਕਾਬਲਿਆਂ 'ਚ 50 ਲੋਕਾਂ ਦੀ ਮੌਤ 1300 ਦੇ ਕਰੀਬ ਜ਼ਖ਼ਮੀ ਅਤੇ ਹਜ਼ਾਰਾਂ ਨੂੰ ਜੇਲ੍ਹਾਂ 'ਚ ਸੁੱਟਿਆ ਗਿਆ ਹੈ ਜਿਸ 'ਚ ਮੁੱਖ ਤੌਰ 'ਤੇ ਮੁਸਲਮਾਨ ਅਤੇ ਦਲਿਤ ਹੀ ਹਨ। ਰਾਜ ਦਾ ਇਹ ਮਾਡਲ ਮੋਦੀ ਤੇ ਸੰਘੀ ਹਕੂਮਤ ਸਿਰਜਨ ਵਿਚ ਸਫ਼ਲ ਰਹੀ ਹੈ।

ਉਧਰ ਸੰਵਿਧਾਨ ਨੂੰ ਬਦਲਣ ਦੇ ਨਾਂ ਹੇਠ ਮੋਦੀ ਰਾਜ ਸਮੇਂ ਲਗਭਗ 1300 ਪੁਰਾਣੇ ਕਾਨੂੰਨਾਂ ਨੂੰ ਜਾਂ ਤਾਂ ਰੱਦ ਕਰ ਦਿੱਤਾ ਹੈ ਜਾਂ ਬਦਲ ਦਿੱਤਾ ਹੈ। ਇਸ ਦੀ ਸਭ ਤੋਂ ਵੱਡੀ ਮਾਰ ਕਿਰਤੀ ਵਰਗ ਉਤੇ ਪਈ ਹੈ। ਉਨ੍ਹਾਂ ਦੇ ਸੰਵਿਧਾਨਕ ਅਧਿਕਾਰਾਂ ਨੂੰ ਖੋਹਣ ਵਿਚ ਮੋਦੀ ਸਰਕਾਰ ਨੇ ਪਹਿਲਾਂ ਨਾਲੋਂ ਕਈ ਗੁਣਾਂ ਅੱਗੇ ਵਧ ਕੇ ਕੰਮ ਕੀਤਾ ਹੈ। ਕਿਰਤੀਆਂ ਦੇ ਅਧਿਕਾਰਾਂ ਨੂੰ ਛਾਂਗ ਦਿੱਤਾ ਹੈ। ਲਿਖਣ ਬੋਲਣ ਦੀ ਆਜ਼ਾਦੀ ਤੋਂ ਲੈ ਕੇ ਨਾਗਰਿਕ ਦੀ ਆਜ਼ਾਦੀ ਉਤੇ ਹਕੂਮਤ ਦੀ ਚਾਬੁਕ ਮਜਬੂਤ ਕਰਨ 'ਚ ਮੋਦੀ ਸਰਕਾਰ ਨੇ ਅਹਿਮ ਪ੍ਰਾਪਤੀ ਕੀਤੀ ਹੈ।

ਜੇ ਪਿਛਲੇ ਚਹੁੰ ਸਾਲਾਂ ਵਿਚ ਤਰੱਕੀ ਹੋਈ ਹੈ ਇਹ ਕਿ ਕਾਰਪੋਰੇਟੀ ਏਕਾ ਅਧਿਕਾਰਵਾਦੀ ਪੂੰਜੀ ਦਾ ਦਬਦਬਾ ਮਜਬੂਤ ਹੋਇਆ ਹੈ। ਇਨ੍ਹਾਂ ਮੁੱਠੀ ਭਰ ਘਰਾਣਿਆਂ ਦੀ ਪੂੰਜੀ 300 ਗੁਣਾਂ ਤੋਂ ਵੱਧ ਦੇ ਹਿਸਾਬ ਨਾਲ ਵਧੀ ਹੈ। ਹਰ ਹਫ਼ਤੇ ਇਕ ਨਵਾਂ ਅਰਬਪਤੀ ਉਗ ਰਿਹਾ ਹੈ। ਦੇਸ਼ ਦੀ ਕੁੱਲ ਸੰਪਤੀ ਦਾ ਲਗਭਗ 60 ਫੀਸਦੀ ਮੁੱਠੀ ਭਰ ਘਰਾਣਿਆਂ ਦੇ ਹੱਥਾਂ 'ਚ ਕੇਂਦਰਤ ਹੋਇਆ ਹੈ। ਅਮੀਰੀ ਤੇ ਗਰੀਬੀ ਦਾ ਪਾੜਾ ਵਧਿਆ ਹੈ। ਰਾਜਾ ਨਾ ਸਿਰਫ਼ ਤਾਨਾਸ਼ਾਹ ਹੋਇਆ ਹੈ। ਸਗੋਂ ਹਿੰਦੂਤਵੀ ਫਿਰਕਾਪ੍ਰਸਤਾਂ ਦੇ ਫਾਸ਼ੀਵਾਦੀ ਮਨਸੂਬਿਆਂ ਨੂੰ ਅੱਗੇ ਵਧਾਉਣ ਵਿਚ ਸਹਾਇਕ ਭੂਮਿਕਾ ਨਿਭਾ ਰਿਹਾ ਹੈ। ਵਿਦਿਆ ਤੇ ਸਿਹਤ ਸਹੂਲਤਾਂ ਤੋਂ ਆਮ ਲੋਕਾਈ ਨੂੰ ਵਾਂਝਾ ਕਰਦਿਆਂ ਲੋਕਾਂ ਨੂੰ ਉਨ੍ਹਾਂ ਦੇ ਆਪਣੇ ਰਹਿਮੋਕਰਮ ਉਤੇ ਸੁੱਟ ਦਿੱਤਾ ਗਿਆ ਹੈ ਅਤੇ ਕਾਰਪੋਰੇਟੀ ਪੂੰਜੀ ਵੇਕਾਂਤਾ ਕੰਪਨੀ ਦੀ ਸੇਵਾ ਲਈ ਤੂਤੀ ਕੋਰਿਨ ਵਰਗੇ ਯੋਜਨਾਬੱਧ ਤੇ ਚਿੰਨਤ ਕਰਕੇ ਕੀਤੇ ਕਤਲੇਆਮ ਕਰਨ ਤੱਕ ਪਹੁੰਚ ਗਿਆ ਹੈ।

ਬਹੁਤੇਰੇ ਇਹ ਭਰਮ ਪਾਈ ਬੈਠੇ ਹਨ ਕਿ 2019 ਵਿਚ ਚੋਣਾਂ ਸਮੇਂ ਲੋਕਾਂ ਦੀ ਬੇਚੈਨੀ ਤੇ ਗੁੱਸਾ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰ ਦੇਵੇਗਾ ਤਾਂ ਸ਼ਾਇਦ ਪਹਿਲੇ ਦਿਨ ਮੁੜ ਆਉਣ ਪਰ ਯਾਦ ਰੱਖਣਯੋਗ ਹੈ ਕਿ 'ਅੱਛੇ ਦਿਨਾਂ ਦੇ ਖਿਲਾੜੀ' ਵਲੋਂ ਜਿਹੜੇ ਜ਼ਹਿਰੀ ਕੰਡੇ ਹਰ ਪਾਸੇ ਬੀਜ ਦਿੱਤੇ ਗਏ ਹਨ, ਇਨ੍ਹਾਂ ਨੂੰ ਪਾਸੇ ਕਰਕੇ ਇਕ ਸਾਫ਼ ਸੁਥਰਾ ਸਮਾਜ ਉਸਾਰਨ ਦੀ ਸਮਰੱਥ ਕਿਸੇ ਵੀ ਪਾਰਲੀਮੈਂਟਰੀ ਪਾਰਟੀ ਕੋਲ ਨਾ ਹੈ ਅਤੇ ਨਾ ਹੋ ਸਕਦੀ ਹੈ। ਸੋ ਇਸ ਕਾਰਪੋਰੇਟੀ ਅਤੇ ਸਾਮਰਾਜੀ ਪੂੰਜੀ ਵਲੋਂ ਪਾਲੇ ਹਿੰਦੂਤਦ ਕੱਟੜਵਾਦ ਤੇ ਰਾਜ ਦੇ ਤਾਨਾਸ਼ਾਹ ਫਾਸ਼ੀਵਾਦੀ ਚਰਿਤਰ ਨੂੰ ਸਿਰਫ਼ ਤੇ ਸਿਰਫ਼ ਵਿਸ਼ਾਲ ਕਿਰਤੀ ਆਵਾਮ ਦੀ ਸਮੂਹਿਕ ਲਾਮਬੰਦੀ ਹੀ ਠੱਲ੍ਹ ਪਾ ਸਕਦੀ ਹੈ ਅਤੇ ਬਦਲ ਸਕਦੀ ਹੈ। ਇਹੋ ਭਾਰਤ ਦੇ ਲੋਕਾਂ ਸਾਹਮਣੇ ਮੁੱਖ ਚੁਣੌਤੀ ਹੈ। ਕਾਰਪੋਰੇਟੀ ਪੂੰਜੀ ਤੇ ਹਿੰਦੂਤਵੀ ਫਾਸ਼ੀਵਾਦੀ ਗਠਜੋੜ ਨੂੰ ਢਹਿਢੇਰੀ ਕਰਨ ਲਈ ਮਿਹਨਤਕਸ਼ ਲੋਕਾਂ ਨੂੰ ਇਕੱਠੇ ਹੋਣਾ ਪਵੇਗਾ ਇਹ ਸਮੇਂ ਦੀ ਮੁੱਖ ਲੋੜ ਹੈ।

# ਜਮਹੂਰੀ ਸ਼ਖਸੀਅਤਾਂ ਦੀ ਜ਼ੁਬਾਨਬੰਦੀ ਕਰਨ ਅਤੇ ਹਿੰਦੂਤਵੀ ਸਾਜ਼ਿਸ਼ ਤੇ ਮੋਦੀ ਸਰਕਾਰ ਦੀਆਂ ਨਾਕਾਮੀਆਂ ਤੋਂ ਧਿਆਨ ਹਟਾਉਣ ਲਈ ਉਨ੍ਹਾਂ ਨੂੰ ਫਰਜ਼ੀ ਮਾਮਲੇ ਵਿਚ ਫਸਾਇਆ ਗਿਆ : ਗੌਤਮ ਨਵਲੱਖਾ

*ਗੜ੍ਹਚਿਰੌਲੀ ਵਿਚ ਆਦਿਵਾਸੀਆਂ ਤੇ ਮਾਓਵਾਦੀਆਂ ਅਤੇ ਤਾਮਿਲਨਾਡੂ ਵਿਚ ਮੁਜ਼ਾਹਰਾਕਾਰੀਆਂ ਦੇ ਵਹਿਸ਼ੀ ਕਤਲੇਆਮ ਵਿਰੁੱਧ ਜਮਹੂਰੀ ਅਧਿਕਾਰ ਸਭਾ ਵੱਲੋਂ ਕਨਵੈਨਸ਼ਨ ਆਯੋਜਤ*






ਲੁਧਿਆਣਾ: "ਇਸ ਵਕਤ ਦੇਸ਼ ਬਹੁਤ ਹੀ ਖ਼ਤਰਨਾਕ ਹਾਲਾਤ ਵਿੱਚੋਂ ਗੁਜ਼ਰ ਰਿਹਾ ਹੈ ਜਿਥੇ ਕਾਨੂੰਨ ਅਤੇ ਅਦਾਲਤੀ ਪ੍ਰਬੰਧ ਖੁੱਲ੍ਹੇਆਮ ਕਾਰਪੋਰੇਟ ਅਤੇ ਹਾਕਮ ਜਮਾਤ ਦੇ ਗੱਠਜੋੜ ਦੇ ਹੱਕ ਵਿਚ ਭੁਗਤ ਰਿਹਾ ਹੈ ਅਤੇ ਜਮਹੂਰੀ ਤਾਕਤਾਂ ਨੂੰ ਇਕ ਸਾਜਿਸ਼ ਤਹਿਤ ਝੂਠੇ ਕੇਸਾਂ ਵਿਚ ਫਸਾਕੇ ਜੇਲ੍ਹਾਂ ਵਿਚ ਸਾੜਿਆ ਰਿਹਾ ਹੈ।" ਇਹ ਵਿਚਾਰ ਅੱਜ ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਲੁਧਿਆਣਾ ਜ਼ਿਲ੍ਹਾ ਇਕਾਈ ਵੱਲੋਂ ਗੜ੍ਹਚਿਰੌਲੀ (ਮਹਾਰਾਸ਼ਟਰ) ਵਿਚ 40 ਦੇ ਕਰੀਬ ਮਾਓਵਾਦੀਆਂ ਤੇ ਆਦਿਵਾਸੀਆਂ ਨੂੰ ਝੂਠੇ ਪੁਲਿਸ ਮੁਕਾਬਲੇ ਬਣਾਕੇ ਕਤਲ ਕਰਨ ਦਾ ਵਿਰੋਧ ਕਰਨ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕਰਦੇ ਹੋਏ ਸਥਾਨਕ ਪੰਜਾਬੀ ਭਵਨ ਲੁਧਿਆਣਾ ਵਿਖੇ ਆਯੋਜਤ ਕੀਤੀ ਵਿਸ਼ਾਲ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਕਨਵੈਨਸ਼ਨ ਦੇ ਮੁੱਖ ਬੁਲਾਰੇ ਮਾਰਕਸਵਾਦੀ ਚਿੰਤਕ ਅਤੇ ਉੱਘੇ ਜਮਹੂਰੀ ਕਾਰਕੁੰਨ ਗੌਤਮ ਨਵਲੱਖਾ ਅਤੇ ਸਭਾ ਦੇ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਨੇ ਪ੍ਰਗਟ ਕੀਤੇ। ਕਨਵੈਨਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਦੋਨਾਂ ਮੁੱਖ ਵਕਤਾਵਾਂ ਦੇ ਨਾਲ ਨਾਲ ਸੂਬਾ ਪ੍ਰਧਾਨ ਪ੍ਰੋਫੈਸਰ ਏ.ਕੇ.ਮਲੇਰੀ, ਐਡਵੋਕੇਟ ਦਲਜੀਤ ਸਿੰਘ, ਨਰਭਿੰਦਰ ਅਤੇ ਮਲਕੀਤ ਕੌਰ ਸ਼ੁਸ਼ੋਭਿਤ ਸਨ।

ਗੜ੍ਹਚਿਰੌਲੀ ਵਿਚ ਆਦਿਵਾਸੀਆਂ ਅਤੇ ਮਾਓਵਾਦੀਆਂ ਦੀ ਫਰਜ਼ੀ ਪੁਲਿਸ ਮੁਕਾਬਲਿਆਂ ਵਿਚ ਹੱਤਿਆਵਾਂ ਦੀ ਚਰਚਾ ਕਰਦਿਆਂ ਮੁੱਖ ਬੁਲਾਰਿਆਂ ਨੇ ਕਿਹਾ ਕਿ ਹਥਿਆਰਬੰਦ ਦਸਤੇ ਉੱਥੇ ਅੰਡਰ ਬੈਰਲ ਗਰਨੇਡ ਲਾਂਚਰ (ਯੂ ਬੀ ਜੀ ਐੱਲ) ਅਤੇ ਮੋਰਟਰ ਵਰਗੇ ਉਹ ਆਧੁਨਿਕ ਹਥਿਆਰ ਵਰਤਕੇ ਲੋਕਾਂ ਦਾ ਕਤਲੇਆਮ ਕਰ ਰਹੇ ਹਨ ਜਿਹੜੇ ਕਿ ਭਾਰਤੀ ਫ਼ੌਜ ਵਲੋਂ ਸਰਹੱਦ 'ਤੇ ਦੇਸ਼ ਦੇ ਦੁਸ਼ਮਣਾਂ ਨਾਲ ਲੜੀ ਜਾਂਦੀ ਜੰਗ ਦੌਰਾਨ ਵਰਤੇ ਜਾਂਦੇ ਹਨ। "ਆਪਰੇਸ਼ਨ ਸਮਾਧਨ" ਅਧੀਨ ਸੀ ਆਰ ਪੀ ਐੱਫ. ਅਤੇ ਇਸ ਦੀ ਸੀ-60 ਬਟਾਲੀਅਨ ਨੂੰ ਵਿਸ਼ੇਸ਼ ਸਿਖਲਾਈ ਦੇ ਕੇ ਛਾਪਾਮਾਰ ਯੁੱਧ ਨੂੰ ਕੁਚਲਣ ਲਈ ਨੂੰ ਭੇਜਿਆ ਗਿਆ ਹੈ ਅਤੇ ਉਨ੍ਹਾਂ ਨੂੰ ਉੱਥੇ ਸਰਚ ਆਪ੍ਰੇਸ਼ਨ ਕਰਕੇ ਆਦਿਵਾਸੀਆਂ ਨੂੰ ਗੋਲੀਆਂ ਨਾਲ ਭੁੰਨਣ ਲਈ ਤਾਇਨਾਤ ਕੀਤਾ ਗਿਆ ਹੈ। ਬਾਈ ਤੇਈ ਤੇ ਚੌਵੀ ਅਪਰੈਲ ਦੇ ਵਹਿਸ਼ੀ ਕਤਲੇਆਮ ਇਸੇ ਨੀਤੀ ਤਹਿਤ ਬਣਾਏ ਝੂਠੇ ਮੁਕਾਬਲੇ ਹਨ। ਕਾਰਪੋਰੇਟ ਹਿਤੈਸ਼ੀ ਅਖਾਉਤੀ ਵਿਕਾਸ ਮਾਡਲ ਉੱਪਰ ਸਵਾਲੀਆ ਚਿੰਨ੍ਹ ਲਾਉਂਦਿਆਂ ਉਹਨਾਂ ਕਿਹਾ ਕਿ ਜੰਗਲ ਕਬਾਇਲੀ ਲੋਕਾਂ ਦੀ ਜੀਵਨ ਰੇਖਾ ਹਨ ਤੇ ਜੰਗਲ ਦੇ ਉਜਾੜੇ ਦਾ ਮਤਲਬ ਆਦਿਵਾਸੀ ਲੋਕਾਂ ਲਈ ਜ਼ਿੰਦਗੀ ਮੌਤ ਦਾ ਸਵਾਲ ਹੈ। ਭਾਰਤੀ ਰਾਜ ਆਪਣੇ ਹੀ ਲੋਕਾਂ ਦਾ ਕਤਲੇਆਮ ਕਰ ਕੇ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਅਤੇ ਆਦਿਵਾਸੀਆਂ ਤੇ ਜੰਗਲ ਸੰਬੰਧੀ ਕਾਨੂੰਨਾਂ ਦੀ ਉਲੰਘਣਾ ਕਰ ਰਿਹਾ ਹੈ।

ਤੂਤੀਕੋਰੀਨ ਤਾਮਿਲਨਾਡੂ ਵਿਚ ਵਾਤਾਵਰਣ ਦੀ ਭਿਆਨਕ ਤਬਾਹੀ ਲਈ ਜ਼ਿੰਮੇਵਾਰ ਵੇਦਾਂਤ ਸਮੂਹ ਦੀ ਸਟਰਲਾਈਟ ਕੰਪਨੀ ਦੀਆਂ ਮਨਮਾਨੀਆਂ ਵਿਰੁੱਧ ਸੰਘਰਸ਼ ਕਰ ਰਹੇ ਨਿਹੱਥੇ ਅਤੇ ਸ਼ਾਂਤਮਈ ਮੁਜ਼ਾਹਰਕਾਰੀਆਂ ਨੂੰ ਜਿਵੇਂ ਪੁਲਿਸ ਨੇ ਜੱਲਿਆਂਵਾਲਾ ਬਾਗ਼ ਦੀ ਤਰਜ਼ 'ਤੇ ਗੋਲੀਆਂ ਨਾਲ ਭੁੰਨਿਆ ਉਸਤੋਂ ਇਕ ਵਾਰ ਫਿਰ ਇਹ ਸਾਬਤ ਹੋ ਗਿਆ ਕਿ ਭਾਰਤੀ ਰਾਜ ਮਸ਼ੀਨਰੀ ਅਤੇ ਇਸਦੀ ਪੁਲਿਸ ਕਾਰਪੋਰੇਟ ਸਰਮਾਏਦਾਰੀ ਦੇ ਨਿੱਜੀ ਮਾਫ਼ੀਆ ਗਰੋਹ ਦੀ ਭੂਮਿਕਾ ਨਿਭਾ ਰਹੇ ਹਨ।

ਪਿਛਲੇ ਦਿਨੀਂ ਪੰਜ ਜਮਹੂਰੀ ਕਾਰਕੰਨਾਂ - ਸੁਧੀਰ ਢਾਵਲੇ, ਐਡਵੋਕੇਟ ਸੁਰਿੰਦਰ ਗਾਡਲਿੰਗ, ਪ੍ਰੋਫੈਸਰ ਸ਼ੋਮਾ ਸੇਨ, ਰੋਨਾ ਵਿਲਸਨ ਅਤੇ ਮਹੇਸ਼ ਰਾਵਤ - ਨੂੰ ਪ੍ਰਧਾਨ ਮੰਤਰੀ ਦੀ ਹੱਤਿਆ ਦੀ ਸਾਜਿਸ਼ ਦੇ ਇਲਜ਼ਾਮ ਤਹਿਤ ਗ੍ਰਿਫ਼ਤਾਰ ਕਰਨ ਦੀ ਚਰਚਾ ਕਰਦਿਆਂ ਉਹਨਾਂ ਕਿਹਾ ਕਿ ਇਹ ਭੀਮਾ ਕੋਰੇਗਾਓਂ ਵਿਚ ਦਲਿਤ ਵਿਰੋਧੀ ਹਿੰਸਾ ਲਈ ਜ਼ਿੰਮੇਵਾਰ ਆਰ.ਐੱਸ.ਐੱਸ. ਦੇ ਚਹੇਤੇ ਆਗੂਆਂ -ਮਿਲਿੰਦ ਏਕਬੋਟੇ ਅਤੇ ਸੰਭਾਜੀ ਭੀਡੇ - ਨੂੰ ਬਚਾਉਣ ਅਤੇ ਉਸ ਕਾਂਡ ਵਿਚ ਹਿੰਦੂਤਵ ਦੀ ਭੂਮਿਕਾ ਤੋਂ ਲੋਕਾਂ ਦਾ ਧਿਆਨ ਹਟਾਉਣ ਦੀ ਚਾਲ ਹੈ। ਅਤੇ ਇਹ ਭਾਜਪਾ ਦੀ ਨਰਿੰਦਰ ਮੋਦੀ ਦਾ ਜਲੌਅ ਫਿੱਕਾ ਪੈਣ ਸਮੇਂ ਹਮਦਰਦੀ ਬਟੋਰਨ ਦੀ ਪੁਰਾਣੀ ਨੀਤੀ ਦਾ ਹੀ ਦੁਹਰਾਅ ਹੈ। ਯੂ ਏ ਪੀ ਏ ਵਰਗੇ ਕਾਲੇ ਕਾਨੂੰਨ ਲਾਗੂ ਕਰਕੇ ਹੁਕਮਰਾਨ ਸੁਪਰੀਮ ਕੋਰਟ ਦੇ "ਜੇਲ੍ਹ ਨਹੀਂ ਜ਼ਮਾਨਤ" ਦੇ ਦਿਸ਼ਾ-ਨਿਰਦੇਸ਼ਾਂ ਦਾ ਖੁੱਲ੍ਹੇਆਮ ਮਜ਼ਾਕ ਉਡਾ ਰਹੇ ਹਨ। ਸਮਾਜਿਕ ਸਰੋਕਾਰਾਂ ਪ੍ਰਤੀ ਸੰਵੇਦਨਸ਼ੀਲ ਹੋਕੇ ਉਹਨਾਂ ਲਈ ਸੰਘਰਸ਼ ਕਰਨਾ ਜੁਰਮ ਨਹੀਂ ਹਰ ਨਾਗਰਿਕ ਦਾ ਸੰਵਿਧਾਨਕ ਹੱਕ ਹੈ ਜਿਸ ਨੂੰ ਭਾਰਤੀ ਹਾਕਮਾਂ ਨੇ ਅੰਦਰੂਨੀ ਸੁਰੱਖਿਆ ਦੇ ਬਹਾਨੇ ਦੇਸੀ-ਬਦੇਸ਼ੀ ਕਾਰਪੋਰੇਟ ਸਰਮਾਏਦਾਰੀ ਅਤੇ ਹੋਰ ਲੋਟੂ ਜਮਾਤਾਂ ਦੇ ਹਿੱਤ ਪੂਰਨ ਲਈ ਗੈਰਜ਼ਮਾਨਤੀ ਜੁਰਮ ਬਣਾ ਦਿੱਤਾ ਹੈ।

ਸਭਾ ਦੇ ਸੂਬਾ ਜਥੇਬੰਦਕ ਸਕੱਤਰ ਨਰਭਿੰਦਰ ਵਲੋਂ ਪੇਸ਼ ਕੀਤੇ ਮਤਿਆਂ ਵਿਚ ਮੰਗ ਕੀਤੀ ਗਈ ਕਿ ਗੜ੍ਹਚਿਰੌਲੀ ਵਿਚ ਬਣਾਏ ਝੂਠੇ ਪੁਲਿਸ ਮੁਕਾਬਲਿਆਂ ਦੀ ਉਚ ਪੱਧਰੀ ਜਾਂਚ ਕਰਵਾਕੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ ਅਤੇ ਪੁਲਿਸ ਮੁਕਾਬਲਿਆਂ ਵਿਚ ਕਤਲ ਬੰਦ ਕੀਤੇ ਜਾਣ। ਓਪਰੇਸ਼ਨ ਗਰੀਨ ਹੰਟ ਅਤੇ ਹੋਰ ਵੱਖ-ਵੱਖ ਰੂਪਾਂ ਵਿਚ ਭਾਰਤੀ ਰਾਜ ਵਲੋਂ ਆਪਣੇ ਹੀ ਲੋਕਾਂ ਵਿਰੁੱਧ ਛੇੜੀ ਜੰਗ ਬੰਦ ਕੀਤੀ ਜਾਵੇ। ਤੂਤੀਕੁਰੀਨ ਵਿਚ 13 ਲੋਕਾਂ ਦੀਆਂ ਹੱਤਿਆਵਾਂ ਕਰਨ ਵਾਲੇ ਪੁਲਿਸ ਅਧਿਕਾਰੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਭੀਮਾ-ਕੋਰੇਗਾਓਂ ਹਿੰਸਾ ਦੇ ਬਹਾਨੇ ਗ੍ਰਿਫ਼ਤਾਰ ਕਰਕੇ ਪ੍ਰਧਾਨ ਮੰਤਰੀ ਦੀ ਹੱਤਿਆ ਦੀ ਸਾਜ਼ਿਸ਼ ਦੇ ਝੂਠੇ ਕੇਸ ਵਿਚ ਪੁਲਿਸ ਰਿਮਾਂਡ ਵਿਚ ਭੇਜੇ ਜਮਹੂਰੀ ਕਾਰਕੁੰਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

ਇਸ ਮੌਕੇ ਡਾ ਹਰਬੰਸ ਗਰੇਵਾਲ, ਕਮਲਜੀਤ ਖੰਨਾ, ਜਸਵੀਰ ਦੀਪ, ਬੂਟਾ ਸਿੰਘ, ਡਾ. ਤੇਜਪਾਲ, ਲਖਵਿੰਦਰ, ਵਿਜੈ ਨਰਾਇਣ, ਡਾ. ਸੁਖਪਾਲ, ਗੁਰਮੇਲ ਠੁੱਲੀਵਾਲ, ਸੋਹਣ ਸਿੰਘ ਮਾਝੀ, ਹਰਚਰਨ ਚਹਿਲ, ਬਲਵੰਤ ਉੱਪਲੀ, ਹਰੀਸ਼ ਪੱਖੋਵਾਲ, ਗੁਰਨੇਕ ਸਿੰਘ ਚੂਹੜਪੁਰ, ਡਾ.ਚਮਨ ਲਾਲ, ਮਾਸਟਰ ਨਰਿੰਦਰ ਸਿੰਘ, ਉਜਾਗਰ ਸਿੰਘ ਬੱਦੋਵਾਲ, ਤਰਸੇਮ ਜੋਧਾਂ, ਅਰੁਣ ਸਮੇਤ ਬਹੁਤ ਸਾਰੀਆਂ ਜਮਹੂਰੀ ਅਤੇ ਸ਼ਖ਼ਸੀਅਤਾਂ ਅਤੇ ਜਮਹੂਰੀ ਜਨਤਕ ਕਾਰਕੁੰਨ ਹਾਜ਼ਰ ਸਨ। ਇਸ ਮੌਕੇ ਗੌਤਮ ਨਵਲੱਖਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਸਟੇਜ ਦਾ ਸੰਚਾਲਨ ਜਸਵੰਤ ਜੀਰਖ ਵਲੋਂ ਕੀਤਾ ਗਿਆ। ਗਗਨ ਆਜ਼ਾਦ, ਕਸਤੂਰੀ ਲਾਲ, ਗੁਰਮੀਤ ਜੱਜ ਵਲੋਂ ਇਨਕਲਾਬੀ ਗੀਤ ਪੇਸ਼ ਕੀਤੇ ਗਏ।

# ਨੌਜਵਾਨਾਂ ਵਿਚ ਵੱਧ ਰਹੀ ਦਿਸ਼ਾਹੀਣਤਾ ਲਈ ਕੌਣ ਜ਼ਿੰਮੇਵਾਰ ਅਤੇ ਨੌਜਵਾਨਾਂ ਦਾ ਅਸਲੀ ਰਾਹ

ਬਲਰਾਜ ਕਾਹਲੋਂ ਬਰੈਂਪਟਨ
647-537-1917




ਅੱਜ ਕੱਲ੍ਹ ਬਰੈਂਪਟਨ ਵਿਚ ਹੋਈਆਂ ਵਿਦਿਆਰਥੀਆਂ ਦੀਆਂ ਲੜਾਈਆਂ ਚੁੰਝ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਰੇਡੀਓ ਅਤੇ ਟੀ. ਵੀ. ਉਤੇ ਇਨ੍ਹਾਂ ਹਿੰਸਾਤਮਕ ਘਟਨਾਵਾਂ ਨੂੰ ਲੈ ਕੇ ਵਿਚਾਰ ਚਰਚਾਵਾਂ ਕੀਤੀਆਂ ਜਾ ਰਹੀਆਂ ਹਨ। ਪੂਰੀ ਪੰਜਾਬ ਕਮਿਊਨਿਟੀ ਇਸ ਬਾਰੇ ਬਹੁਤ ਚਿੰਤਤ ਹੈ ਕਿ ਇਸ ਨਾਲ ਸਾਡਾ ਨਾਂ ਬਦਨਾਮ ਹੋ ਗਿਆ ਅਤੇ ਹੁਣ ਅਸੀਂ ਇਥੇ ਅਸੁਰੱਖਿਅਤ ਹੋ ਰਹੇ ਹਾਂ। ਕੁਝ ਲੋਕ ਸਰਕਾਰ ਦੇ ਉਤੇ ਭਾਂਡਾ ਭੰਨਦੇ ਹਨ ਅਤੇ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਵਾਉਣ ਦੀ ਮੰਗ ਕਰਦੇ ਹਨ ਤਾਂ ਜੋ ਇਸ ਤਰ੍ਹਾਂ ਦੀਆਂ ਹਿੰਸਾਤਮਕ ਘਟਨਾਵਾਂ ਨੂੰ ਠੱਲ ਪਾਈ ਜਾ ਸਕੇ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਕੋਈ ਵੀ ਨੌਜਵਾਨਾਂ ਵਿਚ ਇਸ ਤਰ੍ਹਾਂ ਦੀ ਦਿਸ਼ਾਹੀਣਤਾ ਦੇ ਅਸਲੀ ਕਾਰਨਾਂ ਨੂੰ ਜਾਨਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਅਤੇ ਇਹ ਵੀ ਪਛਾਣ ਨਹੀਂ ਕਰ ਪਾ ਰਿਹਾ ਕਿ ਕੀ ਸਾਰੇ ਹੀ ਵਿਦਿਆਰਥੀ ਇਸ ਤਰ੍ਹਾਂ ਦੇ ਹਨ ਜੋ ਸੜਕਾਂ 'ਤੇ ਜਾ ਕੇ ਵੱਢ-ਟੁੱਕਕਰਦੇ ਹਨ। ਕੀ ਇਕੱਲੇ ਅੰਤਰਰਾਸ਼ਟਰੀ ਵਿਦਿਆਰਥੀ ਹੀ ਲੜਾਈਆਂ ਕਰਦੇ ਹਨ ਅਤੇ ਮਾਹੌਲ ਨੂੰ ਖਰਾਬ ਕਰਦੇ ਹਨ। ਕੀ ਇਥੋਂ ਦੇ ਜੰਮਪਲ ਸਾਊ ਪੁੱਤਰ ਨੇ ? ਇਥੋਂ ਦੇ ਜੰਮਪਲ ਨੌਜਵਾਨਾਂ ਵਿਚ ਵੀ ਇਹ ਹਿੰਸਾਤਮਕ ਪ੍ਰਵਿਰਤੀਆਂ ਵਧਦੀਆਂ ਜਾ ਰਹੀਆਂ ਹਨ। ਇਸ ਲਈ ਨੌਜਵਾਨਾਂ ਵਿਚ ਵੱਧ ਰਹੀ ਦਿਸ਼ਾਹੀਣਤਾ ਦੇ ਲਈ ਕੌਣ ਜ਼ਿੰਮੇਵਾਰ ਹੈ ਅਤੇ ਨੌਜਵਾਨਾਂ ਦਾ ਅਸਲੀ ਰਾਹ ਕੀ ਬਨਦਾ ਹੈ, ਇਸ ਵਿਸ਼ੇ 'ਤੇ ਅਸੀਂ ਆਪਣੀ ਗੱਲ ਨੂੰ ਅੱਗੇ ਵਧਾਉਣ ਤੋਂ ਪਹਿਲਾਂ ਥੋੜ੍ਹਾ ਜਿਹਾ ਅਤੀਤ ਵੱਲ ਨਜ਼ਰ ਮਾਰਦੇ ਹਾਂ।

ਰੋਜ਼ੀ ਰੋਟੀ ਦੇ ਮਸਲੇ ਨੂੰ ਹੱਲ ਕਰਨ ਲਈ ਅਤੇ ਇਕ ਬਿਹਤਰ ਜ਼ਿੰਦਗੀ ਵਾਸਤੇ ਲੋਕ ਵਿਦੇਸ਼ਾਂ ਵਿਚ ਆਉਂਦੇ ਹਨ। ਕੁਝ ਕੁ ਦਹਾਕੇ ਪਹਿਲਾਂ ਦੀ ਗੱਲ ਕਰੀਏ ਤਾਂ ਭਾਰਤ ਵਿਚੋਂ ਵੀ ਬਹੁਤ ਸਾਰੇ ਲੋਕ ਵਿਦੇਸ਼ਾਂ ਵਿਚ ਆ ਕੇ ਵੱਸ ਗਏ। ਇਹ ਲੋਕ ਜੋ ਵਿਦੇਸ਼ਾਂ ਵਿਚ ਆਏ ਇਨ੍ਹਾਂ ਦਾ ਮਕਸਦ ਵਾਸਕੋ-ਡੀ-ਗਾਮਾ ਦੀ ਤਰ੍ਹਾਂ ਵਪਾਰਕ ਕੇਂਦਰ ਲੱਭਣਾ ਨਹੀਂ ਸੀ ਤੇ ਨਾ ਹੀ ਅੰਗਰੇਜ਼ਾਂ ਦੀ ਤਰ੍ਹਾਂ 'ਮੁਢਲਾ ਇਕੱਤਰੀਕਰਨ' ਕਰਨ ਲਈ ਅਤੇ ਆਪਣੇ ਤਿਆਰ ਮਾਲ ਨੰ ਵੇਚਣ ਲਈ ਮੰਡੀਆਂ ਦੀ ਭਾਲ ਕਰਨਾ ਸੀ। ਫਿਰ ਇਨ੍ਹਾਂ ਦਾ ਮਕਸਦ ਕੀ ਸੀ? ਆਜ਼ਾਦੀ ਤੋਂ ਬਾਅਦ ਜਦੋਂ ਭਾਰਤ ਦੀ ਸਰਮਾਏਦਾਰ ਜਮਾਤ ਨੇ ਸਰਮਾਏਦਾਰਾ ਵਿਕਾਸ ਦ ਸ਼ੁਰੂਆਤ ਕੀਤੀ ਤਾਂ ਇਸ ਲਈ ਉਸ ਨੂੰ ਮੁਢਲੇ ਇਕੱਤਰੀਕਰਨ ਦੀ ਲੋੜ ਸੀ ਜੋ ਉਹ ਜਾਂ ਤਾਂ ਸਾਮਰਾਜੀ ਤਾਕਤਾਂ ਤੋਂ ਕਰਜ਼ ਦੇ ਰੂਪ ਵਿਚ ਪ੍ਰਾਪਤ ਕਰ ਸਕਦਾ ਸੀ ਜਾਂ ਫਿਰ ਉਹ ਆਮ ਲੋਕਾਂ ਦਾ ਖ਼ੂਨ ਨਿਚੋੜਕੇ ਇਸ ਨੂੰ ਹਾਸਲ ਕਰ ਸਕਦਾ ਸੀ ਪਰ ਸਾਮਰਾਜੀਆਂ ਤੋਂ ਕਰਜ਼ ਲੈਣ ਦਾ ਮਤਲਬ ਸੀ ਉਨ੍ਹਾਂ ਦੇ ਜੂਲੇ ਥੱਲੇ ਫਿਰ ਆ ਜਾਣਾ, ਇਸ ਲਈ ਇਸ ਨੇ ਲੋਕਾਂ ਦਾ ਖ਼ੂਨ ਨਿਚੋੜਣ ਵਾਲਾ ਹੀ ਰਾਹ ਚੁਣਿਆ। ਆਜ਼ਾਦੀ ਤੋਂ ਉਮੀਦਾਂ ਲਾਈ ਬੈਠੇ ਲੋਕਾਂ ਦੇ ਸੁਫਨਿਆਂ ਨੂੰ ਇਸ ਨੇ ਮਿੱਟੀ 'ਚ ਮਿਲਾ ਦਿੱਤਾ। ਇਸ ਨੇ ਗਰੀਬੀ, ਭੁਖਮਰੀ ਅਤੇ ਬੇਰੁਜ਼ਗਾਰੀ ਵਰਗੀਆਂ ਅਲਾਮਤਾਂ ਦਾ ਤੋਹਫ਼ਾ ਲੋਕਾਂ ਨੂੰ ਦਿੱਤਾ। ਮਜ਼ਦੂਰ ਜਮਾਤ ਦਾ ਬੁਰਾ ਹਾਲ ਹੋ ਗਿਆ। ਅਮੀਰੀ-ਗਰੀਬੀ ਦਾ ਪਾੜਾ ਹੋਰ ਵੱਧ ਗਿਆ। ਛੋਟੇ ਕਿਸਾਨ ਅਤੇ ਛੋਟੇ ਉਤਪਾਦਕ ਕਰਜ਼ੇ ਥੱਲੇ ਡੁੱਬ ਗਏ। ਇਸ ਨੇ ਇਕ ਪਾਸ ਧਨਾਢ ਕਿਸਾਨਾਂ ਨੂੰ ਸਰਮਾਏਦਾਰਾਂ ਦੇ ਰੂਪ ਵਿਚ ਸਾਹਮਣੇ ਲਿਆਂਦਾ ਤੇ ਨਾਲ ਦੀ ਨਾਲ ਨੌਕਰਸ਼ਾਹੀ ਦਾ ਵੀ ਇਕ ਪੂਰਾ ਤਬਕਾ ਉਭਰ ਕੇ ਸਾਹਮਣੇ ਆਇਆ ਜਿਸ ਕੋਲ ਚੰਗੀਆਂ ਤਨਖਾਹਾਂ ਮਿਲਣ ਕਾਰਨ ਆਰਥਿਕ ਅਜ਼ਾਦੀ ਸੀ ਅਤੇ ਉਹ ਵੀ ਸਰਮਾਏਦਾਰਾਂ ਦਾ ਚਾਟੂਕਾਰ ਬਣ ਗਿਆ। ਹੁਣ ਮਜ਼ਦੂਰ ਕੋਲ ਤਾਂ ਨਾ ਹੀ ਮਹਿੰਗੀ ਸਿੱਖਿਆ ਹਾਸਲ ਕਰਨ ਦੀ ਹੈਸੀਅਤ ਸੀ ਤੇ ਨਾ ਹੀ ਏਜੰਟਾਂ ਨੂੰ ਮੋਟੀ ਰਕਮ ਦੇ ਕੇ ਵਿਦੇਸ਼ਾਂ ਵਿਚ ਆਉਣ ਦੀ ਪਹੁੰਚ। ਪਰ ਨਿਮਨ ਮੱਧਵਸ ਨੂੰ ਆਪਣੀ ਡੁੱਬਦੀ ਮਾਲਕੀ ਨੂੰ ਬਚਾਉਣ ਲਈ ਵਿਦੇਸ਼ਾਂ ਵਿਚ ਆ ਕੇ ਬੇਥਾਹ ਮਿਹਨਤ ਕਰਨ ਦਾ ਰਾਹ ਸਹੀ ਜਾਪਿਆ। ਇਸ ਲਈ ਉਨ੍ਹਾਂ ਨੇ ਉਹ ਹਰ ਰਾਹ ਅਪਣਾਇਆ ਜਿਸ ਨਾਲ ਉਹ ਬਾਹਰ ਆ ਸਕਦੇ ਸੀ। ਮਿਸਾਲ ਵਜੋਂ ਵਿਆਹ ਕਰਵਾਕੇ, ਕੁੜੀਆਂ ਦੇ ਬੇਮੇਲ ਵਿਆਹਾਂ ਰਾਹੀਂ ਜਾਂ ਦੋ ਨੰਬਰ ਵਿਚ। ਉਨ੍ਹਾਂ ਦਾ ਸੰਘਰਸ਼ ਇਥੇ ਹੀ ਨਹੀਂ ਰੁਕਿਆ, ਉਨ੍ਹਾਂ ਨੂੰ ਇਥੇ ਬਹੁਤ ਸਸਤੀ ਉਜਰਤ ਤੇ ਕੰਮ ਕਰਨਾ ਪਿਆ, ਚੋਰੀ ਛੁਪੇ ਰਹਿਣਾ ਪਿਆ। ਬਹੁਤ ਦੁੱਖ ਝੱਲਣੇ ਪਏ, ਕਈਆਂ ਨੂੰ ਤਾਂ ਸਾਰੀ ਦੀ ਸਾਰੀ ਉਮਰ ਹੀ ਆਪਣੇ ਪਰਿਵਾਰਾਂ ਤੋਂ ਟੁੱਟ ਕੇ ਇਥੇ ਰੁਲਣਾ ਪਿਆ। ਫਿਰ ਜਾ ਕੇ ਕਿਤੇ ਉਹ ਇਥੇ ਪੱਕੇ ਹੋਏ। ਇਸ ਵਿਚ ਕੋਈ ਸ਼ੱਕ ਨਹੀਂ ਨੌਕਰਸ਼ਾਹਾਂ ਦਾ ਵਰਗ ਵੀ ਵਿਦੇਸ਼ਾਂ ਵਿਚ ਆਇਆ, ਉਨ੍ਹਾਂ ਨੂੰ ਮੁਕਾਬਲਤਨ ਘੱਟ ਮੁਸ਼ਕਿਲਾਂ ਝਲਣੀਆਂ ਪਈਆਂ ਕਿਉਂਕਿ ਉਨ੍ਹਾਂ ਕੋਲ ਸਿੱਖਿਆ ਸੀ ਅਤੇ ਉਹਨੂੰ ਵਿਦੇਸ਼ ਆਉਣ ਲਈ ਬਾਹਲੇ ਪਾਪੜ ਨਹੀਂ ਵੇਲਣੇ ਪਏ। ਪਰ 1990-91 ਵਿਚ ਭਾਰਤ ਵਿਚ ਜਦੋਂ ਨਵ-ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਲਾਗੂ ਕੀਤੀਆਂ ਗਈਆਂ ਤਾਂ ਉਥੇ ਬਹੁਤ ਤੇਜ਼ੀ ਨਾਲ ਸਰਮਾਏਦਾਰ ਵਿਕਾਸ ਹੋਇਆ ਜਿਸ ਨੇ ਅਮੀਰ-ਗਰੀਬ ਦੇ ਪਾੜੇ ਨੂੰ ਬਹੁਤ ਤੇਜ਼ੀ ਨਾਲ ਵਧਾਇਆ ਅਤੇ ਲੋਕਾਂ ਦੀ ਜ਼ਿੰਦਗੀ ਵਿਚ ਬੇਚੈਨੀ ਨੂੰ ਹੋਰ ਵਧਾ ਦਿੱਤਾ। ਭਵਿੱਖ ਨੂੰ ਲੈ ਕੇ ਅਸੁਰੱਖਿਆ ਵਧਣ ਲੱਗ ਪਈ, ਇਥੋਂ ਤੱਕ ਕਿ ਸੁੱਖ ਲੈਂਦੇ ਨੌਕਰਸ਼ਾਹਾਂ ਦੇ ਜੁਆਕ ਵੀ ਵਿਦੇਸ਼ਾਂ ਵਿਚ ਹੀ ਆਪਣਾ ਭਵਿੱਖ ਸੁਰੱਖਿਅਤ ਮਹਿਸੂਸ ਕਰਨ ਲੱਗ ਪਏ। ਪਰ ਇਸ ਦੇ ਨਾਲ ਨਾਲ ਪ੍ਰੋਪਰਟੀਆਂ ਦੀਆਂ ਕੀਮਤਾਂ ਵਧਣ ਕਾਰਨ ਭਾਰਤ ਵਿਚ ਧਨਾਢਾਂ ਦਾ ਇਕ ਐਸਾ ਵਰਗ ਉਭਰਕੇ ਸਾਹਮਣੇ ਆਇਆ ਜਿਸ ਕੋਲ ਪੈਸਾ ਹੈ ਅਤੇ ਉਸ ਨੂੰ ਦੁਨੀਆਂ ਦੀਆਂ ਵੱਧ ਤੋਂ ਵੱਧ ਚੀਜ਼ਾਂ ਦਾ ਉਪਭੋਗ ਕਰਨ ਦੀ ਅੰਨ੍ਹੀ ਹਵਸ ਹੈ। ਉਨ੍ਹਾਂ ਦਾ ਸਭਿਆਚਾਰਕ ਪੱਧਰ ਨੀਵਾਂ ਅਤੇ ਹੰਕਾਰ ਬਹੁਤ ਉਚਾ ਕਿਉਂਕਿ ਉਨ੍ਹਾਂ ਕੋਲ ਹੁਣ ਹਰ ਤਰ੍ਹਾਂ ਦੀ ਰਾਜਨੀਤਕ ਪਹੁੰਚ ਵੀ ਉਪਲਬਧ ਹੈ।

ਇਸ ਬਾਰੇ ਗੱਲ ਕਰਨ ਦਾ ਸਾਡਾ ਮਕਸਦ ਬਸ ਇੰਨਾ ਹੀ ਹੈ ਕਿ ਇਕ ਤਾਂ ਅਸੀਂ ਇਹ ਫਰਕ ਸਮਝ ਸਕੀਏ ਕਿ ਭਾਰਤ ਤੋਂ (ਖਾਸ ਕਰਕੇ ਪੰਜਾਬ ਤੋਂ) ਆਉਣ ਵਾਲੇ ਵਿਦਿਆਰਥੀਆਂ ਨੂੰ ਇਕੋ ਕੈਟੇਗਿਰੀ ਵਿਚ ਨਹੀਂ ਰੱਖਿਆ ਜਾ ਸਕਦਾ ਤੇ ਦੂਜਾ ਇਹ ਕਿ ਪਹਿਲਾਂ ਆਏ ਲੋਕਾਂ ਅਤੇ ਹੁਣ ਆ ਰਹੇ ਵਿਦਿਆਰਥੀਆਂ ਅਤੇ ਲੋਕਾਂ ਦੇ ਆਉਣ ਦਾ ਕਾਰਨ ਤਾਂ ਇਕੋ ਹੈ। ਰੋਜ਼ੀ ਰੋਟੀ ਅਤੇ ਬਿਹਤਰ ਜ਼ਿੰਦਗੀ, ਪਰ ਇਸ ਵਿਚ ਕਈ ਗੁਣਾਤਮਕ ਤਬਦੀਲੀਆਂ ਆ ਚੁੱਕੀਆਂ ਹਨ। ਸਰਮਾਏਦਾਰੀ ਪ੍ਰਬੰਧ ਮੁਨਾਫ਼ੇ 'ਤੇ ਆਧਾਰਤ ਹੁੰਦਾ ਹੈ, ਇਸ ਲਈ ਸਿੱਖਿਆ ਵੀ ਮੁਨਾਫ਼ੇ ਦਾ ਸਾਧਨ ਬਣ ਚੁੱਕੀ ਹੈ। ਭਾਰਤ ਵਿਚ ਨਵ-ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਦੇ ਤਹਿਤ ਸਿੱਖਿਆ ਸੰਸਥਾਵਾਂ ਦਾ ਵੀ ਨਿੱਜੀਕਰਨ ਹੋ ਰਿਹਾ ਹੈ ਅਤੇ ਸਿੱਖਿਆ ਦਿਨੋਂ ਦਿਨ ਮਹਿੰਗੀ ਹੁੰਦੀ ਜਾ ਰਹੀ ਹੈ ਤੇ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦੀ ਜਾ ਰਹੀ ਹੈ। ਮਜ਼ਦੂਰ ਅਤੇ ਕਿਰਤੀ ਆਬਾਦੀ ਦੇ ਬਹੁਤ ਵੱਡੇ ਹਿੱਸੇ ਨੂੰ ਤਾਂ ਮਹਿੰਗੀ ਉਚ ਵਿਦਿਆ ਦੀ ਸੰਭਾਵਨਾਵਾਂ, ਬਹੁਤ ਪਹਿਲਾਂ ਹੀ ਖਤਮ ਹੋ ਗਈ ਹੈ। ਫਿਰ ਵੀ ਆਪਣੀਆਂ ਘਰੇਲੂ ਲੋੜਾਂ ਦੀ ਕੀਮਤ 'ਤੇ ਕਿਸੇ ਤਰੀਕੇ ਨਾਲ ਗਰੀਬ ਅਤੇ ਮੱਧ ਵਰਗੀ ਆਬਾਦੀ ਵਾਲੇ ਮਾਪੇ, ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਸੰਘਰਸ਼ ਕਰਦੇ ਹਨ। ਚੰਗੇ ਭਵਿੱਖ ਦਾ ਸੁਫ਼ਨਾ ਲੈ ਕੇ, ਇਹ ਨੌਜਵਾਨ ਕਾਲਜਾਂ, ਯੂਨੀਵਰਸਿਟੀਆਂ ਵਿਚ ਪੜ੍ਹਾਈ ਦੇ ਮੋਰਚੇ 'ਤੇ ਸਖ਼ਤ ਮਿਹਨਤ ਕਰਦੇ ਹਨ। ਮੁਕਾਬਲੇ ਦੀ ਇਸ ਨਾ ਬਰਾਬਰ ਦੌੜ ਵਿਚ ਜਦੋਂ ਇਹ ਨੌਜਵਾਨ ਅਸਫ਼ਲ ਹੋ ਜਾਂਦੇ ਹਨ ਤਾਂ ਇਨ੍ਹਾਂ ਨੂੰ ਅਹਿਸਾਸ ਕਰਵਾਇਆ ਜਾਂਦਾ ਹੈ ਕਿ ਇਸ ਦੇ ਲਈ ਉਹ ਖੁਦ ਹੀ ਦੋਸ਼ੀ ਹਨ, ਉਹ ਦੂਜਿਆਂ ਦੇ ਮੁਕਾਬਲੇ ਨਲਾਇਕ ਹਨ। ਉਨ੍ਹਾਂ ਦੇ ਦਿਮਾਗ ਵਿਚ ਜਚਾਇਆ ਜਾਂਦਾ ਹੈ ਕਿ ਉਨ੍ਹਾਂ ਕੋਲ ਸਹੀ ਸਮੇਂ, ਸਹੀ ਫੈਸਲਾ ਲੈ ਕੇ, ਮੌਕੇ ਦਾ ਫਾਇਦਾ ਉਠਾ ਸਕਣ ਵਾਲਾ ਦਿਮਾਗ ਨਹੀਂ ਹੈ। ਹੁਣ ਤਾਂ ਬੱਚਿਆਂ ਦੇ ਮਾਪੇ ਵੀ ਇਹ ਗੱਲ ਸੋਚਣ ਲੱਗ ਪਏ ਹਨ ਕਿ ਐਨੇ ਸਾਲ ਪੜ੍ਹ ਕੇ, ਪੈਸਾ ਖਰਚ ਕਰਕੇ ਵੀ ਕਿਹੜਾ ਨੌਕਰੀ ਮਿਲਣੀ ਹੈ, ਇਸ ਲਈ ਇਕ ਵਾਰੀ ਔਖੇ ਸੌਖੇ ਹੋ ਕੇ ਪੈਸਾ ਲਗਾ ਕੇ ਇਨ੍ਹਾਂ ਨੂੰ ਵਿਦੇਸ਼ ਘਲ ਦਿੱਤਾ ਜਾਵੇ, ਇਸ ਪੂਰੇ ਮਾਹੌਲ ਵਿਚ ਆਈਲੈਟਸ ਕਰਵਾਉਣ ਵਾਲੇ ਇੰਸਟੀਚਿਊਟ ਖ਼ੂਬ ਕਮਾਈ ਕਰ ਰਹੇ ਹਨ ਅਤੇ ਉਨ੍ਹਾਂ ਨੇ ਆਪਣੀਆਂ ਕੰਸਲਟੈਂਸੀਆਂ ਵੀ ਖੋਲ੍ਹੀਆਂ ਹੋਈਆਂ ਹਨ। ਕੈਨੇਡਾ ਦੇ ਲਈ ਵੀ ਇਹ ਇੰਟਰਨੈਸ਼ਨਲ ਸਟੂਡੈਂਟ ਚੋਖੀ ਕਮਾਈ ਦਾ ਸਾਧਨ ਹਨ। ਇਸ ਬਾਰੇ ਕੁਝ ਕੁ ਅੰਕੜੇ ਹੀ ਕਾਫ਼ੀ ਹਨ। ਜਿਵੇਂ ਕੈਨੇਡਾ ਵਿਚ 2015 ਵਿਚ ਆਉਣ ਵਾਲੇ ਕੁਲ ਵਿਦਿਆਰਥੀ ਸਨ 4,57,828 ਜਿਹਦੇ ਵਿਚੋਂ ਓਨਟੈਰੀਓ ਵਿਚ 1,95,710 ਅਤੇ 1,34,324 ਬ੍ਰਿਟਿਸ਼ ਕੋਲੰਬੀਆ ਵਿਚ ਆਏ। 2016 ਵਿਚ ਇਹ ਅੰਕੜਾ ਹੋਰ ਉਪਰ ਕੈਨੇਡਾ ਵਿਚ 5,23,971, ਓਨਟੈਰੀਓ ਵਿਚ 2,33,226 ਅਤੇ ਬ੍ਰਿਟਿਸ਼ ਕੋਲੰਬੀਆ ਵਿਚ 1,45,691 'ਤੇ ਚਲਾ ਗਿਆ। 2017 ਅਤੇ 2018 ਵਿਚ ਤਾਂ ਇਹ ਹੋਰ ਵੀ ਉਪਰ ਚਲਾ ਗਿਆ ਹੋਵੇਗਾ। 'ਰੋਸਲਿਨ ਕੁਨਿਨ ਐਂਡ ਐਸੋਸੀਏਟਸ ਇੰਕ' ਦੇ ਅਨੁਸਾਰ "ਸਾਡਾ ਵਿਸ਼ਲੇਸ਼ਣ ਸਾਫ਼ ਤੌਰ 'ਤੇ ਇਹ ਦਰਸਾਉਂਦਾ ਹੈ ਕਿ ਇੰਟਰਨੈਸ਼ਨਲ ਸਟੂਡੈਂਟਸ ਵਲੋਂ ਕੈਨੇਡਾ ਦੇ ਅਰਥਚਾਰੇ ਵਿਚ ਪਾਇਆ ਯੋਗਦਾਨ ਲਗਾਤਾਰ ਵੱਧ ਰਿਹਾ ਹੈ। ਜੇ ਇਕ ਲਾਈਨ ਵਿਚ ਕਹਿਣਾ ਹੋਵੇ, ਇੰਟਰਨੈਸ਼ਨਲ ਸਟੂਡੈਂਟਸ ਦੀ ਸੰਖਿਆ ਵਧਣ ਨਾਲ, 2008 ਤੋਂ 2016 ਤੱਕ ਕੁਲ ਖਰਚਿਆਂ (ਵਿਦਿਆਰਥੀਆਂ ਵਲੋਂ ਕੀਤਾ ਜਾਂਦਾ ਖਰਚ) ਵਿਚ ਵਾਧਾ ਦੁਗਣੇ ਤੋਂ ਵੀ ਜ਼ਿਆਦਾ ਹੋ ਗਿਆ ਹੈ ਜੋ ਕਿ 6.5 ਬਿਲੀਅਨ ਡਾਲਰ ਤੋਂ ਵਧ ਕੇ 15.5 ਬਿਲੀਅਨ ਡਾਲਰ ਹੋ ਗਿਆ ਹੈ। ਇਹ 11.4% ਸਲਾਨਾ ਵਾਧਾ ਹੈ। ਅਸੀਂ ਅਨੁਮਾਨ ਲਾਉਂਦੇ ਹਾਂ ਕਿ 2015 ਅਤੇ 2016 ਵਿਚ, ਇੰਟਰਨੈਸ਼ਨਲ ਸਟੂਡੈਂਟਸ ਨੇ ਕਰਮਵਾਰ 12.8 ਬਿਲੀਅਨ ਡਾਲਰ ਅਤੇ 15.5 ਬਿਲੀਅਨ ਡਾਲਰ ਖਰਚ ਕੀਤੇ। ਇਹ ਖਰਚ ਉਨ੍ਹਾਂ ਨੇ ਟਿਊਸ਼ਨ, ਆਵਾਸ ਅਤੇ ਹੋਰ ਖਰਚਿਆਂ 'ਤੇ ਕੀਤਾ ਜਿਹੜਾ 2014 ਵਿਚ ਖਰਚ ਕੀਤੇ 11.4 ਬਿਲੀਅਨ ਡਾਲਰ ਨਾਲੋਂ 36.6% ਵਾਧਾ ਦਿਖਾਉਂਦਾ ਹੈ। ਇਸ ਉਚ ਦਰਜੇ ਦੇ ਸਲਾਨਾ ਖਰਚਿਆਂ ਨੇ ਨਤੀਜੇ ਵਜੋਂ ਕੈਨੇਡਾ ਦੀ ਜੀ. ਡੀ. ਪੀ. ਵਿਚ 2016 ਵਿਚ 10.5 ਬਿਲੀਅਨ ਅਤੇ 2016 ਵਿਚ 12.8 ਬਿਲੀਅਨ ਡਾਲਰ ਦਾ ਯੋਗਦਾਨ ਪਾਇਆ ਜਿਹੜਾ ਕਿ 2014 ਦੇ 9.3 ਬਿਲੀਅਨ ਡਾਲਰ ਦੇ ਯੋਗਦਾਨ ਨਾਲੋਂ ਇਕ ਚੰਗਾ ਯੋਗਦਾਨ ਸੀ। ਇੰਟਰਨੈਸ਼ਨਲ ਸਟੂਡੈਂਟਸ ਵਲੋਂ ਕੀਤੇ ਗਏ ਕੁਲ ਸਲਾਨਾ ਖਰਚਿਆਂ ਦੇ ਕਰਕੇ 2015 ਵਿਚ 2.3 ਬਿਲੀਅਨ ਡਾਲਰ ਟੈਕ ਰੈਵਿਨਿਊ ਪੈਦਾ ਹੋਇਆ ਅਤੇ 140,010 ਨੌਕਰੀਆਂ ਨੂੰ ਸਹਾਰਾ ਮਿਲਿਆ ਅਤੇ 2016 ਵਿਚ 2.8 ਬਿਲੀਅਨ ਡਾਲਰ ਟੈਕਸ ਰੈਵਿਨਿਊ ਅਤੇ 168860 ਨੌਕਰੀਆਂ ਨੂੰ ਸਹਾਰਾ ਮਿਲਿਆ। ਸਪਸ਼ਟ ਤੌਰ 'ਤੇ ਇਹ 2014 ਵਿਚ 2.1 ਬਿਲੀਅਨ ਡਾਲਰ ਟੈਕਸ ਰੈਵਿਨਿਊ ਅਤੇ 122,680 ਨੌਕਰੀਆਂ ਨਾਲੋਂ ਵੱਧ ਸੀ। 2016 ਵਿਚ ਕੈਨੇਡਾ ਦੀਆਂ ਕੌਮਾਂਤਰੀ ਸਿੱਖਿਆ ਸੇਵਾਵਾਂ (15.5 ਬਿਲੀਅਨ ਡਾਲਰ) ਕੈਨੇਡਾ ਵਲੋਂ ਦੁਨੀਆਂ ਨੂੰ ਦਿੱਤੀਆਂ ਜਾ ਰਹੀਆਂ ਕੁਲ ਸੇਵਾਵਾਂ ਦਾ 14.5% ਸੀ ਅਤੇ ਇਹ ਕੈਨੇਡਾ ਦੇ ਕੁਲ ਮਰਚੈਨਡੀਸ ਐਕਪਰਟ ਦੇ 3% ਦੇ ਬਰਾਬਰ ਸੀ। 2016 ਵਿਚ, ਇੰਟਰਨੈਸ਼ਨਲ ਸਟੂਡੈਂਟਸ ਵਲੋਂ ਕੀਤੇ ਕੁਲ ਖਰਚਿਆਂ ਦਾ 93.5% ਲੌਂਗ-ਟਰਮ ਸਟੂਡੈਂਟਸ (ਜਿਨ੍ਹਾਂ ਦਾ ਕੋਰਸ 6 ਮਹੀਨੇ ਤੋਂ ਲੰਬਾ ਹੁੰਦਾ ਹੈ) ਵਲੋਂ ਹੀ ਖਰਚ ਕੀਤਾ ਗਿਆ। ਜਿਸ ਨੇ ਕੈਨੇਡਾ ਦੀ ਜੀ. ਡੀ. ਪੀ. ਵਿਚ 12.0 ਬਿਲੀਅਨ ਡਾਲਰ ਦਾ ਯੋਗਦਾਨ ਪਾਇਆ ਅਤੇ 158300 ਨੌਕਰੀਆਂ ਨੂੰ ਸਹਾਰਾ ਦਿੱਤਾ। ਓਨਟੈਰੀਓ ਨੇ ਸਭ ਤੋਂ ਵੱਡਾ ਹਿੱਸਾ 50.1% ਜੀ.ਡੀ.ਪੀ. ਵਚ ਅਤੇ 47.2% ਨੌਕਰੀਆਂ ਵਿਚ ਪਾਇਆ। ਸ਼ੌਰਟ-ਟਰਮ ਸਟੂਡੈਂਟਸ ਨੇ 770.1 ਮਿਲੀਅਨ ਡਾਲਰ ਜੀ.ਟੀ.ਪੀ. ਵਿਚ ਅਤੇ 10600 ਨੌਕਰੀਆਂ ਦਾ ਯੋਗਦਾਨ ਦਿੱਤਾ।'

ਇਸ ਤਰ੍ਹਾਂ ਉਤੇ ਦਿੱਤੇ ਅੰਕੜਿਆਂ ਤੋਂ ਸਾਫ਼ ਪਤਾ ਲੱਗਦਾ ਹੈ ਕਿ ਕਿਵੇਂ ਇੰਟਰਨੈਸ਼ਨਲ ਸਟੂਡੈਂਟਸ ਚੋਖੀ ਕਮਾਈ ਦਾ ਸਾਧਨ ਹਨ।

ਇਸ ਤੋਂ ਇਲਾਵਾ, ਇਨ੍ਹਾਂ ਵਿਦਿਆਰਥਆਂ ਨੂੰ ਕੈਨੇਡਾ ਆ ਕੇ ਵੀ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿਰਾਏ 'ਤੇ ਘਰ ਲੱਭਣਾ, ਨੌਕਰੀ ਲੱਭਣਾ ਅਤੇ ਨਾਲ ਦੀ ਨਾਲ ਪੜ੍ਹਨਾ। ਇਥੇ ਬਹੁਤ ਸਾਰੇ ਲੋ ਇਹੋ ਜਿਹੇ ਵੀ ਨੇ ਜੋ ਇਨ੍ਹਾਂ ਬੱਚਿਆਂ ਨੂੰ ਘਰ ਤਾਂ ਕਿਰਾਏ 'ਤੇ ਦੇ ਦਿੰਦੇ ਹਨ, ਪਰ ਉਹ ਵੀ ਠੂਸ-ਠੂਸ ਕੇ ਭਰੇ ਹੁੰਦੇ ਹਨ। ਜਿਵੇ ਇਕ ਘਰ ਵਿਚ 10-12 ਵਿਦਿਆਰਥੀ ਰੱਖ ਲਏ ਅਤੇ ਹਰ ਕਿਸੇ ਤੋਂ ਕਿਰਾਇਆ ਲੈ ਲਿਆ ਡਾਲਰ 300 । ਜਿਸ ਨਾਲਇਹ ਲੋਕ ਵੀ ਚੰਗੀ ਕਮਾਈ ਕਰਦੇ ਹਨ। ਕੰਮ 'ਤੇ ਜੇ ਇਹ ਕੈਸ਼ 'ਤੇ ਕੰਮ ਕਰਨ ਤੁਰ ਜਾਣ ਤਾਂ ਘੱਟੋ ਘੱਟ ਮਜ਼ਦੂਰੀ ਤੋਂ ਵੀ ਘੱਟ ਤੇ ਉਨ੍ਹ ਨੂੰ ਕੰਮ ਦੇ ਕੇ ਖ਼ੂਬ ਕੰਮ ਕਰਵਾਉਂਦੇ ਹਨ। ਇਹੋ ਜਿਹੇ ਮਾਹੌਲ ਵਿਚ ਤੁਸੀਂ ਕਿਵੇਂ ਪੜ੍ਹ ਸਕਦੇ ਹੋ। ਜੇ ਇਹ ਕੋਰਸ ਪੂਰਾ ਕਰ ਲੈਂਦੇ ਹਨ ਤਾਂ ਫਿਰ ਪੀ. ਆਰ. ਲਈ ਵਕੀਲ ਇਨ੍ਹਾਂ ਦੀ ਟਕਾਕੇ ਛਿਲ ਲਾਉਂਦੇ ਹਨ। ਇਸ ਦੇ ਨਾਲ-ਨਾਲ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਥੇ ਅਸੀਂ ਗੱਲ ਸਿਰਫ਼ ਨਿਮਨ ਮੱਧਵਰਗੀ ਪਰਿਵਾਰਾਂ ਦੇ ਨੌਜਵਾਨਾਂ ਦੀ ਕਰ ਰਹੇ ਹਾਂ। ਉਚ ਮੱਧਵਰਗੀ ਪਰਿਵਾਰਾਂ ਦੇ ਬੱਚੇ ਤਾਂ ਵਿਦੇਸ਼ਾਂ ਵਿਚ ਇਸ ਕਰਕੇ ਘਲੇ ਜਾਂਦੇ ਹਨ ਕਿ ਕਿਤੇ ਇਹ ਨਸ਼ਿਆਂ ਵਿਚ ਨਾ ਪੈ ਜਾਣ ਜਾਂ ਕੈਨੇਡਾ ਜਾ ਕ ਸੈਟ ਹੋ ਜਾਇਆ ਜਾਏ। ਇਨ੍ਹਾਂ ਵਿਚੋਂ ਵੀ ਪੜ੍ਹੇ ਲਿਖੇ ਪਰਿਵਾਰਾਂ ਦੇ ਨੌਜ਼ਵਾਨ ਤਾਂ ਫਿਰ ਵੀ ਪੜ੍ਹਦੇ ਹਨ ਦੂਜੇ ਤਾਂ ਬੱਸ ਮਕਸਦਹੀਣ ਤੁਰੇ ਫਿਰਦੇ ਹਨ। ਜਿਨ੍ਹਾਂ ਦੇ ਵਿਚਾਰਾਂ ਦੀ ਝਲਕ ਸਾਨੂੰ ਪੰਜਾਬੀ ਗਾਇਕਾਂ ਦੇ ਗੀਤਾਂ ਵਿਚੋਂ ਮਿਲਦੀ ਹੈ-ਜਿਵੇਂ ਘੁੰਮਣ ਘੁਮਾਉਣ ਤਾਂ ਥਾਰ ਰੱਖੀ ਆ, ਬੁਲਟ ਤਾਂ ਰੱਖਿਆ ਪਟਾਕੇ ਪਾਉਣ ਨੂੰ।'

ਜੇ ਅਸੀਂ ਕੈਨੇਡਾ ਦੇ ਜੰਮਪਲ ਨੌਜਵਾਨਾਂ ਦੀ ਗੱਲ ਕਰੀਏ ਤਾਂ ਇਥੇ ਰੋਜ਼ੀ ਰੋਟੀ ਦੀ ਜਦੋ ਜਹਿਦ ਇੰਨੀ ਹੈ ਕਿ ਮਾਪਿਆਂ ਨੂੰ 12-12 ਘੰਟੇ ਲੱਕ ਤੋੜ ਮਿਹਨਤ ਕਰਨੀ ਪੈਂਦੀ ਹੈ। ਜਿਸ ਕਰਕੇ ਉਨ੍ਹਾਂ ਕੋਲ ਇੰਨਾ ਸਮਾਂ ਨਹੀਂ ਬਚਦਾ ਕਿ ਉਹ ਆਪਣੇ ਬੱਚਿਆਂ ਵੱਲ ਧਿਆਨ ਦੇ ਸਕਣ। ਜਦੋਂ ਪੈਸਾਕੋਲ ਆਉਂਦਾ ਉਦੋਂ ਵੇਲਾ ਹੱਥੋਂ ਲੰਘ ਗਿਆ ਹੁੰਦਾ ਕਿਉਂਕਿ ਸਰਕਾਰਾਂ ਕਿਹੜਾ ਇਥੇ ਉਨ੍ਹਾਂ ਦੇ ਬਿਹਤਰ ਭਵਿੱਖ ਦੀ ਜ਼ਿੰਮੇਵਾਰੀ ਚੁੱਕਦੀਆਂ ਹਨ। ਉਨ੍ਹਾਂ ਵਿਚੋਂ ਵੀ ਬਹੁਤੇ ਇਸੇ ਤਰ੍ਹਾਂ ਦਿਸ਼ਾਹੀਣ ਹੋ ਜਾਂਦੇ ਹਨ। ਮੁਕਤੀਬੋਧ ਨੇ ਆਪਣੇ ਇਕ ਲੇਖ 'ਨੌਜਵਾਨ ਦਾ ਰਾਹ' ਵਿਚ ਲਿਖਿਆ ਹੈ।

"ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਵਰਤਮਾਨ ਹਾਲਤ 'ਚ ਜਦੋਂ ਘਰੇਲੂ ਫਿਕਰਾਂ ਦਾ ਮਾਹੌਲ ਘਰ 'ਚ ਕਾਫ਼ੀ ਸੰਘਣਾ ਹੋ ਜਾਂਦਾ ਹੈ ਅਤੇ ਬਣਿਆ ਰਹਿੰਦਾ ਹੈ, ਸਾਡਾ ਨੌਜਵਾਨ ਤਰੱਕੀ ਵੱਲ ਨਹੀਂ ਵੱਧ ਸਕਦਾ। ਨੌਜਵਾਨੀ 'ਚ ਜ਼ਿੰਦਗੀ ਨੂੰ ਖੰਭ ਨਿਕਲਦੇ ਹਨ ਪਰ ਠੀਕ ਉਸੇ ਵੇਲੇ ਘਰ ਦਾ ਫਿਕਰਾਂ ਭਰਿਆ ਮਾਹੌਲ ਉਸ ਦੇ ਮਨ 'ਤੇ ਛਾ ਜਾਂਦਾ ਹੈ। ਇਕ ਪਾਸੇ ਉਮੰਗ ਅਤੇ ਜੋਸ਼ ਠਾਠਾਂ ਮਾਰਦਾ ਹੈ, ਤਾਂ ਦੂਜੇ ਪਾਸੇ ਠੀਕ ਉਸਦੇ ਉਲਟ, ਨੌਜਵਾਨ ਦੇ ਮਨ 'ਚ ਫਿਕਰ ਅਤੇ ਘਰ ਦੀਆਂ ਉਲਝਣਾਂ ਪੁਰਾਣੇ ਸ਼ਰਾਪੇ ਪਰਛਾਵੇਂ ਜਿਹੇ ਚੱਕਰ ਰੱਖਦੇ ਹਨ। ਪੁਰਾਣੇ ਸ਼ਹੀਦਾਂ ਦਾ ਨਾਮ ਲੈ ਕੇ ਭਗਤ ਸਿੰਘ ਅਤੇ ਸੁਭਾਸ਼ ਬੋਸ ਦੀ ਕੀਰਤੀ-ਗਾਥਾ ਸੁਣਾਕੇ, ਗ਼ਦਰ ਪਾਰਟੀ ਅਤੇ ਅਨੁਸ਼ੀਲਨ ਦਲ ਦੀ ਯਸ਼ਗਾਥਾ ਸੁਣਾ ਕੇ ਨੌਜਵਾਨ ਦੇ ਦਿਲ ਵਿਚ ਦੇਸ਼ ਭਗਤੀ ਅਤੇ ਪ੍ਰੇਰਣਾ ਤਾਂ ਜ਼ਰੂਰ ਭਰੀ ਜਾ ਸਕਦੀ ਹੈ, ਪਰ ਕਥਾਵਾਂ ਜ਼ਰੀਏ ਉਸਦੀਆਂ ਆਪਣੀਆਂ ਉਲਝਣਾਂ ਨੂੰ ਦੂਰ ਨਹੀਂ ਕੀਤਾ ਜਾ ਸਕਦਾ। ਹਰ ਪੀੜ੍ਹੀ ਦੇ ਆਪਣੇ ਨਵੇਂ ਤਜਰਬੇ ਹੁੰਦੇ ਹਨ, ਇਸ ਤਰ੍ਹਾਂ ਨਵੇਂ ਕਿ ਜਿਹੜੇ ਪੁਰਾਣੀ ਪੀੜ੍ਹੀ ਦੇ ਸਨ ਅਤੇ ਨਾ ਅਗਲੀ ਪੀੜ੍ਹੀ ਦੇ ਹੋਣਗੇ। ਸਿੱਟੇ ਵਜੋਂ ਨਸੀਹਤਾਂ ਦੇ ਰਾਗ ਅਲਾਪ ਕੇ ਨੌਜਵਾਨਾਂ ਦੀਆਂ ਔਕੜਾਂ ਨੂੰ ਹੱਲ ਨਹੀਂ ਕੀਤਾ ਜਾ ਸਕਦਾ। ਹਮਦਰਦੀ ਅਤੇ ਮਨੁੱਖੀ ਅਨੁਭਵੀ ਗਿਆਨ ਦੀ ਲੋੜ ਜੇ ਕਿਤੇ ਸਭ ਤੋਂ ਜ਼ਿਆਦਾ ਹੈ, ਤਾਂ ਉਹ ਨੌਜਵਾਨ ਦੇ ਦਿਲ ਨੂੰ ਸਮਝਣ ਵਿਚ ਹੈ। ਨੌਜਵਾਨ 'ਚ ਸ਼ਰਧਾ ਦੀ ਜੋ ਉਤੇਜਨਾ ਹੁੰਦੀ ਹੈ, ਮਨ ਦੀਆਂ ਜਿਹੜੀਆਂ ਤੇਜ਼ ਨਿਗਾਹਾਂ ਹੁੰਦੀਆਂ ਹਨ, ਉਨ੍ਹਾਂ 'ਤੇ ਜਿਨ੍ਹਾਂ ਨੂੰ ਤੁਸੀਂ ਜ਼ਿੰਦਗੀ ਦੇ ਤਜਰਬੇ ਕਹਿੰਦੇ ਹੋ (ਯਾਨੀ ਸੰਸਾਰਕ ਨਜ਼ਰੀਆ) ਉਸ ਦੀਆਂ ਧੂੜ ਨਾਲ ਭਰੀਆਂ ਪਰਤਾਂ ਨਹੀਂ ਛਾਇਆ ਰਹਿੰਦੀਆਂ। ਸਿੱਟੇ ਵਜੋਂ, ਨੌਜਵਾਨ ਕਦੇ-ਕਦੇ ਤੁਹਾਨੂੰ ਆਪਣੇ ਤਜਰਬੇ ਕਾਰਨ, ਮੂਰਖ ਲਗ ਸਕਦਾ ਹੈ ਪਰ ਇਹੀ ਉਸ ਦੀ ਚੰਗਿਆਈ ਹੈ।' ਉਹ ਫਿਰ ਅੱਗੇ ਲਿਖਦੇ ਹਨ

"ਟੱਬਰ ਸਮਾਜ ਦੀ ਇਕਾਈ ਹੈ, ਚਾਹੇ ਉਹ ਰੂਸੀ ਸਮਾਜ ਹੋਵੇ ਜਾਂ ਚੀਨੀ, ਹਿੰਦੁਸਤਾਨੀ ਹੋਵੇ ਜਾਂ ਬਰਤਾਨਵੀ। ਜੇ ਸਾਡੇ ਟੱਬਰ 'ਚ ਬੇਚੈਨੀ, ਰੋਹ, ਬੇਇਨਸਾਫ਼ੀ, ਭੁੱਖ ਅਤੇ ਕੰਗਾਲੀ ਹੋਵੇਗੀ ਤਾਂ ਪੱਕਾ ਹੀ ਉਸਦਾ ਅਸਰ ਨੌਜਵਾਨ ਦੀ ਮਨੋਦਸ਼ਾ ਅਤੇ ਆਦਤਾਂ 'ਤੇ ਹੋਵੇਗਾ। ਸਾਡੇ ਨੌਜਵਾਨ ਵਿਚ ਅੱਜ ਜੋ ਸਤੱਹੀ ਰੁਮਾਨੀ ਪ੍ਰਵਿਰਤੀ, ਘੁਮੱਕੜਪਨ, ਗੈਰ ਜ਼ਿੰਮੇਦਾਰ ਰਵੱਈਆ, ਖਾਸ ਤਰ੍ਹਾਂ ਦਾ ਮੰਗਲਪੁਣਾ, ਅਵਾਰਾਗਰਦੀ ਆਦਿ ਔਗੁਣ ਪੈਦਾ ਹੁੰਦੇ ਹਨ ਤਾਂ ਇਨ੍ਹਾਂ ਆਦਤਾਂ ਦੀ ਜੜ੍ਹ ਸਾਡੇ ਟੱਬਰ ਵਿਚ ਫੈਲੀ ਹੋਈ ਵਿਆਪਕ ਬੇਚੈਨੀ ਵਿਚ ਲੁਕੀ ਹੋਈ ਹੈ।"

ਇਸ ਤਰ੍ਹਾਂ ਅਸੀਂ ਇਹ ਵੇਖਦੇ ਹਾਂ ਕਿ ਨੌਜਵਾਨਾਂ ਵਿਚ ਆ ਰਹੀ ਦਿਸ਼ਾਹੀਣਤਾ ਦੀ ਸਥਿਤੀ ਦਾ ਕਾਰਨ ਸਾਡੇ ਸਮਾਜ ਦੀ ਉਨ੍ਹਾਂ ਹਾਲਤਾਂ ਵਿਚ ਲੁਕਿਆ ਜੋ ਨੌਜਵਾਨਾਂ ਨੂੰ ਦਰਪੇਸ਼ ਹੋ ਰਹੀਆਂ ਹਨ। ਮੁਨਾਫ਼ੇ 'ਤੇ ਆਧਾਰਿਤ ਇਹ ਪ੍ਰਬੰਧ ਇਕ ਪਾਸੇ ਤਾਂ ਨੌਜਵਾਨਾਂ ਦੇ ਦਿਮਾਗਾਂ 'ਤੇ ਕਿੰਨਾ ਬੋਝ ਲੱਦ ਰਿਹਾ ਹੈ, ਦੂਜੇਪਾਸੇ ਉਨ੍ਹਾਂ ਨੂੰ ਕਿਸੇ ਸੁਨਹਿਰੀ ਭਵਿੱਖ ਦੀ ਝਲਕ ਵੀ ਦਿਖਾਈ ਨਹੀਂ ਦਿੰਦੀ। ਪੈਸੇ ਦੀ ਦੌੜ ਵਿਚ ਪਿਛੇ ਨਾ ਰਹਿ ਜਾਣ ਦਾ ਡਰ ਉਨ੍ਹਾਂ ਦੀ ਸਿਰਜਣਾਤਮਕਤਾ ਅਤੇ ਕਲਪਣਾਸ਼ਕਤੀ ਨੂੰ ਮਾਰ ਰਿਹਾ ਹੈ। ਆਪਣੇ ਉਸੇ ਲੇਖ ਵਿਚ ਮੁਕਤੀਬੋਧ ਅੱਗੇ ਲਿਖਦੇ ਹਨ

"ਲਖਨਊ ਯੂਨੀਵਰਸਿਟੀ ਵਿਚ ਅਰਥਸ਼ਾਸਤਰ ਦੇ ਆਚਾਰੀਆ ਡਾ. ਡੀ. ਪੀ. ਮੁਖਰਜੀ ਨੇ, ਰੂਸ ਤੋਂ ਵਾਪਸ ਆ ਕੇ ਆਪਣੀ ਇਕ ਮੁਲਾਕਾਤ ਵਿਚ ਦੱਸਿਆ ਸੀ ਕਿ ਉਸ ਦੇਸ਼ ਦੇ ਨੌਜਵਾਨਾਂ ਨੂੰ ਕਿੱਤਾ ਚੁਣਨ ਵਿਚ

ਕੋਈ ਤਕਲੀਫ਼ ਨਹੀਂ ਹੁੰਦੀ। ਆਮ ਤੌਰ 'ਤੇ ਆਪਣੀ ਉਮਰ ਦੇ 16ਵੇਂ 17ਵੇਂ ਸਾਲ ਵਿਚ ਹੀ ਉਹ ਆਪਣਾ ਜੀਵਨ ਕੰਮ ਚੁਣ ਚੁੱਕਾ ਹੁੰਦਾ ਹੈ। 22-23 ਤੱਕ ਆਉਂਦੇ-ਆਉਂਦੇ ਉਹ ਆਪਣੇ ਕੰਮ ਵਿਚ ਇੰਨਾ ਮਾਹਿਰ ਹੋ ਜਾਂਦਾ ਹੈ ਕਿ ਸਾਧਾਰਨ ਰੂਪ ਵਿਚ ਉਸ ਦੇ ਹਵਾਲੇ ਉਚੇ-ਉਚੇ ਕੰਮ ਕਰ ਦਿੱਤੇ ਜਾਂਦੇ ਹਨ।"

ਇਸ ਤਰ੍ਹਾਂ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਪੂਰਾ ਆਰਥਿਕ-ਸਮਾਜਿਕ-ਰਾਜਨੀਤਕ ਢਾਂਚਾ ਹੀ ਨੌਜਵਾਨਾਂ ਨੂੰ ਇਹੋ ਜਿਹੀਆਂ ਸਥਿਤੀਆਂ 'ਚ ਲਿਆ ਸੁਟਦਾ ਹੈ ਕਿ ਉਨ੍ਹਾਂ ਕੋਲ ਜ਼ਿੰਦਗੀ ਦਾ ਮਕਸਦ ਹੀ ਗੁਆਚ ਜਾਂਦਾ ਹੈ। ਇਸ ਲਈ ਸਾਡਾ ਇਹ ਫਰਜ਼ ਬਣਦਾ ਹੈ ਕਿ ਨੌਜਵਾਨਾਂ ਨੂੰ ਸਹੀ ਮਕਸਦ ਨਾਲ ਜੋੜਿਆ ਜਾਵੇ। ਉਨ੍ਹਾਂ ਨੂੰ ਇਹ ਦੱਸਿਆ ਜਾਵੇ ਕਿ ਤੁਹਾਡੀਆਂ ਮੁਸ਼ਕਿਲਾਂ ਦਾ ਅਸਲੀ ਕਾਰਨ ਇਹ ਮਨੁੱਖੀ ਦੋਖੀ ਪ੍ਰਬੰਧ ਹੈ ਅਤੇ ਇਸ ਨੂੰ ਬਦਲਣ ਦੀ ਜ਼ਿੰਮੇਵਾਰੀ ਵੀ ਤੁਹਾਡੇ ਮੋਢਿਆਂ 'ਤੇ ਹੀ ਹੈ। ਉਨ੍ਹਾਂ ਵਿਚ ਚੰਗਾ ਸਾਹਿਤ ਲੈ ਕੇ ਜਾਇਆ ਜਾਵੇ ਤਾਂ ਕਿ ਹਰ ਤਰ੍ਹਾਂ ਦੇ ਕੂੜੇ ਕਬਾੜ ਸਾਹਿਤ ਦੀ ਵਿਆਰਥਤਾ ਉਨ੍ਹਾਂ ਸਾਹਮਣੇ ਸਾਬਤ ਕੀਤੀ ਜਾਵੇ। ਉਨ੍ਹਾਂ ਨੂੰ ਮਜਦੂਰ ਜਮਾਤ ਦੀਆਂ ਮੁਸ਼ਕਿਲਾਂ ਤੋਂ ਵੀ ਜਾਣੂ ਕਰਵਾਇਆ ਜਾਵੇ ਜਿਨ੍ਹਾਂ 'ਚੋਂ ਬਹੁਤੀਆਂ ਬਾਰੇ ਤਾਂ ਉਹ ਖੁਦ ਆਪਣੇ ਅਨੁਭਵ 'ਚੋਂ ਵੀ ਸਿੱਖ ਰਹੇ ਹਨ। ਉਨ੍ਹਾਂ ਵਿਚ ਤਰਕਸ਼ੀਲਤਾ, ਜਗਿਆਸਾ, ਤੱਥਾਂ ਨੂੰ ਪਛਾਨਣ, ਉਨ੍ਹਾਂ ਨੂੰ ਜਥੇਬੰਦ ਕਰਕੇ ਉਨ੍ਹਾਂ ਦਾ ਨਿਚੋੜ ਕੱਢਣ ਦੀ ਤਾਕਤ ਪੈਦਾ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਲਗਾਤਾਰ ਜਾਗਰੂਕ ਕਰਦੇ ਹੋਏ ਚਮਕ-ਦਮਕ ਵਾਲੇ ਆਦਰਸ਼ਵਾਦ, ਬੇਈਮਾਨ, ਦੋਗਲੀਆਂ ਗੱਲਾਂ, ਗੈਰ ਜ਼ਿੰਮੇਵਾਰ, ਕਮਜ਼ੋਰ, ਮੌਖਿਕ ਆਦਰਸ਼ਵਾਦ, ਘੁਮੰਡ, ਹੰਕਾਰ ਆਦਿ ਖਿਲਾਫ਼ ਤਿਆਰ ਕਰਨਾ ਚਾਹੀਦਾ ਹੈ। ਗਿਆਨ ਸਾਹਮਣੇ, ਸੱਚ ਸਾਹਮਣੇ, ਹਾਰਦਿਕਤਾ ਅਤੇ ਮਾਰਮਿਕਤਾ ਸਾਹਮਣੇ ਪ੍ਰੇਮ ਅਤੇ ਤਿਆਗ ਸਾਹਮਣਾ ਲਗਾਤਾਰ ਨਿਮਰਤਾ ਅਤੇ ਹਲੀਮੀ ਦੀ ਸਿੱਖਿਆ ਦੇਣੀ ਚਾਹੀਦੀ ਹੈ। ਉਨ੍ਹਾਂ ਨੂੰ ਲੋਕਾਂ ਦੀ ਭਲਾਈ ਵਿਚ ਯਕੀਨ ਕਰਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਇਹ ਦੱਸਿਆ ਜਾਣਾ ਚਾਹੀਦਾ ਹੈ ਕਿ ਮਨੁੱਖ ਨੇ ਆਪਣੇ ਜੁਝਾਰੂ ਸੰਘਰਸ਼ਾਂ ਰਾਹੀਂ ਦੁਨੀਆਂ ਨੂੰ ਸਦਾ ਹੀ ਬਦਲਿਆ ਹੈ। ਮੁਕਤੀਬੋਧ ਜੀ ਦੇ ਗੱਲ ਨਾਲ ਅਸੀਂ ਇਸੇ ਨੂੰ ਇੰਝ ਖਤਮ ਕਰਦੇ ਹਾਂ।

"ਜਿਹੜਾ ਸਮਾਜ ਅਤੇ ਜਿਹੜਾ ਰਾਜ ਨੌਜਵਾਨਾਂ ਨੂੰ ਲਗਾਤਾਰ ਤਰੱਕੀਸ਼ੀਲ ਕਿੱਤਾ ਨਹੀਂ ਦੇ ਸਕਦਾ, ਉਹ ਰਾਜ ਅਤੇ ਉਹ ਸਮਾਜ ਟਿਕ ਨਹੀਂ ਸਕਦਾ। ਇਤਿਹਾਸ ਦੇ ਵਿਸ਼ਾਲ ਹੱਥ ਇਸ ਵੇਲੇ ਉਸਦੀ ਕਬਰ ਪੁੱਟਣ ਲਈ ਬਹੁਤ ਵੱਡਾ ਟੋਆ ਤਿਆਰ ਕਰ ਰਹੇ ਹਨ।"

# Thoothukudi- where "development" means super profit for the Corporates

Chandigarh : A team comprising 17 members of Co-ordination of Democratic Rights Organization (CDRO) and Woman against Sexual Violence and State Repression (WSS) undertook a fact finding from June 16, 2018 to June 18, 2018 in Thoothukudi, Tamil Nadu regarding the firing and killing of Anti Sterlite protesters and the civilians on May 22 and 23, 2018. The fact finding team visited the family of the deceased, injured people in the firing, the villagers in the proximity of the Vedanta Sterlite plant, Bar Association of Thoothukudi, trade unionists and civic and administrative officials of Thoothukudi district.




**Targeted Killings:**

During our visits and the interaction with the cross section of people involved in this Anti Sterltie protest movement, the fact finding committee has observed that the firing by the police on 22nd and 23rd of May at the Collectorate and Anna Nagar 6th Cross road were deliberate and pre-planned. Most of the people killed were specifically targeted by the police as they have been in the forefront of this protest. Out of 13 people killed, we visited 6 families of which 3 were a clear case of targeted killing of either leaders or active participants of the protest. The family members of all the deceased had claimed that they intended for a peaceful protest and not indulge in violent protest as claimed by administration. Most of them carried children and food packages for a peaceful protest at collectors office. The state and Sterlite engineered violence to repress the anti sterlite movement by indulging in unprovoked indiscriminate firing on the people.

**Injured:**

As per the information received from the hospital authorities by the fact finding team, in total 125 were injured on both the days. The team visited 10 injured in the hospital of whom majority were bullet injuries in the ankle, knee and one bullet injured patient had to be amputated above knee. The compensation though immediately dispersed to the family members by the State was insufficient and they demanded further justice for the dead and the injured. The key observation from the family members of the deceased was that the post Mortem report was not handed to any family despite request. Instead they were threatened, beaten, lathi charged at the Hospital mortuary, some of the family members recalled that the police had asked them to file RTI to receive the post mortem report.

**Witching Hunting/ Repression:**

The local people of these villages informed us that there has been an ongoing police repression in the form of midnight raids, targeting innocent men and woman. The lawyer's forum of Thoothukudi has said that more than 250 people have been detained and booked under various charges. It has also come to the knowledge of the team that 7 people have been booked under NSA act in the past one week alone.

**Health Hazards:**

The committee also visited villages around the plant and met men and woman who shared their health concerns. The incidence as narrated includes cancer of uterus, breast and other organs, skin disorders, blindness, infertility, respiratory problems like asthmatic bronchitis, severe gynaecological disorders affecting girls and woman and paediatric disorders with children born with mental retardation and other physical deformities, ENT problems etc. The government and the sterlite had not taken any steps to mitigate these severe health problems. The villagers reiterated that such diseases were not as prevalent before the establishment of sterlite plant.

**We Demand:**

All cases registered against the protestors be withdrawn with immediate effect.

All the arrested anit sterlite protestors including those booked under NSA be released unconditionally.

Immediate permanent closure of Sterlite copper smelter plant as a policy decision by the Government.

Criminal Action under Section 302 of IPC should be initiated against the civil, police and Management of the Sterlite company for their criminal negligence of duty and massacre of anti-Sterlite protestors in Thoothukudi.

All land acquired for the Sterlite plant through SIPCOT be returned to its original land owners.

The compensation amount should be increased for those killed and injured, akin to the Mandsaur MP firing victims where Rs 1 crore was granted to each person killed and Rs 50 lakhs to the injured.

To conduct health/ Epidemiological survey in the Industrial belt of Thoothukudi to assess the various increasing disease patterns prevalent in the region.

Coordination of Democratic Rights Organization (CDRO) and Women against Sexual Violence and State Repression (WSS)
9445162365 9990448490

# Condemn the arrests of Adv Gadling, Prof Shoma Sen, Sudhir Dhawle, Rona Wilson, Mahesh Raut

The Pune Police at 6-00 am today, 6th June, 2018, arrested Adv Surendra Gadling, General Secretary Indian Association of People's Lawyers from Nagpur, Prof Shoma Sen, Head of Department of English, Nagpur University, Sudhir Dhawale, Editor Vidrohi from Mumbai, Rona Wilson, Public Relations Secretary Committee for the Release of Political Prisoners and Mahesh Raut, anti-displacement activist from Bharat Jan Andolan and former Fellow at Prime Minister's Rural Development (PMRD) for Gadchiroli District.

These arrests and searches have been purportedly made under the FIR registered on 8th January, 2018 at Vishram Baug Police Station, Pune with regard to the holding of the Elgar Parishad on 31st December, 2017 by the Bhima-Koregaon Shaurya Din Prerna Abhiyan. This FIR, originally registered u/s 153(A), 505 (1)(b), 117 and 34 of the Indian Penal Code (IPC), was made a conspiracy case in March 2018 and now has had sections of the Unlawful Activities Prevention Act (UAPA) added to it. The arrests today have thus been made under UAPA, which has several draconian provisions which ensure long detention and makes it difficult to obtain bail.

These arrests are in the face of the mass demand of several political parties and human rights organizations and activists and the Prerna Abhiyan in particular to arrest the leaders of Sangh Parivar organizations, Sambhaji Bhide and Milind Ekbote, who were responsible for the violence on 1st January, 2018 at Bhima-Koregaon. The Phadnavis government, which has been protecting these actual perpetrators of the violence, has been attempting to create a false narrative that the violence at Bhima Koregaon was caused by the Elgar Parishad and that banned Maoist organizations are behind the Prerna Abhiyan.

The Bhima-Koregaon Shaurya Din Prerna Abhiyan is a coalition of around 260 mass organizations under the Chairmanship of Retired Supreme Court Justice P B Sawant and includes prominent political figures like Adv Prakash Ambedkar, leader of the Bahujan Republican Party (Bharip) and Justice Kolse-Patil (Retd). In commemoration of the 200th anniversary of the Battle of Bhima-Koregaon that vanquished the Peshwa rule, the Abhiyan had organized a mass meeting on 31st December, 2017 at the historic Shaniwar wada in Pune, with several prominent speakers like Retired High Court Justice Kolse Patil, Adv Prakash Ambedkar, Gujarat MLA Jignesh Mevani and others. The Elgar Parishad was organised with the stated objective of fighting the Nav-peshwahi. The program was hugely successful and attended by thousands from across the state. However on the following day, those commemorating the event at Bhima-Koregaon were attacked by a mob carrying saffron flags and instigated by Sambhaji Bhide and Milind Ekbote, two right wing activists who are closely connected with the ruling BJP and this attack was part of a pre-meditated plan.

The entire operation has been stage-managed by the Maharashtra government keeping in mind the judicial enquiry headed by Justice J N Patel (Retd) in order to ensure that submissions from the victims of the Hindutva and State violence are suppressed. It has also been done to queer the pitch for the forthcoming elections in the State as well as 2019. The BJP government is desperate to create a reign of terror in order to polarize the dalit and bahujan votes. And also to create a terror narrative thereby protecting the real terror culprits Sambhaji Bhide and Milind Ekbote who will ensure votes for the BJP.

CPDR strongly condemns this open show of State terror and complete bypassing of the Rule of Law by the BJP governments in the State and the Centre and demands the immediate release of Advocate Surendra Gadling, Prof Shoma Sen, Sudhir Dhawle, Rona Wilson and Mahesh Raut forthwith.

# The Next Four Years: An Ontario election post-mortem



Take a deep breath, Ontario: we have reached the conclusion of this bizarre and dramatic election period. We wade now into unchartered territory.

Sure, there have been PC governments before. But there has never been a PC government quite like the one we are about to experience under Premier-designate Doug Ford, who swept into power on a thin platform that was never fully costed.

Economists estimate at least a $10 billion fiscal hole in the party's promises. That means there will either be deep and painful cuts, a lot of unfulfilled promises, or both.

Progressives who hoped Ontario was on the brink of a major expansion of social programs—universal dental care, pharmacare, child care, affordable housing—will now be tasked with turning that hope into resolve.

Resolve to protect the most vulnerable in this province from the kind of massive public service cuts that did harm to real people, families, and entire communities under the previous PC government led by Mike Harris.

Since 2003, a succession of Liberal governments undid some of the damage from those years, but there remains much more to redress.

Democracy isn't just about casting a vote at election time; democracy happens in between elections, too. There is a role for progressives to play through social justice, environment, and labour movements.

Together, we have a job to do over the next four years.

**Hold the line**

Turning hope into resolve; it's a familiar role. As progressives, we have done it many times.

We have fought against attacks on workers' right to collectively bargain. We have fought against funding cuts to women's groups, to legal aid, to social assistance. We have fought against penalizing laws meant to further marginalize the marginalized.

We focus on what's possible. And we hold governments of all stripes to account.

Every party promised to cut emergency room crowding in hospitals. The Canadian Centre for Policy Alternatives will track any movement on this front and we will make the case for investments in nurses, new beds, as well as improvements to home care and long-term care for seniors.

All parties promised investments in mental health. We'll hold this government to account for its promises to do so.

The education formula devised under the Harris government was flawed from the beginning. Schools in a chronic state of disrepair and underinvestment in special education remain the legacy. The Canadian Centre for Policy Alternatives laid out a blueprint to fix the funding formula. We remain resolved to keep this in the spotlight.

And let's not give up on a $15 minimum wage, on $12 a day child care, on universal pharmacare and dental care. Let us resist having our vision for Ontario's future hemmed in by the government in power and continue to push for a progressive, equitable future.

Because policies that invest in Ontarians are good for Ontario and its economy. A province with a healthy, well educated, decently paid workforce is the kind of place where people want to live. We know this. We have the research to prove it. Let's not take this vision off the table in the coming four years.

**Focusing on the future**

Meanwhile, the opposition parties will undoubtedly be taking stock of what just happened and what it means for their future.

Liberals will be in search of a new leader and may find temptation in veering toward more right-wing ideology—like the kind that informed the decision to privatize Hydro One. But let there be a lesson in the politics of privatization: Kathleen Wynne was a fairly popular premier until her government decided to hand majority shares of Hydro One over to the private sector.

Both Liberals and the NDP would be wise to also consider how much their proposals to protect workers and to expand social programs resonated with the general public.

The majority of voters chose other parties that were offering more, not fewer, public services. The majority didn't vote for cuts. They just didn't win the seat count in this first-past-the-post electoral system.

A lesson for any government that wishes to be activist, to move the needle on progressive social policy: don't wait until the year before an election to lead the way. Don't act like you'll have more than one mandate to make a difference. Be bold.

Now is not the time for progressives to accept incremental improvements to the status quo or to simply switch into reactive mode. We must lead and protect.

And now, about strategic voting. An Ipsos election day poll indicates 42 per cent of voters went to the polling stations to vote strategically. Another election waged on an "anybody but..." approach should be seen for what it is: an investment in the politics of cynicism. That divides, rather than unites us. That erodes our faith in public institutions to enact change for the better. And progressive policies usually suffer in the end.

If this election teaches us anything, it is that we desperately need electoral reform, so that people are liberated to vote according to their values and not strategically based on what they don't want.

The road forward starts with a call for all progressives to make a clear and resounding case to the people of Ontario that now is the time for this province to make meaningful democratic reform. Now is the time to bring in proportional representation—an electoral system that reflects the true wishes of the majority of voters.

Now is the time to strategically pursue profound, structural changes to address income inequality, climate change, pressing social issues, electoral reform, the fiscal health of public coffers, and fundamental human rights.

The status quo can no longer be the only option.

Along the way, you can count on the Canadian Centre for Policy Alternatives to hold this (and any) government to account, to make the case for strategic investments in public services and supports, to track any cuts, to offer alternative solutions, and to speak truth to power. That's what we do and it is what we will continue to do.

Work with us. Support our work. Join us in our resolve for a better Ontario now and four years from now.

# ਪੰਜਾਬੀ ਗੀਤਾਂ ਵਿੱਚ ਕਿਸਾਨੀ ਜੀਵਨ ਦੀ ਪੇਸ਼ਕਾਰੀ

## *(ਅਸਲੀਅਤ ਦੇ ਇੱਕੋ ਪਹਿਲੂ ਨੂੰ ਦੇਖਣ ਦਾ ਰੁਝਾਨ)*

ਅੱਜਕੱਲ ਪੰਜਾਬੀ ਗੀਤਾਂ ਵਿੱਚ ਪੰਜਾਬ ਦੇ ਕਿਸਾਨੀ ਜੀਵਨ ਦੀ ਪੇਸ਼ਕਾਰੀ ਜਿਵੇਂ ਹੋ ਰਹੀ ਹੈ, ਉਸਤੋਂ ਪੰਜਾਬ ਦੀ ਜ਼ਮੀਨੀ ਹਕੀਕਤ ਬਾਰੇ ਕੋਈ ਸੰਤੁਲਿਤ ਸਮਝ ਨਹੀਂ ਬਣਾਈ ਜਾ ਸਕਦੀ। ਕਈ ਗੀਤ ਸੁਣ ਕੇ ਇਉਂ ਲੱਗਦਾ ਹੈ ਕਿ ਪੰਜਾਬ ਦੀ ਸਾਰੀ ਕਿਸਾਨੀ ਕੋਲ ਵੱਡੇ ਟਰੈਕਟਰ, ਵੱਡੀਆਂ ਕਾਰਾਂ, ਵੱਡੀਆਂ ਕੋਠੀਆਂ ਅਤੇ ਮਹਿੰਗਾ ਅਸਲਾ ਹੈ ਅਤੇ ਕਈ ਗੀਤ ਸੁਣ ਕੇ ਲੱਗਦਾ ਹੈ ਕਿ ਸਭ ਕਿਸਾਨਾਂ ਦੇ ਹੱਥਾਂ ਵਿੱਚ ਮੋਨੋਸਿਲ ਹੈ ਅਤੇ ਸਭ ਬਰਬਾਦ ਹੋ ਰਹੇ ਹਨ। ਪਿਛਲੇ ਸਮੇਂ ਵਿੱਚ ਹੇਠਲੇ ਦੋ ਪੰਜਾਬੀ ਗੀਤ ਬਹੁਤ ਪ੍ਰਚੱਲਿਤ ਹੋਏ ਸਨ: ਇੱਕ ਸੁਨੰਦਾ ਸ਼ਰਮਾ ਦਾ ਅਤੇ ਦੂਸਰਾ ਰੱਮੀ ਰੰਧਾਵਾ ਅਤੇ ਪ੍ਰਿੰਸ ਰੰਧਾਵਾ ਦਾ ਹੈ। ਗੀਤਾਂ ਦੇ ਬੋਲ ਇਸ ਪ੍ਰਕਾਰ ਹਨ:-

**ਸੁਨੰਦਾ ਸ਼ਰਮਾ**

ਗੁੜਤੀ 'ਚ ਮਿਲ਼ੀ ਠਾਠ ਬਾਠ ਓਸਨੂੰ
ਕਾਰਾਂ ਜੀਪਾਂ ਦੀ ਨੀ ਕੋਈ ਘਾਟ ਓਸਨੂੰ
ਚੇਤਕ ਤਾਂ ਪੱਟੂ ਲੈ ਕੇ ਆਉਂਦਾ ਸ਼ੌਕ ਨਾਲ਼
ਹਾਰਲੇ ਵੀ ਹੈਗਾ ਕਾਲਜ ਲਿਆਉਣ ਨੂੰ
ਘੁੰਮਣ-ਘੁੰਮਾਉਣ ਨੂੰ ਤਾਂ ਥਾਰ ਰੱਖੀ ਐ
ਬੁਲਟ ਤਾਂ ਰੱਖਿਐ ਪਟਾਕੇ ਪਾਉਣ ਨੂੰ....

**ਰੱਮੀ ਰੰਧਾਵਾ ਅਤੇ ਪ੍ਰਿੰਸ ਰੰਧਾਵਾ**

ਸਾਨੂੰ ਦੱਸਿਓ ਜਰਾ ਕੁ ਗਾਉਣ ਵਾਲਿਓ
ਉਹ ਜੱਟ ਕਿਹੜੇ ਪਿੰਡ ਰਹਿੰਦਾ ਏ
ਧੀਆਂ-ਪੁੱਤ ਹੀ ਪੜ੍ਹਾਏ ਮਸਾਂ ਜਾਂਦੇ
ਇਹ ਹਾਲ ਹੈ ਜੱਟਾਂ ਦੇ ਘਰ ਦਾ
ਜਿੱਥੇ ਹੁੰਦੀ ਏ ਪਾਬੰਦੀ ਹਥਿਆਰ ਦੀ
ਤੁਸੀਂ ਕਹਿੰਦੇ ਫਾਇਰ ਕਰਦਾ
ਕੀ ਦੇ ਕੇ ਕੁੜੀ ਨੂੰ ਸਹੁਰੀਂ ਤੋਰਨਾ
ਨਿੱਤ ਸੋਚਾਂ ਵਿੱਚ ਰਹਿੰਦਾ ਏ
ਸਾਨੂੰ ਦੱਸਿਓ ਜਰਾ ਕੁ ਗਾਉਣ ਵਾਲਿਓ







ਉਹ ਜੱਟ ਕਿਹੜੇ ਪਿੰਡ ਰਹਿੰਦਾ ਏ

ਸੰਦ ਖੇਤੀ ਵਾਲ਼ੇ ਜਾਂਦੇ ਨੀ ਬਣਾਏ
ਤੇ ਮੰਗ-ਮੰਗ ਟੈਮ ਸਾਰਦਾ
ਨਾ ਹੀ ਥਾਰ ਰੱਖੀ ਘੁੰਮਣ-ਘੁੰਮਾਉਣ ਨੂੰ
ਨਾ ਬੁਲਟ ਪਟਾਕੇ ਮਾਰਦਾ

ਪੈਰੀਂ ਸੱਪਾਂ ਦੀਆਂ ਸਿਰੀਆਂ ਨੂੰ ਮਿੱਧਦੈ
ਤੇ ਮਿੱਟੀ ਨਾਲ਼ ਮਿੱਟੀ ਰਹਿੰਦਾ ਏ
ਸਾਨੂੰ ਦੱਸਿਓ ਜਰਾ ਕੁ ਗਾਉਣ ਵਾਲਿਓ
ਉਹ ਜੱਟ ਕਿਹੜੇ ਪਿੰਡ ਰਹਿੰਦਾ ਏ

ਹੁਣ ਦੇਖੋ, ਦੋਵੇਂ ਗੀਤ ਸਿੱਕੇ ਦੇ ਇੱਕੋ ਹੀ ਪਹਿਲੂ ਨੂੰ ਦੇਖਦੇ ਹਨ। ਜਿਹੜਾ ਜੱਟ ਬੁਲਟ ਦੇ ਪਟਾਕੇ ਅਤੇ ਟਰੈਕਟਰਾਂ ਦੇ ਪੇਚੇ ਪਾਉਂਦੈ, ਉਹ ਵੀ ਇਸੇ ਪੰਜਾਬ ਵਿੱਚ ਰਹਿੰਦੈ ਅਤੇ ਜੋ ਮਰ ਰਿਹੈ ਉਹ ਵੀ। ਇੱਕ ਗੀਤਕਾਰ ਨੂੰ ਮਰ ਰਿਹਾ ਨੀ ਦਿਸ ਰਿਹਾ ਅਤੇ ਦੂਸਰੇ ਨੂੰ ਅੱਯਾਸ਼ੀ ਕਰਦਾ। ਜਿਹੜੀ ਕਿਸਾਨੀ ਆਪਣੀ ਜ਼ਮੀਨ ਤੋਂ ਹੱਥ ਧੋ ਕੇ ਸਲਫਾਸ ਖਾ ਰਹੀ ਹੈ, ਉਹਦੀ ਜ਼ਮੀਨ ਆਖਿਰ ਜਾਂਦੀ ਕਿੱਥੇ ਹੈ? ਉਹ ਲਾਜ਼ਮੀ ਕਿਸੇ ਪੰਜਾਬ ਦੇ ਹੀ ਵੱਡੇ ਕਿਸਾਨ ਦਾ ਫਾਰਮ ਹੋਰ ਵੱਡਾ ਕਰ ਰਹੀ ਹੈ। ਮਰ ਰਹੀ ਕਿਸਾਨੀ ਦੀ ਵਿਕ ਰਹੀ ਜ਼ਮੀਨ ਨੂੰ ਕੋਈ ਅਮਰੀਕੀ ਜਾਂ ਚੀਨੀ ਨਹੀਂ ਖਰੀਦਦਾ, ਉਹਨੂੰ ਪੰਜਾਬ ਦੀ ਵੱਡੀ ਕਿਸਾਨੀ ਹੀ ਖਰੀਦ ਰਹੀ ਹੈ, ਜਿਸ ਲਈ ਖੇਤੀ ਅੱਜ ਵੀ ਇੱਕ ਲਾਹੇਵੰਦ ਧੰਦਾ ਹੈ। ਇਸ ਤਰਾਂ ਪੰਜਾਬ ਦੀ ਸਮੁੱਚੀ ਕਿਸਾਨੀ, ਮਰ ਰਹੀ ਕਿਸਾਨੀ ਅਤੇ ਵਧ-ਫੁੱਲ ਰਹੀ ਕਿਸਾਨੀ ਦੋ ਜਮਾਤਾਂ ਵਿੱਚ ਵੰਡੀ ਜਾ ਚੁੱਕੀ ਹੈ। ਦੋਵਾਂ ਦੇ ਹਿੱਤ ਵੀ ਅਲੱਗ-ਅਲੱਗ ਹੋ ਚੁੱਕੇ ਹਨ।

ਪੰਜਾਬ ਦੀ ਇਸ ਹਕੀਕਤ ਤੋਂ ਕੋਈ ਅੱਖਾਂ ਨਹੀਂ ਮੀਚ ਸਕਦਾ। ਇਸੇ ਕਰਕੇ ਅੱਜ 'ਕਿਸਾਨੀ ਸੰਕਟ' ਜਿਹੇ ਲਕਬ ਕਿਸੇ ਅਰਥਾਂ ਦਾ ਬੋਧ ਨਹੀਂ ਕਰਵਾਉਂਦੇ, ਕਿਉਂਕਿ ਸੰਕਟ ਸਾਰੀ ਕਿਸਾਨੀ ਦਾ ਹੈ ਹੀ ਨਹੀਂ। ਪੰਜਾਬ ਦੀ ਸਾਰੀ ਦੀ ਸਾਰੀ ਕਿਸਾਨੀ ਨੂੰ ਇੱਕੋ ਜਮਾਤ ਦੇ ਤੌਰ 'ਤੇ ਦੇਖਣ ਦਾ ਰੁਝਾਨ ਸਿਰਫ਼ ਪੰਜਾਬੀ ਗੀਤਾਂ ਵਿੱਚ ਹੀ ਨਹੀਂ, ਸਗੋਂ ਬਲਦੇਵ ਸਿੰਘ ਅਤੇ ਰਾਮ ਸਰੂਪ ਅਣਖੀ ਵਰਗਿਆਂ ਦੇ ਨਾਵਲਾਂ ਅਤੇ ਅਜਮੇਰ ਔਲਖ ਜਿਹੇ ਨਾਟਕਕਾਰਾਂ ਦੇ ਨਾਟਕਾਂ ਵਿੱਚ ਵੀ ਦੇਖਣ ਨੂੰ ਮਿਲ਼ਦਾ ਹੈ। ਇਹੀ ਗ਼ਲ਼ਤ ਰੁਝਾਨ ਪੰਜਾਬ ਦੇ ਕਈ ਖੱਬੇ ਪੱਖੀ ਸਮਾਜਿਕ ਵਿਸ਼ਲੇਸ਼ਕਾਂ ਵਿੱਚ ਵੀ ਪਾਇਆ ਜਾਂਦਾ ਹੈ।

**- ਡਾ. ਅਵਤਾਰ**

# ਅਗਾਂਹਵਧੂ ਸੋਚ ਵਾਲੇ ਬੁੱਧੀਜੀਵੀ ਸੱਤਾ ਦੇ ਨਿਸ਼ਾਨੇ 'ਤੇ ਕਿਉਂ ?



ਬੂਟਾ ਸਿੰਘ ਨਵਾਂਸ਼ਹਿਰ
94634-74342

6 ਜੂਨ ਨੂੰ ਨਾਗਪੁਰ, ਦਿੱਲੀ ਅਤੇ ਮੁੰਬਈ ਤੋਂ ਪੰਜ ਜਮਹੂਰੀ ਸ਼ਖ਼ਸੀਅਤਾਂ ਦੀ ਯੂ.ਏ.ਪੀ.ਏ. (ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ) ਤਹਿਤ ਗ੍ਰਿਫ਼ਤਾਰੀ ਇਕ ਮਾਮੂਲੀ ਮਾਮਲਾ ਨਾ ਹੋਕੇ ਹਿੰਦੁਸਤਾਨੀ ਰਾਜ ਦੇ ਤਾਨਾਸ਼ਾਹ ਦਸਤੂਰ ਦੀ ਇਕ ਹੋਰ ਆਹਲਾ ਮਿਸਾਲ ਹੈ। ਅਗਾਂਹਵਧੂ ਸੋਚ ਵਾਲੇ ਸਿਰਕੱਢ ਕਾਰਕੁੰਨਾਂ ਦੇ ਦਮਨ ਰਾਹੀਂ ਭਗਵਾਂ ਨਿਜ਼ਾਮ ਮੁਲਕ ਦੇ ਅਵਾਮ, ਖ਼ਾਸ ਕਰਕੇ ਬੌਧਿਕ ਹਲਕਿਆਂ ਨੂੰ ਇਕ ਖ਼ਾਸ ਸੰਦੇਸ਼ ਦੇਣਾ ਚਾਹੁੰਦਾ ਹੈ।

ਪੁਣੇ ਤੋਂ ਅੰਬੇਡਕਰਵਾਦੀ ਚਿੰਤਕ ਸੁਧੀਰ ਧਾਵਲੇ ਵਿਦਰੋਹੀ ਪੱਤ੍ਰਿਕਾ ਦੇ ਸੰਪਾਦਕ ਅਤੇ ਸੰਵੇਦਨਸ਼ੀਲ ਦਲਿਕ ਕਾਰਕੁੰਨ ਹਨ। ਨਾਗਪੁਰ ਤੋਂ ਐਡਵੋਕੇਟ ਸੁਰਿੰਦਰ ਗਾਡਲਿੰਗ ਲੋਕਪੱਖੀ ਵਕੀਲ ਹਨ ਜੋ ਲੋਕਪੱਖੀ ਵਕੀਲਾਂ ਦੀ ਸੰਸਥਾ ਆਈ.ਏ.ਪੀ.ਐੱਲ. ਦੇ ਜਨਰਲ ਸਕੱਤਰ ਹਨ ਅਤੇ ਪ੍ਰੋਫ਼ੈਸਰ ਜੀ.ਐੱਨ ਸਾਈਬਾਬਾ ਸਮੇਤ ਬੇਸ਼ੁਮਾਰ ਸਿਆਸੀ ਕੈਦੀਆਂ ਦੇ ਮਾਮਲਿਆਂ ਦੀ ਪੂਰੀ ਤਰਾਂ ਸਮਰਪਿਤ ਹੋਕੇ ਕਾਨੂੰਨੀ ਪੈਰਵੀ ਕਰ ਰਹੇ ਹਨ। ਔਰਤ ਕਾਰਕੁੰਨ ਪ੍ਰੋਫ਼ੈਸਰ ਸ਼ੋਮਾ ਸੇਨ ਨਾਗਪੁਰ ਯੂਨੀਵਰਸਿਟੀ ਵਿਚ ਅੰਗਰੇਜ਼ੀ ਵਿਭਾਗ ਦੇ ਮੁਖੀ ਹਨ ਜਿਸਦਾ ਔਰਤਾਂ ਉੱਪਰ ਜਿਨਸੀ ਹਿੰਸਾ ਸਮੇਤ ਹਰ ਸਮਾਜੀ ਤੇ ਰਾਜਕੀ ਬੇਇਨਸਾਫ਼ੀ ਵਿਰੁੱਧ ਆਵਾਜ਼ ਉਠਾਉਣ ਵਿਚ ਚੋਖਾ ਯੋਗਦਾਨ ਹੈ। ਦਿੱਲੀ ਯੂਨੀਵਰਸਿਟੀ ਤੋਂ ਪ੍ਰੋਫ਼ੈਸਰ ਰੋਨਾ ਵਿਲਸਨ ਮਾਰਕਸਵਾਦੀ ਚਿੰਤਕ ਅਤੇ ਸਿਆਸੀ ਕੈਦੀਆਂ ਲਈ ਰਿਹਾਈ ਲਈ ਕਮੇਟੀ ਦੇ ਪਬਲਿਕ ਰਿਲੇਸ਼ਨ ਸਕੱਤਰ ਹਨ। ਅਤੇ ਟਾਟਾ ਇੰਸਟੀਚਿਊਟ ਆਫ ਸੋਸ਼ਲ ਸਾਇੰਸਿਜ਼ ਦੇ ਗਰੈਜੂਏਟ ਮਹੇਸ਼ ਰਾਵਤ ਗੜ੍ਹਚਿਰੌਲੀ ਜ਼ਿਲੇ ਵਿਚ ਪ੍ਰਧਾਨ ਮੰਤਰੀ ਪੇਂਡੂ ਵਿਕਾਸ (ਪੀ ਐੱਮ ਆਰ ਡੀ) ਦੇ ਸਾਬਕਾ ਫੈਲੋ ਰਹਿ ਚੁੱਕੇ ਹਨ ਅਤੇ ਭਾਰਤ ਜਨ ਅੰਦੋਲਨ ਨਾਲ ਜੁੜੇ ਵਿਸਥਾਪਨ (ਉਜਾੜਾ) ਵਿਰੋਧੀ ਕਾਰਕੁੰਨ ਹਨ।

ਇਹਨਾਂ ਦੇ ਘਰਾਂ ਵਿਚ ਛਾਪੇ ਮਾਰਨ ਅਤੇ ਗ੍ਰਿਫ਼ਤਾਰ ਕਰਨ ਸਮੇਂ ਇਹ ਦਾਅਵਾ ਕੀਤਾ ਗਿਆ ਕਿ ਪਿਛਲੇ ਸਾਲ 31 ਦਸੰਬਰ ਨੂੰ ਦਲਿਤਾਂ ਵਲੋਂ ਮਹਾਰਾਸ਼ਟਰ ਵਿਚ ਜੋ ਭੀਮਾ-ਕੋਰੇਗਾਓਂ ਸ਼ਤਾਬਦੀ ਮਨਾਈ ਗਈ ਸੀ ਉਸ ਪਿੱਛੇ ਇਹਨਾਂ 'ਸ਼ਹਿਰੀ ਮਾਓਵਾਦੀਆਂ' ਦਾ ਹੱਥ ਸੀ ਅਤੇ ਉਸ ਸ਼ਤਾਬਦੀ ਸਮਾਗਮ ਲਈ ਫੰਡ ਮਾਓਵਾਦੀ ਪਾਰਟੀ ਨੇ ਦਿੱਤੇ ਸਨ। 8 ਜਨਵਰੀ ਨੂੰ ਐੱਫ.ਆਈ.ਆਰ. ਮੂਲ ਰੂਪ ਵਿਚ ਆਈ.ਪੀ.ਸੀ. ਦੀਆਂ ਧਾਰਾਵਾਂ 153(ਏ), 505(1) (ਬੀ), 117 ਅਤੇ 34 ਤਹਿਤ ਦਰਜ ਕੀਤੀ ਗਈ ਸੀ ਜਿਸ ਵਿਚ ਸਿਰਫ਼ ਧਾਵਲੇ ਅਤੇ ਕਬੀਰ ਕਲਾ ਮੰਚ ਦੇ ਕਲਾਕਾਰਾਂ ਦੇ ਨਾਂ ਸ਼ਾਮਲ ਸਨ। ਲੇਕਿਨ ਮਾਰਚ 2018 ਵਿਚ ਇਸ ਨੂੰ ਮੁਜਰਮਾਨਾ ਸਾਜ਼ਿਸ਼ ਦੇ ਮਾਮਲੇ ਵਿਚ ਬਦਲ ਦਿੱਤਾ ਗਿਆ ਅਤੇ ਉਪਰੋਕਤ ਚਾਰ ਹੋਰ ਸ਼ਖ਼ਸੀਅਤਾਂ ਨੂੰ ਕੇਸ ਵਿਚ ਸ਼ਾਮਲ ਕਰ ਲਿਆ ਗਿਆ। ਇਸ ਵਿਚ ਯੂ.ਏ.ਪੀ.ਏ. ਦੇ ਸੈਕਸ਼ਨ ਲਗਾ ਦਿੱਤੇ ਗਏ ਜੋ ਕਿ ਜਾਬਰ ਅਤੇ ਲੋਟੂ ਹਾਕਮ ਜਮਾਤਾਂ ਦੀਆਂ ਸਰਕਾਰਾਂ ਦੇ ਹੱਥ ਵਿਚ ਉਹਨਾਂ ਕਾਰਕੁੰਨਾਂ ਨੂੰ ਬਿਨਾ ਜ਼ਮਾਨਤ ਅਣਮਿੱਥੇ ਸਮੇਂ ਲਈ ਜੇਲ ਵਿਚ ਸਾੜਨ ਲਈ ਨਹਾਇਤ ਬਦਨਾਮ ਕਾਨੂੰਨਾਂ ਵਿੱਚੋਂ ਇਕ ਮੁੱਖ ਕਾਨੂੰਨ ਹੈ ਜੋ ਆਪਣੀਆਂ ਸਟੇਟ ਵਿਰੋਧੀ ਸਰਗਰਮੀਆਂ ਕਾਰਨ ਹਾਕਮ ਜਮਾਤਾਂ ਦੀਆਂ ਅੱਖਾਂ ਵਿਚ ਰੋੜ ਵਾਂਗ ਰੜਕਦੇ ਹਨ। ਫਿਰ ਇਹ ਦੇਖਕੇ ਕਿ ਇਸ ਝੂਠ ਦੇ ਪੁਲੰਦੇ ਉੱਪਰ ਕੋਈ ਵਿਸ਼ਵਾਸ ਨਹੀਂ ਕਰ ਰਿਹਾ ਇਸ ਨੂੰ ਰਾਜੀਵ ਗਾਂਧੀ ਦੀ ਹੱਤਿਆ ਦੀ ਤਰਜ਼ 'ਤੇ ਮੌਜੂਦਾ ਪ੍ਰਧਾਨ ਮੰਤਰੀ ਮੋਦੀ ਦੀ ਹੱਤਿਆ ਕਰਨ ਦੀ ਮਾਓਵਾਦੀ ਸਾਜ਼ਿਸ਼ ਬਣਾਕੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਗਿਆ।

ਇਸਦਾ ਅਧਾਰ ਦੋ ਫਰਜ਼ੀ ਈ-ਮੇਲਾਂ ਨੂੰ ਬਣਾਇਆ ਗਿਆ ਜਿਹਨਾਂ ਬਾਰੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਰੋਨਾ ਵਿਲਸਨ ਦੇ ਲੈਪਟਾਪ ਵਿੱਚੋਂ ਮਿਲੀਆਂ ਹਨ। ਪਹਿਲੀ ਗੱਲ ਤਾਂ ਚਿੱਠੀਆਂ ਦੇ ਸੰਬੋਧਨ ਦਾ ਰੰਗ-ਢੰਗ, ਸ਼ੈਲੀ ਅਤੇ ਇਬਾਰਤ ਹੀ ਜਾਅਲਸਾਜ਼ੀ ਦਾ ਭਾਂਡਾ ਫੋੜ ਦਿੰਦੇ ਹਨ ਕਿ ਇਹ ਚਿੱਠੀਆਂ ਸੀਨੀਅਰ ਪੁਲਿਸ ਤੇ ਖ਼ੁਫ਼ੀਆ ਅਧਿਕਾਰੀਆਂ ਵਲੋਂ ਸੱਤਾਧਾਰੀ ਬੌਸਾਂ ਦੇ ਇਸ਼ਾਰੇ 'ਤੇ ਖ਼ੁਦ ਘੜੀਆਂ ਗਈਆਂ ਹਨ। ਰੂਪੋਸ਼ ਜਥੇਬੰਦੀਆਂ ਆਪਣੀ ਅੰਦਰੂਨੀ ਖ਼ਤੋ-ਕਿਤਾਬਤ ਹਮੇਸ਼ਾ ਕੋਡ ਭਾਸ਼ਾ ਵਿਚ ਕਰਦੀਆਂ ਹਨ ਅਤੇ ਕੋਈ ਵੀ ਆਗੂ ਕਦੇ ਆਪਣੇ ਅਸਲ ਨਾਵਾਂ ਹੇਠ ਕੋਈ ਚਿੱਠੀ ਨਹੀਂ ਲਿਖਦਾ। ਜਿਹੜੇ ਸਾਬਕਾ ਸੀਨੀਅਰ ਪੁਲਿਸ ਅਧਿਕਾਰੀ ਮਾਓਵਾਦੀ ਪਾਰਟੀ ਦੀ ਕਾਰਜਸ਼ੈਲੀ ਤੋਂ ਚੰਗੀ ਤਰ੍ਹਾਂ ਵਾਕਫ਼ ਹਨ ਅਤੇ ਜਿਹਨਾਂ ਦਾ ਮਾਓਵਾਦੀ ਸਰਗਰਮੀਆਂ ਦੇ ਵਿਸ਼ਲੇਸ਼ਣ ਨਾਲ ਨੇੜਿਓਂ ਵਾਹ ਰਿਹਾ ਹੈ ਉਹਨਾਂ ਸਮੇਤ ਬਹੁਤ ਸਾਰੇ ਆਜ਼ਾਦ ਖ਼ਿਆਲ ਸਿਆਸੀ ਵਿਸ਼ਲੇਸ਼ਕਾਂ ਅਤੇ ਸੀਨੀਅਰ ਪੱਤਰਕਾਰਾਂ ਨੇ ਇਹਨਾਂ ਚਿੱਠੀਆਂ ਨੂੰ ਪੂਰੀ ਤਰਾਂ ਜਾਅਲੀ, ਇਕ ਸਿਆਸੀ ਸਟੰਟ ਕਰਾਰ ਦਿੱਤਾ ਹੈ। ਹੱਤਿਆ ਦੀ ਸਾਜ਼ਿਸ਼ ਦੀ ਸਨਸਨੀਖ਼ੇਜ਼ ਕਹਾਣੀ ਘੜਨ ਦੇ ਜੋਸ਼ ਵਿਚ ਸੰਘ ਦੇ ਦੱਲੇ ਪੁਲਿਸ ਅਧਿਕਾਰੀ ਇਹ ਵੀ ਭੁੱਲ ਗਏ ਕਿ ਉਹ ਚਿੱਠੀ ਉੱਪਰ ਤਾਰੀਕ - ਦੋ ਜਨਵਰੀ - ਉਸ ਤੋਂ ਬਾਦ ਦੀ ਪਾ ਰਹੇ ਹਨ ਜੋਕਿ ਐਲਗਾਰ ਪ੍ਰੀਸ਼ਦ ਨਾਂ ਦਾ ਸਮਾਗਮ ਹੋ ਜਾਣ ਤੋਂ ਬਾਦ ਦੀ ਤਾਰੀਕ ਹੈ। ਸੰਘ ਦੇ ਬੁਲਾਰਿਆਂ ਨੂੰ ਇਹ ਸਨਸਨੀਖ਼ੇਜ਼ ਖ਼ੁਲਾਸਾ ਕਰਨ ਦੀ ਐਨੀ ਅੱਚਵੀ ਲੱਗ ਗਈ ਕਿ ਉਹਨਾਂ ਨੇ ਅਦਾਲਤ ਵਿਚ ਚਿੱਠੀ ਪੇਸ਼ ਕੀਤੇ ਜਾਣ ਤੋਂ ਪਹਿਲਾਂ ਹੀ ਇਸ ਦੀਆਂ ਕਾਪੀਆਂ ਆਪਣੇ ਰਖੇਲ ਟੀ.ਵੀ. ਚੈਨਲਾਂ ਨੂੰ ਦੇ ਦਿੱਤੀਆਂ। ਭਾਜਪਾ ਦੇ ਮੂੰਹਫਟ ਬੁਲਾਰੇ ਸੰਬਿਤ ਪਾਤਰਾ ਨੂੰ ਮੀਡੀਆ ਕਾਨਫਰੰਸ ਵਿਚ ਚਿੱਠੀ ਪੇਸ਼ ਕਰਦੇ ਵਕਤ ਇਹ ਵੀ ਚੇਤੇ ਨਹੀਂ ਰਿਹਾ ਕਿ ਉਸਦਾ ਇਹ ਕਾਰਨਾਮਾ ਚਿੱਠੀ ਦੇ ਜਾਅਲੀ ਹੋਣ ਦੇ ਸਬੂਤਾਂ ਦੀ ਫਿਹਰਿਸਤ ਵਿਚ ਇਕ ਹੋਰ ਪੁਖ਼ਤਾ ਸਬੂਤ ਬਣ ਜਾਵੇਗਾ। ਉੱਧਰ ਮਹਾਰਾਸ਼ਟਰ ਦੇ ਮੁੱਖ ਮੰਤਰੀ ਦਵੇਂਦਰ ਫੜਨਵੀਸ ਨੇ ਵੀ ਦਾਅਵਾ ਕਰਨਾ ਸ਼ੁਰੂ ਕਰ ਦਿੱਤਾ ਕਿ ਉਸ ਨੂੰ ਵੀ ਮਾਓਵਾਦੀਆਂ ਵਲੋਂ ਗੜ੍ਹਚਿਰੌਲੀ ਮੁਕਾਬਲੇ ਦਾ ਬਦਲਾ ਲੈਣ ਲਈ ਦੋ ਧਮਕੀ ਪੱਤਰ ਭੇਜੇ ਗਏ ਹਨ।

ਇਹ ਫਰਜ਼ੀ ਕੇਸ ਐਨ ਉਸੇ ਤਰਜ਼ 'ਤੇ ਬਣਾਇਆ ਗਿਆ ਹੈ ਜਿਵੇਂ ਪਹਿਲਾਂ ਦਿੱਲੀ ਯੂਨੀਵਰਸਿਟੀ ਦੇ 90ਫ਼ੀਸਦੀ ਅਪਾਹਜ ਪ੍ਰੋਫ਼ੈਸਰ ਜੀ.ਐੱਨ ਸਾਈਬਾਬਾ ਦੇ ਖ਼ਿਲਾਫ਼ ਮਹਾਰਾਸ਼ਟਰ ਦੇ ਇਕ ਥਾਣੇ ਵਿਚ ਐੱਫ.ਆਈ.ਆਰ. ਲਿਖੀ ਗਈ। ਚੋਰੀ ਦਾ ਸਮਾਨ ਬਰਾਮਦ ਕਰਨ ਲਈ ਪ੍ਰੋਫ਼ੈਸਰ ਦੇ ਘਰ ਦੀ ਤਲਾਸ਼ੀ ਦੇ ਬਹਾਨੇ ਉਸਦਾ ਕੰਪਿਊਟਰ ਅਤੇ ਡੇਟਾ ਸਟੋਰੇਜ ਡਿਵਾਈਸ ਕਬਜੇ ਵਿਚ ਲਏ ਗਏ। ਫਿਰ ਉਹਨਾਂ ਵਿੱਚੋਂ ਮਾਓਵਾਦੀ ਸੰਪਰਕਾਂ ਦੇ ਸਬੂਤ ਮਿਲਣ ਦਾ ਦਾਅਵਾ ਕਰਕੇ ਉਸ ਉੱਪਰ ਗ਼ੈਰਕਾਨੂੰਨੀ ਕਾਰਵਾਈਆਂ ਦਾ ਯੋਜਨਾਘਾੜਾ ਮਾਓਵਾਦੀ ਹੋਣ ਦਾ ਠੱਪਾ ਲਾਕੇ ਮੁਕੱਦਮਾ ਚਲਾਇਆ ਗਿਆ ਅਤੇ ਉਸ ਸਮੇਤ ਛੇ ਕਾਰਕੁੰਨਾਂ ਨੂੰ ਉਮਰ ਕੈਦ ਦੀ ਸਜ਼ਾ ਦੇ ਕੇ ਜੇਲ ਭੇਜਿਆ ਗਿਆ। ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਸੁਧੀਰ ਧਾਵਲੇ ਅਤੇ ਮਹੇਸ਼ ਰਾਓਤ ਉੱਪਰ ਮਾਓਵਾਦੀ ਹੋਣ ਦਾ ਇਲਜ਼ਾਮ ਮਹਾਰਾਸ਼ਟਰ ਪੁਲਿਸ ਵਲੋਂ ਪਹਿਲੀ ਵਾਰ ਨਹੀਂ ਲਗਾਇਆ ਗਿਆ। ਸੁਧੀਰ ਇਸੇ ਤਰਾਂ ਦੇ ਫਰਜ਼ੀ ਮਾਮਲਿਆਂ ਵਿਚ 40 ਮਹੀਨੇ ਜੇਲ ਵਿਚ ਰਹਿਕੇ ਬਾਇੱਜ਼ਤ ਬਰੀ ਹੋ ਚੁੱਕੇ ਹਨ। ਮਹੇਸ਼ ਨੂੰ ਉਸ ਮਾਮਲੇ ਵਿਚ ਮੁੱਖ ਮੁਲਜ਼ਮ ਰੱਖਿਆ ਗਿਆ ਸੀ ਜਿਸ ਵਿਚ ਪ੍ਰੋਫ਼ੈਸਰ ਸਾਈਬਾਬਾ ਸਮੇਤ ਛੇ ਕਾਰਕੁੰਨਾਂ ਨੂੰ ਪਿਛਲੇ ਸਾਲ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਮਹੇਸ਼ ਵੀ ਅਦਾਲਤ ਵਲੋਂ ਬਾਇੱਜ਼ਤ ਬਰੀ ਕੀਤੇ ਜਾ ਚੁੱਕੇ ਹਨ।

ਜਿੱਥੋਂ ਤਕ ਇਸ ਤਰਾਂ ਦੀਆਂ ਫਰਜ਼ੀ ਕਹਾਣੀਆਂ ਘੜਨ ਦਾ ਸਵਾਲ ਹੈ ਹਿਟਲਰ-ਮੁਸੋਲਿਨੀ ਦਾ ਸਿੱਕੇਬੰਦ ਪੈਰੋਕਾਰ ਰਾਸ਼ਟਰੀ ਸੋਇਮਸੇਵਕ ਸੰਘ ਇਸ ਮਾਮਲੇ ਵਿਚ ਖ਼ਾਸ ਮੁਹਾਰਤ ਰੱਖਦਾ ਹੈ। ਇਹ ਠੋਸ ਦਸਤਾਵੇਜ਼ੀ ਸਬੂਤਾਂ ਸਹਿਤ ਸਾਬਤ ਹੋ ਚੁੱਕਾ ਹੈ ਕਿ 1933 ਵਿਚ ਜਰਮਨੀ ਦੀ ਪਾਰਲੀਮੈਂਟ ਨੂੰ ਅੱਗ ਖ਼ੁਦ ਨਾਜ਼ੀ ਗੈਂਗ ਨੇ ਲਾਈ ਸੀ ਤਾਂ ਜੋ ਇਸ ਨੂੰ ਕਮਿਊਨਿਸਟ ਲਹਿਰ ਨੂੰ ਕੁਚਲਣ ਲਈ ਬਹਾਨੇ ਵਜੋਂ ਇਸਤੇਮਾਲ ਕੀਤਾ ਜਾ ਸਕੇ। ਸੰਘ ਪੂਰੀ ਤਰਾਂ ਆਪਣੇ ਆਦਰਸ਼ ਨਾਜ਼ੀਆਂ ਦੇ ਨਕਸ਼ੇ-ਕਦਮਾਂ ਉੱਪਰ ਚੱਲ ਰਿਹਾ ਹੈ। ਵਾਜਪਾਈ ਸਰਕਾਰ ਮੌਕੇ ਮੁਲਕ ਦੀ ਪਾਰਲੀਮੈਂਟ ਉੱਪਰ ਹੋਏ ਅਖਾਉਤੀ ਦਹਿਸ਼ਤਗਰਦ ਹਮਲੇ ਨੂੰ ਲੈਕੇ ਬੇਸ਼ੁਮਾਰ ਸਵਾਲ ਉੱਠੇ ਸਨ ਜੋ ਅਜੇ ਤਕ ਬੇਹੱਲ ਪਏ ਹਨ। ਪਿੱਛੇ ਜਹੇ ਜੇ.ਐੱਨ.ਯੂ. ਅੰਦਰੋਂ ਸੰਘ ਦੇ ਫਾਸ਼ੀਵਾਦੀ ਏਜੰਡੇ ਨੂੰ ਦਿੱਤੀ ਜਾ ਰਹੀ ਬੌਧਿਕ ਚੁਣੌਤੀ ਨੂੰ ਕੁਚਲਣ ਲਈ ਵਿਦਿਆਰਥੀ ਆਗੂਆਂ ਉਮਰ ਖ਼ਾਲਿਦ ਅਤੇ ਕਨ੍ਹੱਈਆ ਕੁਮਾਰ ਦੀਆਂ ਦੇਸ਼ਧ੍ਰੋਹੀ ਤਕਰੀਰਾਂ ਦੀਆਂ ਜਾਅਲੀ ਸੀ.ਡੀ. ਬਣਾਕੇ ਉਹਨਾਂ ਨੂੰ ਜੇਲ ਵਿਚ ਸਾੜਨ ਦੀ ਫਾਸ਼ੀਵਾਦੀ ਸੰਘ ਵਲੋਂ ਪੂਰੀ ਵਾਹ ਲਾਈ। ਫਾਰੈਂਸਿਕ ਲੈਬ ਵਿਚ ਉਹ ਸੀ.ਡੀ. ਜਾਅਲੀ ਸਾਬਤ ਹੋਈ। ਸੰਨ 2002 ਵਿਚ ਗੋਧਰਾ ਸਟੇਸ਼ਨ ਉੱਪਰ ਰੇਲ ਅੱਗਜ਼ਨੀ ਕਾਂਡ ਅਤੇ ਵੱਖ-ਵੱਖ ਥਾਈਂ ਦਹਿਸ਼ਤੀ ਬੰਬ ਕਾਂਡਾਂ ਸਮੇਤ ਐਸੇ ਬੇਸ਼ੁਮਾਰ ਮਾਮਲੇ ਚਰਚਾ ਦਾ ਵਿਸ਼ਾ ਬਣ ਚੁੱਕੇ ਹਨ ਜਿਹਨਾਂ ਦੇ ਪਿੱਛੇ ਆਰ.ਐੱਸ.ਐੱਸ. ਦੇ ਤਾਣੇਬਾਣੇ ਦੀ ਭੂਮਿਕਾ ਜੱਗ ਜ਼ਾਹਰ ਹੋ ਚੁੱਕੀ ਹੈ। ਲੇਕਿਨ ਆਪਣੇ ਮਨਸੂਬਿਆਂ ਨੂੰ ਅੰਜਾਮ ਦੇਣ ਲਈ ਅਫ਼ਵਾਹਾਂ ਫੈਲਾਉਣਾ, ਸਾਜ਼ਿਸ਼ਾਂ ਦੇ ਮਨਘੜਤ ਇਲਜ਼ਾਮ ਘੜਨਾ ਅਤੇ ਇਹਨਾਂ ਦੇ ਬਹਾਨੇ ਅਗਾਂਹਵਧੂ ਤਾਕਤਾਂ ਨੂੰ ਨਿਸ਼ਾਨਾ ਬਣਾਉਣਾ ਦੁਨੀਆ ਭਰ ਦੇ ਫਾਸ਼ੀਵਾਦੀਆਂ ਦੀ ਖ਼ਸਲਤ ਹੈ। ਇਸ ਕਰਕੇ ਸੰਘ ਦੇ ਝੂਠ-ਫਰੇਬ ਦਾ ਵਾਰ-ਵਾਰ ਪਰਦਾਫਾਸ਼ ਹੋਣ ਦੇ ਬਾਵਜੂਦ ਇਹਨਾਂ ਨੂੰ ਆਏ ਦਿਨ ਇਹੀ ਕੁਛ ਦੁਹਰਾਉਂਦੇ ਰਹਿਣ ਵਿਚ ਕੋਈ ਸ਼ਰਮ ਨਹੀਂ ਹੈ।

ਭੀਮਾ-ਕੋਰੇਗਾਓਂ ਯੁੱਧ ਦੀ ਦੂਜੀ ਸ਼ਤਾਬਦੀ ਦੇ ਮੌਕੇ ਦਲਿਤਾਂ ਅਤੇ ਉੱਚਜਾਤੀ ਹਿੰਦੂਤਵ ਹਜੂਮ ਦਰਮਿਆਨ ਹੋਏ ਟਕਰਾਅ ਪਿੱਛੇ 'ਮਾਓਵਾਦੀ ਲਿੰਕ' ਖੋਜੇ ਜਾਣ ਪਿੱਛੇ ਅਸਲ ਮਾਜਰਾ ਕੀ ਹੈ ਜਦਕਿ ਇਹ ਸ਼ਤਾਬਦੀ ਸਮਾਰੋਹ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਜਸਟਿਸ ਪੀ.ਬੀ.ਸਾਵੰਤ ਦੀ ਪ੍ਰਧਾਨਗੀ ਹੇਠ 260 ਦੇ ਕਰੀਬ ਅਵਾਮੀ ਜਥੇਬੰਦੀਆਂ ਦੇ ਸਾਂਝੇ ਮੰਚ ਵਲੋਂ ਮਨਾਇਆ ਗਿਆ ਸੀ ਅਤੇ ਇਸ ਵਿਚ ਐਡਵੋਕੇਟ ਪ੍ਰਕਾਸ਼ ਅੰਬੇਡਕਰ ਅਤੇ ਸੇਵਾਮੁਕਤ ਜਸਟਿਸ ਕੋਲਸੇ ਪਾਟਿਲ ਵਰਗੀਆਂ ਉੱਘੀਆਂ ਹਸਤੀਆਂ ਸ਼ਾਮਲ ਸਨ ? ਸੱਤਾਧਾਰੀ ਸੰਘ ਅਤੇ ਪੁਲਿਸ ਅਧਿਕਾਰੀਆਂ ਵਲੋਂ ਘੜੀ ਗਈ ਇਸ ਜਾਅਲੀ ਕਹਾਣੀ ਪਿੱਛੇ ਇਕ ਮੁੱਖ ਵਜਾ ਹੈ ਉਸ ਦਿਨ ਵਾਪਰੀ ਹਿੰਸਾ ਲਈ ਜ਼ਿੰਮੇਵਾਰ ਦੋ ਸਿਰਕੱਢ ਭਗਵੇਂ ਕਾਰਕੁੰਨਾਂ ਸੰਭਾਜੀ ਭੀਡੇ ਅਤੇ ਮਿਲਿੰਦ ਏਕਬੋਟੇ ਦੀ ਗ੍ਰਿਫ਼ਤਾਰੀ ਦੀ ਲਗਾਤਾਰ ਉੱਠ ਰਹੀ ਮੰਗ ਨੂੰ ਦਬਾਉਣਾ, ਜਿਹਨਾਂ ਵਲੋਂ 'ਹਿੰਦੂ ਗੌਰਵ' ਦੇ ਨਾਂ ਹੇਠ ਉੱਚਜਾਤੀ ਹਜੂਮਾਂ ਨੂੰ ਬਾਕਾਇਦਾ ਲਾਮਬੰਦ ਕੀਤਾ ਗਿਆ ਅਤੇ ਫਿਰ ਭਗਵੇਂ ਝੰਡਿਆਂ ਵਾਲੇ ਉਸ ਹਜੂਮ ਵਲੋਂ ਸਮਾਰੋਹ ਵਿਚ ਸ਼ਾਮਲ ਹੋਣ ਜਾ ਰਹੇ ਦਲਿਤਾਂ ਉੱਪਰ ਹਥਿਆਰਾਂ ਨਾਲ ਹਮਲਾ ਕਰਕੇ ਹਿੰਸਾ ਨੂੰ ਅੰਜਾਮ ਦਿੱਤਾ ਗਿਆ। ਭੀਡੇ ਮੋਦੀ ਦਾ ਬਹੁਤ ਕਰੀਬੀ ਹੈ ਅਤੇ ਅਕਸਰ ਹੀ ਇਸ ਤਰ੍ਹਾਂ ਦੇ ਘੋਰ ਜ਼ਹਿਰੀਲੇ ਸੱਦੇ ਦਿੰਦਾ ਰਹਿੰਦਾ ਹੈ ਕਿ "ਜੇ ਤੁਸੀਂ ਇਕ ਮੁਸਲਮਾਨ ਜਾਂ ਦਲਿਤ ਦੀ ਹੱਤਿਆ ਕਰਦੇ ਹੋ ਤਾਂ ਤੁਹਾਡਾ 100 ਵਾਰ ਹਿੰਦੂ ਦੇ ਤੌਰ 'ਤੇ ਪੁਨਰ-ਜਨਮ ਹੋਵੇਗਾ।" ਕੇਂਦਰ ਅਤੇ ਬਹੁਤ ਸਾਰੇ ਸੂਬਿਆਂ ਵਿਚ ਸੱਤਾਧਾਰੀ ਹਿੰਦੂਤਵੀ ਤਾਕਤਾਂ, ਜਿਹਨਾਂ ਨੂੰ ਸ਼ਤਾਬਦੀ ਦੇ ਆਯੋਜਕਾਂ ਵਲੋਂ ਨਵੇਂ ਪੇਸ਼ਵਾਈ ਹੁਕਮਰਾਨ ਕਰਾਰ ਦਿੱਤਾ ਗਿਆ, ਇਹ ਨਹੀਂ ਚਾਹੁੰਦੀਆਂ ਕਿ ਉਹਨਾਂ ਦੇ ਅਹਿਮ ਆਗੂਆਂ ਦੀ ਗ੍ਰਿਫ਼ਤਾਰੀ ਹੋਵੇ ਅਤੇ ਉਹਨਾਂ ਉੱਪਰ ਕਾਨੂੰਨੀ ਕਾਰਵਾਈ ਹੋਵੇ। ਕਿਉਂਕਿ ਇਸ ਤਰ੍ਹਾਂ ਦੇ ਬੁਨਿਆਦੀ ਕਾਰਕੁੰਨ ਹੀ ਹਨ ਜਿਹਨਾਂ ਵਲੋਂ ਜ਼ਮੀਨੀ ਪੱਧਰ 'ਤੇ ਫਿਰਕੂ ਅਤੇ ਉਚਜਾਤੀ ਪਾਲਾਬੰਦੀ ਕਰਕੇ 2019 ਵਿਚ ਹੋਣ ਵਾਲੀਆਂ ਚੋਣਾਂ ਵਿਚ ਭਾਜਪਾ ਲਈ ਪੱਕਾ ਵੋਟ ਬੈਂਕ ਯਕੀਨੀ ਬਣਾਇਆ ਜਾਣਾ ਹੈ। ਸੰਘ ਸੇਵਾਮੁਕਤ ਜਸਟਿਸ ਜੇ.ਐੱਨ.ਪਟੇਲ ਦੀ ਅਗਵਾਈ ਹੇਠ ਜਾਂਚ ਕਮੇਟੀ ਵਲੋਂ ਭੀਮਾ-ਕੋਰੇਗਾਓਂ ਹਿੰਸਾ ਦੀ ਕੀਤੀ ਜਾ ਰਹੀ ਮਾਮੂਲੀ ਜਾਂਚ ਨੂੰ ਰੋਕਣ ਲਈ ਵੀ ਪੂਰਾ ਤਾਣ ਲਾ ਰਿਹਾ ਹੈ। ਦਰਅਸਲ, ਹਿੰਦੂਤਵ ਦੀ ਫਾਸ਼ੀਵਾਦੀ ਸਾਜ਼ਿਸ਼ ਤੋਂ ਮੁਲਕ ਦਾ ਧਿਆਨ ਹਟਾਉਣ ਲਈ 'ਮਾਓਵਾਦੀ ਲਿੰਕ' ਦੀ ਕਹਾਣੀ ਪ੍ਰਚਾਰੀ ਗਈ ਹੈ ਅਤੇ ਇਸ ਜ਼ਰੀਏ ਇਹ ਯਕੀਨੀ ਬਣਾਇਆ ਗਿਆ ਹੈ ਕਿ ਅਦਾਲਤੀ ਜਾਂਚ ਅੱਗੇ ਨਾ ਵਧ ਸਕੇ ਅਤੇ ਹਿੰਦੂਤਵ ਤੱਤਾਂ ਵਲੋਂ ਭੜਕਾਈ ਗਈ ਹਿੰਸਾ ਤੇ ਰਾਜਕੀ ਹਿੰਸਾ ਦੇ ਪੀੜਤ ਗ਼ਰੀਬ ਦੱਬੇਕੁਚਲੇ ਲੋਕ ਦਹਿਸ਼ਤਜ਼ਦਾ ਹੋਕੇ ਗਵਾਹੀਆਂ ਦੇਣ ਤੋਂ ਕਿਨਾਰਾ ਕਰ ਜਾਣ। (ਜਸਟਿਸ ਪੀ.ਬੀ.ਸਾਵੰਤ ਅਤੇ ਜਸਟਿਸ ਕੋਲਸੇ ਪਾਟਿਲ ਨੇ ਮੀਡੀਆ ਨੂੰ ਦਿੱਤੀਆਂ ਇੰਟਰਵਿਊ ਵਿਚ ਸਾਫ਼ ਤੌਰ 'ਤੇ ਕਿਹਾ ਹੈ ਕਿ ਐਲਗਾਰ ਪ੍ਰੀਸ਼ਦ ਉਹਨਾਂ ਦੇ ਜਥੇਬੰਦ ਕੀਤੀ ਸੀ। ਉਸਦਾ ਮਾਓਵਾਦੀ ਪਾਰਟੀ ਨਾਲ ਕੋਈ ਸੰਬੰਧ ਨਹੀਂ ਸੀ ਅਤੇ ਇਹ ਝੂਠੀ ਕਹਾਣੀ ਭੀਮਾ-ਕੋਰੇਗਾਓਂ ਹਿੰਸਾ ਵਿਚ ਸੰਘ ਦੀ ਘਿਣਾਉਣੀ ਭੂਮਿਕਾ ਤੋਂ ਧਿਆਨ ਹਟਾਉਣ ਅਤੇ ਚੋਣਾਂ ਵਿਚ ਹਮਦਰਦੀ ਬਟੋਰਨ ਦੀ ਚਾਲ ਹੈ।) ਹੁਣ ਇਸ ਮਾਮਲੇ ਨੂੰ ਮੋਦੀ ਦੀ ਹੱਤਿਆ ਦੀ ਮਾਓਵਾਦੀ ਸਾਜ਼ਿਸ਼ ਦਾ ਸਨਸਨੀਖ਼ੇਜ਼ ਰੂਪ ਦਿੱਤਾ ਜਾਣਾ ਅਗਲੀਆਂ ਚੋਣਾਂ ਵਿਚ ਹਮਦਰਦੀ ਬਟੋਰਨ ਲਈ ਭਾਜਪਾ ਦਾ ਨਵਾਂ ਚੋਣ ਦਾਅਪੇਚ ਹੈ। ਗੁਜਰਾਤ ਦੇ ਸਮੇਂ ਤੋਂ ਹੀ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਮੋਦੀ ਦਾ ਜਲੌਅ ਫਿੱਕਾ ਪੈਣ ਲੱਗਦਾ ਹੈ ਉਸਦੀ ਹੱਤਿਆ ਦੀ ਸਾਜਿਸ਼ ਦੀਆਂ ਝੂਠੀਆਂ ਕਹਾਣੀਆਂ ਦਾ ਪ੍ਰਚਾਰ ਸ਼ੁਰੂ ਹੋ ਜਾਂਦਾ ਹੈ। ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਦਾ ਸਨਸਨੀਖ਼ੇਜ਼ ਇਲਜ਼ਾਮ ਜਮਹੂਰੀ ਕਾਰਕੁੰਨਾਂ ਦੀ ਗ੍ਰਿਫ਼ਤਾਰੀ ਨੂੰ ਵਾਜਬੀਅਤ ਮੁਹੱਈਆ ਕਰਨ ਦਾ ਯਤਨ ਵੀ ਹੈ ਅਤੇ ਆਪਣੀ ਸਿਆਸੀ ਸ਼ਰੀਕ ਕਾਂਗਰਸ ਨੂੰ ਇਸ ਮਾਮਲੇ ਨਾਲ ਜੋੜਕੇ ਨਿਸ਼ਾਨਾ ਬਣਾਉਣ ਦਾ ਸਿਆਸੀ ਹਥਿਆਰ ਵੀ।

ਦੂਜੀ ਮੁੱਖ ਵਜਾ ਹੈ ਮੁਲਕ ਵਿਚ ਹੁਕਮਰਾਨ ਜਮਾਤ ਵਲੋਂ ਸਰਵਸੰਮਤੀ ਨਾਲ ਲਾਗੂ ਕੀਤੇ ਕਾਰਪੋਰੇਟ ਸਰਮਾਏਦਾਰੀ ਦੇ ਸੇਵਾਦਾਰ 'ਵਿਕਾਸ' ਮਾਡਲ ਦੀ ਤਬਾਹਕੁੰਨ ਭੂਮਿਕਾ ਉੱਪਰ ਬਾਦਲੀਲ ਸਵਾਲ ਉਠਾਉਣ ਵਾਲੇ ਬੁੱਧੀਜੀਵੀਆਂ, ਚਿੰਤਕਾਂ ਅਤੇ ਜਮਹੂਰੀ ਕਾਰਕੁੰਨਾਂ ਨੂੰ ਦਹਿਸ਼ਤਜ਼ਦਾ ਕਰਕੇ ਚੁੱਪ ਕਰਾਉਣਾ। ਇਹ ਜਾਗਰੂਕ ਹਿੱਸੇ ਹੀ ਹਨ ਜੋ ਕਾਰਪੋਰੇਟ ਪ੍ਰੋਜੈਕਟਾਂ ਨਾਲ ਉੱਜੜ ਰਹੇ ਅਤੇ ਤਬਾਹ ਹੋ ਰਹੇ ਅਤੇ ਰਾਜਕੀ ਦਹਿਸ਼ਤਗਰਦੀ ਦਾ ਸੰਤਾਪ ਝੱਲ ਰਹੇ ਅਵਾਮ ਲਈ ਹਾਅ ਦਾ ਨਾਅਰਾ ਮਾਰਨ ਵਿਚ ਮੋਹਰੀ ਭੂਮਿਕਾ ਨਿਭਾਉਂਦੇ ਹਨ ਅਤੇ ਆਦਿਵਾਸੀਆਂ, ਦਲਿਤਾਂ ਅਤੇ ਹੋਰ ਹਾਸ਼ੀਆਗ੍ਰਸਤ ਹਿੱਸਿਆਂ ਦੀ ਆਪਣੀ ਹੋਂਦ ਬਚਾਉਣ ਦੀ ਲੜਾਈ ਦੇ ਹੱਕ ਵਿਚ ਲੋਕ ਰਾਇ ਪੈਦਾ ਕਰਦੇ ਹਨ। ਹਾਲ ਹੀ ਵਿਚ 40 ਤੋਂ ਉੱਪਰ ਜਮਹੂਰੀ ਅਧਿਕਾਰ ਕਾਰਕੁੰਨਾਂ ਦੀ ਟੀਮ ਵਲੋਂ ਮਹਾਂਰਾਸ਼ਟਰ ਦੇ ਗੜ੍ਹਚਿਰੌਲੀ ਖੇਤਰ ਵਿਚ ਬਣਾਏ ਜਾ ਰਹੇ ਪੁਲਿਸ ਮੁਕਾਬਲਿਆਂ ਦੇ ਤੱਥਾਂ ਦੀ ਛਾਣਬੀਣ ਕਰਕੇ ਝੂਠੇ ਮੁਕਾਬਲੇ ਬਣਾਕੇ ਹੱਤਿਆਵਾਂ ਕਰਨ ਦੀ ਬਾਕਾਇਦਾ ਰਾਜਕੀ ਨੀਤੀ ਅਤੇ ਅਖਾਉਤੀ ਵਿਕਾਸ ਪ੍ਰੋਜੈਕਟਾਂ ਦੇ ਦੁਵੱਲੇ ਰਿਸ਼ਤੇ ਉੱਪਰ ਜੋ ਵਿਸਤਾਰਤ ਤੱਥ ਖੋਜ ਰਿਪੋਰਟ ਤਿਆਰ ਕੀਤੀ ਗਈ ਹੈ ਉਹ ਹੁਕਮਰਾਨ ਜਮਾਤ ਵਲੋਂ ਘੜੀ 'ਅੰਦਰੂਨੀ ਸੁਰੱਖਿਆ ਨੂੰ ਖ਼ਤਰਾ' ਦੀ ਮਿੱਥ ਉੱਪਰ ਗੰਭੀਰ ਸਵਾਲ ਉਠਾਉਂਦੀ ਹੈ। ਐਸੀ ਚੁਣੌਤੀ ਨਾਲ ਨਜਿੱਠਣ ਲਈ ਹੁਕਮਰਾਨਾਂ ਕੋਲ ਕਿਸੇ ਵੀ ਸੰਸਥਾ/ਜਥੇਬੰਦੀ ਨੂੰ ਗ਼ੈਰਕਾਨੂੰਨੀ ਕਰਾਰ ਦੇਕੇ ਪਾਬੰਦੀਸ਼ੁਦਾ ਸੂਚੀ ਵਿਚ ਸ਼ਾਮਲ ਕਰ ਦੇਣ ਦਾ ਅਜ਼ਮਾਇਆ ਹੋਇਆ ਤਾਨਾਸ਼ਾਹ ਤਰੀਕਾ ਹੈ। ਇਹ ਠੱਪਾ ਐਸਾ ਬ੍ਰਹਮ ਅਸਤਰ ਹੈ ਜਿਸ ਨਾਲ ਸਰਕਾਰ ਵਿਰੋਧੀ ਕਿਸੇ ਵੀ ਜਥੇਬੰਦਕ ਸਰਗਰਮੀ ਨੂੰ ਸਹਿਜੇ ਹੀ ਕੁਚਲਿਆ ਜਾ ਸਕਦਾ ਹੈ ਅਤੇ ਨਾਲ ਹੀ ਇਸ ਦੇ ਬਹਾਨੇ ਮਹਿਜ਼ ਵਿਚਾਰਾਂ ਦੇ ਅਧਾਰ 'ਤੇ ਕਿਸੇ ਵੀ ਲੋਕ ਹਿਤੈਸ਼ੀ ਆਲੋਚਕ ਦਾ ਸੰਬੰਧ ਪਾਬੰਦੀਸ਼ੁਦਾ ਨਾਲ ਜੋੜਕੇ ਉਸਦੀ ਜ਼ੁਬਾਨਬੰਦੀ ਕੀਤੀ ਜਾ ਸਕਦੀ ਹੈ।

ਇਹ ਤੱਥ ਵਾਰ-ਵਾਰ ਦੁਹਰਾਇਆ ਜਾਣਾ ਚਾਹੀਦਾ ਹੈ ਕਿ ਇਸ ਫਾਸ਼ੀਵਾਦੀ ਨੀਤੀ ਦੀ ਅਸਲ ਮਾਂ ਕਾਂਗਰਸ ਹੈ। ਕਾਂਗਰਸ ਦੀ ਅਗਵਾਈ ਹੇਠਲੀ ਯੂ.ਪੀ.ਏ. ਸਰਕਾਰ ਦੇ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਕੁਝ ਸਾਲ ਪਹਿਲਾਂ ਸੁਪਰੀਮ ਕੋਰਟ ਵਿਚ ਪੇਸ਼ ਕੀਤੇ ਹਲਫ਼ਨਾਮੇ ਵਿਚ ਮਨੁੱਖੀ ਹੱਕਾਂ ਅਤੇ ਸ਼ਹਿਰੀ ਆਜ਼ਾਦੀਆਂ ਦੀਆਂ ਜਥੇਬੰਦੀਆਂ ਸਮੇਤ 128 ਜਮਹੂਰੀ ਜਥੇਬੰਦੀਆਂ ਨੂੰ ਮਾਓਵਾਦੀਆਂ ਦੀਆਂ ਫਰੰਟ ਜਥੇਬੰਦੀਆਂ ਕਰਾਰ ਦੇਕੇ 'ਸ਼ਹਿਰੀ ਸਿਧਾਂਤਕਾਰਾਂ' ਨੂੰ ਜੰਗਲ ਦੇ ਛਾਪਾਮਾਰਾਂ ਤੋਂ ਵੀ ਵਧੇਰੇ ਖ਼ਤਰਨਾਕ ਕਰਾਰ ਦਿੱਤਾ ਗਿਆ ਸੀ। ਭਾਜਪਾ ਸਰਕਾਰ ਉਸੇ ਬੁਨਿਆਦੀ ਨੀਤੀ ਨੂੰ ਹੋਰ ਵਿਕਸਤ ਕਰਕੇ ਹੋਰ ਵੀ ਬੇਕਿਰਕੀ ਨਾਲ ਅਮਲ ਵਿਚ ਲਿਆ ਰਹੀ ਹੈ। ਭਾਜਪਾ ਦੇ ਰਾਜ ਵਿਚ ਬੌਧਿਕ ਹਲਕਿਆਂ ਦੀ ਜ਼ੁਬਾਨਬੰਦੀ ਵਿਚ ਬੇਤਹਾਸ਼ਾ ਤੇਜ਼ੀ ਸਪਸ਼ਟ ਦੇਖੀ ਜਾ ਸਕਦੀ ਹੈ। ਭਾਜਪਾ ਦੇ ਇਕ ਮੁੱਖ ਵਜ਼ੀਰ ਅਰੁਣ ਜੇਤਲੀ ਨੇ ਇਹਨਾਂ ਗ੍ਰਿਫ਼ਤਾਰੀਆਂ ਤੋਂ ਬਾਦ 'ਅਰਧ-ਮਾਓਵਾਦੀ' ਦਾ ਰਟਣ ਮੰਤਰ ਮੁੜ ਸ਼ੁਰੂ ਕਰ ਦਿੱਤਾ ਹੈ। ਭਗਵੇਂ ਦਿਮਾਗ ਦੀ ਇਹ ਨਵੀਂ ਪ੍ਰੀਭਾਸ਼ਾ ਜਬਰ ਦੇ ਦਾਇਰੇ ਨੂੰ ਹੋਰ ਮੋਕਲਾ ਕਰਨ ਦਾ ਸਾਫ਼ ਸੰਕੇਤ ਹੈ। ਐਸੇ ਬਹਾਨਿਆਂ ਦੀ ਆੜ ਸੱਤਾਧਾਰੀ ਧਿਰ ਦੇ ਇਸ਼ਾਰੇ 'ਤੇ ਪੁਲਿਸ ਅਤੇ ਹੋਰ ਰਾਜਕੀ ਏਜੰਸੀਆਂ ਆਏ ਸਾਲ ਬੇਸ਼ੁਮਾਰ ਲੋਕਾਂ ਨੂੰ ਫਰਜ਼ੀ ਮਾਮਲਿਆਂ ਤਹਿਤ ਜੇਲਾਂ ਵਿਚ ਸੁੱਟਦੀਆਂ ਹਨ। ਜਿਹਨਾਂ ਵਿੱਚੋਂ ਜ਼ਿਆਦਾਤਰ ਆਖ਼ਿਰਕਾਰ ਅਦਾਲਤਾਂ ਵਿਚ ਬਰੀ ਹੋ ਜਾਂਦੇ ਹਨ। ਲੇਕਿਨ ਤ੍ਰਾਸਦੀ ਇਹ ਹੈ ਕਿ ਜਮਹੂਰੀ ਲਹਿਰ ਵਲੋਂ ਪੁਲਿਸ ਤੇ ਹੋਰ ਏਜੰਸੀਆਂ ਨੂੰ ਇਹਨਾਂ ਲਾਕਾਨੂੰਨੀਆਂ ਲਈ ਜਵਾਬਦੇਹ ਬਣਾਉਣ ਲਈ ਜਨਤਕ ਦਬਾਓ ਲਾਮਬੰਦ ਕਰਨ ਵਿਚ ਸਫ਼ਲ ਨਾ ਹੋਣ ਕਾਰਨ ਬੇਸ਼ੁਮਾਰ ਬੇਕਸੂਰ ਲੋਕਾਂ ਦੀਆਂ ਜ਼ਿੰਦਗੀਆਂ ਬਰਬਾਦ ਹੋ ਜਾਂਦੀਆਂ ਹਨ।

ਮੁੱਖਧਾਰਾ ਕਹਾਉਣ ਵਾਲੀਆਂ ਪਾਰਟੀਆਂ ਹਿੰਸਾ ਅਤੇ ਦਹਿਸ਼ਤਗਰਦੀ ਵਿਰੁੱਧ ਆਏ ਦਿਨ ਬਿਆਨਬਾਜ਼ੀ ਕਰਦੀਆਂ ਹਨ ਜਦਕਿ ਮੁਲਕ ਦੇ ਅਵਾਮ ਨੂੰ ਦਬਾਉਣ ਲਈ ਇਹ ਖ਼ੁਦ ਹਿੰਸਾ ਅਤੇ ਰਾਜਕੀ ਦਹਿਸ਼ਤਗਰਦੀ ਦਾ ਸਭ ਤੋਂ ਵੱਧ ਸਹਾਰਾ ਲੈਂਦੀਆਂ ਹਨ। ਅਸਲ ਦਹਿਸ਼ਤਗਰਦ ਤਾਂ ਹਿੰਦੁਸਤਾਨੀ ਰਾਜ ਅਤੇ ਇਸ ਦੀਆਂ ਹਾਕਮ ਜਮਾਤੀ ਪਾਰਟੀਆਂ ਹਨ ਜਿਹਨਾਂ ਨੇ ਆਪਣੇ ਆਦਮਖ਼ੋਰ ਦਹਿਸ਼ਤਗਰਦ ਚਿਹਰੇ ਉੱਪਰ ਮੁੱਖਧਾਰਾ ਅਤੇ ਲੋਕਤੰਤਰ ਦਾ ਪਰਦਾ ਪਾ ਰੱਖਿਆ ਹੈ। ਕਾਂਗਰਸੀ ਅਤੇ ਭਗਵੇਂ ਆਗੂ ਖ਼ੁਦ ਰਾਜਧਾਨੀ ਦਿੱਲੀ ਅਤੇ ਗੁਜਰਾਤ ਵਿਚ ਹਜ਼ਾਰਾਂ ਸਿੱਖ ਤੇ ਮੁਸਲਿਮ ਫਿਰਕਿਆਂ ਦੇ ਲੋਕਾਂ ਦੇ ਸਮੂਹਿਕ ਕਤਲੇਆਮ ਵਿਚ ਖ਼ੁੱਲੇਆਮ ਸ਼ਾਮਲ ਰਹੇ ਹਨ। ਕਾਨੂੰਨ ਅਤੇ ਅਦਾਲਤੀ ਵਿਵਸਥਾ ਲੋਟੂ ਅਤੇ ਜਾਬਰ ਜਮਾਤਾਂ ਦੀ ਰਖੇਲ ਹੋਣ ਕਾਰਨ ਉਹਨਾਂ ਵਲੋਂ ਇਹਨਾਂ ਤਾਕਤਾਂ ਦੀ ਸਰੇਆਮ ਦਹਿਸ਼ਤਗਰਦੀ ਨੂੰ ਦੇਖਕੇ ਵੀ ਅਣਡਿੱਠ ਕਰ ਦਿੱਤਾ ਜਾਂਦਾ ਹੈ। ਇਹਨਾਂ ਪਾਰਟੀਆਂ ਦੀਆਂ ਨੀਤੀਆਂ ਸਮਾਜੀ ਤੇ ਸਿਆਸੀ ਬੇਚੈਨੀ ਪੈਦਾ ਕਰਨ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਰਹੀਆਂ ਹਨ। ਲੇਕਿਨ ਐਸੀ ਬੇਚੈਨੀ ਪ੍ਰਤੀ ਇਹਨਾਂ ਦਾ ਹੁੰਗਾਰਾ ਕੀ ਹੈ ? ਅਕਸਰ ਹੀ ਇਸ ਬੇਚੈਨੀ ਨੂੰ 'ਅਮਨ-ਕਾਨੂੰਨ' ਦਾ ਮਸਲਾ ਬਣਾਕੇ ਰਾਜ ਮਸ਼ੀਨਰੀ ਦੀ ਹਿੰਸਕ ਤਾਕਤ ਨਾਲ ਦਬਾਉਣਾ ਅਤੇ ਮਨੁੱਖੀ ਹੱਕਾਂ ਨੂੰ ਰਾਜਕੀ ਹਥਿਆਰਬੰਦ ਤਾਕਤਾਂ ਦੇ ਬੂਟਾਂ ਹੇਠ ਮਸਲ ਦੇਣਾ। ਮੁੱਖਧਾਰਾ ਕਹਾਉਣ ਵਾਲੀਆਂ ਪਾਰਟੀਆਂ ਜਦੋਂ ਵੀ ਅਤੇ ਜਿੱਥੇ ਵੀ ਸੱਤਾਧਾਰੀ ਹੋਣ ਉੱਥੇ ਇਹਨਾਂ ਨੂੰ ਆਪਣੇ ਹੀ ਲੋਕਾਂ ਵਿਰੁੱਧ ਅਣਐਲਾਨੀ ਜੰਗ ਛੇੜਨ ਤੋਂ ਵੀ ਕੋਈ ਝਿਜਕ ਨਹੀਂ। ਸਲਵਾ ਜੁਡਮ, ਓਪਰੇਸ਼ਨ ਗ੍ਰੀਨ ਹੰਟ ਅਤੇ ਪਿਛਲੇ ਦਿਨੀਂ ਤੂਤੀਕੋਰੀਨ ਵਿਚ ਵੇਦਾਂਤ ਕਾਰਪੋਰੇਟ ਸਮੂਹ ਦੀਆਂ ਬੇਨਿਯਮੀਆਂ ਅਤੇ ਮਨਮਾਨੀਆਂ ਵਿਰੁੱਧ ਪੁਰਅਮਨ ਰੋਸ ਪ੍ਰਗਟਾ ਰਹੇ ਲੋਕਾਂ ਦਾ ਪੁਲਿਸ ਵਲੋਂ ਬੇਰਹਿਮੀ ਨਾਲ ਕੀਤਾ ਕਤਲੇਆਮ ਕੁਝ ਚਰਚਿਤ ਮਿਸਾਲਾਂ ਹਨ। ਲੇਕਿਨ ਸਰਕਾਰਾਂ ਦੀ ਨਜ਼ਰ ਵਿਚ ਕਾਰਪੋਰੇਟ ਸਮੂਹ ਹਿੰਸਕ ਅਤੇ ਕਾਨੂੰਨ ਨੂੰ ਹੱਥ ਲੈਣ ਵਾਲੇ ਨਹੀਂ ਜਿਹਨਾਂ ਦੇ 'ਵਿਕਾਸ' ਪ੍ਰੋਜੈਕਟਾਂ ਨੇ ਗ਼ਰੀਬ ਲੋਕਾਂ ਤੋਂ ਪੌਣਪਾਣੀ ਦੀ ਕੁਦਰਤੀ ਨਿਆਮਤ ਵੀ ਖੋਹ ਲਈ ਹੈ ਅਤੇ ਉਹਨਾਂ ਦੇ ਗੁਜ਼ਾਰੇ ਦੇ ਰਵਾਇਤੀ ਵਸੀਲੇ ਵੀ। ਲੇਕਿਨ ਇਸ ਉੱਪਰ ਸਵਾਲ ਉਠਾਉਣਾ ਜੁਰਮ ਹੈ ਜਿਸਦਾ ਮੁੱਲ ਜ਼ਮੀਰ ਦੀ ਆਵਾਜ਼ ਸੁਣਨ ਵਾਲੇ ਸੰਵੇਦਨਸ਼ੀਲ ਅਤੇ ਜਾਗਰੂਕ ਹਿੱਸਿਆਂ ਨੂੰ ਰਾਜ ਦੇ ਵਹਿਸ਼ੀ ਦਮਨ ਦਾ ਸ਼ਿਕਾਰ ਹੋਕੇ ਚੁਕਾਉਣਾ ਪੈਂਦਾ ਹੈ।

ਹਾਲੀਆ ਗ੍ਰਿਫ਼ਤਾਰੀਆਂ ਇਕ ਤਰਾਂ ਨਾਲ ਹਿੰਦੁਸਤਾਨੀ ਰਾਜ ਵਲੋਂ ਆਪਣੇ ਹੀ ਲੋਕਾਂ ਵਿਰੁੱਧ ਛੇੜੀ ਜੰਗ ਹੈ ਜਿਸਦੇ ਵਜੂਦ ਸਮੋਏ ਖ਼ਤਰਿਆਂ ਬਾਰੇ ਹਰ ਜਮਹੂਰੀਅਤਪਸੰਦ ਨਾਗਰਿਕ ਨੂੰ ਸੁਚੇਤ ਵੀ ਹੋਣਾ ਚਾਹੀਦਾ ਹੈ ਅਤੇ ਇਸਨੂੰ ਰੋਕਣ ਦੀ ਸਮੂਹਿਕ ਚਾਰਾਜੋਈ ਦੇ ਤੌਰ 'ਤੇ ਇਸਦੇ ਖ਼ਿਲਾਫ਼ ਜਨਤਕ ਲਾਮਬੰਦੀ ਦਾ ਹਿੱਸਾ ਵੀ ਬਣਨਾ ਚਾਹੀਦਾ ਹੈ। ਵਿਗਿਆਨਕ ਸੋਚ ਦੀਆਂ ਧਾਰਨੀ ਤਾਕਤਾਂ, ਖ਼ਾਸ ਕਰਕੇ ਬੁੱਧੀਜੀਵੀਆਂ ਨੂੰ ਇਹ ਡੱਟਵਾਂ ਸਟੈਂਡ ਲੈਣਾ ਚਾਹੀਦਾ ਹੈ ਕਿ ਮਾਓਵਾਦ ਕੋਈ ਲੋਕ ਦੁਸ਼ਮਣ ਮੁਜਰਿਮ ਵਿਚਾਰਧਾਰਾ ਨਹੀਂ ਜਿਵੇਂ ਕਿ ਦੁਨੀਆ ਭਰ ਦੇ ਪਿਛਾਖੜੀ ਪੇਸ਼ ਕਰ ਰਹੇ ਹਨ। ਇਹ ਲੋਕ ਮੁਕਤੀ ਦਾ ਰਾਹ ਰੁਸ਼ਨਾਉਂਦੀ ਵਿਚਾਰਧਾਰਾ ਹੈ ਜੋ ਮਾਰਕਸਵਾਦ-ਲੈਨਿਨਵਾਦ ਦੀ ਲਗਾਤਾਰਤਾ ਹੈ। ਇਸਦੇ ਉਲਟ ਸੰਘ ਦੀ ਖ਼ੁੱਲੇਆਮ ਹਿੰਦੂਤਵ ਦੀ ਵਿਚਾਰਧਾਰਾ ਅਤੇ ਕਾਂਗਰਸ ਦੀ 'ਮੁਲਾਇਮ ਹਿੰਦੂਤਵ' ਦੀ ਵਿਚਾਰਧਾਰਾ ਐਸੀਆਂ ਵਿਚਾਰਧਾਰਾਵਾਂ ਹਨ ਜੋ ਦਹਿ ਲੱਖਾਂ ਮਨੁੱਖੀ ਜਾਨਾਂ ਦੀ ਤਬਾਹੀ ਅਤੇ ਮੁਲਕ ਦੀ ਬਰਬਾਦੀ ਲਈ ਜ਼ਿੰਮੇਵਾਰ ਹਨ। ਸਾਡੇ ਸਮਾਜ ਨੂੰ ਹੋਰ ਤਬਾਹੀ ਅਤੇ ਬਰਬਾਦੀ ਤੋਂ ਬਚਾਉਣ ਲਈ ਇਹਨਾਂ ਨੂੰ ਹਰਾਉਣਾ ਅਤੇ ਇਸ ਲੋਕ ਵਿਰੋਧੀ ਪ੍ਰਬੰਧ ਦਾ ਇਨਕਲਾਬੀ ਬਦਲਾਓ ਰਾਹੀਂ ਖ਼ਾਤਮਾ ਕਰਨਾ ਮਨੁੱਖਤਾ ਦੀ ਅਣਸਰਦੀ ਜ਼ਰੂਰਤ ਹੈ।

# ਪੰਜਾਬੀ ਭਾਸ਼ਾ ਐਕਟ ਬਣਾ ਕੇ ਲਛਮਣ ਸਿੰਘ ਗਿੱਲ ਅਮਰ ਹੋ ਗਿਆ ਪਰ ਬਾਅਦ ਵਾਲੇ ਸਾਰੇ ਹੁਕਮਰਾਨ ਬੇਈਮਾਨ ਨਿਕਲੇ : ਮਿਤਰਸੈਨ ਮੀਤ





## ਵਿਨੀਪੈਗ 'ਚ ਭਾਈ ਕਾਹਨ ਸਿੰਘ ਨਾਭਾ ਫਾਊਂਡੇਸ਼ਨ ਵਲੋਂ ਪੰਜਾਬੀ ਸੰਮੇਲਨ

**ਵਿਨੀਪੈਗ/ਅਮਰਜੀਤ ਢਿੱਲੋਂ ਦਬੜ੍ਹੀਖਾਨਾ/ਸੁਰਿੰਦਰ ਮਾਵੀ**

ਭਾਈ ਕਾਹਨ ਸਿੰਘ ਨਾਭਾ ਫਾਊਂਡੇਸ਼ਨ ਵਲੋਂ ਵਿਨੀਪੈਗ ਦੇ ਜੈਫਰਸਨ ਕਾਲਜੀਏਟ ਹਾਲ ਵਿਖੇ ਪੰਜਾਬੀ ਸਾਹਿਤ ਸੰਮੇਲਨ ਕਰਵਾਇਆ ਗਿਆ। ਜਿਸਦਾ ਮੁੱਖ ਵਿਸ਼ਾ ਪੰਜਾਬੀ ਭਾਸ਼ਾ ਨੂੰ ਬਚਾਉਣ ਬਾਰੇ ਸੀ। ਪੰਜਾਬ 'ਚੋਂ ਆਏ ਉਘੇ ਨਾਵਲਕਾਰ ਮਿਤਰਸੈਨ ਮੀਤ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ 29 ਸਤੰਬਰ 1967 ਨੂੰ ਪੰਜਾਬ ਦੇ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਨੇ ਪੰਜਾਬੀ ਭਾਸ਼ਾ ਐਕਟ ਵਿਧਾਨ ਸਭਾ ਪਾਸ ਕਰਵਾ ਕੇ 30 ਸਤੰਬਰ ਨੂੰ ਰਾਜਪਾਲ ਤੋਂ ਦਸਤਖਤ ਕਰਵਾਏ ਅਤੇ ਪਹਿਲੀ ਜਨਵਰੀ 1968 ਨੂੰ ਲਾਗੂ ਕਰਕੇ ਵੈਸਾਖੀ ਦੇ ਮੌਕੇ ਇਸਨੂੰ ਸਾਰੀਆਂ ਪ੍ਰਸ਼ਾਸ਼ਨਿਕ ਅਤੇ ਸਿਖਿਆ ਸੇਵਾਵਾਂ 'ਚ ਸੰਪੂਰਨ ਤੌਰ 'ਤੇ ਲਾਗੂ ਕਰਨ ਦਾ ਐਲਾਨ ਕੀਤਾ। ਇਸ ਤਰ੍ਹਾਂ ਪੰਜਾਬੀ ਨੂੰ ਰਾਜ ਭਾਸ਼ਾ ਬਣਾ ਕੇ ਆਪਣੇ ਰਹਿੰਦੇ 6ਮਹੀਨੇ ਉਹਨਾਂ ਹਰ ਫਾਈਲ 'ਤੇ ਪੰਜਾਬੀ 'ਚ ਦਸਤਖਤ ਕੀਤੇ ਅਤੇ ਉਦੋਂ ਸਾਰੇ ਮੁੱਖ ਸਕੱਤਰਾਂ ਤੱਕ ਨੇ ਪੰਜਾਬੀ ਸਿਖਣੀ ਸ਼ੁਰੂ ਕਰ ਦਿਤੀ ਸੀ। ਲਛਮਣ ਸਿੰਘ ਗਿੱਲ ਤਾਂ ਪੰਜਾਬੀ ਭਾਸ਼ਾ ਐਕਟ ਬਣਾ ਕੇ ਅਮਰ ਹੋ ਗਿਆ ਪਰ ਉਸ ਤੋਂ ਬਾਦ ਬਣੇ ਪੰਜਾਬ ਦੇ ਸਾਰੇ ਹੁਕਮਰਾਨ ਬੇਈਮਾਨ ਨਿਕਲੇ ,ਉਹਨਾਂ ਪੰਜਾਬੀ ਦਾ ਰਾਜਭਾਸ਼ਾ ਦਾ ਦਰਜਾ ਬਰਕਰਾਰ ਰੱਖਣ 'ਚ ਕੋਈ ਰੁਚੀ ਨਹੀਂ ਦਿਖਾਈ ,ਜਿਸ ਕਾਰਨ ਪੰਜਾਬੀ ਰੁਜ਼ਗਾਰ ਦੀ ਭਾਸ਼ਾ ਨਾ ਬਣ ਸਕੀ। ਪੰਜਾਬੀ ਭਾਸ਼ਾ ਐਕਟ ਬਣੇ ਨੂੰ 51 ਸਾਲ ਹੋ ਗਏ ਹਨ ਪਰ ਹਕੂਮਤਾਂ ਦੀ ਬੇਈਮਾਨੀ ਦੀ ਇੰਤਹਾ ਦੇਖੋ ਕਿ ਇਸ ਵੱਲ ਧਿਆਨ ਹੀ ਨਹੀਂ ਦਿਤਾ ਜਾ ਰਿਹਾ। ਪੰਜਾਬ ਦੇ ਹੁਕਮਰਾਨ ਵੋਟਾਂ ਦੀ ਗਿਣਤੀ ਮਿਣਤੀ ਕਰਦੇ ਰਹੇ ਕਿ ਪੰਜਾਬੀ ਲਾਗੂ ਕਰਨ ਨਾਲ ਕਿਤੇ ਹਿੰਦੂ ਵੋਟ ਨਾ ਟੁੱਟ ਜਾਏ ,ਜਦੋਂ ਕਿ 2001 ਦੀ ਮਰਦਮ ਸ਼ੁਮਾਰੀ 'ਚ 92 % ਲੋਕਾਂ ਨੇ ਆਪਣੀ ਮਾਤ ਭਾਸ਼ਾ ਪੰਜਾਬੀ ਲਿਖਾਈ ਹੈ ਅਤੇ ਰਹਿ ਗਏ 8 % ਲੋਕ ਪਰਵਾਸੀ ਮਜ਼ਦੂਰ ਹਨ। ਉਹਨਾਂ ਕਿਹਾ ਕਿ ਉਹ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨਾਲ ਜੁੜ ਕੇ ਪੰਜਾਬ 'ਚ ਪੰਜਾਬੀ ਲਾਗੂ ਕਰਵਾਉਣ ਲਈ ਸੰਘਰਸ਼ ਕਰ ਰਹੇ ਹਨ। ਲੱਖਾ ਸਿਧਾਣਾ ਵਰਗਿਆਂ ਨੂੰ ਸੜਕਾਂ ਦੇ ਬੋਰਡਾਂ 'ਤੇ ਪੰਜਾਬੀ ਨੂੰ ਪਹਿਲਾ ਦਰਜਾ ਦਿਵਾਉਣ ਲਈ ਕੂਚੀ ਫੇਰ ਮੁਹਿੰਮ ਚਲਾ ਕੇ ਜੇਲ੍ਹਾਂ 'ਚ ਜਾਣਾ ਪਿਆ । ਸਾਡੀਆਂ ਸਾਹਿਤ ਸਭਾਵਾਂ ਸਿਰਫ ਮਤੇ ਪਾਉਣ ਤੱਕ ਹੀ ਸੀਮਿਤ ਹੋ ਕੇ ਰਹਿ ਗਈਆਂ। ਪੰਜਾਬੀ ਦੇ ਹੱਕ 'ਚ ਕਵਿਤਾਵਾਂ ਲਿਖਣ ਵਾਲੇ ਸਾਹਿਤਕਾਰ ਚੇਅਰਮੈਨੀਆਂ ਲੈ ਕੇ ਗੁੰਗੇ ਬਣ ਕੇ ਬੈਠ ਗਏ। ਪੰਜਾਬ ਦੀਆਂ ਸਾਰੀਆਂ ਅਦਾਲਤਾਂ ਦਾ ਕੰਮ ਕਾਜ ਪੰਜਾਬੀ 'ਚ ਕਰਨ ਲਈ 2008 'ਚ ਪੰਜਾਬ ਵਿਧਾਨ ਸਭਾ ਨੇ ਮਤਾ ਤਾਂ ਪਾਸ ਕਰ ਦਿਤਾ ਸੀ ਪਰ ਜਦ ਹਾਈ ਕੋਰਟ ਨੇ ਅਨੁਵਾਦ ਕਰਨ ਲਈ 1400 ਮੁਲਾਜ਼ਮਾਂ ਦੀ ਮੰਗ ਕੀਤੀ ਤਾਂ ਸਰਕਾਰ ਦੜ ਵੱਟ ਗਈ ਅਤੇ ਅੱਜ 10 ਸਾਲ ਬਾਦ ਫਿਰ ਪਰਨਾਲਾ ਉਥੇ ਦਾ ਉਥੇ ਹੈ। ਪੰਜਾਬ ਸਰਕਾਰ ਵਲੋਂ ਬਣਾਇਆ ਕਮਿਸ਼ਨ ਲੱਖਾਂ ਰੁਪੈ ਲੈ ਕੇ ਮਹੀਨੇ 'ਚ ਸਿਰਫ ਇਕ ਸਫੇ ਦਾ ਅਨੁਵਾਦ ਕਰ ਰਿਹਾ ਹੈ। ਅੱਜ ਪੰਜਾਬੀ ਦੇ ਹੱਕ 'ਚ ਮੁਹਿੰਮ ਕੈਨੇਡਾ ਵਰਗੇ ਦੇਸ਼ਾਂ 'ਚ ਰਹਿੰਦੇ ਪੰਜਾਬੀ ਚਲਾ ਰਹੇ ਹਨ ਜੋ ਕਿ ਬਹੁਤ ਸ਼ਲਾਘਾਯੋਗ ਹੈ। ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬੀ ਤੋਂ ਬਾਦ ਵਿਦੇਸ਼ਾਂ 'ਚ ਵਸਦਾ ਇਹ ਤੀਜਾ ਪੰਜਾਬ ਸੱਚਮੁੱਖ ਵਧਾਈ ਦਾ ਪਾਤਰ ਹੈ ਜੋ ਗਦਰੀ ਬਾਬਿਆਂ ਦੀ ਧਰਤੀ 'ਤੇ ਰਹਿ ਕੇ ਉਹਨਾਂ ਦਾ ਵਾਰਸ ਬਨਣ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬੀਆਂ ਨੇ ਭਾਵੇਂ ਵਿਦੇਸ਼ਾਂ 'ਚ ਆ ਕੇ ਨਵੇਂ ਪੰਜਾਬ ਦੀ ਸਿਰਜਣਾ ਕਰ ਲਈ ਹੈ ਪਰ ਉਹਨਾਂ ਨੂੰ ਆਪਣੀ ਜਨਮ ਭੂਮੀ ਪੰਜਾਬ ਦਾ ਪੂਰਾ ਖਿਆਲ ਰੱਖਣਾ ਚਾਹੀਦਾ ਹੈ ,ਨਹੀਂ ਤਾਂ 20 ਸਾਲਾਂ ਬਾਦ ਜਦ ਉਹ ਪੰਜਾਬ ਜਾਣਗੇ ਤਾਂ ਉਹਨਾਂ ਨੂੰ ਪੰਜਾਬ 'ਚ ਯੂਪੀ -ਬਿਹਾਰ ਦੇ ਭਈਏ ਹਿੰਦੀ -ਪੰਜਾਬੀ ਦੀ ਰਲੀ ਮਿਲੀ ਖਿਚੜੀ ਬੋਲੀ ਬੋਲਦੇ ਸੁਣਾਈ ਦੇਣਗੇ।

ਇਸ ਮੌਕੇ ਪੰਜਾਬੀ ਬੋਲੀ ਨੂੰ ਸਮਰਪਿਤ ਸਖਸ਼ੀਅਤ ਸ: ਮਹਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਉਹ ਇਥੋਂ ਜਾ ਕੇ ਪੰਜਾਬ 'ਚ ਪੰਜਾਬੀ ਬੋਲੀ ਲਈ ਸੰਘਰਸ਼ ਕਰ ਰਹੇ ਹਨ। ਉਹਨਾਂ ਕਿਹਾ ਕਿ ਪੰਜਾਬ ਦੇ ਹਰ ਸੂਬੇ 'ਚ ਹਿੰਦੀ ,ਅੰਗਰੇਜੀ ਅਤੇ ਮਾਤਭਾਸ਼ਾ ਦਾ ਤਿੰਨ ਭਾਸ਼ਾਈ ਫਾਰਮੂਲਾ ਲਾਗੂ ਹੈ ਪਰ ਪੰਜਾਬ ਦੀਆਂ ਬੈਂਕਾਂ ,ਅਧਾਰ ਕਾਰਡ ਅਤੇ ਹੋਰ ਅਦਾਰਿਆਂ 'ਚ ਇਹ ਫਾਰਮੂਲਾ ਲਾਗੂ ਨਹੀਂ,ਜਦ ਇਸ ਸਬੰਧੀ ਬੈਂਕ ਮੈਨੇਜਰਾਂ ਤੋਂ ਪੁੱਛਿਆ ਗਿਆ ਕਿ ਏ ਟੀ ਐਮ 'ਚ ਤੀਸਰੀ ਭਾਸ਼ਾ ਪੰਜਾਬੀ ਕਿਉਂ ਨਹੀਂ ਤਾਂ ਉਹਨਾਂ ਕਿਹਾ ਕਿ ਲੋਕ ਮੰਗ ਹੀ ਨਹੀਂ ਕਰ ਰਹੇ। ਇਸ ਸਬੰਧੀ ਪੰਜਾਬ ਦੇ ਲੋਕਾਂ ਨੂੰ ਜਾਗਰੂਕ ਕਰਨਾ ਬੇਹੱਦ ਜਰੂਰੀ ਹੈ। ਪੰਜਾਬ ਦੇ ਹਰ ਸਕੂਲ ਵਿਚ ਦਸਵੀਂ ਤੱਕ ਪੰਜਾਬੀ ਵਿਸ਼ਾ ਲਾਜ਼ਮੀ ਹੈ ਪਰ ਪੰਜਾਬੀ ਦੇ ਅਨੇਕਾਂ ਪ੍ਰਾਈਵੇਟ ਸਕੂਲਾਂ 'ਚ ਪੰਜਾਬੀ ਬੋਲਣ ਵਾਲੇ ਬੱਚਿਆਂ ਨੂੰ ਸਜ਼ਾ ਦਿੱਤੀ ਜਾਂਦੀ ਹੈ ਅਤੇ ਪੰਜਾਬ 'ਚ ਪੰਜਾਬੀ ਦੇ ਕਥਿਤ ਮੁਦੱਈ ਖਾਮੋਸ਼ ਤਮਾਸ਼ਾ ਦੇਖ ਰਹੇ ਹਨ। ਜਦੋਂ ਕਿ ਦਸਵੀਂ 'ਚ ਪੰਜਾਬੀ ਫੇਲ੍ਹ ਬੱਚਾ ਸਰਟੀਫਿਕੇਟ ਲੈਣ ਦਾ ਹੱਕਦਾਰ ਨਹੀਂ। ਉਹਨਾਂ ਕੈਨੇਡਾ ਰਹਿੰਦੇ ਪੰਜਾਬੀਆਂ ਨੂੰ ਕਿਹਾ ਕਿ ਉਹ ਆਪਣੇ ਬੱਚਿਆਂ ਪ੍ਰਤੀ ਅਵੇਸਲੇ ਨਾ ਹੋਣ । ਆਪਣੇ ਘਰ 'ਚ ਬੱਚਿਆਂ ਨਾਲ ਪੰਜਾਬੀ ਬੋਲਣ ਅਤੇ ਪਹਿਲੇ ਪੰਜ ਸਾਲ ਉਹਨਾਂ ਨੂੰ ਪੰਜਾਬੀ ਪੜ੍ਹਣੀ ਜ਼ਰੂਰ ਸਿਖਾਉਣ ਕਿਉਂਕਿ ਪਹਿਲੇ ਪੰਜ ਸਾਲ ਬੱਚਾ ਜੋ ਸਿੱਖ ਜਾਂਦਾ ਹੈ ਉਹ ਸਾਰੀ ਉਮਰ ਨਹੀਂ ਭੁੱਲ ਸਕਦਾ । ਪੰਜ ਸਾਲ ਤੱਕ ਦੇ ਬੱਚੇ ਨੂੰ ਪੰਜਾਬੀ ਦੇ 500 ਸ਼ਬਦ ਜਰੂਰ ਸਿਖਾਏ ਜਾਣ ਇਸ ਲਈ ਭਾਈ ਕਾਹਨ ਸਿੰਘ ਨਾਭਾ ਫਾਊਂਡੇਸ਼ਨ ਵਲੋਂ ਕਿਤਾਬਾਂ ਅਤੇ ਰਸਾਲੇ ਛਾਪ ਕੇ ਮੁਫ਼ਤ ਵੰਡੇ ਜਾ ਰਹੇ ਹਨ। ਜੇ ਅਸੀਂ ਇਸ ਪ੍ਰਤੀ ਅਵੇਸਲੇ ਰਹੇ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਜਿਥੇ ਆਪਣੀ ਭਾਸ਼ਾ ਅਤੇ ਸੱਭਿਆਚਾਰ ਨਾਲੋਂ ਟੁੱਟ ਜਾਣਗੀਆਂ ,ਉਥੇ ਉਹ ਸਾਡੇ ਵਲੋਂ ਕੀਤੀ ਕੋਤਾਹੀ ਕਾਰਨ ਸਾਨੂੰ ਕਦੇ ਮੁਆਫ ਨਹੀਂ ਕਰਨਗੀਆਂ।

ਡਾ: ਪਰਮਜੀਤ ਸਿੰਘ ਸਿੱਧੂ ਨੇ ਆਪਣੇ ਭਾਵਪੂਰਤ ਭਾਸ਼ਣ 'ਚ ਕਿਹਾ ਕਿ ਭਾਸ਼ਾ ਇਕ ਵਹਿੰਦਾ ਦਰਿਆ ਹੁੰਦੀ ਹੈ, ਪੰਜਾਬੀ ਦੀਆਂ 45 ਧੁਨੀਆਂ ਨੂੰ ਉਚਾਰਣ ਲਈ55 ਅੱਖਰ ਹਨ। ਬੇਸ਼ਕ ਪੰਜਾਬੀ ਰੋਮਨ ਅਤੇ ਫਾਰਸੀ ਅੱਖਰਾਂ 'ਚ ਲਿਖੀ ਜਾਂਦੀ ਹੈ ਪਰ ਇਸਦਾ ਸਹੀ ਉਚਾਰਣ ਅਤੇ ਪਹਿਚਾਣ ਸਿਰਫ ਗੁਰਮੁਖੀ ਅੱਖਰਾਂ ਨਾਲ ਹੀ ਹੋ ਸਕਦੀ ਹੈ। ਇਹ ਇਕ ਸੰਪੂਰਣ ਭਾਸ਼ਾ ਹੈ ਅਤੇ ਅੰਗਰੇਜੀ ਇਸਦਾ ਬਦਲ ਕਦੇ ਵੀ ਨਹੀਂ ਸਕਦਾ ,ਮਿਸਾਲ ਦੇ ਤੌਰ ਪੰਜਾਬੀ ਸ਼ਬਦ ਧੀ ਦਾ ਅੰਗਰੇਜੀ ਸ਼ਬਦ ਡਾਟਰ ਕਦੇ ਬਦਲ ਨਹੀਂ ਬਣ ਸਕਦਾ। ਉਹਨਾਂ ਕਿਹਾ ਕਿ ਪੰਜਾਬੀ ਭਾਸ਼ਾ ਕਦੇ ਮਰ ਨਹੀਂ ਸਕਦੀ ਪਰ 1991 ਦੇ ਵਿਸ਼ਵੀਕਰਨ ਦੇ ਦੌਰ ਨੇ ਇਸਦਾ ਵਿਕਾਸ ਰੋਕ ਦਿੱਤਾ ਹੈ। ਸਰਕਾਰਾਂ ਨੇ ਸਿੱਖਿਆ ਅਤੇ ਸਿਹਤ 'ਤੇ ਖਰਚੇ ਘਟਾ ਕੇ ਇਹਨਾਂ ਨੂੰ ਅਣਗੌਲਿਆ ਕਰਨਾ ਸ਼ੁਰੂ ਕਰ ਦਿਤਾ। ਉਹਨਾਂ ਕਿਹਾ ਕਿ ਦੁਨੀਆਂ ਦੀਆਂ ਭਾਸ਼ਾਈ ਬਰਾਦਰੀਆਂ ਜਦੋਂ ਪਰਵਾਸ ਕਰਦੀਆਂ ਹਨ ਤਾਂ ਬਿਗਾਨੀ ਧਰਤੀ 'ਤੇ ਜਾ ਕੇ ਆਪਣੀ ਭਾਸ਼ਾ ਦਾ ਹੋਰ ਵਿਸਥਾਰ ਕਰਦੀਆਂ ਹਨ। ਇੰਡੋ- ਆਰੀਅਨ ਭਾਸ਼ਾਵਾਂ 'ਚੋਂ ਵਿਕਸਤ ਹੋ ਕੇ ਅੱਜ ਪੰਜਾਬੀ ਸਾਰੀ ਦੁਨੀਆਂ 'ਚ ਫੈਲ ਚੁੱਕੀ ਹੈ ਅਤੇ ਇਸਨੂੰ ਜਿਉਂਦਾ ਰੱਖਣ ਦੀ ਜ਼ੁੰਮੇਵਾਰੀ ਹੁਣ ਸਾਰੇ ਪੰਜਾਬੀਆਂ ਦੀ ਹੈ। ਗੁਰੂ ਅਰਜਨ ਦੇਵ ਜੀ ਵਲੋਂ ਗੁਰੂ ਗਰੰਥ ਸਾਹਿਬ ਦਾ ਸੰਪਾਦਨ ਕਰਕੇ ਇਸ ਵਿਚ 11 ਵੀਂ ਸਦੀ ਤੋਂ ਲੈਕੇ ਸਤਾਰਵੀਂ ਸਦੀ ਤੱਕ ਦਾ ਬਹੁ-ਕੀਮਤੀ ਸਾਹਿਤ ਸਾਂਭਿਆ ਗਿਆ ਹੈ ਜੋ ਕਿ ਪੰਜਾਬੀ ਬੋਲੀ ਨੂੰ ਬਹੁਤ ਵੱਡੀ ਤਾਕਤ ਬਖਸ਼ਦਾ ਹੈ। ਜਿਵੇਂ ਕੁੜੀ ਸਹੁਰੇ ਘਰ ਜਾਕੇ ਆਪਣੇ ਪੇਕਿਆਂ ਨਾਲ ਤੁਅੱਲਕਾਤ ਬਣਾਈ ਰੱਖਦੀ ਹੈ ਅਤੇ ਉਸਦੀਆਂ ਜੜ੍ਹਾਂ ਹਮੇਸ਼ਾ ਪੇਕਿਆਂ 'ਚ ਹੀ ਰਹਿੰਦੀਆਂ ਹਨ, ਇਸੇ ਤਰ੍ਹਾਂ ਹੁਣ ਵਿਦੇਸ਼ਾਂ 'ਚ ਰਹਿੰਦੇ ਪੰਜਾਬੀ ਆਪਣੇ ਸਹੁਰੇ ਘਰ 'ਚ ਰਹਿ ਰਹੇ ਹਨ ਅਤੇ ਉਹਨਾਂ ਦੀਆਂ ਜੜ੍ਹਾਂ ਉਹਨਾਂ ਦੇ ਪੇਕੇ ਪਰਿਵਾਰ ਪੰਜਾਬ 'ਚ ਹੀ ਹਨ। ਪੰਜਾਬ 'ਚ ਤਿੰਨ ਭਾਸ਼ਾਈ ਫਾਰਮੂਲਾ ਭਾਵੇਂ ਲਾਗੂ ਨਹੀਂ ਹੋਇਆ ਪਰ ਕੈਨੇਡਾ ਦੇ ਪੰਜਾਬੀਆਂ ਦੀ ਹਿੰਮਤ ਅਤੇ ਹੌਸਲਾ ਦੇਖ ਕੇ ਲਗਦਾ ਹੈ ਕਿ ਕੈਨੇਡਾ 'ਚ ਪੰਜਾਬੀ ਨੂੰ ਤੀਜੀ ਭਾਸ਼ਾ ਦਾ ਦਰਜਾ ਜ਼ਰੂਰ ਦਿਵਾ ਦੇਣਗੇ। ਉਹਨਾਂ ਕਿਹਾ ਕਿ ਮਾਂ ਬੋਲੀ ਸਿਰਫ ਮਾਂ ਦੀ ਬੋਲੀ ਨਹੀਂ ਹੁੰਦੀ ,ਇਹ ਬੱਚਾ ਆਪਣੇ ਆਲੇ ਦੁਆਲੇ ਤੋਂ ਸਿਖਦਾ ਹੈ। ਇਸ ਲਈ ਜ਼ਰੂਰੀ ਹੈ ਕਿ ਤੁਸੀਂ ਆਪਣੇ ਪਰਿਵਾਰ'ਚ ਬੱਚਿਆਂ ਦੇ ਸਾਹਮਣੇ ਸਾਰੇ ਪਜਾਬੀ 'ਚ ਗੱਲਬਾਤ ਕਰੋ। ਇਸ ਮੌਕੇ ਬਰਿਟਸ਼ ਕੋਲੰਬੀਆ ਤੋਂ ਆਏ ਸਾਥੀ ਦਵਿੰਦਰ ਸਿੰਘ ਘਟੌੜਾ ਨੇ ਕਿਹਾ ਕਿ ਪੰਜਾਬੀ ਭਾਸ਼ਾ ਦੇ ਮਸਲੇ 'ਤੇ ਉਹ ਵਿਨੀਪੈਗ ਦੇ ਪੰਜਾਬੀਆਂ ਦੇ ਹਮੇਸ਼ਾ ਅੰਗਸੰਗ ਖੜ੍ਹੇ ਹਨ ਅਤੇ ਜਦੋਂ ਸਾਨੂੰ ਕੋਈ ਸੇਵਾ ਲਾਈ ਜਾਵੇਗੀ ਅਸੀਂ ਹਾਜਰ ਹੋਵਾਂਗੇ। ਭਾਵੇਂ ਪੰਜਾਬ ਦੇ ਲੋਕ ਸੌਂ ਗਏ ਹਨ ਪਰ ਅਸੀਂ ਜਾਗਦੇ ਰਹੋ ਦਾ ਹੋਕਾ ਦਿੰਦੇ ਰਹਾਂਗੇ। ਭਾਈ ਕਾਹਨ ਸਿੰਘ ਨਾਭਾ ਫਾਊਂਡੇਸ਼ਨ ਦੇ ਪਰਧਾਨ ਡਾ: ਮਹਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਅਸੀਂ 2012 'ਚ ਇਹ ਸੰਸਥਾ ਸਥਾਪਤ ਕੀਤੀ ਸੀ ਅਤੇ ਇਸ ਰਾਹੀਂ ਕਈ ਅਹਿਮ ਪ੍ਰਾਪਤੀਆਂ ਕੀਤੀਆਂ ਹਨ। ਬੱਚਿਆਂ ਨੂੰ ਪੰਜਾਬੀ ਸਿਖਾਉਣ ਲਈ ਸਕੂਲ ਖੋਹਲੇ ਗਏ ਹਨ , ਗੁਰਦਵਾਰਿਆਂ 'ਚ ਕਲਾਸਾਂ ਲਾਈਆਂ ਜਾ ਰਹੀਆਂ ਹਨ, ਹੁਣ ਲੋੜ ਮਾਪਿਆਂ ਨੂੰ ਇਸ ਪਾਸੇ ਧਿਆਨ ਦੇਣ ਦੀ ਹੈ। ਜਿਹੜੇ ਮਾਪੇ ਬੱਚਿਆਂ ਤੋਂ ਅਵੇਸਲੇ ਹੋ ਜਾਂਦੇ ਹਨ ਉਹਨਾਂ ਦੇ ਬੱਚੇ ਭਾਸ਼ਾ ਵੀ ਭੁੱਲ ਜਾਂਦੇ ਹਨ ਅਤੇ ਗੈਂਗਵਾਰ ਅਤੇ ਡਰੱਗ ਵਗੈਰਾ ਦੇ ਸ਼ਿਕਾਰ ਵੀ ਹੋ ਜਾਂਦੇ ਹਨ। ਅਸੀਂ ਆਪਣੀ ਭਾਸ਼ਾ ਅਤੇ ਸੱਭਿਆਚਾਰ ਨਾਲ ਜੋੜ ਕੇ ਆਪਣੇ ਬੱਚਿਆਂ ਨੂੰ ਸਮੇਂ ਦੇ ਹਾਣ ਦੇ ,ਵਧੀਆ ਇਨਸਾਨ ਬਣਾ ਸਕਦੇ ਹਾਂ। ਸਮਾਗਮ ਦੀ ਸ਼ੁਰੂਆਤ ਪੰਜਾਬੀ ਸ਼ਾਇਰ ਅਮਰਦੀਪ ਸੰਧਾਵਾਲੀਆ ਦੀ ਖੂਬਸੂਰਤ ਗ਼ਜ਼ਲ ਨਾਲ ਕੀਤੀ ਗਈ। ਦਸ਼ਮੇਸ਼ ਸਕੂਲ ਦੇ ਵਿਦਿਆਰਥੀਆਂ ਵਲੋਂ ਕਵਿਤਾਵਾਂ ਅਤੇ ਲੇਖ ਪੇਸ਼ ਕੀਤੇ ਗਏ। ਅਖੀਰ ਵਿਚ ਜੋਗਿੰਦਰ ਸਿੰਘ ਧਾਮੀ ਨੇ ਇਸ ਸਫਲ ਸੰਮੇਲਨ ਲਈ ਸਾਰਿਆਂ ਦਾ ਧੰਨਵਾਦ ਕੀਤਾ। ਬੁਲਾਰਿਆਂ ਵਲੋਂ ਸਰੋਤਿਆਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ ਗਏ। ਸਟੇਜ ਸਕੱਤਰ ਦੇ ਫਰਜ਼ ਮੈਡਮ ਡਾ: ਹਰਜੀਤ ਵਿਰਕ ਨੇ ਵਧੀਆ ਢੰਗ ਨਾਲ ਨਿਭਾਏ। ਸਮਾਗਮ ਦੀ ਸਮਾਪਤੀ 'ਤੇ ਜੋਰਾ ਸਿੰਘ ਮੰਡੇਰ ਦੀ ਨਵੀਂ ਕਾਵਿ ਪੁਸਤਕ ਵੀ ਰਿਲੀਜ਼ ਕੀਤੀ ਗਈ। ਇਸ ਮੌਕੇ ਬਲਦੇਵ ਸਿੰਘ ਖੋਸਾ , ਵਿਧਾਇਕ ਮਹਿੰਦਰ ਸਿੰਘ ਸਰਾਂ , ਕੌਰ ਸਿੰਘ ਸਿੱਧੂ ,ਅਮਰਜੀਤ ਸਿੰਘ ਸਿਧੂ ਨਥਾਣਾ, ਦਲਵਿੰਦਰ ਸਿੰਘ ਤੂਰ, ਕਾਲਮ ਨਵੀਸਐਮ ਪੀ ਸਿੰਘ, ਅਮਰਜੀਤ ਢਿੱਲੋਂ ਦਬੜ੍ਹੀਖਾਨਾ, ਹਰਜੀਤ ਕੌਰ ਕਾਹਲੋਂ-ਸੰਧੂ, ਡਾ: ਗਿਆਨੀ ਮਹਿੰਦਰਪਾਲ ਸਿੰਘ ਤੋਂ ਇਲਾਵਾ ਸਾਹਿਤ ਅਤੇ ਸੱਭਿਆਚਾਰਕ ਸਭਾ ਵਿਨੀਪੈਗ ਦੇ ਮੈਂਬਰ ਹਰਨੇਕ ਧਾਲੀਵਾਲ, ਮੰਗਤ ਸਹੋਤਾ, ਹਰਿੰਦਰ ਗਿੱਲ, ਦਰਸ਼ਨ ਵਾਂਦਰ, ਕਮਲ ਜੀ, ਅੰਮ੍ਰਿਤ ਪ੍ਰਭਾਕਰ, ਅਮਰ ਸਿੰਘ ਗਰੇਵਾਲ, ਸੰਦੀਪ ਸਮਾਲਸਰ, ਮਨਧੀਰ ਕੌਰ ਮਨੂੰ ਅਤੇ ਸੁਰਿੰਦਰ ਸਿੰਘ ਮਾਵੀ ਆਦਿ ਹਾਜਰ ਸਨ।

431 337 3346









ਮਨਦੀਪ

# ਫੀਫਾ ਵਿਸ਼ਵ ਫੁੱਟਬਾਲ ਕੱਪ-2018 ਦਾ ਦੂਜਾ ਪਾਸਾ

ਦੁਨੀਆਂ ਦੀ ਸਭ ਤੋਂ ਵੱਡੀ ਤੇ ਮਕਬੂਲ ਖੇਡ ਫੁੱਟਬਾਲ ਦਾ 21ਵਾਂ ਮਹਾਂ-ਮੁਕਾਬਲਾ 'ਫੀਫਾ ਵਿਸ਼ਵ ਕੱਪ 2018' ਮੇਜਬਾਨ ਰੂਸ ਵਿਚ ਪੂਰੀ ਧੂਮਧਾਮ ਨਾਲ ਸ਼ੁਰੂ ਹੋ ਚੁੱਕਾ ਹੈ। ਇਸਦਾ ਬਜਟ 678 ਅਰਬ ਰੂਬਲ ਹੈ। ਵਿਸ਼ਵ ਕੱਪ ਦੀ ਇਨਾਮੀ ਰਕਮ 400 ਮਿਲੀਅਨ ਅਮਰੀਕੀ ਡਾਲਰ ਹੈ ਤੇ ਇਕ ਅੰਦਾਜੇ ਮੁਤਾਬਕ ਦੁਨੀਆਂ ਭਰ 'ਚੋਂ ਸੱਤ ਲੱਖ ਦੇ ਕਰੀਬ ਲੋਕ ਇਹ ਮੈਚ ਦੇਖਣ ਲਈ ਰੂਸ ਦੀ ਧਰਤੀ ਵੱਲ ਉਡਾਣ ਭਰਨਗੇ। ਦੁਨੀਆਂ ਦੇ 210 ਦੇਸ਼ਾਂ ਦੀਆਂ ਫੁੱਟਬਾਲ ਟੀਮਾਂ ਨੇ 872 ਮੈਚਾਂ ਦੇ ਕੁਆਲੀਫਾਈ ਗੇੜ ਦੀ ਪਾਰੀ ਖੇਡ ਕੇ ਇਸ ਮਹਾਂ-ਮੁਕਾਬਲੇ 'ਚ ਦਾਖਲ ਹੋਣ ਲਈ ਜੋਰ ਅਜਮਾਈ ਕੀਤੀ, ਜਿਸ ਵਿੱਚੋਂ 32 ਟੀਮਾਂ ਨੇ ਵਿਸ਼ਵ ਕੱਪ ਖੇਡਣ ਲਈ ਕੁਆਲੀਫਾਈ ਕੀਤਾ। ਦੁਨੀਆਂ ਭਰ ਵਿਚ ਸ਼ੋਸ਼ਲ ਮੀਡੀਆ, ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਅਤੇ ਲੋਕਾਂ ਦੀ ਜੁਬਾਨ ਉਤੇ ਫੁੱਟਬਾਲ ਦੇ ਇਸ ਮਹਾਂ-ਮੁਕਾਬਲੇ ਦੇ ਖੂਬ ਚਰਚੇ ਹਨ। ਫੀਫਾ ਕਲੱਬ, ਰਾਸ਼ਟਰੀ ਤੇ ਬਹੁਰਾਸ਼ਟਰੀ ਕੰਪਨੀਆਂ ਅਤੇ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਵੀ ਇਸ ਮਹਾਂ-ਮੁਕਬਲੇ ਦੀ ਲੋਕਪ੍ਰਿਅਤਾ ਵਧਾਉਣ ਲਈ ਯਤਨ ਕਰ ਰਹੀਆਂ ਹਨ।

ਇਸ ਮਹਾਂ-ਕੁੰਭ ਦੌਰਾਨ ਰਾਸ਼ਟਰੀ ਤੇ ਬਹੁ-ਰਾਸ਼ਟਰੀ ਕੰਪਨੀਆਂ ਸੰਸਾਰ ਮੰਡੀ 'ਚ ਆਪਣਾ ਮਾਲ ਵੇਚਣ ਲਈ ਫੀਫਾ ਕੱਪ ਦੇ ਲੋਗੋ ਅਤੇ ਇਸਦੇ ਸੁਪਰ-ਸਟਾਰ ਖਿਡਾਰੀਆਂ ਦੀਆਂ ਤਸਵੀਰਾਂ ਦੀ ਵਰਤੋਂ ਕਰ ਰਹੀਆਂ ਹਨ। ਨਾਇਕੀ, ਐਡੀਡਾਸ, ਕੋਕਾਕੋਲਾ ਆਦਿ ਵਰਗੀਆਂ ਬਹੁਰਾਸ਼ਟਰੀ ਕੰਪਨੀਆਂ ਤੋਂ ਇਲਾਵਾ ਸੰਸਾਰ ਭਰ 'ਚ ਖਾਸ ਕਰ ਉੱਤਰੀ, ਦੱਖਣੀ ਤੇ ਕੇਂਦਰੀ ਅਮਰੀਕਾ ਅਤੇ ਯੂਰਪ ਦੇ ਦੇਸ਼ਾਂ ਅੰਦਰ ਜਿੱਥੇ ਫੁੱਟਬਾਲ ਦਾ ਜਾਦੂ ਲੋਕਾਂ ਦੇ ਸਿਰ ਚੜ੍ਹਕੇ ਬੋਲਦਾ ਹੈ, ਦੀਆਂ ਸੈਂਕੜੇ ਰਾਸ਼ਟਰੀ ਕੰਪਨੀਆਂ ਵੀ ਫੀਫਾ ਕੱਪ ਦੇ ਲੋਗੋ ਤੇ ਖਿਡਾਰੀਆਂ ਦੀਆਂ ਤਸਵੀਰਾਂ ਦੀ ਵਰਤੋਂ ਰਾਹੀਂ ਆਪਣੇ ਮਾਲ ਦੀ ਇਸ਼ਤਿਹਾਰਬਾਜੀ ਤੇ ਵਿਕਰੀ ਕਰ ਰਹੀਆਂ ਹਨ। ਸਪੋਰਟਸ ਕੱਪੜੇ, ਬੂਟ, ਬੱਚਿਆਂ ਦੇ ਖਿਡਾਉਣੇ, ਫੀਫਾ ਕੱਪ ਦੇ ਸਟਿੱਕਰ, ਇਲੈਕਟ੍ਰਾਨਿਕ ਸਮਾਨ, ਸਜਾਵਟ ਤੇ ਔਰਤਾਂ ਦੇ ਹਾਰ-ਸ਼ਿੰਗਾਰ ਦਾ ਸਮਾਨ, ਕਾਪੀਆਂ ਦੀਆਂ ਜਿਲਦਾਂ, ਖਾਣ-ਪੀਣ ਦੀਆਂ ਵਸਤਾਂ ਆਦਿ ਬਾਜਾਰ ਦੀ ਲਗਭਗ ਹਰ ਸ਼ੈਅ ਉੱਤੇ ਫੀਫਾ ਕੱਪ ਤੇ ਫੀਫਾ ਟੀਮਾਂ ਦੇ ਖਿਡਾਰੀਆਂ ਦੇ ਚਿਹਰੇ ਵੇਖਣ ਨੂੰ ਮਿਲ ਰਹੇ ਹਨ। ਜਿੱਥੇ ਇਹ ਰਾਸ਼ਟਰੀ ਤੇ ਬਹੁ-ਰਾਸ਼ਟਰੀ ਕੰਪਨੀਆਂ ਆਪਣੇ ਮਾਲ ਲਈ ਫੀਫਾ ਕੱਪ ਦੇ ਲੋਗੋ ਤੇ ਖਿਡਾਰੀਆਂ ਨੂੰ ਇਸ਼ਤਿਹਾਰਬਾਜੀ ਲਈ ਵਰਤ ਕੇ ਸਿੱਧੇ-ਅਸਿੱਧੇ ਤੌਰ ਤੇ ਫੀਫਾ ਕਲੱਬ ਨੂੰ ਮੋਟੀ ਰਕਮ ਦਾ ਭੁਗਤਾਨ ਕਰ ਰਹੀਆਂ ਹਨ ਉੱਥੇ ਖੁਦ ਫੀਫਾ ਕਲੱਬ ਵੀ ਸਿੱਧੇ ਤੌਰ ਤੇ ਇਸ ਧੰਦੇ ਵਿਚ ਲੱਗੀ ਹੋਈ ਹੈ। ਉਸਨੇ ਆਪਣਾ ਇਕ ਆਨਲਾਈਨ ਸਟੋਰ ਵੀ ਖੋਲ੍ਹਿਆ ਹੋਇਆ ਹੈ ਜਿੱਥੇ ਉਹ ਸਪੋਰਟਸ ਬੂਟਾਂ ਤੋਂ ਲੈ ਕੇ ਬੱਚਿਆਂ ਦੇ ਖਿਡਾਉਣੇ ਤੱਕ ਵੇਚ ਰਹੀ ਹੈ। ਫੀਫਾ ਕਲੱਬ ਦੁਨੀਆਂ ਭਰ ਦੇ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਏ ਤੋਂ ਇਲਾਵਾ ਸ਼ੋਸ਼ਲ ਮੀਡੀਆ ਰਾਹੀਂ (ਯੂਟਿਊਬ, ਇੰਸਟਾਗ੍ਰਾਮ, ਟਵਿੱਟਰ, ਫੇਸਬੁੱਕ ਆਦਿ) ਵੀ ਇਸਦਾ ਖੂਬ ਪ੍ਰਚਾਰ ਕਰ ਰਹੀ ਹੈ। ਆਪਣੇ ਪ੍ਰਚਾਰ ਸਾਧਨਾਂ ਤੇ ਇਸ਼ਤਿਹਾਰਬਾਜੀ ਰਾਹੀਂ ਦੁਨੀਆਂ ਭਰ ਦੇ ਲੋਕਾਂ ਨੂੰ ਇਸ ਵਿਸ਼ਵ ਫੁੱਟਬਾਲ ਕੱਪ ਵੱਲ ਆਕਰਸ਼ਿਤ ਕੀਤਾ ਜਾ ਰਿਹਾ ਹੈ। ਮੰਨੋਰੰਜਨ ਦੇ ਨਾਂ ਹੇਠ ਖੇਡਾਂ ਦਾ ਵਪਾਰ ਕਰ ਰਹੀ ਫੀਫਾ ਕਲੱਬ ਤੇ ਉਸਦੀਆਂ ਭਾਈਵਾਲ ਰਾਸ਼ਟਰੀ-ਬਹੁਰਾਸ਼ਟਰੀ ਕੰਪਨੀਆਂ ਦੁਆਰਾ ਇਸ ਕਦਰ ਚੌਂਪਾਸੀ ਵਿਸ਼ਵ ਕੱਪ ਦਾ ਸ਼ੋਰਗੁੱਲ ਖੜਾ ਕੀਤਾ ਜਾ ਰਿਹਾ ਹੈ ਕਿ ਦੁਨੀਆਂ ਭਰ 'ਚ ਆਰਥਿਕ ਮੰਦੀ ਦਾ ਸਾਹਮਣਾ ਕਰ ਰਹੀਆਂ ਸਰਕਾਰਾਂ ਖਿਲਾਫ, ਸੀਰੀਆ ਤੇ ਮੱਧ ਪੂਰਬ ਦੇ ਹੋਰ ਦੇਸ਼ਾਂ ਉਪਰ ਹੋ ਰਹੇ ਸਾਮਰਾਜੀ ਹਮਲਿਆਂ ਅਤੇ ਫਲਸਤੀਨੀ ਲੋਕਾਂ ਉੱਤੇ ਥੋਪੀ ਜਾ ਰਹੀ ਨਿਹੱਕੀ ਜੰਗ ਖਿਲਾਫ ਦੁਨੀਆਂ ਭਰ 'ਚ ਉੱਠ ਰਹੀ ਵਿਰੋਧ ਦੀ ਅਵਾਜ ਨੂੰ ਦਬਾਉਣ ਦੇ ਯਤਨ ਕੀਤੇ ਜਾ ਰਹੇ ਹਨ। ਮੰਦੀ ਦੀ ਮਾਰ ਹੇਠ ਆਈਆਂ ਅਤੇ ਜੰਗ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੀਆਂ ਸਰਕਾਰਾਂ ਲਈ ਚਾਲੂ ਵਿਸ਼ਵ ਕੱਪ ਫੌਰੀ ਦਰਦ-ਨਿਵਾਰਕ ਦਵਾ ਦਾ ਕੰਮ ਕਰ ਰਿਹਾ ਹੈ। ਸਥਾਨਕ ਸਰਕਾਰਾਂ ਵੀ ਫੀਫਾ ਕੱਪ ਦਾ ਗੁਣਗਾਣ ਕਰਕੇ ਰਾਸ਼ਟਰੀ ਤੇ ਬਹੁਰਾਸ਼ਟਰੀ ਕੰਪਨੀਆਂ ਦੇ ਮੁਨਾਫਿਆਂ 'ਚ ਇਜਾਫਾ ਕਰਨ ਦਾ ਵਾਹਕ ਬਣ ਰਹੀਆਂ ਹਨ। ਇਸ ਸਰਕਾਰੀ ਇਮਦਾਦ ਦੇ ਵਿਸ਼ੇਸ਼ ਸਿਆਸੀ ਮਾਇਨੇ ਹਨ। ਇਸਦੀ ਉੱਘੀ ਮਿਸਾਲ ਦੱਖਣੀ ਅਮਰੀਕੀ ਦੇਸ਼ਾਂ ਦੀ ਪੂਰੀ ਬੈਲਟ ਤੇ ਖਾਸਕਰ ਇਸ ਖਿੱਤੇ ਦੇ ਚਿੱਲੀ, ਬੋਲੀਵੀਆ, ਅਰਜਨਟੀਨਾ ਆਦਿ ਦੇਸ਼ ਹਨ। ਇਹ ਦੇਸ਼ ਮੌਜੂਦਾ ਦੌਰ ਅੰਦਰ ਵੱਡੀ ਤੇ ਇਤਿਹਾਸਕ ਆਰਥਿਕ ਮੰਦੀ ਦਾ ਸਾਹਮਣਾ ਕਰ ਰਹੇ ਹਨ। (ਇਹ ਉਹੀ ਖਿੱਤਾ ਹੈ ਜਿੱਥੇ ਅਬਾਦੀ ਦਾ ਵੱਡਾ ਹਿੱਸਾ ਲੋਕ ਫੁੱਟਬਾਲ ਦੇ ਦੀਵਾਨੇ ਹਨ) ਉਦਾਹਰਣ ਵਜੋਂ ਬੀਤੇ ਮਈ ਮਹੀਨੇ ਵਿਚ ਅਰਜਨਟੀਨਾ ਦਾ ਸਲਾਨਾ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦਨ ਦੇ ਮੁਕਾਬਲੇ ਆਪਣੇ ਸਾਰੇ ਇਤਿਹਾਸਕ ਰਿਕਾਰਡ ਤੋੜਦਿਆਂ ਬੁਰੇ ਦੌਰ 'ਚ ਦਾਖਲ ਹੋ ਗਿਆ। ਅਰਜਨਟੀਨਾ ਦੀ ਸਥਾਨਕ ਕਰੰਸੀ ਤੀਹ ਦਿਨਾਂ 'ਚ ਡਾਲਰ ਦੇ ਮੁਕਾਬਲੇ 20% ਲੁੜ੍ਹਕ ਗਈ ਅਤੇ ਰਾਤੋ-ਰਾਤ ਮਹਿੰਗਾਈ ਅਸਮਾਨ ਛੂਹ ਗਈ। ਉਦਯੋਗਿਕ ਖੇਤਰਾਂ 'ਚੋਂ ਲੱਖਾਂ ਹੱਥ ਵਿਹਲੇ ਹੋ ਗਏ ਤੇ ਰਾਤੋ-ਰਾਤ ਅਨੇਕਾਂ ਕਾਰੋਬਾਰ ਠੱਪ ਹੋ ਗਏ। ਰੀਅਲ ਅਸਟੇਟ ਅਤੇ ਸ਼ੇਅਰ ਮਾਰਕਿਟ ਦਾ ਬਜਾਰ ਸਭ ਤੋਂ ਵੱਧ ਪ੍ਰਭਾਵਿਤ ਹੋਇਆ। ਸਰਕਾਰ ਦੁਆਰਾ ਵਾਰ-ਵਾਰ ਆਈਐਮਐਫ ਤੋਂ ਮਦਦ ਦੀ ਅਪੀਲ ਕਰਨ ਦੇ ਇਕ ਮਹੀਨੇ ਬਾਅਦ ਆਈਐਮਐਫ ਨੇ ਅਰਜਨਟੀਨਾ ਸਰਕਾਰ ਨੂੰ ਪਹਿਲਾਂ ਹੀ ਅੱਠ ਵਾਰ ਡਿਫਾਲਟਰ ਹੋਣ ਦੀ ਫਿਟਕਾਰ ਪਾਉਂਦਿਆਂ ਅਰਜਨਟੀਨਾਂ ਦੀਆਂ ਆਰਥਿਕ ਨੀਤੀਆਂ 'ਚ ਆਪਣੀ ਸਿੱਧੀ ਦਖਲਅੰਦਾਜੀ ਦੀਆਂ ਸ਼ਰਤਾਂ ਤਹਿਤ ਆਰਥਿਕ ਮੱਦਦ ਕੀਤੀ। ਅਜਿਹੇ 'ਚ ਲੋਕਾਂ ਦਾ ਸਰਕਾਰ ਵਿਰੁੱਧ ਰੋਹ ਲਗਾਤਾਰ ਲਾਮਬੰਦ ਹੋਣਾ ਸੁਭਾਵਕ ਹੀ ਸੀ। ਇਹੀ ਸੂਰਤ-ਏ-ਹਾਲ ਬਾਕੀ ਲਾਤੀਨੀ ਅਮਰੀਕੀ ਮੁਲਕਾਂ ਦੀ ਹੈ। ਅਜਿਹੇ 'ਚ ਵਿਸ਼ਵ ਕੱਪ ਇਹਨਾਂ ਮੁਲਕਾਂ ਦੀਆਂ ਸਰਕਾਰਾਂ ਲਈ ਸੰਜੀਵਨੀ ਬੂਟੀ ਦਾ ਕੰਮ ਕਰ ਰਿਹਾ ਹੈ ਅਤੇ ਉਹ ਸਰਕਾਰੀ ਨੀਤੀਆਂ ਖਿਲਾਫ ਲਾਮਬੰਦ ਹੋ ਰਹੇ ਲੋਕ ਰੋਹ ਨੂੰ ਵਿਸ਼ਵ ਕੱਪ ਦੇ ਸ਼ੋਰਗੁੱਲ ਹੇਠ ਰੋਲਣ ਲਈ ਫੀਫਾ ਕਲੱਬ ਦਾ ਸਹਿਯੋਗ ਕਰ ਰਹੀਆਂ ਹਨ। ਲੋਕਾਂ ਦੀ ਕਵਾਇਦ ਵਿਸ਼ਵ ਕੱਪ ਮੈਚਾਂ ਦੀ ਟਿਕਟ ਲਈ ਲੱਕੀ ਡਰਾਅ ਅਤੇ ਕੂਪਨਾਂ ਦੇ ਡੱਬੇ ਦੁਆਲੇ ਕਰਵਾਈ ਜਾ ਰਹੀ ਹੈ। ਮੈਚ ਦਾ ਸਿੱਧਾ ਆਨੰਦ ਨਾ ਮਾਣ ਸਕਣ ਵਾਲੇ ਲੋਕਾਂ ਦੇ ਮੰਨੋਰੰਜਨ ਦਾ ਪ੍ਰਬੰਧ ਕਰਨ ਲਈ ਘਰਾਂ ਦੀ ਚਾਰਦੀਵਾਰੀ ਅੰਦਰ ਹੀ ਟੀਵੀ, ਇੰਟਰਨੈੱਟ, ਮੋਬਾਇਲ ਫੋਨ ਅਦਿ ਦੀਆਂ ਕੀਮਤਾਂ 'ਚ ਭਾਰੀ ਛੂਟ ਦੇਣ ਦੀਆਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਫੀਫਾ ਕਲੱਬ ਨੇ ਪ੍ਰਸਿੱਧ ਬਾਲੀਵੁੱਡ ਕਲਾਕਾਰਾਂ ਤੇ ਫੁੱਟਬਾਲ ਖਿਡਾਰੀਆਂ ਉੱਤੇ ਲੱਖਾਂ ਡਾਲਰ ਖਰਚ ਕੇ ਇਸ਼ਤਿਹਾਰਬਾਜੀ ਦੇ ਨਾਲ-ਨਾਲ 'ਫੀਫਾ ਸੌਂਗ' ਤਿਆਰ ਕਰਵਾਇਆ ਹੈ। ਇਸ ਤੋਂ ਇਲਾਵਾ ਮੋਬਾਇਲ ਐਪਸ, ਫੀਫਾ ਕੱਪ ਲਾਇਵ ਪ੍ਰਸਾਰਣ, ਓਪਨ ਐਂਟਰੀ (ਰੂਸ 'ਚ), ਆਨਲਾਇਨ ਟਿਕਟ ਬੁਕਿੰਗ, ਆਨਲਾਇਨ ਸੱਟਾ ਕੁਇਜ ਮੁਕਾਬਲੇ, ਆਨਲਾਇਨ ਸਟੋਰ ਆਦਿ ਦਾ ਪ੍ਰਬੰਧ ਕੀਤਾ ਗਿਆ ਹੈ।





2011 'ਚ ਭਾਰਤ ਦੀ ਰਾਜਧਾਨੀ ਦਿੱਲੀ ਅੰਦਰ ਹੋਏ ਵਿਸ਼ਵ ਕ੍ਰਿਕਟ ਮੈਚ ਅਤੇ 2014 'ਚ ਬਰਾਜੀਲ 'ਚ ਹੋਏ ਵਿਸ਼ਵ ਫੀਫਾ ਕੱਪ ਵਾਂਗ ਹਾਲੀਆ ਰੂਸ ਅੰਦਰ ਵੀ ਇਸਦੀ ਗਰੀਬੀ ਨੂੰ ਵੱਡੇ-ਵੱਡੇ ਸਾਇਨ ਬੋਰਡਾਂ ਹੇਠ ਕੱਜਣ ਦੇ ਯਤਨ ਕੀਤੇ ਗਏ ਰੂਸ ਨੂੰ ਦੁਨੀਆਂ ਭਰ ਦੇ ਪੰਤਵੰਤੇ ਸੈਲਾਨੀਆਂ ਅੱਗੇ ਰੋਲ ਮਾਡਲ ਵਜੋਂ ਪੇਸ਼ ਕਰਨ ਲਈ ਅਪਰਾਧਮੁਕਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਚੋਰਾਂ-ਉਚੱਕਿਆਂ ਤੇ ਖਾਸ ਨਿਗ੍ਹਾਂ ਰੱਖੀ ਜਾ ਰਹੀ ਹੈ। ਪਰੰਤੂ ਇਨ੍ਹਾਂ ਪ੍ਰਬੰਧਾਂ ਦੀ ਹਵਾ ਪਹਿਲੇ ਹੀ ਦਿਨ ਨਿਕਲ ਗਈ ਜਦੋਂ ਆਰਸਨਲ ਖਿਡਾਰੀ ਨਵਾਨਕੋ ਕਾਨੂੰ ਦੇ ਰੂਸ ਪੁੱਜਣ ਤੇ 8 ਹਜਾਰ ਯੂਰੋ ਚੋਰੀ ਹੋ ਗਏ। ਭਿਖਾਰੀਆਂ ਨੂੰ ਤੀਹ ਦਿਨ ਲਈ ਮੈਚ ਸਟੇਡੀਅਮਾਂ ਤੋਂ ਪਾਸੇ ਹਟਾ ਦਿੱਤਾ ਗਿਆ। ਸ਼ਹਿਰ ਦੇ 2 ਮਿਲੀਅਨ ਕੁੱਤੇ ਤੇ ਬਿੱਲੀਆਂ ਜਹਿਰੀਲੀ ਦਵਾਈ ਤੇ ਗੋਲੀ ਮਾਰ ਕੇ ਮਾਰ ਦਿੱਤੇ ਗਏ। ਜਿਸਦੇ ਖਿਲਾਫ ਜਾਨਵਰ ਪ੍ਰੇਮੀ ਤੇ ਸੰਸਥਾਵਾਂ ਵਿਰੋਧ ਕਰ ਰਹੀਆਂ ਹਨ। ਵਿਸ਼ਵ ਕੱਪ ਤੇ ਫੀਫਾ ਕਲੱਬ ਨਾਲ ਜੁੜੇ ਵਿਵਾਦਾਂ ਬਾਰੇ ਬੋਲਣ ਤੇ ਲਿਖਣ ਵਾਲੇ ਲੇਖਕਾਂ ਅਤੇ ਪੱਤਰਕਾਰਾਂ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਸਮਲਿੰਗੀ ਖਿਡਾਰੀਆਂ ਦੇ ਵਿਸ਼ਵ ਕੱਪ 'ਚ ਦਾਖਲੇ ਤੇ ਰੋਕ ਤੇ ਉਹਨਾਂ ਦੇ ਮਾਨਵੀ ਹੱਕਾਂ ਲਈ ਐਲਜੀਬੀਟੀ ਸੰਸਥਾ ਵੱਲੋਂ ਸਮਲਿੰਗੀ ਹੱਕਾਂ ਲਈ ਉਠਾਈ ਜਾ ਰਹੀ ਅਵਾਜ ਨੂੰ ਲਗਾਤਾਰ ਦਬਾਇਆ ਜਾ ਰਿਹਾ ਹੈ। ਮਾਨਵੀ ਹਕੂਕ ਲਈ ਲੜਣ ਵਾਲੀਆਂ ਸੰਸਥਾਵਾਂ ਵੱਲੋਂ ਰੂਸ ਅੰਦਰ ਕਾਲੇ ਲੋਕਾਂ ਤੇ ਖਿਡਾਰੀਆਂ ਨਾਲ ਹੋ ਰਹੇ ਨਸਲੀ ਵਿਤਕਰੇ ਨੂੰ ਵਿਸ਼ਵ ਕੱਪ ਨਾਲ ਜੋੜਕੇ (ਕਾਲੇ ਫੁੱਟਬਾਲ ਖਿਡਾਰੀਆਂ ਨਾਲ ਫੁੱਟਬਾਲ ਮੈਚਾਂ ਦੌਰਾਨ ਵਿਤਕਰੇ ਦੇ ਸੰਦਰਭ 'ਚ) ਵਿਰੋਧ ਕੀਤਾ ਜਾ ਰਿਹਾ ਹੈ। ਰੂਸ 'ਚ ਕਈ ਨਿਰਪੱਖ ਪੱਤਰਕਾਰਾਂ ਤੇ ਲੇਖਕਾਂ ਨੂੰ ਵਿਸ਼ਵ ਕੱਪ ਤੋਂ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਗਿਆ। ਕਈ ਖੱਬੇਪੱਖੀ ਗਰੁੱਪਾਂ ਨੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਤੋਂ ਨਾਕਾਮਯਾਬ ਰਹੀ ਪੁਤਿਨ ਸਰਕਾਰ ਦੇ ਵਿਰੋਧ ਵਜੋਂ ਇਸ ਕੱਪ ਦਾ ਸੰਪੂਰਨ ਬਾਈਕਾਟ ਕੀਤਾ। ਕਈ ਲੋਕ ਕਰੀਮੀਆ ਤੇ ਯੂਕਰੇਨ ਦੇ ਝਗੜੇ ਨੂੰ ਹੱਲ ਕਰਨ 'ਚ ਨਾਕਾਮ ਰਹੀ ਰੂਸ ਦੀ ਸਰਕਾਰ ਅਤੇ ਇਸ ਮਾਮਲੇ 'ਚ ਰੂਸ ਦੀ ਹਮਲਾਕਰੂ ਤੇ ਪਾਸਾਰਵਾਦੀ ਨੀਤੀ ਕਾਰਨ ਰੂਸੀ ਸਾਮਰਾਜੀ ਕਿਰਦਾਰ ਨੂੰ ਵਿਸ਼ਵ ਕੱਪ ਮੌਕੇ ਆਪਣੀ ਹੱਕੀ ਅਵਾਜ ਨੂੰ ਕੌਮਾਂਤਰੀ ਪੱਧਰ ਤੇ ਲਿਜਾਣ ਦੇ ਮੰਚ ਵਜੋਂ ਵੀ ਵਰਤ ਰਹੇ ਹਨ। ਉਧਰ ਫਲਸਤੀਨ ਉੱਪਰ ਹੋ ਰਹੇ ਲਗਾਤਾਰ ਤੇ ਤਾਜਾ ਹਮਲੇ ਸਬੰਧੀ ਇਸਰਾਇਲ ਦੀ ਜੰਗੀ ਨੀਤੀ ਦੇ ਵਿਰੋਧ ਵਜੋਂ ਫਲਸਤੀਨੀ ਲੋਕਾਂ ਅਤੇ ਖਾਸਕਰ ਫਲਸਤੀਨ ਦੀ ਫੁੱਟਬਾਲ ਟੀਮ ਦੁਆਰਾ ਅਰਜਨਟੀਨਾਂ ਦੇ ਪ੍ਰਸਿੱਧ ਖਿਡਾਰੀ ਲਿਉਨਲ ਮੈਸੀ ਨੂੰ ਇਸਰਾਇਲ ਨਾਲ ਦੋਸਤਾਨਾ ਮੈਚ ਨਾ ਖੇਡਣ ਦੀ ਅਪੀਲ ਕੀਤੀ ਗਈ। ਫਲਸਤੀਨੀ ਗਰਮਦਲੀਆਂ ਵੱਲੋਂ ਮੈਸੀ ਨੂੰ ਮੈਚ ਰੱਦ ਨਾ ਕਰਨ ਦੀ ਸੂਰਤ 'ਚ (ਧਮਕੀ ਬਾਅਦ ਇਹ ਮੈਚ ਰੱਦ ਕਰ ਦਿੱਤਾ ਗਿਆ ਸੀ) ਮਾਰਨ ਦੀ ਧਮਕੀ ਦੇਣਾ ਅਤੇ ਰੂਸ ਅੰਦਰ ਹੋ ਰਹੇ ਵਿਸ਼ਵ ਕੱਪ ਦਾ ਵਿਰੋਧ ਹੋਣ ਦੀਆਂ ਘਟਨਾਵਾਂ ਦਰਸਾਉਂਦੀਆਂ ਹਨ ਕਿ ਬੰਬਾਂ ਦੇ ਛਾਏ ਹੇਠ ਮੰਨੋਰੰਜਨ ਦੇ ਨਾਂ ਹੇਠ ਖੇਡਾਂ ਦਾ ਵਪਾਰ ਕਰਨ ਅਤੇ ਉਸ ਵਪਾਰ ਤੇ ਮੰਨੋਰੰਜਨ ਦੀ ਆੜ ਹੇਠ ਸਾਮਰਾਜੀ ਤੇ ਵੱਡੇ ਸਰਮਾਏਦਾਰ ਦੇਸ਼ਾਂ ਦੁਆਰਾ ਦੇਸ਼ ਦੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਦੀ ਬਜਾਏ ਅਰਬਾਂ ਡਾਲਰ ਜੰਗ ਵਿਰੋਧੀ ਨੀਤੀਆਂ ਦੀ ਬਜਾਏ ਨਿੱਜੀ ਕਾਰਪੋਰੇਸ਼ਨਾਂ ਦੇ ਮੁਨਾਫੇ ਵਧਾਉਣ ਲਈ ਜੁਟਾਉਣੇ, ਜੰਗ ਦੀ ਮਾਰ ਹੇਠ ਆਏ ਲੋਕਾਂ ਦੇ ਜਖਮਾਂ ਤੇ ਲੂਣ ਛਿੜਕਣ ਬਰਾਬਰ ਹਨ। ਸਰਕਾਰਾਂ ਦੇ ਨਾਲ-ਨਾਲ ਵੱਡੀਆਂ ਕੰਪਨੀਆਂ ਵੀ ਜੰਗੀ ਹਾਲਤਾਂ 'ਚ ਸਰਕਾਰਾਂ ਦੇ ਇਸ਼ਾਰੇ ਦੇ ਚੱਲ ਰਹੀਆਂ ਹਨ। ਅਮਰੀਕੀ ਸਰਕਾਰ ਦੀ ਘੂਰੀ ਤੇ ਪ੍ਰਭਾਵ ਕਾਰਨ ਸਪੋਰਟਸ ਸਾਜੋ-ਸਮਾਨ ਤਿਆਰ ਕਰਨ ਵਾਲੀ ਵੱਡੀ ਬਹੁਰਾਸ਼ਟਰੀ ਕੰਪਨੀ ਨਾਇਕੀ ਨੇ ਫਲਸਤੀਨੀ ਖਿਡਾਰੀਆਂ ਨੂੰ ਆਪਣੀ ਕੰਪਨੀ ਦੇ ਬੂਟ ਵੇਚਣ ਤੇ ਪਹਿਨਣ ਤੋਂ ਇਨਕਾਰ ਕਰ ਦਿੱਤਾ।

ਇਸ ਤੋਂ ਇਲਾਵਾ ਫੀਫਾ ਕਲੱਬ ਉਪਰ ਫੰਡਾਂ 'ਚ ਕੀਤੀ ਜਾਂਦੀ ਘਪਲੇਬਾਜੀ, ਡੋਪ ਟੈਸਟ ਘੋਟਾਲਾ, ਮੈਚ ਫੈਕਸਿੰਗ, ਖਿਡਾਰੀਆਂ ਤੇ ਟੀਮਾਂ ਦੀ ਚੋਣ ਸਮੇਂ ਹੁੰਦੀ ਘਪਲੇਬਾਜੀ ਆਦਿ ਦੇ ਦੋਸ਼ ਲੱਗ ਰਹੇ ਹਨ।

ਕੁੱਲ ਮਿਲਾਕੇ ਦੇਖਣਾ ਹੋਵੇ ਤਾਂ ਆਰਥਿਕ ਤੇ ਇਸਦੇ ਸਿਆਸੀ ਅਧਾਰ ਵਜੋਂ ਫੀਫਾ ਕਲੱਬ ਦੀ ਹੈਸੀਅਤ ਇਕ ਵਿਸ਼ਵਵਿਆਪੀ ਕਾਰਪੋਰੇਸ਼ਨ ਤੋਂ ਘੱਟ ਨਹੀਂ ਜਿਸਦਾ ਵਿਸ਼ਵਵਿਆਪੀ ਢਾਂਚਾ ਅਤੇ ਕੁੱਲ ਬਜਟ ਅਰਬਾਂ ਡਾਲਰ ਦਾ ਹੈ। ਇਸ ਵਾਰ ਇਸਦੀ ਕਮਾਈ ਦਾ ਇਕ ਅੰਕੜਾ 53 ਅਰਬ 49 ਕਰੋੜ ਰੁਪਏ ਦਾ ਹੈ। ਫੀਫਾ ਕਲੱਬ ਰਾਸ਼ਟਰੀ ਅਤੇ ਬਹੁਰਾਸ਼ਟਰੀ ਕੰਪਨੀਆਂ ਨਾਲ ਮਿਲਕੇ ਅਤੇ ਆਪਣੇ ਸਿੱਧੇ ਨੈਟਵਰਕਾਂ ਰਾਹੀ ਫੁੱਟਬਾਲ ਦੀ ਖੇਡ ਦਾ ਅਤੇ ਲੋਕਾਂ ਦੇ ਮੰਨੋਰੰਜਨ ਦਾ ਵੱਡਾ ਵਪਾਰ ਕਰ ਰਹੀ ਹੈ। ਇਸਦੀਆਂ ਜੜ੍ਹਾਂ ਸਾਮਰਾਜੀ ਮੁਲਕਾਂ ਦੀਆਂ ਸਰਕਾਰਾਂ ਨੂੰ ਹੁੰਦੀ ਮੋਟੀ ਫੰਡਿੰਗ ਤੋਂ ਲੈ ਕੇ ਗਰੀਬ ਮੁਲਕਾਂ ਦੀਆਂ ਸਰਕਾਰਾਂ ਦੀ ਮੱਦਦ ਅਤੇ ਇਸਦੇ ਇਵਜ 'ਚ ਉਹਨਾਂ ਨਾਲ ਹੁੰਦੇ ਸਮਝੌਤਿਆਂ ਤੱਕ ਫੈਲੀਆਂ ਹੋਈਆਂ ਹਨ। ਹਰ ਖੇਤਰ ਦੀ ਖੇਡ ਤੇ ਖੇਡ ਸੱਭਿਆਚਾਰ ਨੂੰ ਪ੍ਰਫੁਲਿਤ ਕਰਨਾ ਫੀਫਾ ਅਤੇ ਇਸ ਵਰਗੀਆਂ ਹੋਰ ਵੱਡੀਆਂ ਵਿਸ਼ਵ ਖੇਡ ਕਲੱਬਾਂ ਦਾ ਕੋਈ ਮਕਸਦ ਨਹੀਂ ਹੈ। ਬਲਕਿ ਅਰਬਾਂ-ਖਰਬਾਂ ਦੀਆਂ ਕੁਝ ਕੁ ਚੁਣੀਦਾਂ ਖੇਡਾਂ ਦੀ ਚਕਾਚੌਂਦ ਹੇਠ ਵਪਾਰ ਅਤੇ ਸਿਆਸਤ ਦੀਆਂ ਸਰਗਰਮੀਆਂ ਕੀਤੀਆਂ ਜਾਂਦੀਆਂ ਹਨ। ਫੀਫਾ ਕਲੱਬ, ਰਾਸ਼ਟਰੀ ਤੇ ਬਹੁਰਾਸ਼ਟਰੀ ਕੰਪਨੀਆਂ ਅਤੇ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਇਨ੍ਹਾਂ ਸਰਗਰਮੀਆਂ 'ਚ ਭਾਈਵਾਲ ਹਨ। ਸੰਸਾਰਵਿਆਪੀ ਭੁੱਖਮਰੀ, ਗਰੀਬੀ, ਬੇਰੁਜਗਾਰੀ, ਮਹਿੰਗਾਈ, ਜੰਗਾਂ, ਹਮਲੇ ਆਦਿ ਦੇ ਯੁੱਗ ਅੰਦਰ ਅਰਬਾਂ-ਖਰਬਾਂ ਦੀਆਂ ਖੇਡਾਂ ਤੇ ਮੰਨੋਰੰਜਨ ਬਹੁਗਿਣਤੀ ਗਰੀਬ ਲੋਕਾਂ ਦੀ ਜਿੰਦਗੀ 'ਚ ਕੋਈ ਚਾਨਣ ਅਤੇ ਖੁਸ਼ੀਆਂ ਨਹੀ ਲਿਆ ਸਕਦਾ। ਬਲਕਿ ਇਹਨਾਂ ਖੇਡਾਂ ਤੇ ਖੇਡ ਸਟੇਡੀਅਮਾਂ ਦਾ ਬੰਦੋਬਸਤ ਕਰਨ ਦਾ ਸਾਰਾ ਬੋਝ ਆਮ ਲੋਕਾਂ ਉਪਰ ਲੱਦਿਆ ਜਾਂਦਾ ਹੈ। 2022 'ਚ ਕਤਰ 'ਚ ਹੋਣ ਜਾ ਰਿਹਾ ਅਗਲਾ ਫੀਫਾ ਵਿਸ਼ਵ ਕੱਪ ਇਸਦੀ ਉਘੜਵੀਂ ਮਿਸਾਲ ਹੈ ਜਿੱਥੇ ਲੱਖਾਂ ਪ੍ਰਵਾਸੀ ਮਜਦੂਰਾਂ ਦੀ ਸਸਤੀ ਕਿਰਤ ਸ਼ਕਤੀ ਲੁੱਟ ਕੇ ਸਵਰਗੀ ਸਟੇਡੀਅਮ ਉਸਾਰੇ ਜਾ ਰਹੇ ਹਨ। ਜਿੱਥੇ ਫੁਟਬਾਲ ਸਟੇਡੀਅਮਾਂ ਦੀ ਉਸਾਰੀ ਦੌਰਾਨ ਦਰਜਨਾਂ ਮਜਦੂਰ ਮਰ ਚੁੱਕੇ ਹਨ। ਇਹੀ ਨਹੀਂ ਸਥਾਨਕ ਸਰਕਾਰਾਂ ਖਾਸਕਰ ਵਿਸ਼ਵ ਕੱਪ ਦੀ ਮੇਜਬਾਨੀ ਕਰਨ ਵਾਲੇ ਦੇਸ਼ਾਂ ਅੰਦਰ ਵਿਸ਼ਵ ਕੱਪ ਦੇ ਪ੍ਰਬੰਧਾਂ ਦਾ ਸਾਰਾ ਖਰਚ ਸਰਕਾਰੀ ਖਜਾਨੇ ਚੋਂ ਕੀਤਾ ਜਾਂਦਾ ਹੈ ਜਿਸਦੀ ਭਰਪਾਈ ਟੈਕਸਾਂ ਦੇ ਰੂਪ 'ਚ ਦੇਸ਼ ਦੇ ਲੋਕਾਂ ਦੀਆਂ ਜੇਬਾਂ ਚੋਂ ਕੀਤੀ ਜਾਂਦੀ ਹੈ। ਇਸਤੋਂ ਇਲਾਵਾ ਵਿਸ਼ਵ ਪ੍ਰਸਿੱਧ ਖਿਡਾਰੀਆਂ ਵਿੱਚ ਵੀ ਮੁੱਕੇਬਾਜ ਮੁਹੰਮਦ ਅਲੀ ਵਾਂਗ ਉਹ ਨੈਤਿਕਤਾ ਤੇ ਦਲੇਰੀ ਨਹੀਂ ਰਹਿ ਗਈ ਜੋ ਨਸਲੀ ਭੇਦਭਾਵ ਤੇ ਜੰਗ ਖਿਲਾਫ ਰੋਸ ਵਜੋਂ ਆਪਣੀ ਅਵਾਜ ਵਿਸ਼ਵ ਦੇ ਅਮਨਪਸੰਦ ਲੋਕਾਂ ਦੀ ਹੱਕੀ ਅਵਾਜ ਨਾਲ ਮੇਚ ਸਕਣ ਰੂਸ ਦੀ ਬਗਲ 'ਚ ਨਿਰਦੋਸ਼ ਲੋਕ ਮਰ ਰਹੇ ਹਨ ਤੇ ਦੂਜੇ ਪਾਸੇ ਬੰਬਾਂ ਦੀ ਗੂੰਜ, ਨਿਰਦੋਸ਼ਾਂ ਦੀਆਂ ਚੀਕਾਂ ਤੇ ਜੰਗ ਦੇ ਧੂੰਏਂ ਦੇ ਬੱਦਲਾਂ ਹੇਠ ਵਿਸ਼ਵ ਮੰਨੋਰੰਜਨ ਤੇ ਜਸ਼ਨ ਦੇ ਸੁਰ ਅਲਾਪੇ ਜਾ ਰਹੇ ਹੋਣਗੇ। ਵਿਸ਼ਵ ਕੱਪ, ਵਿਸ਼ਵ ਅਮਨ-ਸ਼ਾਤੀ ਤੇ ਵਿਸ਼ਵ ਦੇ ਲੋਕਾਂ ਦੀ ਖੁਸ਼ਹਾਲੀ ਨਾਲ ਹੀ ਸੋਭਦੇ ਹਨ।

FOR ALL YOUR REAL ESTATE NEEDS
Contact Long time trusted name in the community
Gurbachan Singh Brar
REALTOR
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942



For Honest and Best Results
Please Call:
Cell. (403)-680-1895
Fax. (403)-776-7970
Bus. (403)-457-1216
Email:taranmand@shaw.ca
MAXVALUE REALTY LTD. REALTOR REAL ESTATE BOARD
MaxValue Reality Ltd.
Taranjit "T.J" Mand
Real Estate Associate



# ਵੈਨਕੂਵਰ ਕਬੱਡੀ ਸੀਜ਼ਨ ਦਾ ਸ਼ਾਨਦਾਰ ਅਗਾਜ਼
# ਰਿਚਮੰਡ ਯੂਨਾਈਟਡ ਟਾਈਗਰਜ਼ ਕਲੱਬ ਨੇ ਜਿੱਤਿਆ ਖਿਤਾਬ







ਵੈਨਕੂਵਰ ਕਬੱਡੀ ਕੱਪ ਦੇ ਜੇਤੂਆਂ ਨੂੰ ਇਨਾਮ ਪ੍ਰਦਾਨ ਕਰਦੇ ਹੋਏ ਪ੍ਰਧਾਨ ਬੱਬਲ ਸੰਗਰੂਰ, ਬਿੰਦਰ ਜਗਰਾਓ ਤੇ ਹੋਰ। 2. ਸਰਵੋਤਮ ਖਿਡਾਰੀ ਫਰਿਆਦ ਅਲੀ ਤੇ ਦੁੱਲਾ ਬੱਗਾ ਪਿੰਡ। 3. ਜਿੰਦਰ ਖਾਨੋਵਾਲ ਦਾ ਸਨਮਾਨ ਕਰਦੇ ਹੋਏ ਦਾਰਾ ਔਜਲਾ ਤੇ ਹੋਰ। 4. ਸ਼ੇਰ ਏ ਪੰਜਾਬ ਤੇ ਰਾਜਵੀਰ ਰਾਜੂ ਕਲੱਬ ਦੀ ਟੀਮ ਹੈਪੀ ਗਰਗ ਤੇ ਸਾਥੀਆਂ ਨਾਲ। 5. ਹੈਪੀ ਗਰਗ ਸਰੀ (ਕੈਨੇਡਾ) ਤਸਵੀਰਾਂ: ਡਾ. ਸੁਖਦਰਸ਼ਨ ਚਹਿਲ

ਸਰੀ, (ਡਾ. ਸੁਖਦਰਸ਼ਨ ਸਿੰਘ ਚਹਿਲ) ਹਰ ਸਾਲ ਦੀ ਤਰ੍ਹਾਂ ਦੁਨੀਆ ਦੇ ਸਭ ਤੋਂ ਖੂਬਸੂਰਤ ਸ਼ਹਿਰ ਵੈਨਕੂਵਰ 'ਚ ਕਬੱਡੀ ਦੇ ਸੀਜ਼ਨ ਦਾ ਅਗਾਜ਼ ਬੀ.ਸੀ. ਯੂਨਾਈਟਡ ਕਬੱਡੀ ਫੈਡਰੇਸ਼ਨ ਵੱਲੋਂ ਪ੍ਰਧਾਨ ਬੱਬਲ ਸੰਗਰੂਰ, ਚੇਅਰਮੈਨ ਗਿਆਨ ਬਨਿੰਗ ਤੇ ਜਨਰਲ ਸਕੱਤਰ ਬਿੰਦਰ ਜਗਰਾਓ ਦੀ ਅਗਵਾਈ 'ਚ ਰਿੱਕ ਹੈਨਸਨ ਸਕੂਲ ਐਬਸਫੋਰਡ ਦੇ ਸਟੇਡੀਅਮ 'ਚ ਕਰਵਾਏ ਗਏ ਪਲੇਠੇ ਕੱਪ ਨਾਲ 24 ਜੂਨ ਨੂੰ ਹੋਇਆ। ਜਿਸ ਵੱਚ ਕਬੱਡੀ ਜਗਤ ਦੇ ਚੋਟੀ ਦੇ ਸਿਤਾਰਿਆਂ 'ਤੇ ਅਧਾਰਤ 6 ਕਲੱਬਾਂ ਦੀਆਂ ਟੀਮਾਂ ਨੇ ਜੌਹਰ ਦਿਖਾਏ। ਵੱਡੇ ਇਕੱਠ ਦੀ ਹਾਜ਼ਰੀ 'ਚ ਰਿੱਚਮੰਡ ਯੂਨਾਈਟਡ ਟਾਈਗਰਜ਼ ਕਲੱਬ ਦੀ ਟੀਮ ਨੇ ਪਲੇਠਾ ਕੱਪ ਚੁੰਮਣ ਦਾ ਮਾਣ ਹਾਸਿਲ ਕੀਤਾ।

ਇਸ ਕੱਪ ਦੇ ਪਹਿਲੇ ਮੈਚ 'ਚ ਵੈਨਕੂਵਰ ਕਬੱਡੀ ਕਲੱਬ ਨੇ ਹਰਜੀਤ-ਤਲਵਾਰ ਕਬੱਡੀ ਕਲੱਬ ਨੂੰ 40-35 ਨਾਲ, ਦੂਸਰੇ ਮੈਚ 'ਚ ਰਿਚਮੰਡ ਯੂਨਾਈਟਡ ਟਾਈਗਰਜ਼ ਕਲੱਬ ਦੀ ਟੀਮ ਨੇ ਯੰਗ ਕਲੱਬ ਦੀ ਟੀਮ ਨੂੰ 38-27, ਤੀਸਰੇ ਮੈਚ 'ਚ ਸ਼ੇਰ ਏ ਪੰਜਾਬ ਤੇ ਰਾਜਵੀਰ ਰਾਜੂ ਕਲੱਬ ਨੇ ਹਰਜੀਤ ਤਲਵਾਰ ਕਲੱਬ ਨੂੰ 38-29 ਨਾਲ ਅਤੇ ਚੌਥੇ ਮੈਚ 'ਚ ਯੰਗ ਕਲੱਬ ਨੇ ਐਬਸਫੋਰਡ ਕਲੱਬ ਨੂੰ 35-32 ਨਾਲ ਹਰਾਕੇ, ਸੈਮੀਫਾਈਨਲ 'ਚ ਥਾਂ ਬਣਾਈ। ਪਹਿਲੇ ਸੈਮੀਫਾਈਨਲ ਮੈਚ 'ਚ ਰਿਚਮੰਡ ਯੂਨਾਈਟਡ ਟਾਈਗਰਜ਼ ਕਲੱਬ ਨੇ ਸ਼ੇਰ ਏ ਪੰਜਾਬ ਤੇ ਰਾਜਵੀਰ ਰਾਜੂ ਕਲੱਬ ਨੂੰ 36-29 ਅਤੇ ਦੂਸਰੇ ਸੈਮੀਫਾਈਨਲ 'ਚ ਵੈਨਕੂਵਰ ਕਲੱਬ ਨੇ ਯੰਗ ਕਲੱਬ ਨੂੰ 53-50 ਅੰਕਾਂ ਨਾਲ ਹਰਾਕੇ, ਫਾਈਨਲ 'ਚ ਪ੍ਰਵੇਸ਼ ਕੀਤਾ। ਫਸਵੇਂ ਫਾਈਨਲ ਮੁਕਾਬਲੇ 'ਚ ਰਿਚਮੰਡ ਯੂਨਾਈਟਡ ਟਾਈਗਰਜ਼ ਕਲੱਬ ਨੇ ਵੈਨਕੂਵਰ ਕਲੱਬ ਨੂੰ ਬਲਵੀਰ ਸਿੰਘ ਦੁੱਲਾ ਬੱਗਾ ਪਿੰਡ, ਬੰਟੀ ਟਿੱਬਾ, ਫਰਿਆਦ ਅਲੀ ਤੇ ਮਲੂਕ ਅਲੀ ਦੀ ਸ਼ਾਨਦਾਰ ਖੇਡ ਸਦਕਾ 41-35 ਅੰਕਾਂ ਨਾਲ ਹਰਾਕੇ, ਵੈਨਕੂਵਰ ਕੱਪ ਜਿੱਤਿਆ। ਉਪ ਜੇਤੂ ਵੈਨਕੂਵਰ ਕਲੱਬ ਲਈ ਸੁਲਤਾਨ ਸਮਸਪੁਰ, ਗੁਰਪ੍ਰੀਤ ਬੁਰਜਹਰੀ, ਸੰਦੀਪ ਨੰਗਲ ਅੰਬੀਆਂ ਤੇ ਯਾਦ ਕੋਟਲੀ ਨੇ ਸ਼ੰਘਰਸ਼ਮਈ ਖੇਡ ਦਿਖਾਈ। ਬਲਵੀਰ ਸਿੰਘ ਦੁੱਲਾ ਨੂੰ ਟੂਰਨਾਮੈਂਟ ਦਾ ਸਰਵੋਤਮ ਧਾਵੀ ਅਤੇ ਫਰਿਆਦ ਅਲੀ ਨੂੰ ਸਰਵੋਤਮ ਜਾਫੀ ਚੁਣਿਆ ਗਿਆ। ਸੁਰਜੀਤ ਕਕਰਾਲੀ ਅਤੇ ਲੱਖਾ ਸਿੱਧਵਾਂ ਨੇ ਕੁਮੈਂਟੇਟਰਾਂ ਦੀ ਜਿੰਮੇਵਾਰੀ ਨਿਭਾਈ। ਇਸ ਪਲੇਠੇ ਕੱਪ ਦੀ ਸਫਲਤਾ ਲਈ ਬੀ.ਸੀ. ਯੂਨਾਈਟਡ ਕਬੱਡੀ ਫੇਡਰੇਸ਼ਨ ਵੱਲੋਂ ਪ੍ਰਧਾਨ ਬੱਬਲ ਸੰਗਰੂਰ, ਚੇਅਰਮੈਨ ਗਿਆਨ ਬਿਨਿੰਗ, ਜਨਰਲ ਸਕੱਤਰ ਬਿੰਦਰ ਜਗਰਾਓ, ਖਜਾਨਚੀ ਜਤਿੰਦਰ ਸਿੰਘ ਲੱਖਾ ਗਾਜ਼ੀਪੁਰੀਆ ਅਤੇ ਡਾਇਰੈਕਟਰ ਬਲਰਾਜ ਸੰਘਾ ਹੋਰਾਂ ਨੇ ਫੈਡਰੇਸ਼ਨ ਨਾਲ ਸਬੰਧਤ ਕਲੱਬਾਂ ਦੇ ਸਹਿਯੋਗ ਨਾਲ ਨੇਪਰੇ ਚੜ੍ਹਿਆ। ਇਸ ਮੌਕੇ ਸਾਬਕਾ ਕੌਮਾਂਤਰੀ ਖਿਡਾਰੀ ਹਰਦਵਿੰਦਰ ਸਿੰਘ ਦੁੱਲਾ ਸੁਰਖਪੁਰ, ਕਾਲਾ ਗਾਜੀਆਣਾ, ਲੱਖਾ ਗਾਜੀਪੁਰ, ਕੋਚ ਦਰਸ਼ਨ ਸਿੰਘ ਮਾਣਕੀ ਤੇ ਹਜ਼ਾਰਾਂ ਦਰਸ਼ਕਾਂ ਦੀ ਹਾਜ਼ਰੀ 'ਚ ਨਾਮਵਰ ਖਿਡਾਰੀ ਰਹੇ ਜਿੰਦਰ ਖਾਨੋਵਾਲ ਨੂੰ ਸੋਨੇ ਦੀ ਚੇਨ ਨਾਲ ਸਨਮਾਨਿਤ ਕੀਤਾ ਗਿਆ। ਬਾਸਕਟਬਾਲ ਘੁਮਾਉਣ 'ਚ ਵਿਸ਼ਵ ਕੀਰਤੀਮਾਨ ਦਿਖਾਉਣ ਵਾਲੇ ਸੰਦੀਪ ਬੱਡੂਵਾਲ ਨੇ ਵੀ ਆਪਣੀ ਕਲਾ ਦਾ ਮੁਜਾਹਰਾ ਕੀਤਾ। ਇਸ ਮੌਕੇ ਵੱਖ-ਵੱਖ ਕਲੱਬਾਂ ਦੇ ਅਹੁਦੇਦਾਰਾਂ ਬਿੱਟੂ ਸਿੱਧੂ, ਸੰਤੋਖ ਸਿੰਘ ਢੇਸੀ, ਅਜੀਤ ਸਿੰਘ ਸੰਘੇੜਾ, ਸਨੀ ਸਹੋਤਾ, ਵੈਰੀਗਿੰਗ ਬ੍ਰਦਰਜ਼, ਗਿਆਨ ਸਿੰਘ ਬਿਨਿੰਗ, ਦਲਵਿੰਦਰ ਸਿੰਘ ਵੜਿੰਗ, ਅਮਨ ਸਿੰਘ ਵੜਿੰਗ, ਅਮਨ ਸਿੰਘ ਵੜਿੰਗ, ਕਰਨ ਸਿੰਘ, ਪੰਮਾ ਵੜਿੰਗ, ਰਾਣਾ ਗਿੱਲ, ਬੂਟਾ ਜੌਹਲ, ਮਨਜੀਤ ਸਿੰਘ ਬਾਸੀ, ਕਸ਼ਮੀਰ ਸਿੰਘ ਧਾਰੀਵਾਲ, ਜੱਸੀ, ਹਰਪ੍ਰੀਤ ਸਿੰਘ ਹੈਪੀ, ਅਮਰਜੀਤ ਸਿੰਘ, ਸਟੀਵ, ਲਖਵੀਰ ਕੰਗ, ਕੁਲਦੀਪ ਸਿੰਘ, ਮਾਨਾ ਰੂਮੀ, ਜੱਸੀ ਕੁਰਾਲੀ, ਦੀਪਾ ਮੁਠੱਡਾ, ਜੈਸ ਔਜਲਾ, ਕਮਲਜੀਤ ਖੰਗੂੜਾ, ਜਵਾਹਰ ਕਾਲਾ ਸੰਘਿਆਂ, ਹੈਪੀ ਗਰਗ, ਭੋਲਾ, ਬਾਸੀ, ਮਨਜੀਤ ਲਾਲੀ, ਵਿੱਕੀ ਜੌਹਲ, ਮੁਖਤਿਆਰ ਸਿੰਘ, ਦਲਜੀਤ ਸਹੋਤਾ, ਰਾਜਾ ਸੰਘਾ, ਜਗਦੇਵ ਰਾਮੂਵਾਲੀਆ, ਤਾਰਾ ਬੋਪਾਰਾਏ, ਸੀਤਾ ਤਖਾਣਬੱਧ, ਦਾਰਾ ਔਜਲਾ, ਚਮਕੀਲਾ, ਸੁੱਖਾ ਬੋਪਾਰਾਏ, ਦਲਬੀਰ ਬੋਪਾਰਾਏ ਤੇ ਸੱਬੀ ਕੁਲਾਰ ਹਾਜ਼ਰ ਸਨ।


Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in

IMMIGRATION
Applications for Family Class and APPEALS, Skilled Workers, Investors, Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES

PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals.
We donate part of our fees to Alberta Children Hospital.

* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

Martindale Dental Clinic
Open 7 days a week

Dr. A. Kler D.D.S.
Dr. A. Cheema D.D.S.
Dr. K. Sahota D.M.D.
All Services provided by General Dentists
ਹਿੰਦੀ, ਪੰਜਾਬੀ, ਅੰਗਰੇਜ਼ੀ ਅਤੇ ਉਰਦੂ ਵਿਚ ਗੱਲ ਕਰ ਸਕਦੇ ਹੋ।
ਦੰਦਾਂ ਦੀ ਹਰ ਕਿਸਮ ਦੀ ਸਮੱਸਿਆ ਲਈ ਤਸੱਲੀਬਖਸ਼ ਸੇਵਾਵਾਂ ਲਈ ਮਿਲੋ।
105-126 Martindale Dr.N.E.
Calgary, AB T3J3G5
403-590-4888
martindaledentist.com

1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜ਼ੀਨ...
ਸਿੱਖ ਵਿਰਸਾ
ਸਾਡਾ ਵਿਰਸਾ
24 ਘੰਟੇ ਆਨ ਲਾਇਨ
ਰੇਡੀਓ ਸਾਂਝ
www.radiosanjh.com
Ph: 403-250-8898 Fax: 403-250-8825
EVERY WEDNESDAY FROM 7PM-9PM (CALGARY TIME) LISTEN LIVE TALK WITH HARCHARAN PARHAR AT 102.7FM IN CALGARY OR ONLINE AT WWW.FM102-7.COM
Website : www.sikhvirsa.com, Email : virsa@sikhvirsa.com

# ਤਰਕਸ਼ੀਲ ਸੋਸਾਇਟੀ ਵਲੋਂ ਪੇਸ਼ ਫਿਲਮ 'ਚੰਮ' ਦੀ ਦਰਸ਼ਕਾਂ ਵਲੋਂ ਸ਼ਲਾਘਾ

**ਬਰੈਂਪਟਨ/ਹਰਜੀਤ ਬੇਦੀ**





10 ਜੂਨ ਨੂੰ ਨਾਰਥ ਅਮੈਰੀਕਨ ਤਰਕਸ਼ੀਲ ਸੁਸਾਇਟੀ ਆਫ ਓਨਟਾਰੀਓ ਵਲੋਂ ਲੋਕ ਕਲਾ ਮੰਚ ਮੁਲਾਂਪੁਰ ਦੇ ਸਹਿਯੋਗ ਨਾਲ ਦਿਖਾਈ ਗਈ ਫਿਲਮ "ਚੰਮ" ਨੂੰ ਦਰਸ਼ਕਾਂ ਵਲੋਂ ਭਰਪੂਰ ਹੁੰਗਾਰਾ ਮਿਲਿਆ। ਉਸੇ ਦਿਨ ਇਲਾਕੇ ਵਿੱਚ ਕਮਿਊਨਿਟੀ ਦੇ ਹੋਰ ਵੱਡੇ ਪਰੋਗਰਾਮਾਂ ਦੇ ਬਾਵਜੂਦ ਇੰਨੀ ਗਿਣਤੀ ਵਿੱਚ ਦਰਸ਼ਕ ਹਾਜ਼ਰ ਹੋਏ ਕਿ ਹਾਲ ਛੋਟਾ ਪੈ ਗਿਆ ਅਤੇ ਕਾਫੀ ਲੋਕਾਂ ਨੂੰ ਫਿਲਮ ਖੜੇ ਹੋ ਕੇ ਦੇਖਣੀ ਪਈ। ਦਰਸ਼ਕਾਂ ਦੇ ਚਿਹਰੇ ਅਤੇ ਉਹਨਾਂ ਨਾਲ ਕੀਤੀ ਗੱਲਬਾਤ ਅਤੇ ਫਿਲਮ ਖਤਮ ਹੋਣ ਤੋਂ ਬਾਦ ਵੀ ਬਹੁਤਿਆਂ ਦਾ ਉੱਥੇ ਖੜੇ ਰਹਿਣਾ ਇਸ ਗੱਲ ਦਾ ਪਰਤੱਖ ਸਬੂਤ ਸੀ ਕਿ ਫਿਲਮ ਨੇ ਦਰਸ਼ਕਾਂ ਤੇ ਬਹੁਤ ਹੀ ਡੂੰਘਾ ਪ੍ਰਭਾਵ ਪਾਇਆ ਹੈ।

ਧੀਰ ਪ੍ਰੋਡਕਸ਼ਨ ਦੇ ਬੈਨਰ ਹੇਠ ਭਗਵੰਤ ਰਸੂਲਪੁਰੀ ਅਤੇ ਡਾ: ਸੁਖਪਰੀਤ ਦੁਆਰਾ ਲਿਖਤ ਪ੍ਰੋਡਿਊਸਰਾਂ ਤੇਜਿੰਦਰਪਾਲ ਅਤੇ ਸੁਰਿੰਦਰ ਦੁਆਰਾ ਨਿਰਮਿਤ ਫਿਲਮ "ਚੰਮ" ਲੋਕ ਕਲਾ ਮੰਚ ਦੇ ਸੰਸਥਾਪਕ ਮੈਂਬਰ ਰਾਜੀਵ ਸ਼ਰਮਾ ਦੀ ਨਿਰਦੇਸ਼ਨਾਂ ਹੇਠ ਬਣੀ ਇਸ ਫਿਲਮ ਵਿੱਚ ਮੁੱਖ ਕਲਾਕਾਰ ਸੁਰਿੰਦਰ ਸ਼ਰਮਾ, ਮਹਿਰੀਨ, ਬਲਜਿੰਦਰ, ਹਰਦੀਪ ਗਿੱਲ, ਲੱਕੀ, ਤੇਜਿੰਦਰ, ਕਰਮਜੀਤ, ਕਮਲਜੀਤ ਅਤੇ ਹਰਕੇਸ਼ ਨੇ ਬਹੁਤ ਹੀ ਜਾਨਦਾਰ ਭੂਮਿਕਾਵਾਂ ਨਿਭਾਈਆਂ ਹਨ। ਦਲਿਤ ਪਰਿਵਾਰ ਦੁਆਲੇ ਘੁੰਮਦੀ ਇਸ ਫਿਲਮ ਵਿੱਚ ਦਲਿਤਾਂ, ਗਰੀਬ ਕਿਰਸਾਨਾਂ ਅਤੇ ਆਮ ਕਿਰਤੀ ਵਰਗ ਦੇ ਹੋ ਰਹੇ ਸ਼ੋਸ਼ਣ, ਵੋਟਾਂ ਸਮੇਂ ਹਰ ਤਰ੍ਹਾਂ ਦਾ ਹਰਬਾ ਵਰਤ ਕੇ ਸੱਤਾ ਹਾਸਲ ਕਰਨਾ, ਹਸਪਤਾਲਾਂ ਵਿੱਚ ਗਰੀਬਾਂ ਦਾ ਇੱਥੋਂ ਤੱਕ ਕਿ ਮਾਸੂਮ ਬੱਚਿਆਂ ਦਾ ਇਲਾਜ ਲਈ ਪੈਸੇ ਨਾ ਦੇ ਸਕਣ ਕਾਰਣ ਮੌਤ ਦੇ ਮੂੰਹ ਵਿੱਚ ਪੈਣ ਅਤੇ ਰਾਜਸੀ ਸਰਪ੍ਰਸਤੀ ਹੇਠ ਚੱਲ ਰਹੇ ਨਸ਼ਿਆਂ ਦੇ ਕਾਰੋਬਾਰ ਦਾ ਬਾਖੂਬੀ ਚਿਤਰਣ ਕੀਤਾ ਗਿਆ ਹੈ ਜਿਸ ਦੇ ਸਿੱਟੇ ਵਜੋਂ ਸਾਧਾਰਨ ਕਿਸਾਨ ਦੇ ਬੇਟੇ ਕਰਮੇ ਦੀ ਮੌਤ ਤੇ ਇਸ ਦਾ ਕਾਰਣ ਜਾਣਨ ਕਰਕੇ ਉਸ ਦਾ ਨਸ਼ਾ ਵਿਕਾਉਣ ਵਾਲੇ ਸਰਪੰਚ ਨੂੰ ਖਰੀਆਂ ਖਰੀਆਂ ਸੁਣਾਉਨਾ। ਫਿਲਮ ਦੀ ਪਾਤਰ ਨੌਜਵਾਨ ਡਾਕਟਰ ਲੜਕੀ ਜਿੱਥੇ ਸੁਹਿਰਦਤਾ ਨਾਲ ਆਪਣੀ ਡਿਊਟੀ ਨਿਭਾਉਂਦੀ ਹੈ ਉਥੇ ਲੋਕਾਂ ਨੂੰ ਜਾਗਰੂਕ ਕਰਨ ਲਈ ਵੀ ਯਤਨਸ਼ੀਲ ਹੈ। ਜਿਸ ਕਾਰਨ ਉਹ ਸਰਪੰਚ ਦੇ ਗੁੱਸੇ ਦਾ ਸ਼ਿਕਾਰ ਹੋ ਜਾਂਦੀ ਹੈ ਤੇ ਉਸਦੀ ਬਦਲੀ ਹੋ ਜਾਂਦੀ ਹੈ ਪਰੰਤੂ ਉਹ ਸਮਾਜ ਲਈ ਪ੍ਰਤੀਬੱਧ ਹੋਣ ਕਰ ਕੇ ਇਸ ਗੱਲ ਦੀ ਪਰਵਾਹ ਨਹੀਂ ਕਰਦੀ। ਨੌਜਵਾਨ ਵਰਗ ਵਿੱਚ ਅਜਿਹੇ ਵਿਅਕਤੀਆਂ ਦਾ ਹੋਣਾ ਸਮਾਜ ਦੇ ਵਧੀਆ ਭਵਿੱਖ ਦੀ ਆਸ ਬੰਨ੍ਹਾਉਂਦਾ ਹੈ। ਫਿਲਮ ਦੇ ਅੰਤ ਵਿੱਚ ਦਲਿਤ ਅਤੇ ਸਾਧਾਰਨ ਕਿਸਾਨਾ ਦਾ ਇਕੱਠੇ ਹੋਕੇ ਸਾਂਝੀ ਖੇਤੀ ਕਰਨਾ ਆਉਣ ਵਾਲੇ ਜਮਾਤੀ ਸੰਘਰਸ਼ ਅਤੇ ਲੋਕ ਮੁਕਤੀ ਦਾ ਪ੍ਰਤੀਕ ਹੈ। ਅਮੋਲਕ ਦਾ ਲਿਖਿਆ ਥੀਮ ਸੌਂਗ ਲਗਾਤਾਰ ਬਰਾਬਰੀ ਵਾਲਾ ਸਮਾਜ ਸਿਰਜਣ ਅਤੇ ਜਮਾਤੀ ਸੰਘਰਸ਼ ਦਾ ਸੁਨੇਹਾ ਦਿੰਦਾ ਹੈ।

ਅੱਜ ਦੇ ਪਦਾਰਥਵਾਦੀ ਯੁਗ ਵਿੱਚ ਪੈਸੇ ਦੀ ਹੋੜ ਵਿੱਚ ਲੱਗੇ ਕਲਾਕਾਰਾਂ ਦੁਆਰਾ ਸਭਿੱਆਚਾਰ ਦੇ ਨਾਂ ਕਲਾ ਦੁਆਰਾ ਅਸੱਭਿਅਕ ਪਰੋਗਰਾਮ ਪੇਸ਼ ਕਰਨ ਦੇ ਮੁਕਾਬਲੇ ਚੰਮ ਵਰਗੀਆਂ ਫਿਲਮਾਂ ਲੋਕਾਂ ਦੀ ਮਾਨਸਿਕ ਤ੍ਰਿਪਤੀ ਕਰਨ ਦੇ ਨਾਲ ਹੀ ਉਹਨਾਂ ਨੂੰ ਚੇਤਨ ਕਰਨ ਦਾ ਕਾਰਜ ਕਰਦੀਆਂ ਹਨ। ਗੁਰਸ਼ਰਨ ਸਿੰਘ ਦੇ ਕਥਨ "ਸਭਿੱਆਚਾਰ ਉਹ ਨਹੀਂ ਜੋ ਨੱਚਣ ਲਾ ਦੇਵੇ, ਸਭਿੱਆਚਾਰ ਉਹ ਹੈ ਜੋ ਸੋਚਣ ਲਾ ਦੇਵੇ' ਤੇ ਇਹ ਫਿਲਮ ਪੂਰੀ ਉੱਤਰਦੀ ਹੈ।। ਫਿਲਮ "ਚੰਮ" ਦੀ ਸਮੁਚੀ ਟੀਮ ਦੇ ਮੈਂਬਰ ਸਮਾਜ ਲਈ ਪ੍ਰਤੀਬੱਧ ਹਨ। ਇਸ ਟੀਮ ਨੇ ਪੰਜਾਬ ਦੇ 200 ਤੋਂ ਵੱਧ ਪਿੰਡਾਂ ਵਿੱਚ ਇਸ ਦੇ ਸ਼ੋਅ ਲੋਕਾਂ ਦੇ ਘਰਾਂ ਤੱਕ ਜਾ ਕੇ ਕੀਤੇ ਹਨ। ਲੋਕਾਂ ਵਲੋਂ ਵੀ ਇਸ ਉੱਦਮ ਦਾ ਚੰਗਾ ਹੁੰਗਾਰਾ ਮਿਲਿਆ ਹੈ। ਇਸ ਟੀਮ ਨੇ ਗੁਰਸ਼ਰਨ ਸਿੰਘ ਦੀ ਲੋਕ ਜਾਗਰਤੀ ਲਈ ਲੋਕਾਂ ਦੇ ਚੁਲ੍ਹਿਆ ਤੱਕ ਜਾ ਕੇ ਨਾਟਕ ਕਰਨ ਦੀ ਪਰੰਪਰਾ ਨੂੰ ਇਸ ਫਿਲਮ ਦੇ ਸ਼ੋਅ ਥਾਂ ਥਾਂ ਕਰਕੇ ਅੱਗੇ ਤੋਰਿਆ ਹੈ। ਜੋ ਇਸ ਟੀਮ ਦੀ ਪ੍ਰਤੀਬੱਧਤਾ ਦਰਸਾਉਂਦਾ ਹੈ।

ਫਿਲਮ ਦੇ ਸ਼ੋਅ ਸਮੇਂ ਫਿਲਮ ਦੇ ਪਰਮੁੱਖ ਕਲਾਕਾਰ ਸੁਰਿੰਦਰ ਸ਼ਰਮਾ ਨੇ ਇਸ ਫਿਲਮ ਨੂੰ ਬਣਾਉਨ ਲਈ ਲੋਕਾਂ ਪ੍ਰਤੀ ਆਪਣੀ ਟੀਮ ਦਾ ਪ੍ਰਤੀਬੱਧ ਹੋਣ ਦਾ ਜਿਕਰ ਕਰਦੇ ਕਿਹਾ ਕਿ ਉਹ ਇਹ ਕਾਰਜ ਜਾਰੀ ਰੱਖ ਕੇ ਭਵਿੱਖ ਵਿੱਚ ਅਜਿਹੀਆਂ ਹੋਰ ਫਿਲਮਾਂ ਦਾ ਨਿਰਮਾਣ ਕਰ ਕੇ ਲੋਕ ਜਾਗਰਿਤੀ ਦਾ ਕਾਰਜ ਕਰਦੇ ਰਹਿਣਗੇ ਜੋ ਕਿ ਸਮੇਂ ਦੀ ਮੁੱਖ ਲੋੜ ਹੈ। ਫਿਲਮ ਮਾਧਿਅਮ ਨੂੰ ਲੋਕ ਚੇਤਨਾ ਲਈ ਵਰਤਣ ਲਈ ਹੀ ਇਸ ਟੀਮ ਨੇ ਇਹ ਫਿਲਮ ਬਣਾਈ ਹੈ।

ਅੰਤ ਤੇ ਤਰਕਸੀਲ ਸੁਸਾਇਟੀ ਦੇ ਮੁੱਖ ਕੁਆਰਡੀਨੇਟਰ ਬਲਦੇਵ ਰਹਿਪਾ ਨੇ ਦਰਸ਼ਕਾਂ ਦੁਆਰਾ ਦਿੱਤੇ ਬਹੁਤ ਵੱਡੇ ਹੁੰਗਾਰੇ ਦਾ ਧੰਨਵਾਦ ਕੀਤਾ ਅਤੇ ਅਜਿਹੇ ਅਗਲੇ ਪਰਾਜੈਕਟ ਸ਼ੁਰੂ ਕਰਨ ਲਈ ਟੀਮ ਦੀ ਸਹਾਇਤਾ ਲਈ ਅਪੀਲ ਕੀਤੀ ਜਿਸ ਤੇ ਦਰਸ਼ਕਾਂ ਨੇ ਫਿਲਮ ਦੀ ਟੀਮ ਲਈ ਦਿਲ ਖੋਲ੍ਹ ਕੇ ਮੱਦਦ ਕੀਤੀ ਜੋ ਇਸ ਗੱਲ ਦਾ ਸਬੂਤ ਹੈ ਕਿ ਲੋਕ ਉਹਨਾਂ ਦੇ ਜੀਵਣ ਨਾਲ ਸਬੰਧਤ ਫਿਲਮਾਂ ਨੂੰ ਸਹਿਯੋਗ ਦੇਣ ਲਈ ਤਤਪਰ ਹਨ ਅਤੇ ਅਜਿਹੀਆਂ ਫਿਲਮਾਂ ਦੇਖਣਾ ਚਾਹੁੰਦੇ ਹਨ।

# ਐਸੋਸੀਏਸ਼ਨ ਆਫ ਸੀਨੀਅਰਜ਼ ਵਲੋਂ ਛੇਵਾਂ ਸਾਲਾਨਾ ਸਮਾਗਮ 29 ਜੁਲਾਈ ਨੂੰ

**ਬਰੈਂਪਟਨ/ਹਰਜੀਤ ਬੇਦੀ**





ਪਿਛਲੇ ਦਿਨੀਂ ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬ ਆਫ ਬਰੈਂਪਟਨ ਦੀ ਜਨਰਲ ਬਾਡੀ ਮੀਟਿੰਗ ਹੋਈ। ਮੀਟਿੰਗ ਦੇ ਸ਼ੁਰੂ ਵਿੱਚ ਬਲਵਿੰਦਰ ਬਰਾੜ ਨੇ ਮੀਟਿੰਗ ਵਿੱਚ ਸ਼ਾਮਲ ਹੋਏ ਮੈਂਬਰਾਂ ਦਾ ਧੰਨਵਾਦ ਕਰਨ ਦੇ ਨਾਲ ਹੀ ਪਿੰਸੀਪਲ ਜਗਜੀਤ ਸਿੰਘ ਗਰੇਵਾਲ ਦਾ ਲੰਬੀ ਗੈਰਹਾਜ਼ਰੀ ਬਾਦ ਅਤੇ ਨਵੇਂ ਚੁਣੇ ਪਰਧਾਨਾ ਸੁਖਦਰਸ਼ਨ ਸਿੰਘ ਕੁਲਾਰ, ਸੁਖਦੇਵ ਸਿੰਘ ਬੇਦੀ ਅਤੇ ਹੋਰਨਾ ਦਾ ਮੀਟਿੰਗ ਵਿੱਚ ਪਹਿਲੀ ਵਾਰ ਸ਼ਾਮਲ ਹੋਣ ਤੇ ਸਵਾਗਤ ਕੀਤਾ। ਇਸ ਤੋਂ ਬਾਦ ਐਸੋਸੀਏਸ਼ਨ ਵਲੋਂ ਪਿਛਲੇ ਕਈ ਸਾਲਾਂ ਤੋਂ ਕਰਵਾਏ ਜਾ ਰਹੇ ਸਮਾਗਮ ਦੇ ਪਰਬੰਧ ਬਾਰੇ ਵਿਸਥਾਰ ਪੂਰਬਕ ਗੱਲਬਾਤ ਹੋਈ ਇਸ ਵਿਚਾਰ ਵਟਾਂਦਰੇ ਵਿੱਚ ਬਹੁਤ ਸਾਰੇ ਮੈਂਬਰਾਂ ਨੇ ਭਾਗ ਲਿਆ ਅਤੇ ਆਪਣੇ ਕੀਮਤੀ ਸੁਝਾਅ ਦਿੱਤੇ। ਫੈਸਲੇ ਮੁਤਾਬਕ ਇਸ ਸਾਲ ਦਾ ਇਹ ਸਾਲਾਨਾ ਸਮਾਗਮ 29 ਜੁਲਾਈ ਦਿਨ ਐਤਵਾਰ ਸਵੇਰੇ 10:30 ਤੋਂ 4:00 ਵਜੇ ਤੱਕ ਡਿਕਸੀ ਅਤੇ ਸੈਂਡਲਵੁੱਡ ਇੰਟਰਸੈਕਸ਼ਨ ਤੇ ਸਥਿਤ ਬਰੈਂਪਟਨ ਸ਼ੌਕਰ ਸੈਂਟਰ ਵਿੱਚ ਕੀਤਾ ਜਾ ਰਿਹਾ ਹੈ।

ਬਰੈਂਪਟਨ ਦੇ ਸੀਨੀਅਰਜ਼ ਕਲੱਬਾਂ ਦੀ ਐਸੋਸੀਏਸ਼ਨ ਦੇ ਹੋਂਦ ਵਿੱਚ ਆਉਣ ਦਾ ਕਾਰਨ ਸੀ ਕਿ ਇਕੱਠੇ ਹੋ ਕੇ ਸੀਨੀਅਰਜ਼ ਦੇ ਜੀਵਨ ਨੂੰ ਵਧੀਆ ਬਣਾਉਣ, ਉਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨ ਲਈ ਸਿਟੀ, ਪਰੋਵਿੰਸ ਅਤੇ ਫੈਡਰਲ ਨੁਮਾਇੰਦਿਆਂ ਰਾਹੀਂ ਜਥੇਬੰਦਕ ਦਬਾਅ ਪਾ ਕੇ ਉਹਨਾਂ ਮਸਲਿਆਂ ਦਾ ਹੱਲ ਲਈ ਯਤਨ ਕਰਨਾ। ਇਸ ਤੋਂ ਇਸ ਤੋਂ ਬਿਨਾਂ ਟੂਰ ਲਾਉਣ ਲਈ ਬੱਸਾ ਦੇ ਪਰਬੰਧ ਜਾ ਅਜਿਹੇ ਕਿਸੇ ਹੋਰ ਕੰਮ ਵਿੱਚ ਸਹਾਇਤਾ, ਭਾਈਚਾਰਕ ਏਕਤਾ ਮਜ਼ਬੂਤ ਕਰਨ ਲਈ ਇੱਕ ਦੂਜੇ ਦੇ ਪਰੋਗਰਾਮਾਂ ਵਿੱਚ ਸ਼ਾਮਲ ਹੋਣਾ। ਐਸੋਸੀਏਸਨ ਵਲੋਂਹਰ ਸਾਲ ਇੱਕ ਵੱਡਾ ਸਾਲਾਨਾ ਸਮਾਗਮ ਕਰਨ ਪਿੱਛੇ ਇਹ ਭਾਵਨਾ ਕੰਮ ਕਰਦੀ ਹੈ ਕਿ ਸਿਟੀ, ਪਰੋਵਿੰਸ ਅਤੇ ਫੈਡਰਲ ਦੇ ਨੁੰਮਾਇੰਦਿਆਂ ਨੂੰ ਬੁਲਾ ਕੇ ਆਪਣੀ ਗੱਲ ਰੱਖੀ ਜਾਵੇ ਅਤੇ ਜਥੇਬੰਦਕ ਸ਼ਕਤੀ ਦਾ ਪਰਗਟਾਵਾ ਕਰ ਕੇ ਇਹ ਦਰਸਾਉਣਾ ਹੈ ਕਿ ਇਹ ਕੋਈ ਕਾਗਜੀ ਜਥੇਬੰਦੀ ਨਹੀਂ ਸਗੋਂ ਇਸ ਪਿੱਛੇ ਸੀਨੀਅਰਜ ਦੀ ਵੱਡੀ ਗਿਣਤੀਲਾਮਬੰਦ ਹੈ। ਇਸ ਲਈ ਵਫਦ ਮਿਲਦੇ ਸਮੇਂ ਅਧਿਕਾਰੀਆਂ ਨੂੰ ਪਹਿਲਾਂ ਹੀ ਪਤਾ ਹੋਵੇ ਕਿ ਵਫਦ ਕਿਸ ਆਰਗੇਨਾਈਜੇਸ਼ਨ ਵਲੋਂ ਆਇਆ ਹੈ।

ਐਸੋਸੀਏਸ਼ਨ ਪਿਛਲੇ ਕਾਫੀ ਸਮੇਂ ਤੋਂ ਬਿਨਾਂ ਕਿਸੇ ਫੀਸ ਦੇ ਫਿਊਨਰਲ ਸੇਵਾਵਾਂ ਲਈ ਅਗਵਾਈ, ਰਜਿਸਟਰੇਸ਼ਨ ਕਰਵਾਉਣਾ, ਅਸਥੀਆਂ ਤਾਰਨ ਦੇ ਪਰਬੰਧ ਵਿੱਚ ਸਹਾਇਤਾ ਅਤੇ ਯੋਗ ਅਗਵਾਈ ਅਤੇ ਲੋੜ ਪੈਣ ਤੇ ਨਾਲ ਜਾਣਾ ਆਦਿ ਕੰਮ ਕਰ ਰਹੀ ਹੈ। ਪਿਛਲੇ ਸਮੇਂ ਵਿੱਚ ਐਸੋਸੀਏਸ਼ਨ ਨੇ ਮਨਿਸਟਰ ਆਫ ਸੀਨੀਅਰਜ਼ ਅਤੇ ਹੋਰ ਸਬੰਧਤ ਮਨਿਸਟਰਾਂ ਨਾਲ ਮਿਲ ਕੇ ਅਸਥੀਆਂ ਤਾਰਨ ਵਾਲੇ ਅਸਥਾਨ ਨੂੰ ਅੱਪਗਰੇਡ ਕਰਨ ਲਈ ਭਰਪੂਰ ਯਤਨ ਕੀਤੇ ਹਨ ਜਿਸ ਦੇ ਸਿੱਟੇ ਵਜੋਂ ਸ਼ੈਡ ਅਤੇ ਬੈਂਚਾਂ ਲਈ ਮਨਜ਼ੂਰੀ ਮਿਲ ਚੁੱਕੀ ਹੈ। ਕਾਰ ਪਾਰਕਿੰਗ ਅਤੇ ਪੌੜੀਆ ਬਣਾਉਣ ਲਈ ਸਬੰਧਤ ਅਧਿਕਾਰੀਆਂ ਵਲੋਂ ਇਸ ਦੀ ਪਲੈਨਿੰਗ ਤੇ ਕੰਮ ਹੋ ਰਿਹਾ ਹੈ। ਇੱਥੇ ਇਹ ਦੱਸਣਾ ਜਰੂਰੀ ਹੈ ਕਿ ਕਿਸੇ ਪਰਿਵਾਰ ਵਲੋਂ ਅਸਥੀਆਂ ਤਾਰਨ ਸਮੇਂ ਐਸੋਸੀਏਸ਼ਨ ਵਲੋਂ ਇਸ ਸਬੰਧ ਵਿੱਚ ਕੋਈ ਅਜਿਹਾ ਢਕਵੰਜ ਨਹੀਂ ਕੀਤਾ ਜਾਂਦਾ ਜਿਸ ਨਾਲ ਆਪਣੀ ਮਰਜ਼ੀ ਨਾਲ ਕਿਸੇ ਧਾਰਮਿਕ ਨੁਮਾਇੰਦੇ ਨੂੰ ਨਾਲ ਲਿਜਾ ਕੇ ਡਾਲਰ ਬਟੋਰਨ ਦਾ ਰਾਹ ਬਣਾਇਆ ਜਾਵੇ। ਸਗੋਂ ਐਸੋਸੀਏਸ਼ਨ ਦੀ ਧਾਰਨਾ ਹੈ ਕਿ ਸਬੰਧਤ ਪਰਿਵਾਰ ਆਪਣੀ ਆਸਥਾ ਅਤੇ ਇੱਛਾ ਅਨੁਸਾਰ ਧਾਰਮਿਕ ਸਥਾਨ ਤੇ ਜਾ ਕੇ ਪ੍ਰਾਰਥਨਾ ਕਰੇ ਜਾਂ ਸ਼ਰਧਾਜਲੀ ਸਮਾਗਮ ਕਰੇ। ਇਹ ਪਰਿਵਾਰ ਦੀ ਮਰਜੀ ਹੈ ਐਸੋਸੀਏਸ਼ਨ ਇਸ ਵਿੱਚ ਕੋਈ ਦਖਲ ਅੰਦਾਜੀ ਨਹੀਂ ਕਰਦੀ।

ਐਸੋਸੀਏਸ਼ਨ ਦਾ 29 ਜੁਲਾਈ ਦਾ ਇਹ ਇਕੱਠ ਭਾਈਚਾਰੇ ਦਾ ਮੁਫਤ ਮੇਲਾ ਨਹੀਂ ਹੈ ਅਤੇ ਨਾ ਹੀ ਸੁਆਦਲੇ ਲੰਚ ਬਾਕਸ ਵਗੈਰਾ ਦਾ ਕੋਈ ਲਾਲਚ ਹੈ। ਇਸ ਸਾਦਗੀ ਪਰੰਤੂ ਭਾਵਪੂਰਤ ਪਰੋਗਰਾਮ ਲਈ ਐਸੋਸੀਏਸ਼ਨ ਪਾਸ ਖਰਚ ਲਈ ਇਸ ਦੇ ਮੈਂਬਰ ਕਲੱਬ ਹੀ ਆਮਦਨ ਦਾ ਸਰੋਤ ਹਨ। ਕਿਸੇ ਬਿਜਨੈਸਮੈਨ ਨੂੰ ਪਰੋਮੋਟ ਕਰ ਕੇ ਸਹਾਇਤਾ ਨਹੀਂ ਲਈ ਜਾਂਦੀ। ਐਸੋਸੀਏਸ਼ਨ ਦੇ ਕਾਫੀ ਮੈਂਬਰ ਆਪਣੇ ਕੋਲੋਂ ਡੋਨੇਸ਼ਨ ਦੇ ਕੇ ਖਰਚਿਆਂ ਦੀ ਪੂਰਤੀ ਲਈ ਯੋਗਦਾਨ ਵੀ ਪਾਉਂਦੇ ਹਨ। ਐਸੋਸੀਏਸ਼ਨ ਦਾ ਬਹੁਤੀ ਮਾਇਆ ਇਕੱਠੀ ਕਰਨ ਦਾ ਕੋਈ ਪਰੋਗਰਾਮ ਨਹੀਂ ਹੈ। ਖਰਚਾ ਆਮਦਨ ਮੁਤਾਬਕ ਕੀਤਾ ਜਾਂਦਾ ਹੈ ਤੇ ਇਸ ਸੰਸਥਾ ਦਾ ਡਾਲਰਾਂ ਦੇ ਢੇਰ ਇਕੱਠੇ ਕਰਨ ਵਿੱਚ ਕੋਈ ਯਕੀਨ ਨਹੀਂ। ਮਲਟੀਕਲਚਰਲ ਪ੍ਰੋਗਰਾਮ ਦੇ ਇਸ ਇਕੱਠ ਵਿੱਚ ਸੂਝਵਾਨ, ਨਿਰਸਵਾਰਥ,ਸੰਵੇਦਨਸ਼ੀਲ ਅਤੇ ਵਿਵੇਕਸ਼ੀਲ ਸੀਨੀਅਰ ਤੇ ਹੋਰ ਵਿਦਵਾਨ ਬੁਲਾਰੇ ਸੀਨੀਅਰਜ਼ ਦੇ ਜੀਵਨ ਦੀਆਂ ਸਮੱਸਿਆਵਾਂ ਬਾਰੇ ਚਰਚਾ ਕਰਨਗੇ। ਉਹਨਾਂ ਦੇ ਹੱਲ ਲਈ ਸਿਰ ਜੋੜ ਕੇ ਇਸ ਮੰਚ ਤੋਂ ਉਨ੍ਹਾ ਦੇ ਹੱਲ ਬਾਰੇ ਸੋਚਿਆ ਜਾਵੇਗਾ। ਵਿਚਾਰ ਚਰਚਾ ਦੇ ਦੌਰਾਨ ਸਰੋਤਿਆਂ ਦੇ ਮਨੋਰੰਜਨ ਲਈ ਲੋਕ ਪੱਖੀ ਅਤੇ ਅਗਾਂਹਵਧੂ ਗੀਤ ਸੰਗੀਤ ਤੇ ਹੋਰ ਸਭਿੱਆਚਾਰਕ ਵੰਨਗੀਆਂ ਦੀ ਪੇਸ਼ਕਾਰੀ ਹੋਵੇਗੀ। ਇਸ ਦਾ ਮਕਸਦ ਲੋਕਾਂ ਦਾ ਮਨੋਰੰਜਨ ਕਰਨ ਦੇ ਨਾਲ ਹੀ ਉਹਨਾਂ ਨੂੰ ਸੋਚਣ ਲਾਉਣਾ ਹੈ ਨਾ ਕਿ ਟਪੂਸੀਆਂ ਲਾਉਣ ਲਾਉਣਾ। ਇਹ ਪਰੋਗਰਾਮ ਬੇਲੋੜੇ ਧੂਮ ਧੜੱਕੇ ਤੋਂ ਰਹਿਤ ਅਤੇ ਜੀਵਨ ਦੇ ਪੱਖਾਂ ਪ੍ਰਤੀ ਸੰਜੀਦਾ ਹੋਵੇਗਾ। ਐਸੋਸੀਏਸ਼ਨ ਦੀ ਇਹ ਸਮਝ ਹੈ ਕਿ ਗਾਜਿਆਂ ਵਾਜਿਆਂ ਨਾਲ ਮੈਰਿਜ ਐਨਵਰਸਰੀਆਂ ਮਨਾਉਣਾ ਸਬੰਧਤ ਵਿਅਕਤੀਆਂ ਅਤੇ ਉਨ੍ਹਾ ਦੇ ਪਰਿਵਾਰਾਂ ਦਾ ਨਿਜੀ ਕੰਮ ਹੁੰਦਾ ਹੈ ਨਾ ਕਿ ਜਥੇਬੰਦੀਆਂ ਦਾ। ਇਸ ਪਰੋਗਰਾਮ ਵਿੱਚ ਨਿਰਸਵਾਰਥ ਸਵੈ-ਸੇਵੀ ਵਿਅਕਤੀਆਂ ਦਾ ਸਨਮਾਨ ਕੀਤਾ ਜਾਵੇਗਾ। ਜਿਸ ਵਿੱਚ ਅਜਿਹੇ ਲੋਕ ਪੱਖੀ ਲੇਖਕ ਜਿਸਦੀ ਲੇਖਣੀ ਮਨੁੱਖੀ ਹੱਕਾਂ,ਸਮਾਜ ਵਿੱਚ ਫੈਲੇ ਨਸ਼ੇ, ਅੰਧ-ਵਿਸ਼ਵਾਸ਼, ਰਿਸ਼ਵਤਖੋਰੀ , ਧੱਕਾ-ਜੋਰੀ, ਜਾਤ-ਪਾਤ ਅਤੇ ਵਹਿਮਾਂ ਭਰਮਾਂ ਤੋਂ ਸੁਚੇਤ ਕਰ ਕੇ ਮਾਰਗ ਦਰਸਕ ਹੋਵੇ। ਨਿਜੀ ਦਾਸਤਾਨ ਦੀ ਥਾਂ ਲੋਕਾਂ ਦੇ ਸਰੋਕਾਰਾਂ ਦੀ ਗੱਲ ਕਰੇ ਅਤੇ ਆਪਣੇ ਨਿਜੀ ਜੀਵਨ ਵਿੱਚ ਸ਼ੰਘਰਸ਼ਸੀਲ ਅਤੇ ਉੱਚੇ ਸੁੱਚੇ ਚਰਿੱਤਰ ਦਾ ਮਾਲਕ ਰਿਹਾ ਹੋਵੇ ਦਾ ਉਚੇਚਾ ਸਨਮਾਨ ਹੋਵੇਗਾ।

ਮਿਲੀ ਜਾਣਕਾਰੀ ਮੁਤਾਬਕ ਇੱਸ ਸਮਾਗਮ ਵਿੱਚ ਸੀਨੀਅਰਜ਼ ਕਲੱਬਾਂ ਤੋਂ ਬਿਨਾਂ ਬਹੁਤ ਸਾਰੇ ਸਾਹਿਤਕ, ਸਮਾਜਿਕ ਅਤੇ ਸੱਭਿਆਚਾਰਕ ਅਦਾਰੇ ਭਾਗ ਲੈ ਰਹੇ ਹਨ। ਤਰਕਸ਼ੀਲ ਸੁਸਾਇਟੀ, ਸਰੋਕਾਰਾਂ ਦੀ ਆਵਾਜ਼, ਲੋਟਸ ਫਿਊਨਲ ਹੋਮ ਅਤੇ ਬਲਬੀਰ ਕੌਰ ਸੋਹੀ ਡੈਂਟਿਸਟ ਵਲੋਂ ਜਾਣਕਾਰੀ ਭਰਪੂਰ ਵਿਸ਼ੇਸ਼ ਸਟਾਲ ਲਾਏ ਜਾਣਗੇ। ਜਨਰਲ ਬਾਡੀ ਦੀ ਇਸ ਮੀਟਿੰਗ ਵਿੱਚ ਦਲਬੀਰ ਕੰਬੋਜ ਨੇ ਬਰੈਂਪਟਨ ਵਿੱਚ ਮੈਡੀਕਲ ਕਾਲਜ ਅਤੇ ਹੋਰ ਹੱਸਪਤਾਲ ਖੋਲ੍ਹੇ ਜਾਣ ਦੀ ਮੰਗ ਨੂੰ ਲੈ ਕੇ ਪਟੀਸ਼ਨ ਤੇ ਦਸਤਖਤ ਕਰਵਾਏ। ਇਸ ਸਮਾਗਮ ਵਿੱਚ ਸ਼ਾਮਲ ਹੋ ਰਹੇ ਲੋਕਾਂ ਲਈ ਚਾਹ-ਪਾਣੀ ਅਤੇ ਸਨੈਕਸ ਦਾ ਖੁਲ੍ਹਾ ਅਤੇ ਵਧੀਆ ਪਰਬੰਧ ਹੋਵੇਗਾ । ਸਾਰੇ ਪਰਬੰਧਾ ਲਈ ਵੱਖ ਵੱਖ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ। ਵਧੇਰੇ ਜਾਣਕਾਰੀ ਲਈ ਪਰਮਜੀਤ ਬੜਿੰਗ 647-963-0331 ਜਾਂ ਜੰਗੀਰ ਸਿੰਘ ਸੈਂਭੀ 416-409-0126, ਬਲਵਿੰਦਰ ਬਰਾੜ 647-262-4026, ਕਰਤਾਰ ਸਿੰਘ ਚਾਹਲ 647-854-8746 ਨਾਲ ਸੰਪਰਕ ਕੀਤਾ ਜਾ ਸਕਦਾ ਹੈ।



# ਆਦਮਖ਼ੋਰ 'ਵਿਕਾਸ' ਮਾਡਲ ਦਾ ਨਤੀਜਾ ਹੈ ਤੂਤੀਕੋਰੀਨ ਕਤਲੇਆਮ



ਬੂਟਾ ਸਿੰਘ ਨਵਾਂਸ਼ਹਿਰ
94634-74342

22 ਮਈ ਨੂੰ ਤਾਮਿਲਨਾਡੂ ਦੇ ਸਮੁੰਦਰੀ ਕੰਢੇ ਉਪਰ ਵਸੇ ਕਸਬੇ ਤੂਤੀਕੋਰੀਨ ਵਿਚ ਪੁਲਿਸ ਨੇ ਜੱਲਿਆਂਵਾਲਾ ਬਾਗ਼ ਕਾਂਡ ਦੇ ਬੁੱਚੜ ਜਨਰਲ ਡਾਇਰ ਦੇ ਨਕਸ਼ੇ-ਕਦਮਾਂ ਉੱਪਰ ਚੱਲਦਿਆਂ ਸਿੱਧੀਆਂ ਗੋਲੀਆਂ ਮਾਰਕੇ 11 ਜਣਿਆਂ ਨੂੰ ਥਾਏਂ ਬੇਰਹਿਮੀ ਨਾਲ ਕਤਲ ਕਰ ਦਿੱਤਾ। 50 ਦੇ ਕਰੀਬ ਲੋਕ ਗੰਭੀਰ ਫੱਟੜ ਕਰ ਦਿੱਤੇ। ਬਾਦ ਵਿਚ ਮਰਨ ਵਾਲਿਆਂ ਦੀ ਤਾਦਾਦ 13 ਹੋ ਗਈ ਹੈ। ਇਹ ਕਤਲੇਆਮ ਇਸ ਕਦਰ ਵਹਿਸ਼ੀ ਸੀ ਕਿ ਪੂਰੇ ਮੁਲਕ ਵਿਚ ਇਸਦੇ ਖ਼ਿਲਾਫ਼ ਰੋਹਭਰੀ ਆਵਾਜ਼ ਉਠੀ ਹੈ। ਸਥਾਨਕ ਲੋਕ ਸਟਰਲਾਈਟ ਕੰਪਨੀ ਦੇ ਪਲਾਂਟ ਵੱਲੋਂ ਪੌਣਪਾਣੀ ਦੀ ਤਬਾਹੀ ਅਤੇ ਪਲਾਂਟ ਦੇ ਪ੍ਰਦੂਸ਼ਨ ਨਾਲ ਸਥਾਨਕ ਲੋਕਾਂ ਦੀ ਸਿਹਤ 'ਤੇ ਪੈ ਰਹੇ ਮਾੜੇ ਅਸਰ ਵਿਰੁੱਧ ਦੋ ਦਹਾਕਿਆਂ ਤੋਂ ਲਗਾਤਾਰ ਆਵਾਜ਼ ਉਠਾ ਰਹੇ ਹਨ। ਲੇਕਿਨ ਤਾਮਿਲਨਾਡੂ ਦੇ ਮੁੱਖ ਮੰਤਰੀ ਨੇ ਘੋਰ ਬੇਸ਼ਰਮੀ ਨਾਲ ਨਿਹੱਥੇ ਮੁਜ਼ਾਹਰਾਕਾਰੀਆਂ ਉੱਪਰ ਤਾਕਤ ਦੇ ਬੇਦਰੇਗ ਇਸਤੇਮਾਲ ਨੂੰ ਜਾਇਜ਼ ਠਹਿਰਾਕੇ ਸਾਬਤ ਕਰ ਦਿੱਤਾ ਹੈ ਕਿ ਹੁਕਮਰਾਨ ਦਰਅਸਲ ਵੇਦਾਂਤ ਸਮੂਹ ਦੇ ਦਲਾਲ ਹਨ ਜੋ ਇਸ ਇਲਾਕੇ ਦੇ 4.60 ਲੋਕਾਂ ਦੀ ਆਵਾਜ਼ ਨੂੰ ਅਣਸੁਣੀ ਕਰਕੇ ਕਾਰਪੋਰੇਟਾਂ ਦੀ ਨਿੱਜੀ ਫ਼ੌਜ ਦੀ ਭੂਮਿਕਾ ਨਿਭਾ ਰਹੇ ਹਨ।

ਇਹ ਕੰਪਨੀ ਨਿਹਾਇਤ ਬਦਨਾਮ ਕਾਰਪੋਰੇਟ ਵੇਦਾਂਤ ਸਮੂਹ ਦੀ ਹੈ ਜਿਸਦਾ ਮਾਲਕ ਅਨਿਲ ਅਗਰਵਾਲ ਦੁਨੀਆ ਦੇ ਧਾਤ ਖਣਨ ਅਤੇ ਢਲਾਈ ਖੇਤਰ ਦੇ ਮੁੱਖ ਕਾਰੋਬਾਰੀਆਂ ਵਿੱਚੋਂ ਇਕ ਹੈ। ਇਹ ਸ਼ਖ਼ਸ ਬੇਸ਼ੁਮਾਰ ਲੁੱਟਮਾਰ ਨਾਲ ਬਟੋਰੇ ਸਰਮਾਏ ਵਿੱਚੋਂ ਇਕ ਨਿੱਕਾ ਜਿਹਾ ਹਿਸਾ 'ਕਾਰਪੋਰੇਟ-ਸੋਸ਼ਲ ਜ਼ਿੰਮੇਵਾਰੀ' ਦੇ ਪ੍ਰੋਜੈਕਟਾਂ ਉੱਪਰ ਖ਼ਰਚਣ, ਜਿਵੇਂ ਛੱਤੀਸਗੜ੍ਹ ਵਿਚ ਵਿਆਪਕ ਕੈਂਸਰ ਅਤੇ ਖੋਜ ਸੰਸਥਾ ਅਤੇ ਉੜੀਸਾ ਵਿਚ 'ਵਰਲਡ ਕਲਾਸ, ਬਿਲੀਅਨ ਡਾਲਰ' ਯੂਨੀਵਰਸਿਟੀ ਬਣਾਉਣ ਦੇ ਐਲਾਨ, ਲਘੂ ਫਿਲਮਾਂ ਨੂੰ ਸਰਪ੍ਰਸਤੀ ਦੇਣ, ਜੈਪੁਰ ਸਾਹਿਤ ਫੈਸਟੀਵਲ ਦੇ ਲੰਡਨ ਐਡੀਸ਼ਨ ਨੂੰ ਆਯੋਜਤ ਕਰਨ ਅਤੇ ਐੱਨ.ਡੀ.ਟੀ.ਵੀ. ਦੀ ਮੁਹਿੰਮ "ਸਾਡੀਆਂ ਧੀਆਂ: ਸਾਡਾ ਮਾਣ" (ਜਿਸਦੀ ਨਾਇਕਾ ਪ੍ਰਿਅੰਕਾ ਚੋਪੜਾ ਹੈ) ਨੂੰ ਚਲਾਉਣ ਵਰਗੇ ਆਡੰਬਰ ਰਚਦਾ ਰਹਿੰਦਾ ਹੈ ਅਤੇ ਇਹਨਾਂ ਜ਼ਰੀਏ ਆਪਣੇ ਲਹੂ ਲਿੱਬੜੇ ਜਬਾੜ੍ਹਿਆਂ ਨੂੰ ਲੁਕੋਣ ਦੀ ਕੋਸ਼ਿਸ਼ ਕਰਦਾ ਹੈ। ਇਹ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ ਕਿ 2013-14 ਵਿਚ ਮੋਦੀ ਦੀ ਚੋਣ ਮੁਹਿੰਮ ਲਈ ਫੰਡ ਦੇਣ ਵਾਲੇ ਮੁੱਖ ਕਾਰਪੋਰੇਟ ਦਾਨੀਆਂ ਵਿੱਚੋਂ ਵੇਦਾਂਤ ਇਕ ਸੀ। ਸਾਢੇ ਬਾਈ ਕਰੋੜ ਰੁਪਏ ਕਾਨੂੰਨੀ ਫੰਡ ਦੱਸਿਆ ਗਿਆ, ਇਸ ਤੋਂ ਇਲਾਵਾ ਕਿੰਨਾ ਗ਼ੈਰਕਾਨੂੰਨੀ ਫੰਡ ਦਿੱਤਾ ਗਿਆ ਉਸਦਾ ਅੰਦਾਜ਼ਾ ਲਾਉਣਾ ਸੰਭਵ ਨਹੀਂ। 2015 ਵਿਚ ਮੋਦੀ ਦੀ ਇੰਗਲੈਂਡ ਫੇਰੀ ਸਮੇਂ ਫਰੰਟ ਪੇਜ਼ ਇਸ਼ਤਿਹਾਰਬਾਜ਼ੀ ਵੀ ਇਸੇ ਵੇਦਾਂਤ ਸਮੂਹ ਨੇ ਕੀਤੀ ਸੀ। ਅਗਰਵਾਲ ਨੇ ਟਵੀਟ ਕੀਤਾ ਕਿ 'ਲੰਡਨ ਵਿਚ ਮੋਦੀ ਨੂੰ ਸੁਣਕੇ ਖ਼ੁਸ਼ੀ ਹੋਈ ਕਿ ਪਿਛਲੇ ਚਾਰ ਸਾਲਾਂ ਵਿਚ ਇਕ ਲੱਖ ਪਿੰਡ ਆਪਟੀਕਲ ਫਾਈਬਰ ਰਾਹੀਂ ਜੁੜ ਗਏ ਹਨ। ਸਾਨੂੰ ਆਪਣੀ ਇਕ ਕੰਪਨੀ ਸਟਰਲਾਈਟ 'ਤੇ ਮਾਣ ਹੈ ਜੋ ਡਿਜੀਟਲ ਇੰਡੀਆ ਦ੍ਰਿਸ਼ਟੀ ਦੀ ਅਗਵਾਈ ਕਰ ਰਹੀ ਹੈ।'

ਅਗਰਵਾਲ ਨੇ 1979 ਵਿਚ ਇਕ ਤਾਂਬਾ ਕੰਪਨੀ ਖ਼ਰੀਦਕੇ ਆਪਣਾ ਕਾਰੋਬਾਰ ਸ਼ੁਰੂ ਕੀਤਾ ਸੀ ਅਤੇ ਉਸਦੀ ਕੰਪਨੀ ਲੰਡਨ ਵਿਚ ਸੂਚੀਦਰਜ ਹੋਣ ਵਾਲੀ ਪਹਿਲੀ ਕੰਪਨੀ ਸੀ। ਉਸਦੀ ਕਾਰੋਬਾਰੀ ਸਲਤਨਤ ਅਫ਼ਰੀਕਾ, ਆਇਰਲੈਂਡ ਅਤੇ ਆਸਟ੍ਰੇਲੀਆ ਤਕ ਫੈਲ ਚੁੱਕੀ ਹੈ। ਇਸ ਕਾਰਪੋਰੇਟ ਸਮੂਹ ਵਲੋਂ ਕੀਤੀ ਜਾਂਦੀ ਲੁੱਟਮਾਰ ਦਾ ਅੰਦਾਜ਼ਾ ਉਸ ਬਿਆਨ ਤੋਂ ਲਗਾਇਆ ਜਾ ਸਕਦਾ ਹੈ ਜਿਸ ਵਿਚ ਸ੍ਰੀ ਅਗਰਵਾਲ ਨੇ ਕਿਹਾ ਸੀ ਕਿ ਉਸਦੀ ਕੰਪਨੀ ਜ਼ਾਂਬੀਆ (ਅਫ਼ਰੀਕਾ) ਵਿਚ ਇਕ ਦਹਾਕੇ ਤਕ ਸਾਲਾਨਾ ਇਕ ਅਰਬ ਡਾਲਰ ਕਮਾਈ ਕਰਦੀ ਰਹੀ ਹੈ। ਇਸੇ ਤਰ੍ਹਾਂ ਸਾਮਰਾਜੀ ਅਤੇ ਵੱਡੀ ਦਲਾਲ ਸਰਮਾਏਦਾਰੀ ਦੇ ਏਜੰਟ ਹਿੰਦੁਸਤਾਨੀ ਹਾਕਮਾਂ ਦੀ ਮਦਦ ਨਾਲ ਵੇਦਾਂਤ ਸਮੂਹ ਨੇ ਢਾਈ ਦਹਾਕਿਆਂ ਵਿਚ ਹਿੰਦੁਸਤਾਨ ਵਿਚ ਵੀ ਆਪਣਾ ਧਾੜਵੀ ਕਾਰੋਬਾਰ ਤੇਜ਼ੀ ਨਾਲ ਫੈਲਾ ਲਿਆ। ਇਹ ਸਮੂਹ ਹਰ ਥਾਂ ਹੀ ਆਪਣਾ ਪਲਾਂਟ ਲਗਾਉਂਦੇ ਵਕਤ ਇਸ ਕਦਰ ਮਨਮਾਨੀਆਂ ਕਰਦਾ ਹੈ ਕਿ ਸਥਾਨਕ ਲੋਕ ਵਿਆਪਕ ਪੱਧਰ 'ਤੇ ਵਾਤਾਵਰਣ ਪ੍ਰਦੂਸ਼ਨ ਦਾ ਸ਼ਿਕਾਰ ਹੁੰਦੇ ਹਨ। ਇਹੀ ਵਜ੍ਹਾ ਹੈ, ਜਿੱਥੇ ਵੀ ਇਸ ਵਲੋਂ ਨਵੇਂ ਪ੍ਰੋਜੈਕਟ ਲਗਾਏ ਜਾਂਦੇ ਹਨ ਉੱਥੇ ਇਸ ਦੀਆਂ ਧਾਂਦਲੀਆਂ ਤੋਂ ਸੁਚੇਤ ਵਾਤਾਵਰਣ ਕਾਰਕੁੰਨ ਇਸਦੇ ਧਾੜਵੀ ਪ੍ਰੋਜੈਕਟਾਂ ਦਾ ਵਿਰੋਧ ਸ਼ੁਰੂ ਕਰ ਦਿੰਦੇ ਹਨ। ਅਵਾਮ ਨੂੰ ਆਪਣੀ ਜ਼ਿੰਦਗੀ ਅਤੇ ਚੌਗਿਰਦੇ ਦੀ ਰਾਖੀ ਲਈ ਇਸ ਸਮੂਹ ਦੇ ਖ਼ਿਲਾਫ਼ ਅਕਸਰ ਹੀ ਸੜਕਾਂ 'ਤੇ ਆਉਣਾ ਪੈਂਦਾ ਹੈ। ਕਈ ਸਾਲ ਤਾਂ ਇਹ ਮੰਜ਼ਰ ਰਿਹਾ ਕਿ ਬਦੇਸ਼ ਵਿਚ ਜਿਥੇ ਵੀ ਵੇਦਾਂਤ ਸਮੂਹ ਦੀ ਸਾਲਾਨਾ ਮੀਟਿੰਗ ਹੁੰਦੀ ਸੀ ਉਥੇ ਜਾ ਕੇ ਐੱਨਜੀ.ਓ. ਅਤੇ ਕਾਰਕੁੰਨ ਆਮ ਹੀ ਮੁਜ਼ਾਹਰੇ ਕਰਦੇ ਰਹੇ।

ਉੜੀਸਾ ਦੇ ਨਿਆਮਗਿਰੀ ਪਹਾੜਾਂ ਦੇ ਬਾਸ਼ਿੰਦੇ ਡੋਂਗਰੀਆਂ ਕੌਂਧ ਆਦਿਵਾਸੀਆਂ ਦੇ ਦਹਾਕਾ ਲੰਮੇ ਦ੍ਰਿੜ ਸੰਘਰਸ਼ ਨੇ ਵੇਦਾਂਤ ਸਮੂਹ ਨੂੰ ਉਸ ਇਲਾਕੇ ਵਿਚ ਲਗਾਇਆ ਜਾਣ ਵਾਲਾ ਬਾਕਸਾਈਟ ਪ੍ਰੋਜੈਕਟ ਵਾਪਸ ਲੈਣ ਲਈ ਮਜਬੂਰ ਕੀਤਾ। ਇਸ ਸੰਘਰਸ਼ ਨੇ ਕੌਮਾਂਤਰੀ ਧਿਆਨ ਖਿੱਚਿਆ। 2010 ਵਿਚ ਵਾਤਾਵਰਣ ਪ੍ਰੇਮੀ ਕਾਰਕੁੰਨਾਂ ਵਲੋਂ 'ਅਵਤਾਰ' ਫਿਲਮ ਦੇ ਪਾਤਰਾਂ ਦਾ ਰੂਪ ਧਾਰਕੇ ਲੰਡਨ ਵਿਚ ਪ੍ਰਦਰਸ਼ਨ ਕੀਤਾ ਗਿਆ। ਉਸੇ ਸਾਲ ਇਸ ਕਾਰਪੋਰੇਟ ਸਮੂਹ ਦਾ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਦਾ ਮੁੱਦਾ ਉੱਠਣ 'ਤੇ ਚਰਚ ਆਫ ਇੰਗਲੈਂਡ ਵਲੋਂ ਵੇਦਾਂਤ ਵਿਚਲੇ ਆਪਣੇ 38 ਲੱਖ ਪੌਂਡ ਦੇ ਸ਼ੇਅਰ ਵਾਪਸ ਲੈ ਗਏ ਗਏ ਜੋ ਇਸ ਨੂੰ ਵੱਡੀ ਪਛਾੜ ਸੀ। ਇਸ ਤੋਂ ਪਹਿਲਾਂ 2007 ਵਿਚ ਨਾਰਵੇ ਨੇ ਵੀ ਵੇਦਾਂਤ ਵਿਚਲਾ ਆਪਣਾ 350 ਅਰਬ ਡਾਲਰ ਦਾ ਸੌਵਰੇਨ ਵੈਲਥ ਫੰਡ ਸ਼ੇਅਰ ਕੱਢ ਲਿਆ ਸੀ। ਆਖ਼ਿਰਕਾਰ ਹਿੰਦੁਸਤਾਨ ਸਰਕਾਰ ਨੂੰ ਉਹ ਵਾਤਾਵਰਣ ਕਲੀਰੈਂਸ ਵਾਪਸ ਲੈਣ ਪਈ ਜੋ ਇਸਨੇ ਨਿਆਮਗਿਰੀ ਪ੍ਰੋਜੈਕਟ ਨੂੰ ਦੇ ਰੱਖੀ ਸੀ ਅਤੇ ਸੁਪਰੀਮ ਕੋਰਟ ਨੂੰ ਡੋਂਗਰੀਆ ਕੌਂਧ ਲੋਕਾਂ ਦੇ ਪ੍ਰੋਜੈਕਟ ਨੂੰ ਸਹਿਮਤੀ ਦੇਣ ਜਾਂ ਨਾ ਦੇਣ ਦੇ ਹੱਕ ਨੂੰ ਸਵੀਕਾਰ ਪਿਆ ਸੀ। ਇਹ ਵੇਦਾਂਤ ਵਿਰੁੱਧ ਅਵਾਮੀ ਸੰਘਰਸ਼ ਦੀ ਬਹੁਤ ਮਹੱਤਵਪੂਰਨ ਜਿੱਤ ਸੀ। ਇਸੇ ਤਰ੍ਹਾਂ ਲਾਂਝੀਗੜ੍ਹ (ਉੜੀਸਾ) ਦੇ ਐਲਮਿਨੀਅਮ ਅਤੇ ਬਾਕਸਾਈਟ ਪ੍ਰੋਜੈਕਟ ਨੂੰ ਸਥਾਨਕ ਲੋਕਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ।

ਇਸੇ ਤਰ੍ਹਾਂ ਦੀ ਵੱਡੀ ਪਛਾੜ ਦਾ ਸਾਹਮਣਾ ਵੇਦਾਂਤ ਨੂੰ ਜ਼ਾਂਬੀਆ ਵਿਚ ਕਰਨਾ ਪਿਆ ਜਿਥੇ ਜ਼ਾਂਬੀਆ ਦੇ ਲੋਕਾਂ ਨੇ ਇੰਗਲੈਂਡ ਦੀਆਂ ਅਦਾਲਤਾਂ ਵਿਚ ਇਸ ਦੇ ਖ਼ਿਲਾਫ਼ ਮੁਕੱਦਮੇ ਦਾ ਹੱਕ ਜਿੱਤਿਆ ਗਿਆ। ਮਈ 2016 ਵਿਚ ਹਾਈ ਕੋਰਟ ਦੇ ਜੱਜ ਨੇ ਫ਼ੈਸਲਾ ਦਿੱਤਾ ਸੀ ਕਿ 1826 ਜ਼ਾਂਬੀਅਨ ਆਪਣੇ ਹਿਤਾਂ ਦੀ ਰਾਖੀ ਲਈ ਇੰਗਲੈਂਡ ਦੀਆਂ ਅਦਾਲਤਾਂ ਵਿਚ ਦਾਅਵਾ ਕਰ ਸਕਦੇ ਹਨ। ਇਸ ਦੇ ਖ਼ਿਲਾਫ਼ ਇਸ ਧਾੜਵੀ ਸਮੂਹ ਅਤੇ ਇਸਦੀ ਜ਼ਾਂਬੀਅਨ ਸਹਾਇਕ ਕੰਪਨੀ ਕੌਂਕੋਲਾ ਕੌਪਰ ਮਾਈਨਜ਼ ਨੇ ਜੋ ਅਪੀਲ ਕੀਤੀ ਉਹ ਲੰਡਨ ਦੀ ਅਪੀਲ ਕੋਰਟ ਨੇ ਖਾਰਜ ਕਰ ਦਿੱਤੀ ਜਿਸ ਦੁਆਰਾ ਇਸਨੇ ਜ਼ਾਂਬੀਆ ਦੇ ਲੋਕਾਂ ਦੀ ਆਪਣੇ ਪਿੰਡਾਂ ਨੂੰ ਇਸ ਵਲੋਂ ਫੈਲਾਏ ਪ੍ਰਦੂਸ਼ਨ ਵਿਰੁੱਧ ਕਾਨੂੰਨੀ ਕਾਰਵਾਈ ਨੂੰ ਰੋਕਣ ਲਈ ਪੂਰਾ ਤਾਣ ਲਾਇਆ ਹੋਇਆ ਸੀ।

ਤੂਤੀਕੋਰੀਨ ਵਾਲਾ ਪਲਾਂਟ ਪਹਿਲਾਂ 1992 ਵਿਚ ਮਹਾਂਰਾਸ਼ਟਰ ਦੇ ਰਤਨਾਗਿਰੀ ਜ਼ਿਲ੍ਹੇ ਵਿਚ ਸੂਬਾ ਸਰਕਾਰ ਵਲੋਂ ਦਿੱਤੀ 500 ਏਕੜ ਜ਼ਮੀਨ ਉੱਪਰ ਲਗਾਇਆ ਗਿਆ ਸੀ। ਭਿਆਨਕ ਪ੍ਰਦੂਸ਼ਣ ਵਿਰੁੱਧ ਉੱਠੀ ਲੋਕ ਆਵਾਜ਼ ਦੇ ਦਬਾਓ ਹੇਠ ਸਰਕਾਰ ਨੂੰ ਕਮੇਟੀ ਬਣਾਕੇ ਇਸਦੀ ਜਾਂਚ ਕਰਾਉਣੀ ਪਈ ਸੀ ਅਤੇ ਉਸ ਕਮੇਟੀ ਦੀ ਰਿਪੋਰਟ ਦੇ ਅਧਾਰ 'ਤੇ ਪਲਾਂਟ ਰੱਦ ਕਰ ਦਿੱਤਾ ਗਿਆ ਸੀ। 1994 ਵਿਚ ਤਾਮਿਲਨਾਡੂ ਸਰਕਾਰ ਨੇ ਇਸ ਪਲਾਂਟ ਲਈ ਜ਼ਮੀਨ ਦੇ ਦਿੱਤੀ। ਇਹਨਾਂ ਪਲਾਂਟਾਂ ਦੀਆਂ ਜ਼ਹਿਰੀਲੀਆਂ ਗੈਸਾਂ ਅਤੇ ਖ਼ਤਰਨਾਕ ਰਸਾਇਣ ਆਲੇਦੁਆਲੇ ਦੇ ਪੌਣਪਾਣੀ ਨੂੰ ਖ਼ਤਰਨਾਕ ਰੂਪ ਵਿਚ ਦੂਸ਼ਿਤ ਕਰਦੇ ਹਨ। ਧਰਤੀ ਹੇਠਲੇ ਪਾਣੀ ਵਿਚ ਜ਼ਹਿਰਾਂ ਘੁਲਣ ਨਾਲ ਇਹ ਪੀਣ ਯੋਗ ਨਹੀਂ ਰਹਿੰਦਾ। ਇਸੇ ਕਾਰਨ ਸਬੰਧਤ ਕਾਰਪੋਰੇਟ ਨਿਵੇਸ਼ਕਾਰਾਂ ਉੱਪਰ ਸ਼ਰਤ ਲਗਾਈ ਜਾਂਦੀ ਹੈ ਕਿ ਉਹ ਪੌਣਪਾਣੀ ਦੇ ਪ੍ਰਦੂਸ਼ਨ ਨੂੰ ਘਟਾਉਣ ਲਈ ਲੋੜੀਂਦੇ ਪ੍ਰਦੂਸ਼ਨ ਰੋਕੂ ਉਪਾਅ ਕਰਨਗੇ ਅਤੇ ਆਲੇ-ਦੁਆਲੇ ਦੇ ਇਲਾਕੇ ਨੂੰ ਹਰਿਆ-ਭਰਿਆ ਬਣਾਉਣ ਲਈ ਵਿਸ਼ੇਸ਼ ਕਦਮ ਚੁੱਕਣਗੇ। ਪਰ ਕਾਰਪੋਰੇਟ ਧੰਦੇਬਾਜ਼ ਸਰਕਾਰ ਅਤੇ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਇਹਨਾਂ ਸ਼ਰਤਾਂ ਦੀ ਕੋਈ ਪ੍ਰਵਾਹ ਨਹੀਂ ਕਰਦੇ। ਇਹੀ ਇਸ ਪ੍ਰੋਜੈਕਟ ਦੇ ਮਾਮਲੇ ਵਿਚ ਵਾਪਰਿਆ। ਅਜੇ ਪ੍ਰਦੂਸ਼ਨ ਕੰਟਰੋਲ ਬੋਰਡ ਵਲੋਂ ਇਸ ਨੂੰ ਰਸਮੀਂ ਮਨਜ਼ੂਰੀ ਵੀ ਨਹੀਂ ਸੀ ਦਿੱਤੀ ਗਈ ਅਤੇ ਵਾਤਾਵਰਣ ਉੱਪਰ ਅਸਰਾਂ ਦੇ ਅਨੁਮਾਨ ਦੀ ਰਿਪੋਰਟ ਵੀ ਅਜੇ ਨਹੀਂ ਆਈ ਸੀ ਕਿ ਸਰਕਾਰ ਨੇ ਉਸ ਤੋਂ ਪਹਿਲਾਂ ਹੀ ਜਨਵਰੀ 1995 ਵਿਚ ਪਲਾਂਟ ਨੂੰ ਹਰੀ ਝੰਡੀ ਦੇ ਦਿੱਤੀ। ਇਹ ਪਲਾਂਟ ਪ੍ਰਦੂਸ਼ਨ ਕੰਟਰੋਲ ਬੋਰਡ ਵਲੋਂ ਮਿੱਥੇ ਨੇਮਾਂ ਦੀ ਘੋਰ ਉਲੰਘਣਾ ਕਰਕੇ ਲਗਾਇਆ ਗਿਆ। ਐਸਾ ਪਲਾਂਟ ਮਨੁੱਖੀ ਆਬਾਦੀ ਤੋਂ ਘੱਟੋਘੱਟ 25 ਕਿਲੋਮੀਟਰ ਦੂਰ ਲਗਾਏ ਜਾਣ ਦੀ ਸ਼ਰਤ ਹੈ ਪਰ ਸਟਰਲਾਈਟ ਕੰਪਨੀ ਨੇ ਕਾਇਦੇ-ਕਾਨੂੰਨਾਂ ਦੀਆਂ ਧੱਜੀਆਂ ਉਡਾਕੇ ਮਹਿਜ਼ 14 ਕਿਲੋਮੀਟਰ ਦੂਰ ਹੀ ਪਲਾਂਟ ਲਗਾ ਲਿਆ। ਇਸ ਕਾਰਨ ਲੋਕ ਭਿਆਨਕ ਬੀਮਾਰੀਆਂ ਦਾ ਸ਼ਿਕਾਰ ਹੋਣ ਲੱਗੇ ਪਰ ਸਰਕਾਰ ਨੇ ਕੰਪਨੀ ਨੂੰ ਕਲੀਨ ਚਿੱਟ ਦੇ ਦਿੱਤੀ ਅਤੇ ਧੜਾਧੜ ਵਿਆਪਕ ਪ੍ਰਦੂਸ਼ਨ ਫੈਲਣਾ ਸ਼ੁਰੂ ਹੋ ਗਿਆ।

ਮਾਮਲਾ ਮਦਰਾਸ ਹਾਈਕੋਰਟ ਵਿਚ ਪਹੁੰਚ ਗਿਆ। ਭਾਵੇਂ 1998 ਵਿਚ ਉੱਚ ਅਦਾਲਤ ਨੇ ਕੰਪਨੀਆਂ ਦੀਆਂ ਧਾਂਦਲੀਆਂ ਦੇ ਮੱਦੇਨਜ਼ਰ ਇਕ ਵਾਰ ਪਲਾਂਟ ਬੰਦ ਕਰਵਾ ਦਿੱਤਾ ਪਰ ਕੰਪਨੀ ਨੇ ਆਪਣਾ ਰਸੂਖ਼ ਵਰਤਕੇ ਜਾਂਚ ਕਰਨ ਵਾਲੀ ਉਸੇ ਸੰਸਥਾ ਤੋਂ ਆਪਣੇ ਪੱਖ ਵਿਚ ਰਿਪੋਰਟ ਤਿਆਰ ਕਰਵਾਕੇ ਪਲਾਂਟ ਮੁੜ ਚਾਲੂ ਕਰਵਾ ਲਿਆ। ਹੁਣ ਇਸ ਕੰਪਨੀ ਨੇ ਸਰਕਾਰ ਦੀ ਮਿਲੀਭੁਗਤ ਨਾਲ ਪਲਾਂਟ ਦੀ ਪੈਦਾਵਾਰ ਵਧਾਉਣ ਲਈ ਹੋਰ ਵੀ ਵੱਡੇ ਪੈਮਾਨੇ 'ਤੇ ਮਨਮਾਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਪਲਾਂਟ ਦਾ ਵਿਸਤਾਰ ਕਰਨ ਦੀ ਯੋਜਨਾ ਬਣਾ ਲਈ। 2004 ਵਿਚ ਸੁਪਰੀਮ ਕੋਰਟ ਨੇ ਇਸ ਵਿਸਤਾਰ ਉੱਪਰ ਰੋਕ ਲਗਾ ਦਿੱਤੀ ਅਤੇ ਉਲੰਘਣਾਵਾਂ ਦੀ ਜਾਂਚ ਦੇ ਆਦੇਸ਼ ਦੇ ਦਿੱਤੇ। ਪ੍ਰਦੂਸ਼ਨ ਕੰਟਰੋਲ ਬੋਰਡ ਦੀ ਰਿਪੋਰਟ ਵਿਚ ਥੋਕ ਬੇਨਿਯਮੀਆਂ ਸਾਹਮਣੇ ਆਈਆਂ। ਕੰਪਨੀ ਨੇ ਬਿਨਾ ਮਨਜ਼ੂਰੀ ਲਏ ਹੀ ਵਿਸਤਾਰ ਲਈ ਕਈ ਤਰ੍ਹਾਂ ਦੀਆਂ ਉਸਾਰੀਆਂ ਕਰ ਲਈਆਂ ਸਨ। ਸਰਕਾਰ ਨੇ ਕੰਪਨੀ ਦਾ ਸਾਥ ਦਿੱਤਾ ਅਤੇ ਗ਼ੈਰਕਾਨੂੰਨੀ ਵਿਸਤਾਰ ਨੂੰ ਮਨਜ਼ੂਰੀ ਦੇ ਦਿੱਤੀ।

ਇਸਦੇ ਖ਼ਿਲਾਫ਼ ਮਾਮਲਾ ਇਕ ਵਾਰ ਫਿਰ ਅਦਾਲਤ ਵਿਚ ਪਹੁੰਚ ਗਿਆ। 2010 ਵਿਚ ਮਦਰਾਸ ਹਾਈਕੋਰਟ ਨੇ ਪਲਾਂਟ ਬੰਦ ਕਰਨ ਦਾ ਆਦੇਸ਼ ਦਿੱਤਾ। ਸੁਪਰੀਮ ਕੋਰਟ ਨੇ ਮਾਰਚ 2013 ਵਿਚ ਕੰਪਨੀ ਨੂੰ 100 ਕਰੋੜ ਰੁਪਏ ਜੁਰਮਾਨਾ ਕੀਤਾ। ਲੇਕਿਨ ਕੰਪਨੀ ਨੇ ਨੈਸ਼ਨਲ ਗਰੀਨ ਟ੍ਰਿਬਿਊਨਲ ਤੋਂ ਆਪਣੇ ਹੱਕ ਵਿਚ ਰਿਪੋਰਟ ਤਿਆਰ ਕਰਵਾਕੇ ਪਲਾਂਟ ਮੁੜ ਚਾਲੂ ਕਰ ਲਿਆ। ਇਸ ਤੋਂ ਬਾਦ ਕਈ ਵਾਰ ਗੈਸ ਲੀਕ ਹੋਈ, ਲੋਕ ਮਾਰੇ ਗਏ। ਪੀੜਤ ਲੋਕ ਲਗਾਤਾਰ ਵਿਰੋਧ ਕਰਦੇ ਰਹੇ, ਪਰ ਹੁਕਮਰਾਨਾਂ ਦੀ ਮਿਲੀਭੁਗਤ ਨਾਲ ਪਲਾਂਟ ਚਲਦਾ ਰਿਹਾ। ਇਸ ਸਾਲ ਕੰਪਨੀ ਵਲੋਂ ਪਲਾਂਟ ਦਾ ਹੋਰ ਵਿਸਤਾਰ ਕਰਨ ਦੇ ਮਨਸੂਬਿਆਂ ਨੂੰ ਰੋਕਣਾ ਲੋਕਾਂ ਲਈ ਜ਼ਿੰਦਗੀ ਦਾ ਸਵਾਲ ਬਣ ਗਿਆ ਅਤੇ ਪਹਿਲੇ ਦੋਨਾਂ ਪਲਾਂਟਾਂ ਨੂੰ ਬੰਦ ਕਰਨ ਦੀ ਮੰਗ ਫਿਰ ਜ਼ੋਰ ਫੜ ਗਈ।

2014 ਵਿਚ ਸੰਘ ਬਰਗੇਡ ਨੇ ਸੱਤਾ ਵਿਚ ਆਕੇ ਤੁਰੰਤ ਕਾਰਪੋਰੇਟ ਪ੍ਰੋਜੈਕਟਾਂ ਨੂੰ ਵੱਡੀ ਰਾਹਤ ਦਿੱਤੀ ਸੀ। ਦਸੰਬਰ 2014 ਵਿਚ ਮੋਦੀ ਸਰਕਾਰ ਨੇ ਗਰੀਨ ਰੈਗੂਲੇਸ਼ਨਜ਼ ਦੀ ਜੋ ਨਵੀਂ ਵਿਆਖਿਆ ਦਿੱਤੀ ਉਹ ਪ੍ਰੋਜੈਕਟ ਲੱਗਣ ਨਾਲ ਪ੍ਰਭਾਵਤ ਹੋਣ ਵਾਲੇ ਇਲਾਕਿਆਂ ਦੇ ਲੋਕਾਂ ਦਾ ਪੱਖ ਜਨਤਕ ਤੌਰ 'ਤੇ ਸੁਣਨ ਤੋਂ ਬਿਨਾ ਹੀ ਪ੍ਰੋਜੈਕਟ ਲਗਾਉਣ ਦੀ ਖੁੱਲ੍ਹ ਸਰਮਾਏਦਾਰ ਕਾਰੋਬਾਰੀਆਂ ਨੂੰ ਦਿੰਦੀ ਸੀ। 'ਸਪਸ਼ਟੀਕਰਨ' ਦੇ ਨਾਂ ਹੇਠ ਤੱਤਕਾਲੀ ਵਾਤਾਵਰਣ ਮੰਤਰੀ ਦੇ ਹੁਕਮਾਂ ਨੇ ਲਟਕ ਰਹੇ ਪ੍ਰੋਜੈਕਟਾਂ ਦਾ ਰਾਹ ਪੱਧਰਾ ਕਰ ਦਿੱਤਾ। ਭਾਵੇਂ ਨੈਸ਼ਨਲ ਗਰੀਨ ਟ੍ਰਿਬਿਊਨਲ ਵਲੋਂ ਇਸ ਦੇ ਖ਼ਿਲਾਫ਼ ਸਟੈਂਡ ਲੈਣ ਕਾਰਨ ਵਾਤਾਵਰਣ ਮੰਤਰਾਲੇ ਨੂੰ ਨਵੇਂ ਹੁਕਮ ਜਾਰੀ ਕਰਨੇ ਪਏ ਲੇਕਿਨ ਇਹ ਵੇਦਾਂਤ ਸਮੂਹ ਲਈ ਕੌਪਰ ਪਲਾਂਟ ਦੇ ਗ਼ੈਰਕਾਨੂੰਨੀ ਵਿਸਤਾਰ ਲਈ ਬਹੁਤ ਕਾਰਆਮਦ ਹਥਿਆਰ ਸੀ। ਇਸੇ ਦੌਰਾਨ ਮਾਰਚ 2015 ਵਿਚ ਵਾਤਾਵਰਣ ਮੰਤਰਾਲੇ ਵਲੋਂ ਵੇਦਾਂਤ ਦੀ ਵਾਤਾਵਰਣ ਕਲੀਰੈਂਸ ਦਸੰਬਰ 2018 ਤਕ ਵਧਾ ਦਿੱਤੀ ਗਈ। ਐਨੀ ਡੂੰਘੀ ਹੈ ਵੇਦਾਂਤ ਅਤੇ ਮੋਦੀ ਸਰਕਾਰ ਦੀ ਮਿਲੀਭੁਗਤ ਜਿਸ ਵਿਰੁੱਧ ਲੋਕ ਆਪਣੀ ਧਰਤੀ ਨੂੰ ਬਚਾਉਣ ਲਈ ਲੜ ਰਹੇ ਹਨ। ਇਹ ਹੈ ਵੇਦਾਂਤ ਦਾ ਖ਼ੂਨੀ ਚਿਹਰਾ ਜਿਸਦੇ ਮੁਖੀ ਅਗਰਵਾਲ ਨੇ 2014 ਵਿਚ ਐਲਾਨ ਕੀਤਾ ਸੀ ਕਿ ਉਹ ਆਪਣੀ ਦੌਲਤ ਦਾ 75ਫ਼ੀਸਦੀ, ਯਾਨੀ ਤਕਰੀਬਨ 23000 ਕਰੋੜ ਰੁਪਏ, ਦਾਨ-ਪੁੰਨ ਦੇ ਕੰਮਾਂ ਉੱਪਰ ਖ਼ਰਚ ਕਰੇਗਾ। ਐਸੀ ਦਾਨ-ਪੁੰਨ ਕਰਨ ਵਾਲੀ ਕੰਪਨੀ ਦੀ ਸੇਵਾ ਲਈ ਤਾਮਿਲਨਾਡੂ ਦੀ ਪੂਰੀ ਸਰਕਾਰ ਪੂਰੀ ਤਨਦੇਹੀ ਨਾਲ ਇਸ ਦੀ ਨਿੱਜੀ ਫ਼ੌਜ ਵਜੋਂ ਕੰਮ ਕਰ ਰਹੀ ਹੈ ਜਿਸ ਨੂੰ ਆਪਣੇ ਹੀ ਲੋਕਾਂ ਨੂੰ ਲਾਸ਼ਾਂ ਦੇ ਢੇਰ ਵਿਚ ਬਦਲਣ ਤੋਂ ਵੀ ਗੁਰੇਜ਼ ਨਹੀਂ ਹੈ। ਇਹ ਹੈ ਉਸ ਵਿਕਾਸ ਦਾ ਅਸਲ ਚਿਹਰਾ ਜੋ ਕੇਂਦਰੀ ਹਿੱਸੇ ਵਿਚ ਮੁਕਾਬਲਿਆਂ ਰਾਹੀਂ ਲੋਕਾਂ ਨੂੰ ਕਤਲ ਕਰ ਰਿਹਾ ਹੈ ਅਤੇ ਤਾਮਿਲਨਾਡੂ ਵਿਚ ਹਿੰਸਕ ਹਜੂਮ ਨੂੰ ਰੋਕਣ ਦੇ ਨਾਂ ਹੇਠ ਲਾਸ਼ਾਂ ਵਿਛਾ ਰਿਹਾ ਹੈ।

# ਕਿਉਂ ਧੁੰਦਲਾ ਹੋਇਆ ਨੌਜੁਆਨਾਂ ਦਾ ਭਵਿੱਖ ?



ਗੁਰਚਰਨ ਸਿੰਘ
ਨੂਰਪੁਰ
98550-51099

ਜਦੋਂ ਆਪਣੇ ਪੁਰਖਿਆਂ ਦੀ ਧਰਤੀ 'ਤੇ ਅਗਲੀ ਪੀੜ੍ਹੀ ਦਾ ਭਵਿੱਖ ਗੁਆਚ ਜਾਵੇ, ਭ੍ਰਿਸ਼ਟਾਚਾਰ ਦਾ ਵਰਤਾਰਾ ਵਿਕਰਾਲ ਰੂਪ ਧਾਰਨ ਕਰ ਲਵੇ, ਕਾਣੀ ਵੰਡ ਹੱਦਾਂ ਬੰਨੇ ਪਾਰ ਕਰ ਜਾਵੇ ਤਾਂ ਲੋਕ ਚੰਗੇ ਭਵਿੱਖ ਲਈ ਦੂਜੀਆਂ ਧਰਤੀਆਂ ਦਾ ਰੁਖ਼ ਕਰਨ ਲਈ ਮਜਬੂਰ ਹੋ ਜਾਂਦੇ ਹਨ।

ਅੱਜ ਹਾਲਾਤ ਇੰਨੇ ਨਿੱਘਰ ਗਏ ਹਨ ਕਿ ਸੋਚਵਾਨ ਲੋਕ ਹੁਣ ਇਹ ਸੋਚਦੇ ਹਨ ਕਿ ਉਨ੍ਹਾਂ ਦੀ ਔਲਾਦ ਬੇਸ਼ੱਕ ਉਨ੍ਹਾਂ ਕੋਲ ਨਾ ਰਹੇ, ਉਹ ਵਿਦੇਸ਼ ਚਲੀ ਜਾਵੇ ਜਿੱਥੇ ਉਹ ਸੁਰੱਖਿਅਤ ਰਹਿ ਸਕਣ। ਇਹ ਸਾਡੇ ਸਮਾਜ ਦੀ ਤ੍ਰਾਸਦੀ ਨਹੀਂ ਤਾਂ ਹੋਰ ਕੀ ਹੈ? ਹਰੀਆਂ ਚਿੱਟੀਆਂ ਕ੍ਰਾਂਤੀਆਂ ਤੇ ਇਨਕਲਾਬਾਂ ਤੋਂ ਬਾਅਦ ਵੀ ਇੱਥੇ ਆਮ ਲੋਕਾਂ ਦੀਆਂ ਜਿਊਣ ਹਾਲਤਾਂ ਨਹੀਂ ਬਦਲੀਆਂ। ਜ਼ਮੀਨ ਤੋਂ ਵਾਂਝੇ ਕਰ ਦਿੱਤੇ ਗਏ ਕਿਸਾਨ, ਮਜ਼ਦੂਰ ਬਣ ਰਹੇ ਹਨ। ਪਿਛਲੇ ਅਰਸੇ ਤੋਂ ਹਾਲਾਤ ਇਹ ਬਣ ਰਹੇ ਹਨ ਕਿ ਦੇਸ਼ ਦਾ ਸਰਮਾਇਆ ਅਤੇ ਸਾਧਨ ਕੁਝ ਲੋਕਾਂ ਤਕ ਸੀਮਤ ਹੁੰਦੇ ਜਾ ਰਹੇ ਹਨ। ਸਰਕਾਰਾਂ ਦੇਸ਼ ਦੇ ਲੋਕਾਂ ਅਤੇ ਕਾਰਪੋਰੇਟਰਾਂ ਦਰਮਿਆਨ ਦਲਾਲਾਂ ਦਾ ਕੰਮ ਕਰਦੀਆਂ ਨਜ਼ਰ ਆ ਰਹੀਆਂ ਹਨ। ਦੇਸ਼ ਦੀ 40 ਫ਼ੀਸਦੀ ਵਸੋਂ ਨੂੰ ਰੋਟੀ ਦੇ ਲਾਲੇ ਪਏ ਹੋਏ ਹਨ। ਗ਼ਰੀਬੀ ਮੰਦਹਾਲੀ ਦੇ ਝੰਬੇ ਛੋਟੇ ਕਿਸਾਨਾਂ, ਛੋਟੇ ਦੁਕਾਨਦਾਰਾਂ ਅਤੇ ਮਜ਼ਦੂਰਾਂ ਦੇ ਬੱਚੇ ਦੂਜੇ ਮੁਲਕਾਂ ਵੱਲ ਪਰਵਾਸ ਕਰਨ ਲਈ ਮਜਬੂਰ ਹਨ।

ਖੇਤੀ ਪ੍ਰਧਾਨ ਸਾਡੇ ਮੁਲਕ ਦੀਆਂ ਸਰਕਾਰਾਂ ਦਾ ਨਾ ਤਾਂ ਇਸ ਗੱਲ ਵੱਲ ਧਿਆਨ ਹੈ ਕਿ ਇੱਥੇ ਖੇਤੀਬਾੜੀ ਨੂੰ ਬਚਾ ਲਿਆ ਜਾਵੇ, ਨਾ ਹੀ ਇਸ ਵੱਲ ਕਿ ਲੋਕਾਂ ਨੂੰ ਵੱਧ ਤੋਂ ਵੱਧ ਨੌਕਰੀਆਂ ਮਿਲਣ, ਨਾ ਇਸ ਲਈ ਕੋਈ ਤਰੱਦਦ ਹੀ ਹੋ ਰਿਹਾ ਹੈ ਕਿ ਛੋਟੀਆਂ ਸਨਅਤਾਂ ਨੂੰ ਬਚਾਇਆ ਜਾਵੇ। ਹੁਨਰਮੰਦ ਨੌਜੁਆਨਾਂ ਲਈ ਕਿਸ ਤਰ੍ਹਾਂ ਅਤੇ ਕਿੱਥੋਂ ਕਿਵੇਂ ਰੁਜ਼ਗਾਰ ਪੈਦਾ ਕਰਨੇ ਹਨ, ਇਸ ਪਾਸੇ ਸਰਕਾਰਾਂ ਦਾ ਧਿਆਨ ਨਹੀਂ। ਵਿਕਾਸ ਦੇ ਗੈਸੀ ਗੁਬਾਰੇ ਛੱਡੇ ਜਾ ਰਹੇ ਹਨ। ਜੇਕਰ ਅੱਜ ਵੀ ਸਾਡੇ ਨੌਜੁਆਨ ਇਰਾਕ, ਸੀਰੀਆ ਵਰਗੇ ਮੁਲਕਾਂ ਵਿੱਚ ਰੋਜ਼ੀ ਰੋਟੀ ਲਈ ਭਟਕਦੇ ਹਨ ਤਾਂ ਜਿਸ ਵਿਕਾਸ ਦੇ ਜਲੌਅ ਦੇ ਦਾਅਵੇ ਸਾਡੀਆਂ ਸਰਕਾਰਾਂ ਕਰਦੀਆਂ ਹਨ, ਹਕੀਕਤ ਵਿੱਚ ਉਹ ਇੰਨਾ ਖੋਖਲਾ ਕਿਉਂ ਹੈ? ਹਕੀਕਤ ਇਹ ਹੈ ਕਿ ਬਹੁਤੀਆਂ ਰਾਜਸੀ ਪਾਰਟੀਆਂ ਦਾ ਮਕਸਦ ਚੋਣਾਂ ਜਿੱਤਣੀਆਂ, ਸੱਤਾ 'ਤੇ ਬਣੇ ਰਹਿਣਾ ਅਤੇ ਅਗਲੀਆਂ ਚੋਣਾਂ ਜਿੱਤਣੀਆਂ ਹੀ ਸਭ ਤੋਂ ਵੱਡਾ ਮਕਸਦ ਬਣ ਗਿਆ। ਦੇਸ਼ ਦੇ ਲੋਕ ਕਿਸ ਹਾਲ ਵਿੱਚ ਹਨ? ਇਸ ਨਾਲ ਉਨ੍ਹਾਂ ਨੂੰ ਕੋਈ ਵਾਸਤਾ ਨਹੀਂ। ਮੌਜੂਦਾ ਦੌਰ ਦੇ ਅਸਾਵੇਂ ਵਿਕਾਸ ਨੇ ਦਹਾਕਿਆਂ ਤੋਂ ਮੰਦਹਾਲੀ ਦਾ ਜੀਵਨ ਜਿਉਂ ਰਹੇ ਹੇਠਲੇ ਤਬਕੇ ਅਤੇ ਕੁਝ ਹੱਦ ਤਕ ਮੱਧਵਰਗੀ ਲੋਕਾਂ ਨੂੰ ਇਹ ਅਹਿਸਾਸ ਕਰਾ ਦਿੱਤਾ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਉਨ੍ਹਾਂ ਦੀਆਂ ਔਲਾਦਾਂ ਦਾ ਇਸ ਧਰਤੀ 'ਤੇ ਕੋਈ ਵਧੀਆ ਭਵਿੱਖ ਨਹੀਂ।

ਦੇਸ਼ ਵਿੱਚ ਬਦਲ ਬਦਲ ਕੇ ਰਾਜ ਕਰਨ ਵਾਲੀਆਂ ਸਰਕਾਰਾਂ ਦੀ ਕਦੇ ਇਹ ਸੋਚ ਨਹੀਂ ਬਣੀ ਕਿ ਇੱਥੇ ਸੁਚੱਜਾ ਲੋਕਪੱਖੀ ਪ੍ਰਸ਼ਾਸਨਿਕ ਢਾਂਚਾ ਉਸਾਰਿਆ ਜਾਵੇ। ਸਦੀਆਂ ਤੋਂ ਗ਼ੁਲਾਮੀ ਭੋਗਦੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਿਆ ਜਾਵੇ। ਇਸ ਤੋਂ ਬਿਲਕੁਲ ਉਲਟ ਇੱਥੇ ਰਾਜ ਭਾਗ ਕਰਨ ਵਾਲੇ ਤਾਂ ਧਨੀਆਂ ਤੋਂ ਧਨਾਢ ਬਣਦੇ ਗਏ, ਪਰ ਗ਼ਰੀਬੀ ਮੰਦਹਾਲੀ ਭੋਗਦੇ ਲੋਕਾਂ ਵੱਲ ਕਿਸੇ ਧਿਆਨ ਨਹੀਂ ਦਿੱਤਾ। ਉਹ ਸਿਰਫ਼ ਵੋਟ ਬਣਕੇ ਰਹਿ ਗਏ ਅਤੇ ਉਨ੍ਹਾਂ ਨੂੰ ਦੱਸਿਆ ਗਿਆ ਕਿ 'ਵੋਟ' ਦੀ ਤਾਕਤ ਵੀ ਥੋੜ੍ਹੀ ਤਾਕਤ ਨਹੀਂ ਹੁੰਦੀ। ਇੱਕ ਚਪੜਾਸੀ ਦੀ ਨੌਕਰੀ ਹਾਸਲ ਕਰਨ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਪੜ੍ਹੇ ਲਿਖੇ ਲੋਕ ਲਾਈਨ ਵਿੱਚ ਆ ਖੜ੍ਹੇ ਹੁੰਦੇ ਹਨ। ਇਹ ਮੁਲਕ ਦੀ ਅਤਿ ਸ਼ਰਮਨਾਕ ਸਥਿਤੀ ਨਹੀਂ ਤਾਂ ਹੋਰ ਕੀ ਹੈ?

ਅੱਜ ਜੋ ਇੱਥੋਂ ਪਰਵਾਸ ਹੋ ਰਿਹਾ ਹੈ ਉਹ ਦੋ ਤਰ੍ਹਾਂ ਦਾ ਹੈ ਇੱਕ ਤਾਂ ਕੁਝ ਪੈਸੇ ਵਾਲੇ ਲੋਕ ਲੱਖਾਂ ਰੁਪਏ ਟਰੈਵਲ ਏਜੰਟਾਂ ਨੂੰ ਦੇ ਕੇ ਵਿਕਸਤ ਮੁਲਕਾਂ ਵਿੱਚ ਜਾਣ ਲੱਗੇ ਹਨ। ਦੂਜੀ ਕਿਸਮ ਦੇ ਪਰਵਾਸ ਵਿੱਚ ਦੇਸ਼ ਦੇ ਵੱਡੀ ਗਿਣਤੀ ਗ਼ਰੀਬ ਗੁਰਬੇ ਲੋਕ ਕੁਝ ਪੈਸਿਆਂ ਦਾ ਜੁਗਾੜ ਕਰਕੇ ਅਰਬ ਮੁਲਕਾਂ ਵਿੱਚ ਜਾਣ ਲਈ ਮਜਬੂਰ ਹਨ। ਇੱਥੇ ਇਨ੍ਹਾਂ ਦਾ ਰੱਜ ਕੇ ਸ਼ੋਸ਼ਣ ਵੀ ਕੀਤਾ ਜਾਂਦਾ ਹੈ। ਇਹ ਨੌਜੁਆਨ ਇਸ ਆਸ ਨਾਲ ਇਨ੍ਹਾਂ ਮੁਲਕਾਂ ਦਾ ਰੁਖ਼ ਕਰਦੇ ਹਨ ਕਿ ਉਨ੍ਹਾਂ ਦੇ ਬੱਚੇ ਪੜ੍ਹ ਲਿਖ ਜਾਣਗੇ ਅਤੇ ਉਨ੍ਹਾਂ ਦਾ ਭਵਿੱਖ ਸੰਵਰ ਜਾਵੇਗਾ, ਪਰ ਇਨ੍ਹਾਂ ਵਿੱਚੋਂ ਬਹੁਤੇ ਇੱਥੋਂ ਦੀਆਂ ਜੇਲ੍ਹਾਂ ਵਿੱਚ ਰੁਲ ਰਹੇ ਹਨ। ਸਰਕਾਰਾਂ ਵੱਲੋਂ ਇਹ ਬਿਆਨਬਾਜ਼ੀ ਹੁੰਦੀ ਹੈ ਕਿ ਸੋਚ ਵਿਚਾਰ ਕੇ ਬਾਹਰ ਜਾਣਾ ਚਾਹੀਦਾ ਹੈ। ਇਹ ਠੀਕ ਵੀ ਹੈ। ਪਰ ਇਹ ਬਿਆਨ ਕਿਉਂ ਨਹੀਂ ਆਉਂਦਾ ਕਿ ਇੱਥੇ ਹੀ ਅਜਿਹੇ ਹਾਲਾਤ ਪੈਦਾ ਕੀਤੇ ਜਾਣਗੇ ਕਿ ਨੌਜੁਆਨਾਂ ਨੂੰ ਬਾਹਰ ਭੱਜਣ ਦੀ ਲੋੜ ਨਹੀਂ ਰਹੇਗੀ। ਇੱਥੇ ਹੀ ਰੁਜ਼ਗਾਰ ਅਤੇ ਚੰਗੇ ਪ੍ਰਸ਼ਾਸਨਿਕ ਢਾਂਚੇ ਦੀ ਉਸਾਰੀ ਆਖਿਰ ਕਦੋਂ ਕੀਤੀ ਜਾਵੇਗੀ?

ਇਹ ਪਰਵਾਸ ਕੇਵਲ ਦੇਸ਼ ਦੀ ਜੁਆਨੀ ਦਾ ਪਰਵਾਸ ਹੀ ਨਹੀਂ ਹੈ, ਇਸ ਨਾਲ ਸਾਡੇ ਦੇਸ਼ 'ਚੋਂ ਹੁਨਰ ਰੁਖ਼ਸਤ ਹੋ ਰਿਹਾ ਹੈ, ਸਾਡੀਆਂ ਸਰਕਾਰਾਂ ਬੌਧਿਕਤਾ ਨੂੰ ਦੇਸ਼ ਨਿਕਾਲਾ ਦੇ ਰਹੀਆਂ ਹਨ। ਇਹ ਪਰਵਾਸ ਸਾਡੀ ਧਰਤੀ ਮਾਂ ਦੇ ਹਿੱਸੇ ਆਉਂਦੇ ਹਾਸੇ, ਚਾਵਾਂ, ਮਲਾਰਾਂ ਦਾ ਪਰਵਾਸ ਵੀ ਹੈ। ਥੁੜ੍ਹਾਂ ਅਤੇ ਕਰਜ਼ਿਆਂ ਦੇ ਸੰਤਾਪ ਸਾਡੇ ਹੀ ਹਿੱਸੇ ਕਿਉਂ ਆਉਂਦੇ ਹਨ ਅਤੇ ਬਦਲ ਬਦਲ ਕੇ ਰਾਜਗੱਦੀਆਂ ਦਾ ਨਿੱਘ ਮਾਣਨ ਵਾਲਿਆਂ ਦੀਆਂ ਜਗੀਰਾਂ ਜਾਇਦਾਦਾਂ ਦਿਨ ਰਾਤ ਕਿਵੇਂ ਵਧਦੀਆਂ ਹਨ? ਅਜਿਹੇ ਹੋਰ ਕਈ ਸਵਾਲ ਖੜ੍ਹੇ ਕਰਨ ਲਈ ਭਾਰਤੀ ਲੋਕਾਂ ਨੂੰ ਵਿਵੇਕਸ਼ੀਲ ਹੋਣ ਦੀ ਲੋੜ ਹੈ।

# ਔਰਤਾਂ ਅਤੇ ਬੱਚਿਆਂ ਨਾਲ ਇਹੋ ਜਿਹੇ ਅਪਰਾਧ ਕਿਉਂ ਵੱਧ ਰਹੇ ਹਨ ?

ਬਲਰਾਜ ਕਾਹਲੋਂ ਬਰੈਂਪਟਨ
647-537-1917

ਮਹਾਨ ਸਿੱਖਿਆ ਸ਼ਾਸਤਰੀ ਅਤੇ ਅਧਿਆਪਕ ਵਸੀਲੀ ਸੁਖੋਮਲੀਂਸਕੀ ਨੇ ਕਿਹਾ ਸੀ ਕਿ "ਬਾਲਮਨ ਉਸ ਗੁਲਾਬ ਦੇ ਫੁੱਲ ਵਾਂਗ ਹੈ ਜਿਸ ਉਤੇ ਤ੍ਰੇਲ ਦੀਆਂ ਬੂੰਦਾਂ ਪਈਆਂ ਹੋਈਆਂ ਹਨ ਅਤੇ ਅਸੀਂ ਇਸ ਨੂੰ ਇਸ ਤਰ੍ਹਾਂ ਛੂਹਣਾ ਹੈ ਕਿ ਇਕ ਵੀ ਬੂੰਦ ਢਿੱਗ ਨਾ ਪਾਏ।" ਪਰ ਜਦੋਂ ਕਠੂਆ (ਜੰਮੂ) ਵਿਚ ਅੱਠ ਸਾਲ ਦੀ ਆਸਿਫਾ ਨਾਂ ਦੀ ਬੱਚੀ ਬਾਰੇ ਪਤਾ ਲੱਗਿਆ ਕਿ ਉਸ ਨੂੰ ਬੰਦੀ ਬਣਾ ਕੇ, ਅੱਠ ਦਿਨਾਂ ਤੱਕ ਨਸ਼ੀਲੀਆਂ ਦਵਾਈਆਂ ਖੁਵਾਕੇ ਉਸ ਨਾਲ ਸਮੂਹਿਕ ਬਲਾਤਕਾਰ ਹੁੰਦਾ ਰਿਹਾ ਹੈ ਅਤੇ ਫਿਰ ਉਸ ਦਾ ਗਲਾ ਘੁੱਟ ਕੇ ਸਿਰ 'ਚ ਪੱਥਰ ਮਾਰਕੇ ਮਾਰ ਦਿੱਤਾ ਗਿਆ ਤਾਂ ਦੁਨੀਆਂ ਦੇ ਹਰ ਨਿਆਂਪਸੰਦ ਬੰਦੇ ਦਾ ਦਿਲ ਹੀ ਵਲੂੰਦਰਿਆ ਗਿਆ। ਉਸ ਨੂੰ ਨਿਆਂ ਦੁਆਉਣ ਲਈ ਲੋਕ ਸੜਕਾਂ 'ਤੇ ਹਨ ਤੇ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ ਪਰ ਦੂਜੇ ਪਾਸੇ, ਇਹ ਸਭ ਉਸ ਨਾਲ ਇਕ ਸਾਜ਼ਿਸ਼ ਤਹਿਤ ਇਸ ਲਈ ਕੀਤਾ ਗਿਆ ਕਿਉਂਕਿ ਪੁਜਾਰੀ ਸਾਂਝੀਰਾਮ ਵਰਗੇ ਚਾਹੁੰਦੇ ਸਨ ਕਿ ਬਕਰਵਾਲ ਭਾਈਚਾਰੇ ਦੇ ਮੁਸਲਮਾਨ ਉਥੋਂ ਚਲੇ ਜਾਣ। ਇਸ ਪੂਰੀ ਯੋਜਨਾ ਵਿਚ ਪੁਲਿਸ ਵੀ ਮਿਲੀ ਹੋਈ ਸੀ। ਦੋਸ਼ੀਆਂ ਦੇ ਹੱਕ ਵਿਚ ਤਿਰੰਗਾ ਲਹਿਰਾਕੇ ਮਾਰਚ ਕੱਢਿਆ ਗਿਆ ਤੇ "ਭਾਰਤ ਮਾਤਾ ਦੀ ਜੈ" ਦੇ ਨਾਅਰੇ ਲਾਏ ਗਏ। ਫਿਰ ਕਠੂਠਾ ਬਾਰ ਕੌਂਸਲ ਦੇ ਵਕੀਲਾਂ ਵਲੋਂ ਪੁਲਿਸ ਨੂੰ ਚਾਰਜਸ਼ੀਟ ਦਾਖਲ ਕਰਨ ਤੋਂ ਰੋਕਣ ਦੀ ਨਾਕਾਮ ਕੋਸ਼ਿਸ਼ ਕੀਤੀ ਗਈ। ਇਸ ਪੂਰੇ ਘਟਨਾਕ੍ਰਮ ਨੇ ਕਈ ਸਵਾਲ ਸਾਡੇ ਸਾਹਮਣੇ ਖੜ੍ਹੇ ਕਰ ਦਿੱਤੇ ਕਿ ਅਸੀਂ ਕਿਵੇਂ ਦੇ ਸਮਾਜ ਵਿਚ ਰਹਿ ਰਹੇ ਹਾਂ? ਔਰਤਾਂ ਅਤੇ ਬੱਚਿਆਂ ਨਾਲ ਇਹੋ ਜਿਹੇ ਅਪਰਾਧ ਕਿਉਂ ਵੱਧ ਰਹੇ ਹਨ? ਸਾਡੀ ਸਰਕਾਰ ਦਾ ਚਰਿੱਤਰ ਕਿਵੇਂ ਦਾ ਹੋ ਰਿਹਾ ਹੈ? ਅਸੀਂ ਇਨ੍ਹਾਂ ਸਾਰਿਆਂ ਸਵਾਲਾਂ ਦੇ ਜਵਾਬਾਂ ਦੇ ਲਈ ਅਸੀਂ ਔਰਤ ਦੀ ਗੁਲਾਮੀ ਬਾਰੇ ਗੱਲ ਕਰਾਂਗੇ ਅਤੇ ਉਸ ਦੀ ਮੁਕਤੀ ਦਾ ਰਾਹ ਕੀ ਹੋਵੇਗਾ, ਇਸ ਬਾਰੇ ਵੀ ਗੱਲ ਕਰਾਂਗੇ।

ਆਪਣੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਇਕ ਗੱਲ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਔਰਤ ਮੁਕਤੀ ਲਹਿਰ ਦੀਆਂ ਵੱਖ-ਵੱਖ ਧਰਾਵਾਂ ਵਲੋਂ ਅਕਸਰ ਹੀ ਔਰਤ ਦੀ ਗੁਲਾਮੀ ਬਾਰੇ ਸਮਾਜ, ਸਰੀਰਕ ਅਤੇ ਭਾਵਨਾਤਮਕ ਪੱਖਾਂ ਉਤੇ ਬਹੁਤ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਪਰ ਉਸ ਦੀ ਗੁਲਾਮੀ ਦੇ ਅਸਲ ਕਾਰਨ ਆਰਥਿਕ ਆਧਾਰ ਵੱਲ ਬਹੁਤ ਹੀ ਘੱਟ। ਇਸ ਸਭ ਦੇ ਪਿਛੇ ਵੀ ਕਾਰਨ ਇਹ ਹੈ ਕਿ ਔਰਤ ਨਾਲ ਹੋਣ ਵਾਲੇ ਜਬਰ ਜੁਲਮਾਂ ਵਿਚ ਸਰੀਰਕ ਜੁਰਮ ਤੇ ਲੁੱਟ, ਭਾਵਨਾਤਮਕ ਪੀੜਾਂ ਤੇ ਸਮਾਜਕ ਅਨਿਆਂ 'ਤੇ ਭੇਦ ਭਾਵ ਸਭ ਨੂੰ ਸਪਸ਼ਟ ਦਿਖਾਈ ਦਿੰਦੇ ਹਨ, ਪਰ ਇਨ੍ਹਾਂ ਸਭ ਜੁਰਮਾਂ ਦੀ ਬੁਨਿਆਦ ਵਿਚ ਛੁਪਿਆ ਆਰਥਿਕ ਆਧਾਰ ਕਿਸੇ ਨੂੰ ਨਹੀਂ ਦਿਸਦਾ। ਇਸੇ ਲਈ ਔਰਤ ਦੀ ਗੁਲਾਮੀ ਦੇ ਇਸ ਮੁੱਖ ਕਾਰਨ ਵੱਲ ਧਿਆਨ ਬਹੁਤ ਘੱਟ ਦਿੱਤਾ ਜਾਂਦਾ ਹੈ, ਸਮਾਜਕ ਮਾਨਤਾਵਾਂ ਤੇ ਪ੍ਰੰਪਰਾਵਾਂ ਵੱਲ ਵੱਧ। ਇਸ ਲਈ ਔਰਤ ਮੁਕਤੀ ਦੇ ਸਹੀ ਰਾਹ ਲਈ ਔਰਤ ਦੀ ਗੁਲਾਮੀ ਦੇ ਆਰਥਿਕ ਆਧਾਰ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ।

ਮਨੁੱਖ ਜਾਤੀ ਦੇ ਇਤਿਹਾਸ ਵੱਲ ਜਦੋਂ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਔਰਤ ਹਮੇਸ਼ਾ ਤੋਂ ਗੁਲਾਮ ਨਹੀਂ ਸੀ। ਆਦਿਮ ਸਾਮਵਾਦ ਦੇ ਇਕ ਦੋ ਲੰਮੇ ਦੌਰ ਵਿਚ ਔਰਤਾਂ ਮਰਦਾਂ ਦੇ ਬਰਾਬਰ ਹੀ ਹੱਕ ਰੱਖਦੀਆਂ ਸਨ। ਸ਼ੁਰੂਆਤੀ ਦੌਰ ਵਿਚ ਜਦੋਂ ਮਨੁੱਖ ਜਾਨਵਰਾਂ ਦੇ ਪੱਧਰ ਤੋਂ ਥੋੜ੍ਹਾ ਹੀ ਉਪਰ ਉਠਿਆ ਸੀ ਉਦੋਂ ਮਨੁੱਖਾਂ ਵਿਚ ਟੱਬਰ ਦੀ ਕੋਈ ਹੋਂਦ ਨਹੀਂ ਸੀ। ਮਨੁੱਖ ਟੋਲੀਆਂ ਦੇ ਰੂਪ ਵਿਚ ਰਹਿੰਦੇ ਸਨ। ਮਰਦਾਂ ਦੀ ਪੂਰੀ ਟੋਲੀ ਧਰਮਪਰ ਰੂਪ ਵਿਚ ਔਰਤਾਂ ਦੀ ਪੂਰੀ ਟੋਲੀ ਨਾਲ ਵਿਆਹੀ ਹੋਈ ਹੁੰਦੀ ਸੀ। ਉਨ੍ਹਾਂ ਵਿਚ ਖੁੱਲ੍ਹੇ ਲਿੰਗ ਸਬੰਧ ਹੁੰਦੇ ਸਨ ਅਤੇ ਪੂਰੀ ਟੋਲੀ ਦੇ ਬੱਚੇ ਵੀ ਸਾਂਝੇ ਹੁੰਦੇ ਸਨ। ਸਾਰੇ ਮਰਦ ਬਾਪ ਅਤੇ ਸਾਰੀਆਂ ਔਰਤਾਂ ਮਾਵਾਂ ਹੁੰਦੀਆਂ ਸਨ ਅਤੇ ਉਹ ਸਾਰੇ ਬੱਚਿਆਂ ਲਈ ਇਕ ਹੀ ਤਰ੍ਹਾਂ ਫਰਜ਼ ਨਿਭਾਉਂਦੇ ਨ। ਬੱਚਿਆਂ ਦੇ ਬਾਪ ਦੀ ਕੋਈ ਪਛਾਣ ਨਹੀਂ ਹੁੰਦੀ ਸੀ। ਬੱਚੇ ਮਾਂ ਤੋਂ ਪਛਾਣੇ ਜਾਂਦੇ ਸਨ ਤੇ ਇਸ ਤਰ੍ਹਾਂ ਮਾਤਰੀ ਲੀਹ ਵਿਕਸਿਤ ਹੋਈ। ਇਹ ਟੋਲੀਆਂ ਰੋਜ਼ੀ ਰੋਟੀ ਵਜੋਂ ਕੰਧ ਮੂਲ ਇਕੱਠਾ ਕਰਨ ਅਤੇ ਸ਼ਿਕਾਰ ਤੇ ਨਿਰਭਰ ਕਰਦੀਆਂ ਸਨ। ਇਥੇ ਕੋਈ ਕੰਮ ਦੀ ਵੰਡ ਨਹੀਂ ਸੀ। ਸਾਰੇ ਕਾਮੇ ਸਨ ਤੇ ਸਭ ਬਰਾਬਰ।



ਜਿਵੇਂ-ਜਿਵੇਂ ਸੰਦਾਂ ਦਾ ਵਿਕਾਸ ਹੋਇਆ, ਇਸ ਨੇ ਸ਼ਿਕਾਰ ਕਰਨਾ ਅਤੇ ਕੰਦਮੂਲ ਹੋਰ ਵੀ ਆਸਾਨ ਬਣਾ ਦਿੱਤਾ। ਇਸ ਦੇ ਨਾਲ ਨਾਲ ਔਰਤਾਂ ਦੇ ਬੱਚੇ ਪੈਦਾ ਕਰਨ, ਦੁੱਧ ਚੁੰਘਾਉਣ ਦੇ ਵਿਸ਼ੇਸ਼ ਗੁਣ ਕਰਕੇ ਅਤੇ ਸ਼ਿਕਾਰ ਨਾਲ ਇਸ ਦਾ ਤਾਲਮੇਲ ਨਾ ਬੈਠਣ ਕਰਕੇ ਕੰਦਮੂਲ ਇਕੱਠਾ ਕਰਨਾ ਔਰਤਾਂ ਦੇ ਹਿੱਸੇ ਆ ਗਿਆ ਅਤੇ ਸ਼ਿਕਾਰ ਤੇ ਜਾਣਾ ਮਰਦਾਂ ਦੇ। ਹੋਲੀ-ਹੋਲੀ ਇਨ੍ਹਾਂ ਕੰਮਾਂ ਵਿਚ ਮੁਹਾਰਤ ਵੀ ਹਾਸਲ ਹੋਣ ਲੱਗ ਪਈ। ਇਸ ਤਰ੍ਹਾਂ ਔਰਤ ਅਤੇ ਮਰਦ ਦੇ ਕੰਮਾਂ ਵਿਚ ਹਲਕੀ ਜਿਹੀ ਕੰਮ ਦੀ ਵੰਡ ਪੈਦਾ ਹੋਣ ਲੱਗ ਪਈ। ਪਰ ਇਹ ਕੋਈ ਪੱਕੀ ਵੰਡ ਨਹੀਂ ਸੀ। ਔਰਤਾਂ ਹੁਣ ਵੀ ਸ਼ਿਕਾਰ 'ਤੇ ਜਾ ਸਕਦੀਆਂ ਸਨ। ਔਰਤਾਂ ਦੀ ਭੂਮਿਕਾ ਅਜੇ ਵੀ ਪ੍ਰਭਾਵਸ਼ਾਲੀ ਸੀ। ਸਮਾਜ ਸ਼ਾਸਤਰੀਆਂ ਅਨੁਸਾਰ ਖੇਤੀ ਪੈਦਾਵਾਰ ਵੀ ਔਰਤਾਂ ਨੇ ਹੀ ਸ਼ੁਰੂ ਕੀਤੀ ਸੀ।

ਫਿਰ ਅੱਗੇ ਚਲਕੇ ਮੁਢਲੇ ਰੂਪ ਵਿਚ ਜਿਹੜੇ ਪਰਿਵਾਰ ਹੋਂਦ ਵਿਚ ਆਏ ਉਹ ਮਨ-ਸਹਿਗੋਤਰ ਪਰਿਵਾਰ। ਟੋਲੀ ਪਰਿਵਾਰਾਂ ਵਿਚ ਦਾਦੇ, ਨਾਨੇ ਤੇ ਦਾਦੀਆਂ ਨਾਨੀਆਂ ਪਰਿਵਾਰ ਦੀਆਂ ਹੱਦਾਂ ਅੰਦਰ ਪਤੀ-ਪਤਨੀ 'ਤੇ ਭੈਣ ਭਰਾ ਸਨ ਅਤੇ ਉਨ੍ਹਾਂ ਦੀਆਂ ਔਲਾਦਾਂ ਵੀ। ਪਰ ਇਸ ਰੂਪ ਵਿਚ ਪਿਤਾ ਪਿਤਾਮਾ ਤੇ ਉਨ੍ਹਾਂ ਦੀ ਔਲਾਦ 'ਤੇ ਅਗਾਂਹ ਉਨ੍ਹਾਂ ਦੇ ਬੱਚੇ ਇਕ ਦੂਜੇ ਨਾਲ ਵਿਆਹ ਦੇ ਹੱਕਾਂ ਤੇ ਜ਼ਿੰਮੇਵਾਰੀਆਂ ਤੋਂ ਬਾਹਰ ਕਰ ਦਿੱਤੇ ਗਏ। ਚੇਤਨਤਾ ਦੇ ਵਿਕਾਸ ਨਾਲ ਪਹਿਲਾਂ ਖੂਨ ਦੇ ਫੇਰ ਨੇੜਲਿਆਂ ਰਿਸ਼ਤਿਆਂ 'ਤੇ ਫਿਰ ਦੁਰੇਡੇ ਰਿਸ਼ਤਿਆਂ ਦਰਮਿਆਨ ਲਿੰਗ ਸਬੰਧਾਂ ਦੀ ਮਨਾਹੀ ਕਰ ਦਿੱਤੀ ਗਈ। ਇਸ ਤਰ੍ਹਾਂ ਦੇ ਪਰਿਵਾਰ ਨੂੰ ਪਨਾਲੂਆਨ ਪਰਿਵਾਰ ਕਿਹਾ ਗਿਆ। ਲਿੰਗ ਸਬੰਧਾਂ ਦੀ ਇਸ ਤਰ੍ਹਾਂ ਦੀ ਮਨਾਹੀ ਨੇ ਮੁਢਲੇ ਕਿਸਮ ਦੇ ਜੋੜਾਂ ਪਰਿਵਾਰਾਂ ਨੂੰ ਜਨਮ ਦਿੱਤਾ। ਇਹ ਪਰਿਵਾਰ ਅੱਜ ਦੇ ਜੋੜਾ ਪਰਿਵਾਰਾਂ ਵਾਂਗ ਨਹੀਂ ਸਨ, ਕੋਈ ਵੀ ਧਿਰ ਮਰਜ਼ੀ ਨਾਲ ਇਨ੍ਹਾਂ ਨੂੰ ਤੋੜ ਸਕਦੀ ਸੀ ਪਰ ਬੱਚੇ ਮਾਂ ਕੋਲ ਹੀ ਕਹਿੰਦੇ ਸਨ ਮਤਲਬ ਕਿ ਇਥੇ ਵੀ ਲੀਹ ਮਾਂ ਤੋਂ ਹੀ ਚਲਦੀ ਸੀ। ਇਸ ਸਮਾਜ ਵਿਚ ਪਤੀ ਨੂੰ ਪਤਨੀ ਦੇ ਟੱਬਰ 'ਚ ਸ਼ਾਮਲ ਹੋਣਾ ਪੈਂਦਾ ਸੀ ਤੇ ਸਬੰਧ ਟੁੱਟਣ ਦੀ ਹਾਲਤ ਵਿਚ ਉਸ ਨੂੰ ਘਰ ਛੱਡ ਕੇ ਜਾਣਾ ਪੈਂਦਾ ਸੀ। ਇਥੋਂ ਤੱਕ ਵੀ ਔਰਤ ਮਰਦ ਵਿਚ ਹੱਕਾਂ ਨੂੰ ਲੈ ਕੇ ਕੋਈ ਫਰਕ ਨਹੀਂ ਸੀ।

ਜਿਉਂ ਹੀ ਮਨੁੱਖ ਵਿਕਾਸ ਦੇ ਇਸ ਤੋਂ ਅਗਲੇ ਪੜਾਅ ਵਿਚ ਸ਼ਾਮਲ ਹੋਇਆ। ਉਸ ਕੋਲ ਪਹਿਲਾਂ ਨਾਲੋਂ ਵੀ ਵਧੀਆ ਮੰਨਦੇ ਸਨ ਅਤੇ ਉਸ ਨੇ ਪਸ਼ੂਆਂ ਨੂੰ ਵੱਡੇ ਪੱਧਰ 'ਤੇ ਪਾਲਤੂ ਬਣਾਉਣਾ ਸਿੱਖ ਲਿਆ ਸੀ। ਉਹ ਹੁਣ ਖੇਤੀ ਵੀ ਵਧੀਆ ਢੰਗ ਨਾਲ ਕਰਨ ਲੱਗ ਪਿਆ ਸੀ। ਉਹ ਹੁਣ ਘਮੰਤੂਪੁਣੇ ਨੂੰ ਛੱਡ ਕੇ ਪਿੰਡ ਬੰਨ੍ਹ ਕੇ ਪੱਕੇ ਤੌਰ 'ਤੇ ਟਿੱਕ ਕੇ ਰਹਿਣ ਲੱਗ ਪਿਆ ਸੀ। ਇਸ ਸਭ ਦੀ ਵਜ੍ਹਾ ਕਰਕੇ ਹੁਣ ਉਸ ਕੋਲ ਅਨਾਜ ਜਾਂ ਹੋਰ ਚੀਜ਼ਾਂ ਵਾਧੂ ਪੈਦਾ ਹੋਣ ਲੱਗ ਪਈਆਂ ਸਨ। ਇਸ ਵਾਧੂ ਪੈਦਾਵਾਰ ਦੇ ਦੌਰ ਨੂੰ ਹੀ ਅਸੀਂ ਸਭਿਅਤਾ ਦੀ ਸ਼ੁਰੂਆਤ ਆਖਦੇ ਹਾਂ। ਇਹੀ ਉਹ ਦੌਰ ਸੀ ਜਿਸ ਵਿਚ ਅਸੀਂ ਇਹੀ ਵਾਧੂ ਪੈਦਾਵਾਰ ਨਿੱਜੀ ਜਾਇਦਾਦ ਦੇ ਰੂਪ ਵਿਚ ਸਾਹਮਣੇ ਆਈ, ਇਸ ਲਈ ਹੀ ਰਾਜ ਦੀ ਉਤਪੱਤੀ ਦਾ ਅਧਾਰ ਬੱਝਾ। ਪਰਿਵਾਰ ਦੀ ਲੀਹ ਮਾਤਰੀ ਹੋਣ ਕਰਕੇ ਇਹ ਨਿੱਜੀ ਜਾਇਦਾਦ ਇਸ ਨੂੰ ਇਕੱਠਾ ਕਰਨ ਵਾਲੇ ਦੇ ਬੱਚਿਆਂ ਨੂੰ ਨਾ ਮਿਲ ਕੇ ਉਸਦੀਆਂ ਭੈਣਾਂ ਦੇ ਬੱਚਿਆਂ ਨੂੰ ਮਿਲਦੀ ਸੀ। ਜੋੜਾ ਪਰਿਵਾਰਾਂ ਦੇ ਹੋਂਦ 'ਚ ਆਉਣ ਕਰਕੇ ਹੁਣ ਪਿਉ ਦੀ ਪਛਾਣ ਕੀਤੀ ਜਾ ਸਕਦੀ ਸੀ। ਇਕ ਜਿਵੇਂ ਅਸੀਂ ਵੇਖਿਆ ਕਿ ਸ਼ਿਕਾਰ ਕਰਨਾ ਪਸ਼ੂਆਂ ਦੀ ਸਾਂਪ ਸੰਭਾਲ ਦਾ ਕੰਮ ਜਿੰਨੀ ਮਨੁੱਖੀ ਸ਼ਕਤੀ ਦੀ ਮੰਗ ਕਰਦਾ ਸੀ ਉਹ ਔਰਤ ਦੀ ਗਰਭ ਅਵਸਥਾ, ਬੱਚਾ ਜੰਮਣ ਤੇ ਦੁੱਧ ਚੁੰਘਾਉਣ ਦੇ ਸਮੇਂ ਉਸ ਦੀ ਕਮਜ਼ੋਰ ਹਾਲਾਤ ਦੇ ਨਾਲ ਮੇਲ ਨਹੀਂ ਸੀ ਖਾਂਦਾ। ਇਸ ਲਈ ਉਸਨੂੰ ਮਰਦ ਦੀ ਮਦਦ ਦੀ ਲੋੜ ਪੈਂਦੀ ਹੋਵੇਗੀ। ਇਹ ਹੀ ਉਹ ਸਮਾਂ ਹੋਵੇਗਾ ਜਦੋਂ ਔਰਤ ਨਾਲ ਧੱਕੇਸ਼ਾਹੀ ਹੋਈ ਹੋਵੇਗੀ। ਇਸ ਦੇ ਨਾਲ ਨਾਲ ਨਿੱਜੀ ਜਾਇਦਾਦ 'ਤੇ ਰਾਜ ਦੇ ਹੋਂਦ 'ਚ ਆਉਣ ਤੋਂ ਪਹਿਲਾਂ ਹੀ ਮਰਦ ਦੀ ਸਥਿਤੀ ਪਰਿਵਾਰ ਵਿਚ ਭਾਰੂ ਹੋ ਚੁੱਕੀ ਸੀ। ਇਸ ਲਈ ਮਰਦ ਨੇ ਆਪਣੀ ਸ਼ਕਤੀਸ਼ਾਲੀ ਸਥਿਤੀ ਦਾ ਲਾਭ ਉਠਾਉਂਦਿਆਂ ਪਤਰੀ ਲੀਹ ਨੂੰ ਅਪਣਾ ਲਿਆ। ਇਸ ਨਾਲ ਜੋੜਾ ਪਰਿਵਾਰਾਂ ਦਾ ਰੂਪ ਵੀ ਬਦਲ ਗਿਆ। ਪਹਿਲਾਂ ਉਹ ਢਿੱਲੇ-ਢਾਲੇ ਨਿਯਮਾਂ 'ਤੇ ਆਧਾਰਤ ਸਨ। ਪਰ ਇਸ ਪਿਤਰ-ਲੀਹ ਅਧੀਨ ਜੋੜਾ ਪਰਿਵਾਰਾਂ ਦੇ ਨਿਯਮ ਕਰੜੇ ਸਨ। ਔਰਤ ਆਪਣੀ ਮਰਜ਼ੀ ਨਾਲ ਵਿਆਹ ਤੋੜ ਨਹੀਂ ਸੀ ਸਕਦੀ। ਮਰਦ ਨਾਲ ਕੋਈ ਪਾਬੰਦੀ ਨਹੀਂ ਸੀ। ਇਸ ਪਰਿਵਾਰ ਦਾ ਇਕੋ ਇਕ ਮਕਸਦ ਅਜਿਹੇ ਬੱਚੇ ਪੈਦਾ ਕਰਨਾ ਸੀ ਜਿਨ੍ਹਾਂ ਦੀ ਪਿੱਤਰਤਾ ਸਬੰਧੀ ਕੋਈ ਸ਼ੱਕ ਨਾ ਹੋਵੇ ਅਤੇ ਇਸ ਦੀ ਲੋੜ ਇਸ ਲਈ ਸੀ ਕਿ ਅੱਗੇ ਚਲਕੇ ਇਹ ਬੱਚੇ ਪਿਉ ਦੀ ਜਾਇਦਾਦ ਦੇ ਵਾਰਿਸ ਬਣ ਸਕਣ। ਇਹ ਸਾਂਝੀ ਮਾਲਕੀ ਤੇ ਨਿੱਜੀ ਜਾਇਦਾਦ ਦੀ ਜਿੱਤ ਸੀ। ਨਿੱਜੀ ਜਾਇਦਾਦ ਦੇ ਕਰਕੇ ਹੋਂਦ ਵਿਚ ਆਏ ਨਵੇਂ ਜੋੜਾ ਪਰਿਵਾਰਾਂ ਨੇ ਔਰਤ ਨੂੰ ਗੁਲਾਮ ਬਣਾ ਦਿੱਤਾ, ਉਸ ਨੂੰ ਇਸ ਜਾਇਦਾਦ ਦੇ ਵਾਰਿਸ ਪੈਦਾ ਕਰਨ ਦੇ ਸਾਧਨ ਤੱਕ ਹੀ ਸੀਮਿਤ ਕਰ ਦਿੱਤਾ।

ਨਿੱਜੀ ਜਾਇਦਾਦ ਦੇ ਹੋਂਦ ਵਿਚ ਆਉਣ ਕਰਕੇ ਰਾਜ ਦੀ ਸਾਧਨ ਵਜੋਂ ਦਾਬੇ ਦੇ ਉਤਪੱਤੀ ਹੋਈ। ਕਬੀਲਿਆਂ ਵਿਚ ਲੜਾਈਆਂ ਹੁੰਦੀਆਂ ਹੀ ਰਹਿੰਦੀਆਂ ਸਨ ਪਰ ਸਾਂਝੀ ਮਾਲਕੀ ਦੇ ਸਮੇਂ ਕਬੀਲਿਆਂ ਦੇ ਸੈਨਾਪਤੀ ਜਾਂ ਜੁਝਾਰੂ ਲੜਾਕੇ ਵਜੋਂ ਔਰਤਾਂ ਅਤੇ ਮਰਦ ਬਰਾਬਰਤਾ ਦੇ ਅਧਾਰ 'ਤੇ ਚੁਣੇ ਜਾਂਦੇ ਸਨ। ਸਾਰਿਆਂ ਨੂੰ ਵੋਟ ਪਾਉਣ ਅਤੇ ਫੈਸਲੇ ਲੈਣ ਦੇ ਬਰਾਬਰ ਅਧਿਕਾਰ ਸਨ। ਇਨ੍ਹਾਂ ਕਬੀਲਿਆਂ ਦੀ ਲੜਾਈ ਦਾ ਮੁੱਖ ਕਾਰਨ ਹੁੰਦੀਆਂ ਸਨ-ਚੰਗੀਆਂ ਜ਼ਮੀਨਾਂ, ਚੰਗੀਆਂ ਚਰਾਗਾਹਾਂ ਜਾਂ ਪਸ਼ੂਆਂ ਦੇ ਵੱਗ। ਉਦੋਂ ਲੜਾਈ ਵਿਚੋਂ ਹਾਰੇ ਹੋਏ ਕਬੀਲੇ ਨੂੰ ਜਾਂ ਤਾਂ ਪੂਰੀ ਤਰ੍ਹਾਂ ਹੀ ਖਤਮ ਕਰ ਦਿੱਤਾ ਜਾਂਦਾ ਸੀ ਜਾਂ ਬਰਾਬਰਤਾ ਦੇ ਅਧਾਰ 'ਤੇ ਕਬੀਲੇ ਵਿਚ ਸ਼ਾਮਲ ਕਰ ਲਿਆ ਜਾਂਦਾ ਸੀ। ਪਰ ਨਿੱਜੀ ਜਾਇਦਾਦ ਦੇ ਆਉਣ ਕਰਕੇ ਇਕ ਤਾਂ ਹੁਣ ਹਾਰੇ ਹੋਏ ਕਬੀਲੇ ਨੂੰ ਮਾਰਨ ਦੀ ਬਜਾਏ ਜਾਂ ਆਪਣੇ ਕਬੀਲੇ ਵਿਚ ਸ਼ਾਮਲ ਕਰਨ ਦੀ ਥਾਂ ਉਸ ਨੂੰ ਗੁਲਾਮ ਬਣਾ ਲਿਆ ਜਾਂਦਾ ਸੀ ਤਾਂ ਕਿ ਉਨ੍ਹਾਂ ਤੋਂ ਖੇਤੀ ਕਰਵਾਈ ਜਾ ਸਕੇ ਅਤੇ ਪਸ਼ੂਆਂ ਦੇ ਵੱਡੇ ਵੱਡੇ ਵੱਗਾਂ ਦੀ ਸਾਂਭ ਸੰਭਾਲ ਕਰਵਾਈ ਜਾ ਸਕੇ। ਦੂਜਾ ਔਰਤਾਂ ਅਤੇ ਘੱਟ ਜਾਇਦਾਦ ਵਾਲਿਆਂ ਦੇ ਅਧਿਕਾਰਾਂ 'ਤੇ ਡਾਕਾ। ਉਨ੍ਹਾਂ ਨੂੰ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਕਰ ਦਿੱਤਾ ਗਿਆ ਅਤੇ ਔਰਤਾਂ ਨੂੰ ਘਰ ਦੀ ਚਾਰਦੀਵਾਰੀ ਵਿਚ ਕੈਦ। ਇਸ ਤਰ੍ਹਾਂ ਗੁਲਾਮ ਮਾਲਕਾਂ ਅਤੇ ਗੁਲਾਮਾਂ ਦੇ ਪੈਦਾ ਹੋ ਜਾਣ ਕਰਕੇ ਸਮਾਜ ਇਕ ਗੈਰ ਬਰਾਬਰੀ ਦਾ ਸਮਾਜ ਬਣ ਚੁੱਕਾ ਸੀ ਜਿਸ ਨੂੰ ਜਮਾਤੀ ਸਮਾਜ ਕਿਹਾ ਜਾਂਦਾ ਹੈ। ਇਸ ਲਈ ਇਹ ਜ਼ਰੂਰੀ ਹੋ ਗਿਆ (ਜਿਵੇਂ ਕਿ ਹਰ ਜਮਾਤੀ ਸਮਾਜ ਲਈ ਜ਼ਰੂਰੀ ਹੁੰਦਾ ਹੈ) ਕਿ ਇਕ ਰਾਜ ਸੱਤਾ ਹੋਵੇ ਅਤੇ ਉਸ ਨੂੰ ਵਾਜਬੀਅਤ ਦਿਵਾਉਣ ਲਈ ਧਾਰਮਿਕ ਸੰਸਥਾਵਾਂ ਦੀ ਹੋਂਦ ਹੋਵੇ। ਜਿਵੇਂ ਕਿ ਮਨੁੱਖ ਕੁਦਰਤ ਨਾਲ ਜੂਝਦੇ ਹੋਏ ਜਾਦੂ ਦੀ ਸਟੇਜ ਤੱਕ ਪਹੁੰਚਿਆ ਸੀ ਜਿਹੜਾ ਇਸ ਸਿਧਾਂਤ 'ਤੇ ਆਧਾਰਿਤ ਹੁੰਦਾ ਹੈ ਕਿ ਜੇ ਹਕੀਕਤਾਂ ਨੂੰ ਕਾਬੂ ਵਿਚ ਕਰਨਾ ਹੈ ਤੇ ਹਕੀਕਤ ਨੂੰ ਕਾਬੂ ਵਿਚ ਕਰਨ ਦਾ ਭੁਲੇਖਾ ਪੈਦਾ ਕਰਕੇ ਅਸੀਂ ਸਚਮੁਚ ਹਕੀਕਤ ਨੂੰ ਬਦਲ ਸਕਦੇ ਹਾਂ। ਜਿਵੇਂ ਮੀਂਹ ਚਾਹੀਦਾ ਹੈ ਤਾਂ ਤੁਸੀਂ ਐਸਾ ਨਾਚ ਨੱਚੋ ਜਿਹਦੇ ਵਿਚ ਬੱਦਲਾਂ ਦੇ ਗੱਜਣ, ਬਿਜਲੀ ਦੇ ਕੜਕਣ ਅਤੇ ਪਾਣੀ ਦੇ ਢਿੱਗਣ ਦੀਆਂ ਆਵਾਜ਼ਾਂ ਦਾ ਸਵਾਂਗ ਕੀਤਾ ਜਾਵੇ। ਅਸੀਂ ਆਪਣੀ ਕਲਪਣਾ ਵਿਚ ਯਥਾਰਥ ਦੇ ਸ਼ਿਕਾਰ ਹੋਣ ਦਾ ਨਾਟਕ ਖੇਡਦੇ ਹਾਂ। ਫਿਰ ਅੱਗੇ ਚੱਲ ਕੇ ਸਵਾਂਗ ਦੇ ਕਿਰਿਆਕਲਾਪਾਂ ਦੇ ਨਾਲ ਆਦੇਸ਼ ਵੀ ਜੁੜ ਜਾਂਦਾ ਹੈ-ਜਿਵੇਂ ਕਿ 'ਬਰਸ'। ਇਹ ਆਦੇਸ਼ ਹੁੰਦਾ ਹੈ-ਯਾਚਨਾ ਜਾਂ ਅਰਦਾਸ ਨਹੀਂ। ਇਸ ਲਈ ਧਾਰਮਿਕ ਸੰਸਥਾਵਾਂ ਜਾਦੂ ਤੋਂ ਅਗਲੀ ਸਟੇਜ (ਅਵਸਥਾ) ਵਿਚਾਰਵਾਦੀ ਦਰਸ਼ਨ ਲੈ ਕੇ ਆਈਆਂ ਜਿਹੜੀਆਂ ਜਮਾਤੀ ਸਮਾਜ ਦੀਆਂ ਲੋੜਾਂ ਮੁਤਾਬਿਕ ਸੀ। ਜਿਸ ਵਿਚ ਅਰਦਾਸ ਕਰਨਾ ਜਾਂ ਝੁਕਣਾ ਸਿਖਾਇਆ ਗਿਆ ਅਤੇ ਹਥਿਆਰਬੰਦ ਸੱਤਾ (ਰਾਜ) ਜਿਹੜੀ ਲੁਟੀਂਦੀਆਂ ਜਮਾਤਾਂ ਦੇ ਖਿਲਾਫ਼ ਲੁਟੇਰੀਆਂ ਜਮਾਤਾਂ ਦੀ ਹਿਫਾਜ਼ਤ ਕਰਦੀ ਸੀ, ਨੇ ਵੀ ਆਪਣੀ ਅਹਿਮ ਭੂਮਿਕਾ ਅਦਾ ਕੀਤੀ। ਪੈਦਾਵਾਰ ਦੇ ਵਧਣ ਨਾਲ ਚੀਜ਼ਾਂ ਦਾ ਤਬਾਦਲਾ ਸ਼ੁਰੂ ਹੋ ਗਿਆ ਜਿਸ ਕਰਕੇ ਉਨ੍ਹਾਂ ਦੀ ਹੁਣ ਵਰਤੋਂ ਕਦਰ ਦੇ ਨਾਲ-ਨਾਲ ਵਟਾਂਦਰਾ ਕਦਰ ਵੀ ਪੈਦਾ ਹੋ ਗਈ। ਇਸ ਤਰ੍ਹਾਂ ਹੁਣ ਔਰਤ ਅਤੇ ਗੁਲਾਮਾਂ ਨੂੰ ਪਸ਼ੂਆਂ ਦੇ ਬਦਲੇ ਵਿਚ ਖਰੀਦਿਆ ਅਤੇ ਵੇਚਿਆ ਜਾਣ ਲੱਗਾ। ਜਿਵੇਂ ਕਿ ਹਰ ਜਮਾਤੀ ਸਮਾਜ ਵਿਚ ਹੁੰਦਾ ਹੈ ਕਿ ਇਸ ਵਿਚ ਅਮੀਰੀ-ਗਰੀਬੀ ਦਾ ਪਾੜਾ ਵਧਦਾ ਜਾਂਦਾ ਹੈ ਅਤੇ ਵੱਧ ਧਨ ਦੌਲਤ ਵਾਲਿਆਂ ਨੂੰ ਵੱਧ ਇੱਜ਼ਤ ਮਿਲਦੀ ਹੈ। ਇਸ ਤਰ੍ਹਾਂ ਵੱਧ ਪਸ਼ੂ ਧਨ, ਵੱਧ ਗੁਲਾਮ ਰੱਖਣ ਵਾਲਿਆਂ ਨੂੰ ਸਮਾਜ ਵੱਧ ਇੱਜ਼ਤ ਮਿਲੀ। ਇਹੀ ਉਹ ਦੌਰ ਸੀ ਜਦੋਂ ਬਹੁ-ਪਤਨੀ ਪ੍ਰਥਾ ਹੋਂਦ ਵਿਚ ਆਈ ਅਤੇ ਇਹ ਇਕ ਤਰ੍ਹਾਂ ਉਪਰਲੇ ਤਬਕੇ ਵਾਲੇ ਮਰਦਾਂ ਦਾ ਰਾਖਵਾਂ ਹੱਕ ਸੀ।

ਇਸ ਤਰ੍ਹਾਂ ਜ਼ਿੰਦਗੀ ਦੇ ਦੋਹਰੇ ਮਿਆਰ ਪੈਦਾ ਹੋਏ ਜਿਹੜੇ ਮਰਦਾਂ ਲਈ ਕੁਝ ਹੋਰ ਸਨ ਅਤੇ ਔਰਤਾਂ ਲਈ ਕੁਝ ਹੋਰ। ਗੁਲਾਮ ਮਾਲਕਾਂ ਲਈ ਕੁਝ ਹੋਰ ਅਤੇ ਗੁਲਾਮਾਂ ਲਈ ਕੁਝ ਹੋਰ। ਇਸ ਤਰ੍ਹਾਂ ਪਰਿਵਾਰ ਨਾਂ ਦੀ ਸੰਸਥਾ ਜਿਹੜੀ ਕਿਸੇ ਵੀ ਸਮਾਜ ਦੀ ਸਭ ਤੋਂ ਛੋਟੀ ਇਕਾਈ ਹੁੰਦੀ ਹੈ ਵਿਚ ਇਹ ਦੋਹਰੇ ਮਿਆਰ ਸਪਸ਼ਟ ਦੇਖੇ ਜਾ ਸਕਦੇ ਸਨ ਜਿਵੇਂ ਕਿ ਨਿਰਕੁਸ਼ ਸੱਤਾ ਮਰਦ ਦੇ ਹੱਥ ਵਿਚ ਸੀ ਅਤੇ ਔਰਤਾਂ, ਗੁਲਾਮਾਂ ਅਤੇ ਬੱਚਿਆਂ ਨੂੰ ਇਸ ਨਿਰੰਕੁਸ਼ ਸੱਤਾ ਦੇ ਅਧੀਨ ਰਹਿਣਾ ਪੈਂਦਾ ਸੀ। ਔਰਤਾਂ ਅਤੇ ਗੁਲਾਮਾਂ ਨੂੰ ਇਸ ਸੱਤਾ ਨੂੰ ਖੁਸ਼ੀ-ਖੁਸ਼ੀ ਮੰਨ ਲੈਣ ਲਈ ਅਤੇ ਇਸ ਦੇ ਪ੍ਰਤੀ ਵਫਾਦਾਰ ਰਹਿਣ ਲਈ ਬੜੀਆਂ ਸਿੱਖਿਆਵਾਂ ਦਿੱਤੀਆਂ ਗਈਆਂ। ਔਰਤਾਂ ਨੂੰ ਸਤੀ-ਸਵਿੱਤਰੀ ਦਾ ਰੁਤਬਾ ਦਿੱਤਾ ਗਿਆ। ਪਤੀਵਰਤਾ ਰਹਿਣ ਦੀ ਸਿੱਖਿਆ ਦਿੱਤੀ ਗਈ ਤੇ ਇਸ ਪਤੀਵਰਤਾ ਦੇ ਮਿਆਰ ਤੋਂ ਥੋੜ੍ਹਾ ਬਹੁਤ ਵੀ ਢਿੱਗਣ 'ਤੇ ਸਖ਼ਤ ਸਜ਼ਾ ਵੀ ਦਿੱਤੀ ਗਈ। ਦੂਜੇ ਪਾਸੇ ਮਰਦ ਨੇ ਅਜੇ ਤੱਕ ਵੀ ਟੋਲੀ ਵਿਆਹ ਵਾਲੀਆਂ ਆਦਤਾਂ ਨੂੰ ਨਹੀਂ ਛੱਡਿਆ ਹੈ। ਆਪਣੀ ਹਵਸ ਨੂੰ ਪੂਰਾ ਕਰਨ ਲਈ ਉਸ ਨੇ ਬਹੁਪਤਨੀ ਪ੍ਰਥਾ, ਦੇਵਦਾਸੀ ਪ੍ਰਥਾ, ਨਗਰ ਵਧੂ ਤੇ ਵੇਸ਼ਵਾਗਮਨੀ ਨੂੰ ਇਜ਼ਾਦ ਕੀਤਾ ਅਤੇ ਇਸ ਨੂੰ ਕਾਨੂੰਨੀ ਤੇ ਧਾਰਮਿਕ ਮਾਨਤਾ ਦਿਵਾਈ। ਮਤਲਬ ਕਿ ਮਰਦ ਲਈ ਲਿੰਗ ਸਬੰਧਾਂ ਨੂੰ ਲੈ ਕੇ ਪੂਰੀ ਖੁੱਲ੍ਹ ਅਤੇ ਔਰਤਾਂ ਲਈ ਇਕ ਪਾਸੇ ਤਾਂ ਘਰ ਦੀ ਚਾਰਦੀਵਾਰੀ ਅਤੇ ਦੂਜੇ ਪਾਸੇ ਕੋਠਾ। ਇਹ ਉਹ ਫਲ ਸੀ ਜੋ ਸਭਿਅਤਾ ਦੇ ਵਿਕਾਸ ਨੇ, ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ ਨੇ ਔਰਤਾਂ ਦੀ ਝੋਲੀ ਪਾਇਆ।

ਗੁਲਾਮਦਾਰੀ ਤੋਂ ਬਾਅਦ ਸਮਾਜ ਜਦੋਂ ਜਗੀਰਦਾਰੀ ਪ੍ਰਬੰਧ ਵਿਚ ਦਾਖ਼ਲ ਹੁੰਦਾ ਹੈ ਤਾਂ ਗੁਲਾਮ ਮੁਜਾਰੇ ਵਿਚ ਤਬਦੀਲ ਹੋ ਜਾਂਦਾ ਹੈ ਅਤੇ ਔਰਤ ਦੀ ਸਥਿਤੀ ਬਦ ਤੋਂ ਬਦਤਰ ਹੋ ਜਾਂਦੀ ਹੈ। ਵੱਡੇ ਘਰਾਂ ਦੀਆਂ ਔਰਤਾਂ ਨੂੰ ਘਰ ਦੀ ਚਾਰਦੀਵਾਰੀ ਤੋਂ ਵੀ ਅਗਾਂਹ ਪਰਦੇ ਵਿਚ ਰਹਿਣਾ ਲਾਜ਼ਮੀ ਕਰ ਦਿੱਤਾ। ਉਨ੍ਹਾਂ ਦੀ ਸੋਚ ਉਤੇ ਤਾਲਾ ਲਗਾ ਦਿੱਤਾ ਗਿਆ। ਕਿਸੇ ਵੀ ਸਲਾਹ ਮਸ਼ਵਰੇ ਵਿਚ ਉਨ੍ਹਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ। ਜਿਵੇਂ ਅਸੀਂ ਅੱਜ ਵੀ ਕਈ ਵਾਰ ਸੁਣਦੇ ਹਾਂ ਕਿ ਜਨਾਨੀਆਂ ਬੰਦਿਆਂ ਦੇ ਕੰਮਾਂ ਵਿਚ ਨਹੀਂ ਬੋਲਦੀਆਂ। ਮਰਦਾਂ ਨੂੰ ਬੜਾ ਮਜਬੂਤ ਮੰਨਿਆ ਜਾਂਦਾ ਹੈ ਅਤੇ ਔਰਤਾਂਨੂੰ ਸਿਰਫ਼ ਰੋਣ ਵਾਲੀਆਂ ਅਤੇ ਭਾਵੁਕਤਾ ਦੀਆਂ ਮੂਰਤਾਂ। ਜਿਵੇਂ ਅਕਸਰ ਹੀ ਕਹਿੰਦੇ ਹਨ ਜਿਵੇਂ ਜਨਾਨੀਆਂ ਵਾਂਗ ਰੋਈ ਜਾਂਦਾ। ਸਮਾਜਿਕ ਕਾਰਜਾਂ ਵਿਚ ਵੀ ਉਹ ਸ਼ਾਮਲ ਨਹੀਂ ਸਨ ਹੋ ਸਕਦੀਆਂ। ਪਰਾਏ ਮਰਦ ਦੇ ਮੱਥੇ ਲੱਗਣਾ ਉਨ੍ਹਾਂ ਲਈ ਗੁਨਾਹ ਬਣ ਗਿਆ। ਜੇ ਕਿਸੇ ਦਾ ਪਤੀ ਵਿਆਹ ਹੋਣ ਤੋਂ ਪਹਿਲਾਂ ਹੀ ਮਰ ਜਾਂਦਾ ਉਸ ਨੂੰ ਸਾਰੀ ਉਮਰ ਕਸ਼ਟਾਂ ਭਰੀ ਜ਼ਿੰਦਗੀ ਬਿਤਾਉਂਦੇਂ ਏ ਵਿਧਵਾ ਦੇ ਰੂਪ ਵਿਚ ਰਹਿਣਾ ਪੈਂਦਾ। ਜਿਉਂਦੇ ਜੀ ਕਿਸੇ ਦਾ ਪਤੀ ਮਰ ਜਾਂਦਾ ਤਾਂ ਉਸ ਨੂੰ ਉਸਦੇ ਨਾਲ ਸਤੀ ਹੋਣਾ ਪੈਂਦਾ। ਇਸ ਸਾਰੇ ਕੁਝ ਦਾ ਸਿਰਫ਼ ਇਹੀ ਮਕਸਦ ਸੀ ਕਿ ਪਤੀ ਦੇ ਮਰਨ ਤੋਂ ਬਾਅਦ ਵੀ ਔਰਤ ਦੀ ਲਿੰਗਤਾ 'ਤੇ ਕਾਬੂ ਪਾਇਆ ਜਾਵੇ। ਇਨ੍ਹਾਂ ਨੂੰ ਤਾਂ ਹੀ ਸਮਾਜਿਕ ਰੀਤਾਂ ਅਤੇ ਪ੍ਰੰਪਰਾਵਾਂ ਦਾ ਨਾਂ ਦਿੱਤਾ ਗਿਆ।

ਗਰੀਬ ਅਤੇ ਛੋਟੀਆਂ ਜਾਤਾਂ ਦੇ ਘਰਾਂ ਦੀਆਂ ਔਰਤਾਂ ਦੀ ਹਾਲਤ ਤਾਂ ਇਸ ਤੋਂ ਵੀ ਭੈੜੀ ਸੀ। ਫਾਕੇ ਝਲਦੀਆਂ ਗਰੀਬ ਔਰਤਾਂ ਪਰਿਵਾਰ ਦਾ ਗੁਜ਼ਾਰਾ ਚਲਾਉਣ ਲਈ ਜਗੀਰਦਾਰਾਂ ਦੇ ਪੈਲੀ ਬੰਨ੍ਹਿਆਂ 'ਤੇ ਕੰਮ ਕਰਦੀਆਂ ਸਨ ਅਤੇ ਇਥੇ ਉਨ੍ਹਾਂ ਨੂੰ ਪੈਰ-ਪੈਰ 'ਤੇ ਲਿੰਗਕ ਹਿੰਸਾ ਅਤੇ ਸਰੀਰਕ ਜਬਰ ਜੁਲਮ ਦਾ ਸ਼ਿਕਾਰ ਹੋਣਾ ਪੈਂਦਾ ਸੀ। ਇਹ ਸਭ ਤਾਂ ਤੁਸੀਂ ਅੱਜ ਵੀ ਭਾਰਤ ਦੇ ਪਿੰਡਾਂ ਵਿਚ ਵੇਖ ਸਕਦੇ ਹੋ ਕਿਵੇਂ ਖੇਤਾਂ-ਬੰਨ੍ਹਿਆਂ 'ਤੇ ਕੰਮ ਕਰਨ ਵਾਲੀਆਂ ਔਰਤਾਂ ਜਾਂ ਘਰਾਂ ਵਿਚ ਕੰਮ ਕਰਨ ਵਾਲੀਆਂ ਕੁੜੀਆਂ ਨਾਲ ਕੀ-ਕੀ ਹੁੰਦਾ ਹੈ। ਵੱਡੇ ਘਰਾਣਿਆਂ ਦੀ ਗੱਲ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

ਨਹੀਂ ਕਰ ਰਿਹਾ, ਉਨ੍ਹਾਂ ਦੇ ਸ਼ੌਕ ਤਾਂ ਵੱਡੇ ਹਨ। ਕਿਸੇ ਵੀ ਮੁਜ਼ਾਰੇ ਦੀ ਬਹੂ-ਬੇਟੀ ਨੂੰ ਜਗੀਰਦਾਰ ਜਦੋਂ ਜੀ ਚਾਹਵੇ ਆਪਣੀ ਹਵੇਲੀ ਸੱਦ ਸਕਦਾ ਸੀ। ਇਥੋਂ ਤੱਕ ਕਿ ਮੁਜ਼ਾਰੇ ਦੀ ਨਵਵਿਆਹੀ ਪਤਨੀ ਨਾਲ ਪਹਿਲੀ ਰਾਤ ਸੌਣ ਦਾ ਹੱਕ ਵੀ ਜਗੀਰਦਾਰ ਲਈ ਰਾਖਵਾਂ ਸੀ ਅਤੇ ਇਸ ਹੱਕ ਨੂੰ ਵਾਜਬੀਅਤ ਦਿਵਾਉਣ ਲਈ ਸਮਾਜਿਕ-ਧਾਰਮਿਕ ਸੰਸਥਾਵਾਂ ਵਲੋਂ ਰਹੁ-ਰੀਤ ਦਾ ਨਾਂ ਦਿੱਤਾ ਜਾਂਦਾ ਸੀ ਤਾਂ ਕਿ ਇਸ ਜੁਰਮ ਦੀ ਕਿਧਰੇ ਫਰਿਆਦ ਜਾਂ ਨਿਆਂ ਦੀ ਮੰਗ ਨਾ ਕੀਤੀ ਜਾ ਸਕੇ। ਭਾਵੇਂ ਲਿੰਗਕ ਪਵਿੱਤਰਤਾ ਦਾ ਬੜਾ ਰੌਲਾ ਪਾਇਆ ਜਾਂਦਾ ਸੀ ਪਰ ਸੱਚਾਈ ਇਹ ਸੀ ਭੁੱਖ ਨਾਲ ਲੜਦੇ ਗਰੀਬ ਮੁਜ਼ਾਰੇ ਜਾਂ ਛੋਟੀਆਂ ਜਾਤਾਂ ਵਾਲੇ ਮਰਦ ਕਿਸੇ ਕਿਸਮ ਦੀ ਵੀ ਸੁਰੱਖਿਆ ਆਪਣੀਆਂ ਔਰਤਾਂ ਨੂੰ ਨਹੀਂ ਸਨ ਦੇ ਸਕਦੇ, ਇਸ ਲਈ ਧੱਕੇਸ਼ਾਹੀ ਸਹਿਣਾ ਇਨ੍ਹਾਂ ਔਰਤਾਂ ਦੀ ਹੋਣੀ ਸੀ। ਇਹੀ ਉਹ ਸਮਾਂਸੀ ਜਦੋਂ ਨਗਰ ਵਧੂ, ਦੇਵਦਾਸੀ ਪ੍ਰਥਾ ਤੇ ਵੇਸ਼ਵਾਗਮਨੀ ਨੂੰ ਸੰਸਥਾਵਾਂ ਦੇ ਤੌਰ 'ਤੇ ਪੂਰੀ ਤਰ੍ਹਾਂ ਵਿਕਸਿਤ ਕੀਤਾ ਗਿਆ।

ਅੱਜ ਦਾ ਯੁੱਗ, ਸਰਮਾਏਦਾਰੀ ਦਾ ਯੁੱਗ ਹੈ ਜਿਸ ਨੂੰ ਪੈਸੇ ਦਾ ਯੁੱਗ ਕਹਿੰਦੇ ਹਨ। ਇਥੇ ਹਰ ਪੈਦਾਵਾਰ ਮੁਨਾਫ਼ੇ ਲਈ ਕੀਤੀ ਜਾਂਦੀ ਹੈ। ਇਸ ਸਮਾਜ ਵਿਚ ਅਸੀਂ ਚੰਗੀ ਤਰ੍ਹਾਂ ਸਮਝ ਸਕਦੇ ਹਾਂ ਕਿ ਔਰਤ ਵਲੋਂ ਕੀਤੇ ਗਏ ਕੰਮ ਦਾ ਮੁਲ ਕਿਉਂ ਨਹੀਂ ਪੈਂਦਾ ਭਾਵੇਂ ਉਹ ਸਭ ਤੋਂ ਪਹਿਲਾਂ ਉੱਠਦੀ ਹੈ ਅਤੇ ਸਭ ਤੋਂ ਮਗਰੋਂ ਸੌਂਦੀ ਹੈ। ਜਦੋਂ ਵੀ ਕਿਸੇ ਮਰਦ ਨੂੰ ਪੁੱਛੋ ਕਿ ਉਸ ਦੀ ਪਤਨੀ ਕੀ ਕਰਦੀ ਹੈ ਤਾਂ ਜਵਾਬ ਮਿਲਦਾ ਹੈ ਕਿ ਘਰੇ ਵਿਹਲੀ ਹੀ ਹੁੰਦੀ ਹੈ। ਇਸ ਨੂੰ ਸਮਝਣ ਲਈ ਸਾਨੂੰ ਸਰਮਾਏਦਾਰੀ ਸਮਾਜ ਨੂੰ ਸਮਝਣਾ ਪਵੇਗਾ। ਮੋਟੇ ਤੌਰ 'ਤੇ ਕਹਿਣਾ ਹੋਵੇ ਤੇ ਕਿਹਾ ਜਾ ਸਕਦਾ ਹੈ ਕਿ ਸਰਮਾਏਦਾਰੀ ਉਹ ਸਮਾਜ ਹੈ ਜਿਹੜਾ ਦੋ ਮੁੱਖ ਜਮਾਤਾਂ ਵਿਚ ਵੰਡਿਆ ਹੋਇਆ ਹੈ- ਸਰਮਾਏਦਾਰ ਅਤੇ ਮਜ਼ਦੂਰ। ਇਸ ਵਿਚ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਸਰਮਾਏਦਾਰਾਂ ਕੋਲ ਹੈ ਅਤੇ ਮਜ਼ਦੂਰਾਂ ਨੂੰ ਤਾਂ ਆਪਣਾ ਢਿੱਡ ਪਾਲਣ ਲਈ ਆਪਣੀ ਕਿਰਤ ਸ਼ਕਤੀ ਵੇਚਣੀ ਪੈਂਦੀ ਹੈ। ਮਜ਼ਦੂਰਾਂ ਦੀ ਪੈਦਾਵਾਰ ਦੇ ਸਾਧਨਾਂ ਤੱਕ ਕੋਈ ਪਹੁੰਚ ਨਹੀਂ ਹੁੰਦੀ, ਉਹ ਤਾਂ ਆਪਣੀ ਕਿਰਤ ਸ਼ਕਤੀ ਦੇ ਬਦਲੇ ਵਿਚ ਮਿਲੀ ਉਜਰਤ ਨਾਲ ਖਪਤਕਾਰੀ ਵਸਤਾਂ ਲਿਆਉਂਦੇ ਨ ਅਤੇ ਆਪਣਾ ਅਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਂਦੇ ਨ। ਕੋਈ ਵੀ ਵਸਤ ਜੋ ਵਰਤੋਂ ਲਈ ਪੈਦਾ ਕੀਤੀ ਜਾਂਦੀ ਹੈ, ਉਹ ਜਿਣਸ ਉਦੋਂ ਬਣਦੀ ਹੈ ਜਦੋਂ ਉਸ ਵਿਚ ਵਰਤੋਂ ਕਦਰ ਦੇ ਨਾਲ ਵਟਾਂਦਰਾ ਕਦਰ ਵੀ ਜੁੜ ਜਾਂਦੀ ਹੈ। ਮਤਲਬ ਕਿ ਮੰਡੀ ਲਈ ਪੈਦਾ ਕੀਤੀਆਂ ਜਾਣ ਵਾਲੀਆਂ ਚੀਜ਼ਾਂ (ਵਸਤਾਂ) ਨੂੰ ਜਿਣਸ ਕਿਹਾ ਜਾਂਦਾ ਹੈ ਕਿਉਂਕਿ ਉਨ੍ਹਾਂ ਦੀ ਵਟਾਂਦਰਾ ਕਦਰ ਵੀ ਹੁੰਦੀ ਹੈ। ਪਰ ਇਥੇ ਇਕ ਗੱਲ ਧਿਆਨ ਦੇਣਯੋਗ ਹੈ ਕਿ ਹਰ ਪੈਦਾਵਾਰ ਜਿਸ ਦੀ ਵਰਤੋਂ ਕਦਰ ਹੈ, ਉਸ ਦੀ ਵਟਾਂਦਰਾ (ਕਢਵੀਅਪਕ ਡ:ਚਕ) ਕਦਰ ਵੀ ਹੋਵੇ ਇਹ ਜ਼ਰੂਰੀ ਨਹੀਂ।

ਪੈਦਾਵਾਰ ਦੀ ਵਟਾਂਦਰਾ ਕਦਰ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਜਿਸ ਸਮਾਜ ਵਿਚ ਇਸ ਨੂੰ ਪੈਦਾ ਕੀਤਾ ਜਾਂਦਾ ਹੈ ਉਸ ਵਿਚ ਇਸ ਤਬਾਦਲੇ ਦੀ ਲੋੜ ਕਿੰਨੀ ਹੈ। ਸਰਮਾਏਦਾਰ ਸਮਾਜ ਵਿਚ ਵਟਾਂਦਰਾ ਕਦਰ ਵਾਲੀ ਪੈਦਾਵਾਰ (ਜਿਣਸੀ ਪੈਦਾਵਾਰ) ਆਪਣੀ ਉਨਤੀ ਦੇ ਸਿਖਰ ਉਤੇ ਹੈ। ਇਹ ਮਨੁੱਖੀ ਇਤਿਹਾਸ ਵਿਚ ਪਹਿਲਾਂ ਸਮਾਜ ਹੈ ਜਿਸ 'ਚ ਪੈਦਾਵਾਰ ਦਾ ਵੱਡਾ ਹਿੱਸਾ ਖੁਦ ਦੀ ਵਰਤੋਂ ਲਈ ਨਹੀਂ ਸਗੋਂ ਮੰਡੀ 'ਚ ਵੇਚਣ ਲਈ ਪੈਦਾ ਕੀਤਾ ਜਾਂਦਾ ਹੈ ਪਰ ਫਿਰ ਵੀ ਸਰਮਾਏਦਾਰੀ ਵਿਚ ਸਾਰੀ ਦੀ ਸਾਰੀ ਪੈਦਾਵਾਰ ਜਿਣਸੀ ਪੈਦਾਵਾਰ ਨਹੀਂ ਹੁੰਦੀ। ਘਰੇਲੂ ਪੈਦਾਵਾਰ 'ਚ ਔਰਤਾਂ ਵਲੋਂ ਕੀਤੇ ਜਾਣ ਵਾਲੇ ਕੰਮਾਂ ਵਿਚ ਲੱਗੀ ਉਨ੍ਹਾਂ ਦੀ ਮਿਹਨਤ ਦੇ ਬਦਲੇ ਵਿਚ ਉਨ੍ਹਾਂ ਨੂੰ ਨਾ ਕੋਈ ਮਜ਼ਦੂਰੀ ਮਿਲਦੀ ਹੈ ਅਤੇ ਨਾ ਹੀ ਇਹ ਕੋਈ ਕੰਮ ਵਟਾਂਦਰਾ ਕਦਰ ਪੈਦਾ ਕਰਦੇ ਹਨ। ਘਰੇਲੂ ਪੈਦਾਵਾਰ ਹਾਲੇ ਵੀ ਮੰਡੀ ਦੇ ਚਲਣ ਤੋਂ ਬਾਹਰ ਦਾ ਪੂਰਵ-ਸਰਮਾਏਦਾਰਾ ਪੈਦਾਵਾਰੀ ਅਸਲ ਹੈ। ਘਰੇਲੂ ਪੈਦਾਵਾਰ ਜਿਸ ਵਿਚ ਬੈਠੇ ਜੰਮਣਾ-ਪਾਲਣਾ, ਚੁੱਲ੍ਹਾ ਚੌਕਾ ਤੇ ਘਰ ਦੀ ਸਾਂਭ ਸੰਭਾਈ ਦਾ ਕੰਮ ਆਉਂਦਾ, ਸਮਾਜ ਲਈ ਬੇਹੱਦ ਲੋੜੀਂਦੀ ਪੈਦਾਵਾਰ ਹੈ ਅਤੇ ਇਸ ਉਤੇ ਬੇਸ਼ੁਮਾਰ ਮਨੁੱਖੀ ਸ਼ਕਤੀ ਖਰਚ ਹੁੰਦੀ ਹੈ ਪਰ ਕਿਉਂਕਿ ਸਰਮਾਏਦਾਰੀ ਵਿਚ ਉਸ ਮਿਹਨਤ ਨੂੰ ਮਿਹਨਤ ਸਮਝਿਆ ਜਾਂਦਾ ਹੈ ਜਿਸ ਨੂੰ ਮੰਡੀ ਵਿਚ ਵਟਾਕੇ ਪੈਸਾ ਹਾਸਲ ਕੀਤਾ ਜਾ ਸਕੇ। ਇਸ ਲਈ ਘਰੇਲੂ ਕੰਮਾਂ ਵਿਚ ਖਰਚ ਹੋਈ ਮਿਹਨਤ ਦਾ ਕੋਈ ਮੁਲ ਨਹੀਂ ਰਹਿ ਜਾਂਦਾ ਕਿਉਂਕਿ ਇਹ ਕੋਈ ਪੈਸਾ ਤਾਂ ਪੈਦਾ ਕਰਦੀ ਨਹੀਂ ਭਾਵੇਂ ਇਹ ਸਮਾਜ ਅਤੇ ਘਰ ਪਰਿਵਾਰ ਲਈ ਬੇਹੱਦ ਲੋੜੀਂਦੀ ਹੁੰਦੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਔਰਤਾਂ ਦੀ ਉਜਰਤੀ ਮਜ਼ਦੂਰੀ ਵਿਚ ਹਿੱਸਾ ਲੈਂਦੀਆਂ ਹਨ ਪਰ ਇਹ ਮੰਨਿਆ ਜਾਂਦਾ ਹੈ ਕਿ ਘਰ ਤਾਂ ਬੰਦੇ ਦੀ ਕਮਾਈ ਨਾਲ ਹੀ ਚਲਦਾ ਹੈ ਜੇ ਔਰਤ ਕਿਸੇ ਕੰਮ 'ਤੇ ਜਾਂਦੀ ਵੀ ਹੈ ਤਾਂ ਉਸ ਨੂੰ ਥੋੜ ਚਿਰਾ ਹੀ ਗਿਣਿਆ ਜਾਂਦਾ ਹੈ। ਮੁੱਖ ਗੱਲ ਤਾਂ ਇਹ ਹੈ ਕਿ ਜਿਣਸੀ ਪੈਦਾਵਾਰ ਲਈ ਸਿਰਫ਼ ਮਰਦਾਂ ਨੂੰ ਹੀ ਜ਼ਿੰਮੇਦਾਰ ਮੰਨਿਆ ਜਾਂਦਾ ਹੈ ਔਰਤਾਂ ਨੂੰ ਨਹੀਂ ਅਤੇ ਘਰ ਦੇ ਕੰਮਾਂ ਲਈ ਮਰਦਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੁੰਦੀ।

ਇਸ ਦੇ ਉਲਟ ਜੋ ਮਰਦ ਇਨ੍ਹਾਂ ਕੰਮਾਂ ਵਿਚ ਹਿੱਸਾ ਲੈਂਦੇ ਹਨ ਤਾਂ ਉਨ੍ਹਾਂ ਦਾ ਮਜ਼ਾਕ ਉਡਾਇਆ ਜਾਂਦਾ ਹੈ। ਇਥੋਂ ਪਤਾ ਲੱਗਦਾ ਹੈ ਕਿ ਔਰਤਾਂ ਦੀ ਗੁਲਾਮੀ ਦਾ ਆਧਾਰ ਉਥੇ ਹੀ ਮੌਜੂਦ ਹੈ ਕਿਉਂਕਿ ਉਨ੍ਹਾਂ ਦਾ ਕੀਤਾ ਕੰਮ ਕੋਈ ਪੈਸਾ ਤਾਂ ਪੈਦਾ ਕਰਦਾ ਨਹੀਂ ਫਿਰ ਅਸੀਂ ਕਿਵੇਂ ਉਮੀਦ ਕਰ ਸਕਦੇ ਹਾਂ ਕਿ ਜਿਹੜੇ ਸਮਾਜ ਵਿਚ ਪੈਸੇ ਦੀ ਸਰਦਾਰੀ ਹੋਵੇ ਉਥੇ ਪੈਸੇ ਨਾ ਪੈਦਾ ਕਰਨ ਵਾਲੇ ਨੂੰ ਬਰਾਬਰਤਾ ਮਿਲ ਜਾਊ। ਭਾਵੇਂ ਇਹ ਇਕੱਲਾ ਕਾਰਨ ਨਹੀਂ ਉਸ ਦੀ ਗੁਲਾਮੀ ਦਾ, ਪਰ ਇਹ ਮੁੱਖ ਕਾਰਨ ਹੈ।

ਸਰਮਾਏਦਾਰੀ ਨੇ ਆਪਣੀਆਂ ਲੋੜਾਂ ਮੁਤਾਬਕ ਔਰਤਾਂ ਨੂੰ ਘਰ 'ਚੋਂ ਕੱਢ ਕੇ ਉਜਰਤੀ ਮਜ਼ਦੂਰਾਂ ਦੇ ਤੌਰ 'ਤੇ ਖੇਤਾਂ, ਕਾਰਖਾਨਿਆਂ, ਮਿੱਲਾਂ ਖਾਨਾਂ ਅਤੇ ਦਫ਼ਤਰਾਂ ਵਿਚ ਲਿਆਂਦਾ ਹੈ। ਇਨ੍ਹਾਂ ਔਰਤਾਂ ਦੇ ਕੰਮਾਂ ਦੀ ਹੈਸੀਅਤ ਇਨ੍ਹਾਂ ਦੀ ਸਮਾਜਿਕ-ਆਰਥਿਕ ਅਤੇ ਜਾਤੀ ਦੀ ਹੈਸੀਅਤ ਅਨੁਸਾਰ ਹੀ ਹੁੰਦੀ ਹੈ। ਗਰੀਬ ਦਲਿਤ ਪਰਿਵਾਰਾਂ ਦੀਆਂ ਔਰਤਾਂ ਅਨਪੜ੍ਹ ਅਤੇ ਗੈਰ ਸਿੱਖਿਅਤ ਹੋਣ ਕਰਕੇ ਉਨ੍ਹਾਂ ਲਈ ਕੰਮ ਦੀ ਕਿਸਮ ਦੀ ਚੋਣ ਨਾਲੋਂ ਵੀ ਪਾਪੀ ਪੇਟ ਦਾ ਸਵਾਲ ਮੁੱਖ ਹੁੰਦਾ ਹੈ। ਕਈ ਵਾਰ ਤਾਂ ਉਹ ਹੀ ਮੁੱਖ ਕਮਾਊ ਹੁੰਦੀਆਂ ਹਨ, ਪਰ ਮਰਦ ਪ੍ਰਧਾਨ ਸਮਾਜ ਹੋਣ ਕਰਕੇ ਮਰਦ ਨੂੰ ਹੀ ਪਰਿਵਾਰ ਦਾ ਮੁੱਖ ਕਮਾਊ ਸਮਝਿਆ ਜਾਂਦਾ ਹੈ।

ਜੇ ਮੱਧਵਰਗੀ ਔਰਤਾਂ ਦੀ ਗੱਲ ਕਰੀਏ ਤਾਂ ਸਿੱਖਿਆ ਦਾ ਪੱਧਰ ਉਚਾ ਉਠਣ ਕਰਕੇ ਉਹ ਪਰਿਵਾਰ ਦੀ ਆਰਥਿਕ ਸਥਿਤੀ ਨੂੰ ਉਚਾ ਚੁੱਕਣ ਲਈ ਅਤੇ ਮਹਿੰਗਾਈ ਦੀ ਮਾਰ ਤੋਂ ਬਚਾਉਣ ਲਈ ਨੌਕਰੀਆਂ ਕਰ ਰਹੀਆਂ ਹਨ ਪਰ ਉਨ੍ਹਾਂ ਸਾਹਮਣੇ ਆਪਣੇ ਆਪ ਨੂੰ ਸਾਬਤ ਕਰਨ ਲਈ ਮਰਦਾਂ ਨਾਲੋਂ ਕਿਤੇ ਵੱਧ ਮਿਹਨਤ ਕਰਨੀ ਪੈਂਦੀ ਹੈ। ਉਨ੍ਹਾਂ ਸਾਹਮਣੇ ਲਿੰਗ ਆਧਾਰਤ ਵਖਰੇਵੇਂ, ਪ੍ਰੰਪਰਾਵਾਂ ਤੇ ਮਾਨਤਾਵਾਂ ਅਤੇ ਘਰੇਲੂ ਕੰਮਾਂ ਦੀ ਜ਼ਿੰਮੇਵਾਰੀ ਪਹਾੜ ਬਣ ਕੇ ਖੜ ਜਾਂਦੀ ਹੈ ਅਤੇ ਇਸ ਤੋਂ ਵੀ ਵੱਧ ਬੇਰੁਜ਼ਗਾਰਾਂ ਦੀ ਵੱਡੀ ਭੀੜ ਵਿਚ ਖੁਦ ਲਈ ਨੌਕਰੀ ਲੱਭਣਾ ਹੋਰ ਵੀ ਕਿਤੇ ਮੁਸ਼ਕਿਲ ਹੋ ਜਾਂਦਾ ਹੈ। ਸਨਅਤੀ ਖੇਤਰ 'ਚ ਔਰਤਾਂ ਨੂੰ ਕੰਮ ਮਿਲਣਾ ਸਨਅਤ ਦੀਆਂ ਲੋੜਾਂ 'ਤੇ ਨਿਰਭਰ ਕਰਦਾਹੈ। ਜ਼ਿਆਦਾਤਰ ਤਾਂ ਔਰਤਾਂ ਦਾ ਹਿੱਸਾ ਬੇਰੁਜ਼ਗਾਰ ਹੀ ਰਹਿੰਦਾ ਹੈ। ਸਰਮਾਏਦਾਰੀ ਜਦੋਂ ਵੀ ਸੰਕਟ ਵਿਚ ਫਸਦੀ ਹੈ ਅਤੇ ਜਾਂ ਕਿਸੇ ਹੋਰ ਕਾਰਨ ਵੀ ਮਜ਼ਦੂਰਾਂ ਦੀ ਛਾਂਟੀ ਕਰਨੀ ਪੈਂਦੀ ਹੈ ਤਾਂ ਔਰਤਾਂ ਦੀ ਵਾਰੀ ਸਭ ਤੋਂ ਪਹਿਲਾਂ ਆਉਂਦੀ ਕਿਉਂਕਿ ਮਰਦ ਪ੍ਰਧਾਨ, ਪਿਤਾ ਪੁਰਖੀ ਅਤੇ ਪਿਛਾਂਹਖਿਚੂ ਸਮਾਜ ਵਿਚ ਇਹ ਸਮਝਿਆ ਜਾਂਦਾ ਹੈ ਕਿ ਔਰਤਾਂ ਦੀ ਥਾਂ ਤਾਂ ਘਰ ਵਿਚ ਹੈ ਮਤਲਬ ਕਿ ਉਨ੍ਹਾਂ ਨੂੰ ਘਰੇਲੂ ਕੰਮ ਹੀ ਮੁੱਖ ਜ਼ਿੰਮੇਵਾਰੀ ਦੇ ਤੌਰ 'ਤੇ ਕਰਨੇ ਚਾਹੀਦੇ ਹਨ।

ਗੈਰ ਜਥੇਬੰਦਕ ਖੇਤਰ ਉਹ ਖੇਤਰ ਹੁੰਦਾ ਹੈ ਜਿਥੇ ਭਾਰਤ ਸਰਕਾਰ ਵਲੋਂ ਬਣਾਏ ਕਾਨੂੰਨ ਲਾਗੂ ਨਹੀਂ ਹੁੰਦੇ। ਬਰਾਬਰ ਕੰਮ ਬਰਾਬਰ ਤਨਖਾਹ ਵੀ ਨਹੀਂ ਮਿਲਦੀ ਅਤੇ ਨਾ ਕੋਈ ਮੈਟਰਨਿਟੀ ਲੀਵ। ਹਰ ਵੇਲੇ ਨੌਕਰੀਓਂ ਕੱਢੇ ਜਾਣ ਦਾ ਖੌਫ਼ ਅਤੇ ਲਿੰਗਕ ਹਿੰਸਾ ਦਾ ਡਰ। ਇਹ ਨੇ ਕੰਮ ਦੀਆਂ ਹਾਲਤਾਂ ਜੋ ਸਰਮਾਏਦਰੀ ਨੇ ਔਰਤਾਂ ਨੂੰ ਮੁਹੱਈਆ ਕੀਤੀਆਂ ਹਨ। ਇਕ ਪਾਸੇ ਉਨ੍ਹਾਂ ਦੀ ਮਿਹਨਤ ਦੀ ਸਸਤੀ ਲੁੱਟ ਅਤੇ ਦੂਜੇ ਘਰੇਲੂ ਕੰਮਾਂ ਦਾ ਸਾਰਾ ਬੋਝ ਉਨ੍ਹਾਂ ਉਪਰ ਲੱਦਿਆ ਜਾਂਦਾ ਹੈ। ਇਸ ਸਾਰੇ ਮਾਹੌਲ ਵਿਚ ਜਾਂ ਤਾਂ ਉਸ ਨੂੰ ਨੌਕਰੀ ਨੂੰ ਕੁਰਬਾਨ ਕਰਨਾ ਪੈਂਦਾ ਹੈ ਜਾਂ ਪਰਿਵਾਰ ਨੂੰ। ਇਸ ਤਰ੍ਹਾਂ ਉਸ ਦੀ ਥਾਂ ਹੇਠਲੇ ਦਰਜੇ ਦੇ ਕਾਮੇ ਦੀ ਰਹਿ ਜਾਂਦੀ ਹੈ ਅਤੇ ਮੋੜਵੇਂ ਰੂਪ ਵਿਚ ਇਹ ਸਮਾਜ 'ਚ ਉਸ ਦੀ ਹੈਸੀਅਤ ਉਪਰ ਫਰਕ ਪਾਉਂਦੀ। ਦੂਸਰੇ ਪਾਸੇ ਕੰਮ ਦਾ ਬੋਝ ਉਸ ਲਈ ਕਈ ਤਰ੍ਹਾਂ ਦੀਆਂ ਮਾਨਸਿਕ ਅਤੇ ਸਰੀਰਕ ਸਮੱਸਿਆਵਾਂ ਨੂੰ ਜਨਮ ਦਿੰਦਾ ਹੈ। ਹੁਣ ਤੱਕ ਅਸੀਂ ਔਰਤ ਦੀ ਗੁਲਾਮੀ ਦਾ ਮੁਢ ਕਿਵੇਂ ਬੱਝਾ ਬਾਰੇ ਗੱਲ ਕਰ ਚੁੱਕੇ ਹਾਂ। ਭਾਵੇਂ ਸਰਮਾਏਦਾਰੀ ਸਮਾਜ ਨੇ ਔਰਤ ਨੂੰ ਪਿਛਲੇ ਸਮਾਜਾਂ ਦੀ ਬਜਾਏ ਵੱਧ ਆਜ਼ਾਦੀ ਦਿੱਤੀ ਹੈ, ਪਰ ਇਸ ਨੇ ਉਸ ਨੂੰ ਮੰਡੀ ਵਿਚ ਵਿਕਣ ਵਾਲੀ ਵਸਤੂ ਦੇ ਰੂਪ ਵਿਚ ਵੀ ਪੇਸ਼ ਕੀਤਾ ਹੈ। ਉਹ ਭਾਵੇਂ ਮੰਡੀ ਵਿਚ ਆਪਣੀ ਕਿਰਤ ਸ਼ਕਤੀ ਵੇਚੇ ਜਾਂ ਫਿਰ ਇਕ ਉਪਭੋਗ ਦੀ ਵਸਤੂ ਬਣੇ। ਕੋਈ ਸ਼ੱਕ ਨਹੀਂ ਯੂਰੋਪ ਦੀਆਂ ਔਰਤ ਭਾਰਤ ਵਰਗੇ ਪਛੜੇ ਦੇਸ਼ਾਂ ਦੀ ਬਜਾਏ ਵੱਧ ਹੱਕ ਹਾਸਲ ਕਰ ਚੁੱਕੀਆਂ ਹਨ। ਇਸ ਦੇ ਪਿਛੇ ਉਨ੍ਹਾਂ ਦੇਸ਼ਾਂ ਵਿਚ ਆਏ ਪੁਨਰ ਜਾਗਰਣ ਅਤੇ ਪ੍ਰਬੰਧਨ ਕਾਲ ਦਾ ਉਹ ਇਤਿਹਾਸ ਮੌਜੂਦ ਹੈ ਜਿਸ ਕਰਕੇ ਉਥੇ ਜਦੋਂ ਸਰਮਾਏਦਾਰੀ ਆਈ, ਉਸ ਨੇ ਪੂਰੀ ਤਰ੍ਹਾਂ ਜਗੀਰੂ ਕਦਰਾਂ ਕੀਮਤਾਂ ਨੂੰ ਹੁੰਝ ਦਿੱਤਾ ਅਤੇ ਇਕ ਨਵੀਂ ਸ਼ੁਰੂਆਤ ਕੀਤੀ ਜਿਸ ਵਿਚ ਮਾਨਵਤਾਵਾਦ, ਭਾਈਚਾਰਾ, ਜਮਹੂਰੀਅਤ, ਤਰਕ ਅਤੇ ਬਰਾਬਰੀ ਜਿਹੇ ਵਿਚਾਰਾਂ ਨੂੰ ਨਾ ਕੇਵਲ ਉਪਰ ਹੀ ਲਿਆਂਦਾ, ਬਲਕਿ ਲੰਬੇ ਸਮੇਂ 'ਚ ਇਹ ਵਿਚਾਰ ਉਨ੍ਹਾਂ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਗਏ। ਅੱਜ ਭਾਵੇਂ ਸਰਮਾਏਦਾਰੀ ਮਰਨ ਕਿਨਾਰੇ ਹੈ ਅਤੇ ਇਹ ਢਾਂਚਾਗਤ ਆਰਥਿਕ ਸੰਕਟ ਦਾ ਸ਼ਿਕਾਰ ਹੈ। ਇਥੇ ਇਨ੍ਹਾਂ ਮੁਲਕਾਂ ਵਿਚ ਵੀ ਬੇਚੈਨੀ ਅਰਾਜਕਤਾ, ਅਲਹਿਦਗੀ ਅਤੇ ਸਭਿਆਚਾਰਕ ਪਤਨ ਹੋ ਰਿਹਾ ਹੈ। ਫਿਰ ਵੀ ਇਹ ਜਗੀਰੂ ਮਾਨਸਿਕਤਾ ਅਤੇ ਉਨ੍ਹਾਂ ਕਦਰਾਂ ਕੀਮਤਾਂ ਵੱਲ ਨਹੀਂ ਮੁੜਨਗੇ ਭਾਵੇਂ ਇਹ ਕਿੰਨੇ ਵੀ ਹੇਠਾਂ ਡਿੱਗ ਜਾਣ ਪਰ ਭਾਰਤ ਜਿਹੇ ਦੇਸ਼ ਵਿਚ ਸਰਮਾਏਦਾਰੀ ਆਪਣੀ ਕੁਦਰਤੀ ਗਤੀ ਨਾਲ ਨਹੀਂ ਆਈ, ਬਲਕਿ ਇਥੇ ਤਾਂ ਇਹ ਬਸਤੀਵਾਦੀ ਤਾਕਤਾਂ ਵਲੋਂ ਉਪਰੋਂ ਥੋਪੀ ਗਈ। ਇਸ ਕਰਕੇ ਭਾਰਤ ਵਿਚ ਜਗੀਰੂ ਕਦਰਾਂ ਕੀਮਤਾਂ ਨਾਲ ਪੂਰੀ ਤਰ੍ਹਾਂ ਤੋੜ ਵਿਛੋੜਾ ਨਹੀਂ ਕੀਤਾ ਗਿਆ, ਸਗੋਂ ਮੰਡੀ ਦੀਆਂ ਜ਼ਰੂਰਤਾਂ ਮੁਤਾਬਿਕ ਇਨ੍ਹਾਂ ਨੂੰ ਉਵੇਂ ਹੀ ਖਾਦ ਪਾਣੀ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਸਰਮਾਏਦਾਰੀ ਸਮਾਜ ਅਨੁਸਾਰ ਢਾਲ ਲਿਆ ਗਿਆ। ਇਸ ਤੋਂ ਇਲਾਵਾ ਸਾਮਰਾਜਵਾਦ ਦੇ ਇਸ ਦੌਰ ਵਿਚ ਸਰਮਾਏਦਾਰੀ ਦਾ ਇਹ ਸੜਾਂਦ ਮਾਰਦਾ ਸਭਿਆਚਾਰ ਜੋ ਔਰਤ ਨੂੰ ਉਪਭੋਗ ਦੀ ਵਸਤ ਸਮਝਦਾ ਹੈ ਉਨ੍ਹਾਂ ਖਿਲਾਫ਼ ਅਪਰਾਧ ਲਈ ਇਹ ਵੀ ਜ਼ਿੰਮੇਵਾਰ ਹੈ। ਅਸੀਂ ਵੇਖਦੇ ਹਾਂ ਔਰਤਾਂ ਨੂੰ ਉਤਪਾਦਾਂ ਦੀ ਵੱਧ ਤੋਂ ਵੱਧ ਵਿਕਰੀ ਲਈ ਇਸ਼ਤਿਹਾਰਾਂ ਵਿਚ ਅਸ਼ਲੀਲ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਮੁਨਾਫ਼ਾ ਵਾਸਤੇ ਔਰਤਾਂ ਦੀ ਅਖ਼ਬਾਰਾਂ, ਰਸਾਲਿਆਂ, ਟੀ. ਵੀ. ਚੈਨਲਾਂ, ਇੰਟਰਨੈਟ ਆਦਿ ਥਾਵਾਂ 'ਤੇ ਅਸ਼ਲੀਲ ਪੇਸ਼ਕਾਰੀ ਹੋ ਰਹੀ ਹੈ। ਵੱਧ ਤੋਂ ਵੱਧ ਮੁਨਾਫ਼ੇ ਲਈ ਨੰਗੇਜ਼ਵਾਦ ਨੂੰ ਹੱਲਾ ਸ਼ੇਰੀ ਦਿੱਤੀ ਜਾ ਰਹੀ ਹੈ। ਜਦੋਂ ਇਸ ਨੰਗੇਜ਼ਵਾਦੀ-ਖਪਤਵਾਦੀ ਸਰਮਾਏਦਾਰਾ-ਸਾਮਰਾਜਵਾਦੀ ਗਲੇ ਸੜੇ ਸਭਿਆਚਾਰ ਅਤੇ ਸਮਾਜ ਵਿਚ ਵੱਡੇ ਪੱਧਰ 'ਤੇ ਮੌਜੂਦ ਜਗੀਰੂ ਪ੍ਰਬੰਧ ਦੀ ਰਹਿੰਦ-ਖੂੰਹਦ ਰੂੜੀਵਾਦੀ, ਪਿਛਾਖੜੀ, ਘੋਰ ਔਰਤ-ਵਿਰੋਧੀ ਮੱਧਯੁੱਗੀ ਪਿਤਰ ਸੱਤਾਵਾਦੀ ਸਪਿਆਚਾਰ ਦੇ ਆਪਸ ਵਿਚ ਘੁਲਮਿਲ ਜਾਣ ਨਾਲ ਜੋ ਵੀ ਜ਼ਹਿਰੀਲੀਆਂ ਕਦਰਾਂ-ਕੀਮਤਾਂ ਸਮਾਜ ਵਿਚ ਫੈਲੀਆਂ ਹਨ ਉਨ੍ਹਾਂ ਦਾ ਹੀ ਨਤੀਜਾ ਹੈ ਕਿ ਅੱਜ ਔਰਤਾਂ ਕਿਤੇ ਵੀ ਸੁਰੱਖਿਅਤ ਨਹੀਂ ਹਨ। ਘਰ ਪਰਿਵਾਰ ਤੋਂ ਲੈ ਕੇ ਪੂਰੇ ਸਮਾਜਿਕ ਤਾਣੇ ਬਾਣੇ ਵਿਚ ਹਰ ਥਾਂ 'ਤੇ ਔਰਤਾਂ ਭਿਅੰਕਰ ਰੂਪ ਵਿਚ ਅਸੁਰੱਖਿਅਤ ਹਨ। ਔਰਤਾਂ ਨਾਲ ਛੇੜਖਾਨੀ, ਅਗਵਾ, ਬਲਾਤਕਾਰ, ਤੇਜ਼ਾਬ ਸੁੱਟਣ ਆਦਿ ਜਿਹੇ ਭਿਆਨਕ ਅਪਰਾਧ ਲਗਾਤਾਰ ਵਧਦੇ ਜਾ ਰਹੇ ਹਨ।

ਅਸੀਂ ਜਾਣਦੇ ਹਾਂ ਕਿ ਸਰਮਾਏਦਾਰੀ ਪ੍ਰਬੰਧ ਹੁਣ ਮਰਨ ਕਿਨਾਰੇ ਹੈ। ਜਿਵੇਂ-ਜਿਵੇਂ ਇਹ ਆਰਥਿਕ ਸੰਕਟ ਵਿਚ ਫਸਦਾ ਜਾ ਰਿਹਾ ਹੈ। ਉਵੇਂ ਉਵੇਂ ਇਹ ਇਕ ਦੈਂਤ ਵਾਂਗ ਮਨੁੱਖਤਾ ਦਾ ਘਾਣ ਕਰ ਰਿਹਾ ਹੈ। ਇਹ ਆਰਥਿਕ ਸੰਕਟ ਹੁਣ ਰਾਜਨੀਤਕ ਸੰਕਟਾਂ ਵਿਚ ਪ੍ਰਤੀਬਿੰਬਤ ਹੋ ਰਹੇ ਹਨ। ਇਤਿਹਾਸ ਇਸ ਗੱਲ ਦਾ ਗਵਾਹ ਹੈ ਜਦੋਂ-ਜਦੋਂ ਸਰਮਾਏਦਾਰੀ ਸੰਕਟਗ੍ਰਸਤ ਹੁੰਦੀ ਹੈ, ਉਦੋਂ ਪਛੜੇ ਦੇਸ਼ਾਂ (ਜਿਨ੍ਹਾਂ ਵਿਚ ਸਰਮਾਏਦਾਰੀ ਕ੍ਰਾਂਤੀਕਾਰੀ ਤਰੀਕੇ ਨਾਲ ਨਹੀਂ ਆਈ ਹੁੰਦੀ) ਵਿਚ ਫਾਸ਼ੀਵਾਦੀ ਸਿਰ ਚੁੱਕਦਾ ਹੈ। ਫਾਸਦੀਵਾਦੀ ਵਿਚਾਰਧਾਰਾ ਘੋਰ ਔਰਤ ਵਿਰੋਧੀ ਹੁੰਦੀ ਹੈ। ਇਹ ਔਰਤ ਨੂੰ ਘਰ ਦੀ ਚਾਰਦੀਵਾਰੀ ਵਿਚ ਕੈਦ ਕਰ, ਬੱਚਿਆਂ ਦਾ ਪਾਲਣ ਪੋਸ਼ਣ ਕਰਨ ਅਤੇ ਘਰੇਲੂ ਕੰਮ ਕਾਜ ਸੰਭਾਲਣ ਦੀ ਹੀ ਸਿੱਖਿਆ ਦਿੰਦੀ ਹੈ। ਇਹ ਸਭ ਗੱਲਾਂ ਆਰ. ਐਸ. ਐਸ. ਦੇ ਮੁਖੀ ਅਤੇ ਉਨ੍ਹਾਂ ਦੇ ਵੱਖ-ਵੱਖ ਆਗੂਆਂ ਵਲੋਂ ਔਰਤਾਂ ਵਿਰੁੱਧ ਦਿੱਤੇ ਬਿਆਨਾਂ ਤੋਂ ਸਪਸ਼ਟ ਹੈ। ਇਸ ਲਈ ਇਨ੍ਹਾਂ ਸਭ ਨੂੰ ਵੇਖਦੇ ਹੋਏ ਅਸੀਂ ਇਹ ਗੱਲ ਸੋਚਣ ਲਈ ਮਜਬੂਰ ਹੁੰਦੇ ਹਾਂ ਕਿ ਫਿਰ ਔਰਤ ਦੀ ਮੁਕਤੀ ਦਾ ਰਾਹ ਕੀ ਹੋਵੇਗਾ? ਜਿਵੇਂ ਅਸੀਂ ਪਹਿਲਾਂ ਹੀ ਇਹ ਗੱਲ ਸਪਸ਼ਟ ਕਰ ਚੁੱਕੇ ਹਾਂ ਕਿ ਔਰਤ ਦੀ ਗੁਲਾਮੀ ਦਾ ਮੁੱਖ ਕਾਰਨ ਔਰਤਾਂ ਵਲੋਂ ਗੀਤੀ ਜਾਂਦੀ ਅਥਾਹ ਮਿਹਨਤ ਦਾ ਮੁਲ ਨਾ ਪੈਣਾ ਹੈ। ਇਸ ਲਈ ਜਦੋਂ ਆਰਥਿਕ ਅਧਾਰ 'ਚ ਅਜਿਹੀਆਂ ਤਬਦੀਲੀਆਂ ਨਹੀਂ ਆਉਂਦੀਆਂ ਜਨ੍ਹਾਂ ਕਰਕੇ ਉਨ੍ਹਾਂ ਦੀ ਜ਼ਿੰਦਗੀ ਦੀਆਂ ਹਾਲਤਾਂ ਬਦਲਣ। ਇਸ ਲਈ ਔਰਤਾਂ ਨੂੰ ਘਰੇਲੂ ਕੰਮਾਂ ਦੇ ਬੋਝ ਹੇਠੋਂਕੱਢਕੇ ਜਦੋਂ ਤੱਕ ਸਮਾਜਿਕ ਪੈਦਾਵਾਰ ਨਾਲ ਨਹੀਂ ਜੋੜਿਆ ਜਾਂਦਾ, ਉਦੋਂ ਤੱਕ ਉਨ੍ਹਾਂ ਦੀ ਅਜ਼ਾਦੀ ਦੀ ਗੱਲ ਕਰਨਾ ਬੇਵਕੂਫ਼ੀ ਹੋਵੇਗੀ।

ਘਰੇਲੂ ਕੰਮਾਂ ਦਾ ਸਮਾਜੀਕਰਨ ਕੀਤਾ ਜਾਣਾ ਚਾਹੀਦਾ ਹੈ ਜਿਵੇਂ ਕਿ ਸਾਂਝੇ ਰਸੋਈ ਘਰ, ਕੱਪੜੇ ਧੋਣ ਲਈ ਸਾਂਝੇ ਲਾਂਡਰੀ ਪਲਾਂਟ ਆਦਿ 'ਤੇ ਬੱਚਿਆਂ ਦੀ ਪਾਲਣਾ ਪੋਸ਼ਣਾ ਤੇ ਪੜ੍ਹਾਈ ਲਿਖਾਈ ਦੀ ਜ਼ਿੰਮੇਵਾਰੀ ਸਮਾਜ ਚੁੱਕੇ। ਭਾਵ ਕਿ ਸਾਰੀ ਸਮਾਜਿਕ ਕਿਰਤ ਨੂੰ ਸਭ ਮਿਲਕੇ ਪੂਰਾ ਕਰਨ ਤੇ ਉਸ ਦੇ ਫਲ ਨੂੰ ਕਿਰਤ ਅਨੁਸਾਰ ਸਾਰੇ ਕਿਰਤੀਆਂ (ਸਮੇਤ ਔਰਤਾਂ) 'ਚ ਵੰਡਿਆ ਜਾਵੇ।


ਪਰ ਇਹ ਸਭ ਸਰਮਾਏਦਾਰੀ ਵਿਚ ਨਹੀਂ ਹੋ ਸਕਦਾ। ਇਹ ਪ੍ਰਬੰਧ ਔਰਤਾਂ ਨੂੰ ਤਾਂ ਕੀ ਸਾਰੇ ਮਰਦਾਂ ਨੂੰ ਵੀ ਪੂਰਨ ਰੁਜ਼ਗਾਰ ਨਹੀਂ ਦੇ ਸਕਦਾ। ਅਜੇ ਤਾਂ ਔਰਤਾਂ ਦਾ ਬਹੁਤ ਵੱਡਾ ਹਿੱਸਾ ਘਰੇਲੂ ਚਾਰਦੀਵਾਰੀ ਵਿਚ ਹੀ ਹੈ ਫਿਰ ਵੀ ਇਸ ਸਮਾਜ 'ਚ ਬੇਸ਼ੁਮਾਰ ਬੇਰੁਜ਼ਗਾਰੀ ਹੈ। ਪਹਿਲਾਂ ਹੀ ਉਜਰਤੀ ਕਿਰਤ ਸ਼ਕਤੀ ਨੂੰ ਇਹ ਕਿਰਤ ਮੰਡੀ ਖਪਾ ਨਹੀਂ ਸਕਦੀ ਤੇ ਫਰ ਇਨ੍ਹਾਂ ਸਾਰੀਆਂ ਔਰਤਾਂ ਨੂੰ ਇਹ ਪ੍ਰਬੰਧ ਕੰਮ ਕਿਥੋਂ ਦੇਵੇਗਾ। ਮੁਨਾਫ਼ੇ ਅਤੇ ਲੁਟ ਖਸੁੱਟ ਤੇ ਆਧਾਰਿਤ ਪ੍ਰਬੰਧ ਦਾ ਇਕੋ ਇਕ ਮਕਸਦ ਲੋਕਾਂ ਦਾ ਖੂਨ ਚੂਸਕੇ ਮੁਨਾਫ਼ਾ ਬਟੋਰਨਾ ਹੈ। ਇਸ ਲਈ ਆਪਣੀ ਹਿਫਾਜ਼ਤ ਲਈ ਇਹ ਪੁਰਾਣੀਆਂ ਅਤੇ ਪਿਛਾਖੜੀ ਰੀਤਾਂ ਨੂੰ ਆਪਣੇ ਹੱਕ ਵਿਚ ਪ੍ਰਚਾਰਦਾ ਹੈ ਕਿ ਔਰਤਾਂ ਦੀ ਜ਼ਿੰਮੇਵਾਰੀ ਸਮਾਜਿਕ ਕੰਮਾਂ 'ਚ ਹਿੱਸਾ ਲੈਣ ਦੀ ਬਜਾਏ ਘਰ ਪਰਿਵਾਰ ਚਲਾਉਣਾ ਹੈ ਅਤੇ ਉਸ ਦੀ ਅਸਲ ਜਗ੍ਹਾ ਘਰ ਦੀ ਚਾਰਦੀਵਾਰੀ ਹੈ। ਇਥੋਂ ਪਤਾ ਲੱਗਦਾ ਹੈ ਕਿ ਇਹ ਉਸਦਾ ਘਰ ਪਰਿਵਾਰ ਨਹੀਂ ਜੋ ਉਸ ਦੀ ਸਮਾਜ 'ਚ ਤੇ ਕਿਰਤ ਦੀ ਮੰਡੀ 'ਚ ਉਸਦੀ ਨੀਵੀਂ ਹੈਸੀਅਤ ਲਈ ਜ਼ਿੰਮੇਵਾਰ ਹੈ, ਸਗੋਂ ਇਹ ਪ੍ਰਬੰਧ, ਜੋ ਬੇਰੁਜ਼ਗਾਰਾਂ ਦੀ ਭੀੜ 'ਚ ਹੋਰ ਵਾਧੇ ਦੇ ਡਰ 'ਚੋਂ ਔਰਤਾਂ ਨੂੰ ਘਰ 'ਚ ਹੀ ਕੈਦ ਰੱਖਣ ਦੀ ਕੋਸ਼ਿਸ਼ ਕਰਦਾ ਹੈ, ਜ਼ਿੰਮੇਵਾਰ ਹੈ।

ਅੰਤ ਵਿਚ ਇਸ ਸਰਮਾਏਦਾਰਾ ਪ੍ਰਬੰਧ 'ਚ ਹਰ ਕਿਸਮ ਦੀ ਕਿਰਤ ਦਾ ਸਮਾਜੀਕਰਨ ਸੰਭਵ ਨਹੀਂ ਹੈ, ਇਥੇ ਉਹੀ ਕਿਰਤ ਮੰਡੀ 'ਚ ਵਿਕਦੀ ਹੈ ਜਿਸ ਤੋਂ ਮੁਨਾਫ਼ਾ ਕਮਾਇਆ ਜਾ ਸਕਦਾ ਹੈ ਤੇ ਜੋ ਮੁਨਾਫ਼ਾ ਨਹੀਂ ਦੇ ਸਕਦੀ ਉਹ ਕਿਸੇ ਕੰਮ ਦੀ ਨਹੀਂ ਰਹਿੰਦੀ। ਸਰਮਾਏਦਾਰ ਪ੍ਰਬੰਧ ਕਦੇ ਵੀ ਘਰੇਲੂ ਕੰਮਾਂ ਦੀ, ਖਾਸ ਕਰਕੇ ਬੱਚਿਆਂ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਉਹ ਇਹ ਕੰਮ ਵਿਅਕਤੀ ਤੇ ਪਰਿਵਾਰ 'ਤੇ ਹੀ ਸੁੱਟਦਾ ਹੈ ਅਤੇ ਅੰਤਮ ਤੌਰ 'ਤੇ ਜਿਸ ਨੂੰ ਔਰਤ ਹੀ ਮੁੱਖ ਰੂਪ 'ਚ ਨਿਭਾਉਂਦੀ। ਇਸ ਲਈ ਔਰਤ ਦੀ ਮੁਕਤੀ ਰਾਹ ਸਮਾਜਵਾਦੀ ਇਨਕਲਾਬੀ 'ਚੋਂ ਹੋ ਕੇ ਗੁਜ਼ਰਦਾ ਹੈ ਜਿਸ ਲਈ ਔਰਤ ਮੁਕਤੀ ਲਈ ਜਦੋ ਜਹਿਦ 'ਚ ਲੱਗੀਆਂ ਜਥੇਬੰਦੀਆਂ ਨੂੰ ਮਜ਼ਦੂਰ ਜਮਾਤ ਦੀਆਂ ਸਫ਼ਾਂ ਨਾਲ ਇਕਮਿਕ ਹੋ ਕੇ ਅੱਗੇ ਵਧਣਾ ਚਾਹੀਦਾ ਹੈ।

## ਜੋਨਸ ਸਾਕ (28 ਅਕਤੂਬਰ, 1914 ਤੋਂ 23 ਜੂਨ 1995)

ਜੋਨਸ ਸਾਕ ਨੇ ਪੋਲੀਓ ਦੀ ਵੈਕਸੀਨ ਦੀ ਖੋਜ ਕੀਤੀ ਤੇ ਇਸਨੂੰ ਆਪਣੇ ਨਾਮ ਪੇਟੈਂਟ ਕਰਵਾ ਕੇ ਕਰੋੜਾਂ-ਖਰਬਾਂ ਰੁਪਏ ਕਮਾਉਣ ਦੀ ਥਾਂ ਆਪਣੇ ਫਾਰਮੂਲੇ ਨੂੰ ਮੁਫਤ ਵੰਡਿਆ ਤੇ ਇਸੇ ਕਰਕੇ ਸੰਸਾਰ ਭਰ ਵਿੱਚ ਪੋਲੀਓ ਦੀ ਦਵਾਈ ਮੁਫਤ ਵੰਡਣੀ ਸੰਭਵ ਹੋ ਸਕੀ। ਉਸਦੀ ਬਦੌਲਤ ਅੱਜ ਸੰਸਾਰ ਦੇ ਇੱਕ ਵੱਡੇ ਹਿੱਸੇ ਵਿੱਚ ਪੋਲੀਓ ਦਾ ਕੋਈ ਨਾਮੋ-ਨਿਸ਼ਾਨ ਨਹੀਂ ਬਚਿਆ ਤੇ ਲੱਖਾਂ ਬੱਚੇ ਸਿਹਤਮੰਦ ਜ਼ਿੰਦਗੀ ਜਿਉਣ ਦੇ ਕਾਬਲ ਹੋ ਸਕੇ। ਫੋਰਬਸ ਮੈਗਜ਼ੀਨ ਅਨੁਸਾਰ ਉਹ ਇਸ ਫਾਰਮੂਲੇ ਰਾਹੀਂ 7 ਅਰਬ ਡਾਲਰ ਦੀ ਕਮਾਈ ਕਰ ਸਕਦਾ ਸੀ। ਪਰ ਉਹ ਜਾਣਦੇ ਸਨ ਕਿ ਇੰਨੀ ਗਰੀਬੀ ਤੇ ਆਰਥਿਕ ਪਾੜੇ ਕਾਰਨ ਕਰੋੜਾਂ ਲੋਕ ਇਸ ਦਵਾਈ ਨੂੰ ਖਰੀਦ ਹੀ ਨਹੀਂ ਸਕਣਗੇ ਤੇ ਪੋਲੀਓ ਕਦੇ ਖਤਮ ਨਹੀਂ ਹੋਵੇਗੀ। ਇਸ ਤਰ੍ਹਾਂ ਉਹਨਾਂ ਨੇ ਵਿਗਿਆਨ ਦੀ ਸੱਚੀ ਭਾਵਨਾ ਦਾ ਪਾਲਣ ਕਰਦਿਆਂ

ਵਿਗਿਆਨ ਤੇ ਮਨੁੱਖਤਾ ਨੂੰ ਸਮਰਪਿਤ ਵਿਗਿਆਨੀ



ਜੋਨਸ ਸਾਕ, ਜਿਸਨੇ ਪੋਲੀਓ ਦੀ ਵੈਕਸੀਨ ਤਿਆਰ ਕਰਕੇ ਸਮੁੱਚੀ ਮਨੁੱਖਤਾ ਦੇ ਭਲੇ ਲਈ ਮੁਫਤ ਵੰਡੀ

ਆਪਣਾ ਵਿਗਿਆਨ ਮਨੁੱਖਤਾ ਦੀ ਬਿਹਤਰੀ ਦੇ ਲੇਖੇ ਲਾ ਦਿੱਤਾ।

ਅਜਿਹੇ ਡਾਕਟਰਾਂ ਦੇ ਵਿਗਿਆਨ ਅਤੇ ਮਨੁੱਖਤਾ ਪ੍ਰਤੀ ਭਾਵਨਾ ਅਤੇ ਫ਼ਰਜ਼ ਨੂੰ ਸਲਾਮ!

## ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵਲੋਂ ਪੁਸਤਕ ਮੇਲਾ 21 ਅਤੇ 22 ਜੁਲਾਈ ਨੂੰ ਕੈਲਗਰੀ ਗਰੀਨ ਪਲਾਜ਼ਾ ਵਿਚ ਲੱਗੇਗਾ


**ਕੈਲਗਰੀ/ਮਾ. ਭਜਨ**

ਕੈਲਗਰੀ ਦੇ ਸਭ ਵੀਰਾਂ, ਭੈਣਾਂ-ਪੁਸਤਕ ਪ੍ਰੇਮੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ 21 ਅਤੇ 22 ਜੁਲਾਈ ਸ਼ਨੀਵਾਰ ਅਤੇ ਐਤਵਾਰ ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ ਦੋ ਦਿਨਾਂ ਪੁਸਤਕ ਮੇਲਾ ਲੱਗ ਰਿਹਾ ਹੈ ਜਿਸ ਤੁਹਾਨੂੰ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਹਰ ਕਿਸਮ ਦੀਆਂ ਉਸਾਰੂ ਸਾਹਿਤ ਨਾਲ ਸਬੰਧਤ ਕਿਤਾਬਾਂ ਵਾਜਬ ਕੀਮਤ 'ਤੇ ਮਿਲਣਗੀਆਂ। ਇਹ ਪੁਸਤਕ ਮੇਲਾ ਗਰੀਨ ਪਲਾਜ਼ਾ (ਡਾ. ਭੁੱਲਰ ਵਾਲਾ), ਲਵਲੀ ਸਵੀਟਸ, ਢਿੱਲੋਂ ਫੈਸ਼ਨ ਦੇ ਨਾਲ ਬੈਲ ਕੁਨੈਕਸ਼ਨ ਦੇ ਸਾਹਮਣੇ ਬਰਾਂਡੇ ਵਿਚ ਲੱਗੇਗਾ। ਪਾਠਕਾਂ ਦੀ ਮੰਗ ਅਨੁਸਾਰ ਇਤਿਹਾਸਕ, ਵਿਗਿਆਨਕ, ਸਿਹਤ, ਸਾਹਿਤਕ, ਤਰਕਸ਼ੀਲ, ਲੋਕਪੱਖੀ ਕਿਤਾਬਾਂ ਵੱਡੀ ਗਿਣਤੀ ਵਿਚ ਪੁੱਜ ਚੁੱਕੀਆਂ ਹਨ ਜਿਸ ਤਰ੍ਹਾਂ ਆਪ ਨੂੰ ਪਤਾ ਹੀ ਹੈ ਕਿ ਇਹ ਸੰਸਥਾ ਕੈਲਗਰੀ ਦਾ ਕਈ ਸਾਲਾਂ ਤੋਂ ਸਮਾਜਕ ਪ੍ਰਤੀਬੱਧਤਾ ਨਾਲ ਕੰਮ ਕਰ ਰਹੀ ਹੈ। ਇਸ ਦਾ ਮਕਸਦ ਲੋਕਾਂ ਨੂੰ ਚੰਗੇ ਸਹਿਤ ਨਾਲ ਜੋੜ ਕੇ ਚੰਗਾ ਸਮਾਜ ਸਿਰਜਣਾ ਹੈ, ਨਾ ਕਿ ਕਮਾਈ ਕਰਨਾ। ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵਲੋਂ ਅਸੀਂ ਸਭ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਘਰ-ਘਰ ਵਿਚ ਛੋਟੀ ਲਾਇਬ੍ਰੇਰੀ ਜ਼ਰੂਰ ਬਣਾਓ, ਗਿਫਟ ਦੇਣ ਦੀ ਥਾਂ ਖੁਸ਼ੀ ਦੇ ਮੌਕਿਆਂ 'ਤੇ ਕਿਤਾਬਾਂ ਦੇਵੋ। ਚੰਗੀਆਂ ਕਿਤਾਬਾਂ ਆਪ ਪੜ੍ਹੋ ਹੋਰਨਾਂ ਨੂੰ ਪੜ੍ਹਾਓ। ਕਿਤਾਬਾਂ ਸਬੰਧੀ ਸੁਝਾਓ, ਮੰਗਵਾਉਣ ਲਈ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਨਾਲ ਫੋਨ : 403-455-4220 'ਤੇ ਸੰਪਰਕ ਕਰੋ।

# ਕ੍ਰਾਂਤੀ ਦੀ ਗਾਥਾ ਦਾ ਸ਼ਾਇਰ : ਸੰਤ ਰਾਮ ਉਦਾਸੀ

## (20 ਅਪ੍ਰੈਲ 1939- 6 ਨਵੰਬਰ 1986)

- ਅਜਮੇਰ ਸਿੱਧੂ




(ਪਿਛਲੇ ਅੰਕ ਦੀ ਬਾਕੀ)

ਇਨਕਲਾਬੀ ਆਗੂਆਂ ਤੇ ਕਾਰਕੁਨਾਂ ਨੇ ਇਹ ਆਧਾਰ ਆਪਣੇ ਖ਼ੂਨ ਪਸੀਨੇ ਦੀ ਮਿਹਨਤ ਅਤੇ ਕੁਰਬਾਨੀਆਂ ਨਾਲ ਕਾਇਮ ਕੀਤਾ ਸੀ। ਖਾਲਿਸਤਾਨੀਆਂ ਕੋਲ ਇੱਕੋ ਇੱਕ ਹੱਲ ਇਨਕਲਾਬੀਆਂ ਨੂੰ ਸਰੀਰਕ ਤੌਰ 'ਤੇ ਖ਼ਤਮ ਕਰਨਾ ਸੀ। ਉਨ੍ਹਾਂ ਅਜਿਹਾ ਹੀ ਕੀਤਾ। ਜਿਸ ਨਾਲ ਦੋਨਾਂ ਧਿਰਾਂ ਵਿਚਕਾਰ ਦੁਸ਼ਮਣੀ ਵਾਲਾ ਰਿਸ਼ਤਾ ਬਣ ਗਿਆ। ਖਾਲਿਸਤਾਨੀਆਂ ਵੱਲੋਂ ਧੜਾਧੜ ਕਮਿਊਨਿਸਟ ਇਨਕਲਾਬੀਆਂ ਨੂੰ ਮਾਰਿਆ ਜਾਣ ਲੱਗਾ। ਮਾਰਿਆ ਵੀ ਉਨ੍ਹਾਂ ਨੂੰ ਗਿਆ, ਜਿਨ੍ਹਾਂ ਨੇ ਪੁਲਿਸ ਥਾਣਿਆਂ ਤੇ ਤਸੀਹਾ ਕੇਂਦਰਾਂ ਦਾ ਅੰਤਾਂ ਦਾ ਤਸ਼ੱਦਦ ਝੱਲਿਆ ਸੀ। ਉਹ ਲੋਕਾਂ ਦੇ ਸੰਘਰਸ਼ਾਂ ਵਿੱਚੋਂ ਨਿਕਲ ਕੇ ਹੀ ਲੋਕ ਆਗੂ ਬਣੇ ਸਨ। ਇਸ ਦਹਿਸ਼ਤ ਭਰੇ ਮਾਹੌਲ ਵਿੱਚ ਆਮ ਲੋਕਾਂ ਦਾ ਘਰਾਂ ਤੋਂ ਬਾਹਰ ਨਿਕਲਣਾ ਬੰਦ ਹੋ ਗਿਆ। ਪੁਲਿਸ ਜਬਰ ਅਤੇ ਨਿਰਦੋਸ਼ ਸਿੱਖ ਨੌਜਵਾਨਾਂ ਦੇ ਕਤਲਾਂ ਨੇ ਵੀ ਲੋਕਾਂ ਨੂੰ ਡਰਾਇਆ। ਕੇਂਦਰ ਦੀ ਕਾਂਗਰਸ ਸਰਕਾਰ ਇੱਕ ਤੀਰ ਨਾਲ ਦੋ ਨਿਸ਼ਾਨੇ ਮਾਰ ਰਹੀ ਸੀ। ਉਹ ਇਨਕਲਾਬੀ ਲਹਿਰ ਨੂੰ ਕਮਜ਼ੋਰ ਕਰ ਰਹੀ ਸੀ। ਆਪਣੀਆਂ ਏਜੰਸੀਆਂ ਅਤੇ ਆਪਣੇ ਦਹਿਸ਼ਤਗਰਦਾਂ ਰਾਹੀਂ ਭਾਰਤ ਦੀ ਬਹੁ-ਗਿਣਤੀ ਦਾ ਵੋਟ ਬੈਂਕ ਆਪਣੇ ਖਾਤੇ ਵਿੱਚ ਪੱਕਾ ਕਰ ਰਹੀ ਸੀ।

ਖਾਲਿਸਤਾਨ ਕਮਾਂਡੋ ਫੋਰਸ ਦੇ ਸਾਬਕਾ 'ਜਨਰਲ' ਲਾਭ ਸਿੰਘ (ਸ੍ਰ. ਸੁਖਦੇਵ ਸਿੰਘ ਉਰਫ਼ ਸੁੱਖਾ ਸਿਪਾਹੀ) ਜਿਸਦਾ 1988 ਵਿੱਚ ਹੁਸ਼ਿਆਰਪੁਰ ਲਾਗੇ ਪੁਲਿਸ ਨੇ ਘੇਰੇ ਵਿੱਚ ਲੈ ਕੇ ਕਤਲ ਕਰ ਦਿੱਤਾ ਸੀ, ਉਸ ਕੋਲੋਂ ਇੱਕ ਦਸਤਾਵੇਜ਼ ਮਿਲਿਆ ਸੀ। ਇਹ ਦਸਤਾਵੇਜ਼ 'ਇੰਡੋ-ਕੈਨੇਡੀਅਨ ਟਾਇਮਜ਼' ਦੇ ਜੂਨ 1-7, 1995 ਵਾਲੇ ਅੰਕ ਵਿੱਚ ਪੰਨਾ 54 'ਤੇ "ਜਨਰਲ' ਲਾਭ ਸਿੰਘ ਦੀ ਡਾਇਰੀ ਦੇ ਪੰਨੇ' ਨਾਂ ਹੇਠ ਛਪਿਆ ਸੀ। ਉਸਨੇ ਨਕਸਲੀ ਕਮਿਊਨਿਸਟਾਂ ਦੇ ਨਿਹੱਕੇ ਕਤਲਾਂ ਦੀ ਨੁਕਤਾਚੀਨੀ ਕੀਤੀ ਸੀ। ਉਸਨੇ ਆਪਣੇ ਖਾਲਿਸਤਾਨੀ ਸਾਥੀਆਂ ਨੂੰ ਅਜਿਹੇ ਕਤਲਾਂ ਤੋਂ ਵਰਜਣਾ ਕੀਤੀ ਸੀ ਪਰ ਇਸਦੇ ਬਾਵਜੂਦ ਵੀ ਨਕਸਲੀ ਆਗੂਆਂ ਅਤੇ ਕਾਰਕੁਨਾਂ ਦੇ ਖਾਲਿਸਤਾਨੀਆਂ ਵੱਲੋਂ ਕਤਲ ਜਾਰੀ ਰਹੇ। ਉਹ ਕਤਲਾਂ ਦੀ ਜ਼ੁੰਮੇਵਾਰੀ ਲੈਂਦੇ ਰਹੇ।

ਹਰ ਕਮਿਊਨਿਸਟ ਨੂੰ ਦੁਸ਼ਮਣ ਮੰਨ ਲੈਣ ਦੀ ਪਹੁੰਚ ਕਿਸੇ ਵੀ ਤਰ੍ਹਾਂ ਦਰੁਸਤ ਨਹੀਂ ਬਣਦੀ। ਇਹ ਵੇਖਿਆ ਗਿਆ ਹੈ ਕਿ ਨਕਸਲੀ ਲਹਿਰ ਦੇ ਕੁਝ ਹਿੱਸੇ ਪਹਿਲਾਂ ਖਾੜਕੂ ਲਹਿਰ ਨਾਲੋਂ ਹਕੂਮਤ ਦੇ ਵੱਧ ਵਿਰੋਧੀ ਸਨ। ਉਹ ਸਿੱਖ ਖਾੜਕੂਆਂ ਨਾਲ ਸਿੱਧੇ ਟਕਰਾਓ 'ਚ ਨਹੀਂ ਆਉਣਾ ਚਾਹੁੰਦੇ ਸਨ ਪਰ ਜਦ ਖਾਹਮਖਾਹ ਹੀ ਉਨ੍ਹਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ ਤਾਂ ਉਹ ਤਿਲਕਦੇ-ਤਿਲਕਾਉਂਦੇ ਡਟ ਕੇ ਸਰਕਾਰ ਦੇ ਪੱਖ 'ਚ ਜਾ ਖਲੋਤੇ। ਇਉਂ ਕਤਲਾਂ ਦੀ ਗਲਤ ਸਿਆਸਤ ਨਾਲ ਦੁਸ਼ਮਣ ਦਾ ਪੱਖ ਹੋਰ ਮਜ਼ਬੂਤ ਹੋ ਗਿਆ। ਜਿਹੜੇ ਲੋਕ ਖਾੜਕੂ ਲਹਿਰ ਉਤੇ ਸਰਕਾਰੀ ਜਬਰ ਖਿਲਾਫ ਲੜਨ ਲਈ ਤਿਆਰ ਸਨ ਅਤੇ ਝੂਠੇ ਪੁਲਿਸ ਮੁਕਾਬਲਿਆਂ ਦਾ ਡਟਵਾਂ ਵਿਰੋਧ ਕਰਦੇ ਸਨ, ਉਨ੍ਹਾਂ ਨੂੰ ਬਦੋ-ਬਦੀ ਦੁਸ਼ਮਣ ਨਾਲ ਜੋੜ ਦਿੱਤਾ ਗਿਆ।

ਉਦਾਹਰਣ ਵਜੋਂ ਬਲਦੇਵ ਸਿੰਘ ਮਾਨ ਦੇ ਕਤਲ ਨਾਲ ਵਿਰੋਧੀ ਵਧੇ ਹੀ ਹਨ ਘਟੇ ਨਹੀਂ। ਸਗੋਂ ਇਸ ਇੱਕੋ ਗਲਤ ਕਤਲ ਨਾਲ ਕਿੰਨੇ ਹੀ ਉਸ ਦੇ ਸਾਥੀ ਡਟ ਕੇ ਸਰਕਾਰ ਨਾਲ ਜਾ ਖੜੋਤੇ ਹਨ। ਪਹਿਲਾਂ ਉਹ ਸਿੱਖ ਲਹਿਰ ਨਾਲੋਂ ਸਰਕਾਰ ਦੇ ਵੱਧ ਵਿਰੋਧੀ ਸਨ। ਉਹ ਖਾੜਕੂਆਂ ਦੀ ਬੇਗੁਨਾਹਾਂ ਦੇ ਕਤਲਾਂ ਦੀ ਸਿਆਸਤ ਨੂੰ ਜ਼ਰੂਰ ਨਿੰਦਦੇ ਸਨ, ਪਰ ਸਰਕਾਰੀ ਟਾਊਟ ਬਣਨ ਲਈ ਤਿਆਰ ਨਹੀਂ ਸਨ। ਖਾੜਕੂਆਂ ਵੱਲੋਂ ਬਲਦੇਵ ਸਿੰਘ ਮਾਨ ਨੂੰ ਮਾਮੂਲੀ ਵਜ੍ਹਾ ਕਰਕੇ (ਜਿਸ ਵਿੱਚ ਜਾਤੀ ਦੁਸ਼ਮਣੀ ਦਾ ਅੰਸ਼ ਭਾਰੂ ਸੀ) ਹੀ ਕਤਲ ਕਰ ਦੇਣ ਤੋਂ ਬਾਅਦ ਹੀ ਉਹ ਧੱਕੇ-ਧਕਾਏ ਗਲਤ ਜਗ੍ਹਾ ਜਾ ਪਹੁੰਚੇ ਹਨ। ਇਸ ਵਿੱਚ ਉਨ੍ਹਾਂ ਨਾਲੋਂ ਵੱਧ ਦੋਸ਼ ਖਾੜਕੂ ਸਿੰਘਾਂ ਦਾ ਹੈ, ਜਿਨ੍ਹਾਂ ਨੇ ਆਪਣੀ ਗਲਤ ਸਮਝ ਸਦਕਾ ਇੱਕ ਚੰਗੇ-ਭਲੇ ਹਿੱਸੇ ਨੂੰ ਗਲਤ ਪਾਸੇ ਧੱਕ ਦਿੱਤਾ ਹੈ। ਹੁਣ ਜੈਮਲ ਸਿੰਘ ਪੱਡਾ ਤੇ ਅਵਤਾਰ ਪਾਸ਼ ਦੇ ਕਤਲ ਨਾਲ ਹਾਲਤ ਹੋਰ ਵੀ ਬਦਤਰ ਹੋ ਗਈ ਹੈ। ਇਹ ਦੋਨੋਂ ਹੀ ਕਤਲ ਨਿਹੱਕੇ ਹੋਏ ਹਨ। 'ਪਾਸ਼' ਨੂੰ 'ਸੁਰਖ ਰੇਖਾ' ਨਾਲ ਗਲਤ ਜੋੜਿਆ ਗਿਆ ਹੈ। ਸਚਾਈ ਇਹ ਹੈ ਕਿ ਉਸ ਦਾ 'ਸੁਰਖ ਰੇਖਾ'! ਵਾਲਿਆਂ ਨਾਲ ਜੱਦੀ ਕਿਸਮ ਦਾ ਵੈਰ ਸੀ। ਇਹ ਗੱਲ ਜੈਮਲ ਸਿੰਘ ਪੱਡਾ ਉੱਤੇ ਲਾਗੂ ਹੁੰਦੀ ਹੈ। ਇਹ ਦੋਨੋਂ ਵਿਅਕਤੀ ਖਾੜਕੂ ਲਹਿਰ ਦੇ ਨੁਕਤਾਚੀਨ ਜ਼ਰੂਰ ਸਨ, ਪਰ ਇਨ੍ਹਾਂ ਨੇ ਅਜਿਹਾ ਜੁਰਮ ਕੋਈ ਨਹੀਂ ਸੀ ਕੀਤਾ ਜਿਸ ਨਾਲ ਉਹ ਮੌਤ ਦੇ ਹੱਕਦਾਰ ਹੋ ਜਾਣ। ਖਾੜਕੂ ਸਿੰਘਾਂ ਨੂੰ ਐਨੀ ਅਸ਼ਹਿਨਸ਼ੀਲਤਾ ਨਹੀਂ ਵਿਖਾਉਣੀ ਚਾਹੀਦੀ ਕਿ ਉਨ੍ਹਾਂ ਦੀ ਮਾਮੂਲੀ ਨੁਕਤਾਚੀਨੀ ਕਰਨ ਵਾਲੇ ਨੂੰ ਹੀ ਜਾਨੋਂ ਮਾਰ ਸੁੱਟਿਆ ਜਾਵੇ। ਜੇਕਰ ਕੋਈ ਆਪਣੀ ਸਿਆਸੀ ਨੁਕਤਾਚੀਨੀ ਤੇ ਵਿਰੋਧ ਸਹਿਣ ਨਹੀਂ ਕਰ ਸਕਦਾ ਤਾਂ ਇਹ ਉਸਦੀ ਕਮਜ਼ੋਰੀ ਹੈ। ਜੇਕਰ ਤੁਹਾਡਾ ਪੱਖ ਸੱਚਾ ਹੈ, ਤੁਹਾਡੀ ਦਲੀਲ ਸੱਚੀ ਹੈ ਤਾਂ ਅਜਿਹੇ ਸਿਆਸੀ ਵਿਰੋਧੀਆਂ ਨੂੰ ਦਲੀਲ ਨਾਲ ਉੱਤਰ ਦਿੱਤਾ ਜਾ ਸਕਦਾ ਹੈ। ਗੋਲੀ ਸਿਰਫ ਉਸ ਲਈ ਰਾਖਵੀਂ ਹੋਣੀ ਚਾਹੀਦੀ ਹੈ, ਜਿਸ ਨੇ ਲਹਿਰ ਨਾਲ ਕੋਈ ਬੱਜਰ ਗੁਨਾਹ ਕੀਤਾ ਹੋਵੇ। ਹਰ ਵਿਰੋਧੀ ਨੂੰ ਮਾਰਨ ਵਾਲੀ ਪਹੁੰਚ ਸਿੱਖੀ ਸਿਧਾਂਤਾਂ ਮੁਤਾਬਕ ਵੀ ਸਹੀ ਅਤੇ ਵਾਜਬ ਨਹੀਂ ਬਣਦੀ। ਇਸ ਪੱਖੋਂ ਲਹਿਰ ਨੂੰ ਜ਼ਰੂਰ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਚਾਹੀਦਾ ਹੈ।

ਸੰਤ ਰਾਮ ਉਦਾਸੀ ਆਪਣੇ ਪਿਆਰੇ ਆਗੂਆਂ ਅਤੇ ਨਿਰਦੋਸ਼ ਲੋਕਾਂ ਦੇ ਕਤਲਾਂ ਤੋਂ ਪ੍ਰੇਸ਼ਾਨ ਹੋ ਗਿਆ। ਇਸ ਪ੍ਰੇਸ਼ਾਨੀ ਨੇ ਉਸਦੀ ਮਾਨਸਿਕ ਹਾਲਤ ਵਿਗਾੜ ਦਿੱਤੀ। ਉਸਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਜੋ ਇਨਕਲਾਬੀ ਲੋਕ ਯੁੱਗ ਨੂੰ ਪਲਟਾਉਣ ਤੁਰੇ ਸਨ, ਉਨ੍ਹਾਂ ਨੂੰ ਬੇਰਹਿਮੀ ਨਾਲ ਮਾਰ ਦਿੱਤਾ ਜਾਏਗਾ। ਉਦਾਸੀ ਲਈ ਇਹ ਕਤਲ ਅਸਹਿ ਸਨ।

ਪੰਜਾਬ ਵਿੱਚ ਸਰਕਾਰੀ ਅਤੇ ਗੈਰ-ਸਰਕਾਰੀ ਦਹਿਸ਼ਤ ਕਾਰਨ ਨਕਸਲੀਆਂ ਦੀਆਂ ਜਨਤਕ ਜਥੇਬੰਦੀਆਂ ਦੀਆਂ ਸਰਗਰਗੀਆਂ 'ਤੇ ਬਹੁਤ ਬੁਰਾ ਪ੍ਰਭਾਵ ਪਿਆ। ਇਸ ਨਾਲ ਉਦਾਸੀ ਨੂੰ ਮੰਚਾਂ ਦੀ ਘਾਟ ਵੀ ਆਈ। ਉਦਾਸੀ ਨੂੰ ਵੱਡਾ ਝਟਕਾ ਇਸ ਗੱਲ ਦਾ ਲੱਗਾ ਕਿ ਉਸਦੀ ਲਹਿਰ ਨੂੰ ਬਹੁਤ ਨੁਕਸਾਨ ਹੋਇਆ। ਆਮ ਕਿਰਤੀ ਵਰਗ ਦਾ ਇਨਕਲਾਬ ਕਰਨ ਦਾ ਸੁਪਨਾ ਕਈ ਸਾਲ ਪਿੱਛੇ ਪੈ ਗਿਆ। ਉਹ ਇਸ ਸੁਪਨੇ ਲਈ ਤੜਫਦਾ ਰਿਹਾ। ਅਜਿਹੇ ਹਲਾਤਾਂ ਵਿੱਚ ਉਹ ਬੇਲੋੜੀ ਸ਼ਰਾਬ ਦਾ ਆਦੀ ਹੋ ਗਿਆ। ਇਸ ਸ਼ਰਾਬ ਦੀ ਵੱਧ ਮਾਤਰਾ ਨੇ ਹੀ ਉਸਦਾ ਸਰੀਰ ਅੰਦਰੋਂ ਖੋਖਲਾ ਕਰ ਦਿੱਤਾ ਤੇ ਉਹ ਛੋਟੀ ਉਮਰ ਵਿੱਚ ਹੀ ਆਪਣੇ ਲੋਕਾਂ ਦਾ ਸਾਥ ਛੱਡ ਗਿਆ। ਉਹ ਇਨਕਲਾਬੀ ਰਾਜਨੀਤਕ ਆਗੂ ਨਹੀਂ ਸੀ, ਨਹੀਂ ਤਾਂ ਉਹ ਇਹ ਸਾਰਾ ਕੁਝ ਝੱਲ ਲੈਂਦਾ ਤੇ ਹਲਾਤਾਂ ਨਾਲ ਲੜਦਾ। ਸੰਵੇਦਨਸ਼ੀਲ ਸ਼ਾਇਰ ਹੋਣ ਕਰਕੇ ਆਪਣੇ ਆਪ ਨੂੰ ਕੋਹ-ਕੋਹ ਕੇ ਮਾਰਨ ਲੱਗਾ।

ਭਾਵੇਂ ਉਦਾਸੀ ਦੀ ਮੌਤ ਬੇਵਕਤੀ ਤੇ ਰਹੱਸਮਈ ਹੋਈ ਹੈ ਪਰ ਉਸਦੇ ਗੀਤਾਂ ਦੇ ਬੋਲ ਸਦੀਆਂ ਤੱਕ ਗੂੰਜਦੇ ਰਹਿਣਗੇ। ਉਹ ਦੇਸ਼ ਦੇ ਝੂਠੇ ਲੀਡਰਾਂ ਤੋਂ ਲੋਕਾਂ ਨੂੰ ਸੁਚੇਤ ਕਰਦਾ ਰਹੇਗਾ। ਕਿਰਤੀ ਨੂੰ ਇਨਕਲਾਬ ਦੇ ਲਈ ਹੰਭਲਾ ਮਾਰਨ ਦਾ ਸੁਨੇਹਾ ਦਿੰਦਾ ਰਹੇਗਾ। ਅੱਜ ਦੇ ਭਗਤ ਸਰਾਭੇ ਤੇ ਗ਼ਦਰੀ ਯੋਧੇ ਗਰੀਬ ਮਨੁੱਖ ਦੀ ਆਜ਼ਾਦੀ ਅਤੇ ਖ਼ੁਸ਼ਹਾਲੀ ਲਈ ਯੁੱਧ ਲੜ ਰਹੇ ਹਨ, ਉਹ ਉਦਾਸੀ ਦੇ ਗੀਤ ਗੁਣ ਗੁਣਾ ਰਹੇ ਹਨ। ਜਿਵੇਂ ਉਦਾਸੀ ਉਨ੍ਹਾਂ ਦੇ ਨਾਲ-ਨਾਲ ਤੁਰਿਆ ਹੋਵੇ। ਉਹ ਹੇਕਾਂ ਲਾ-ਲਾ ਗਾ ਰਿਹਾ ਹੋਵੇ। ਉਹ ਉਸਦੇ ਗੀਤਾਂ ਨੂੰ ਸੁਣ ਰਹੇ ਹੋਣ। ਉਹ ਉਨ੍ਹਾਂ ਨੂੰ ਅੱਗੇ ਵੱਧਣ ਲਈ ਪ੍ਰੇਰ ਰਿਹਾ ਹੋਵੇ। ਉਹ ਕਦਮ ਨਾਲ ਕਦਮ ਮਿਲਾ ਹੱਥਾਂ ਵਿੱਚ ਝੰਡੇ ਫੜ ਅੱਗੇ ਵੱਧ ਰਹੇ ਹੋਣ। ਉਹ ਉਸਦੇ ਗੀਤਾਂ ਵਿੱਚੋਂ ਸ਼ਹੀਦਾਂ ਦੇ ਬੋਲ ਅਤੇ ਆਪਾ ਤਲਾਸ਼ਦੇ ਹੋਣ। ਉਦਾਸੀ ਦੀ ਕਵਿਤਾ ਨੂੰ ਪੜ੍ਹਨਾ ਜਾਂ ਗੀਤਾਂ ਨੂੰ ਗਾਉਣਾ ਕ੍ਰਾਂਤੀ ਦੀ ਮਸ਼ਾਲ ਚੁੱਕਣ ਵਾਂਗ ਲੱਗਦਾ ਹੈ। ਅੱਜ ਵੀ ਕਿਰਤੀਆਂ ਦੇ ਮੁੜ੍ਹਕੇ ਦੀਆਂ ਸੁਗੰਧੀਆਂ ਉਸਦੇ ਗੀਤਾਂ ਵਿੱਚ ਦਰਜ ਹਨ। ਕੰਮੀਆਂ ਦੇ ਵਿਹੜਿਆਂ ਵਿੱਚ ਸੂਰਜ (ਮਾਰਕਸੀ ਫਲਸਫਾ) ਦੇ ਮੱਘਣ ਦਾ ਹੋਕਾ ਹੈ, ਬੇਸ਼ੱਕ ਚੰਨਾਂ (ਕ੍ਰਾਂਤੀਕਾਰੀਆਂ) ਨੂੰ ਕੁਰਬਾਨੀਆਂ ਕਰਨੀਆਂ ਪੈ ਰਹੀਆਂ ਹਨ। ਉਹ ਸ਼ਹਾਦਤ ਦਾ ਜਾਮ ਪੀ ਕੇ ਸੂਰਜ ਦੀ ਰਾਖੀ ਕਰ ਰਹੇ ਹਨ। ਇਸੇ ਕਰਕੇ ਉਹ ਵਾਰ-ਵਾਰ ਕੰਮੀਆਂ ਦੇ ਵਿਹੜਿਆਂ ਵਿੱਚ ਸੂਰਜ ਨੂੰ ਮੱਘਣ ਦਾ ਹੋਕਾ ਦਿੰਦਾ ਹੈ। ਇਹੀ ਲੋਚਾ ਉਸਦੀ ਕਵਿਤਾ ਦੀ ਸ਼ਕਤੀ ਹੈ।

ਉਦਾਸੀ ਦੇ ਗੀਤ ਹਨੇਰਿਆਂ ਵਿੱਚ ਵੀ ਦੀਵੇ ਵਾਂਗ ਰੋਸ਼ਨੀ ਕਰਦੇ ਹਨ। ਬਦਤਰ ਤੋਂ ਵੀ ਬਦਤਰ ਹਾਲਤਾਂ ਵਿੱਚ ਲੋਕ ਲਹਿਰਾਂ ਵਿੱਚ ਵਿਸ਼ਵਾਸ ਪੱਕਾ ਕਰਦੇ ਹਨ। ਇਹ ਗੀਤ ਇਨਕਲਾਬ ਦੀ ਪਰਿਕਰਮਾ ਕਰਦੇ ਹਨ। ਇਨ੍ਹਾਂ ਵਿੱਚ ਯੋਧੇ ਦਾ ਕਣ-ਕਣ ਕ੍ਰਾਂਤੀ ਲਈ ਬਲ਼ ਰਿਹਾ ਹੈ। ਗੀਤ ਲੋਕ ਯੁੱਧ ਲਈ ਲੋਕਾਂ ਨੂੰ ਤਿਆਰ ਕਰਦੇ ਹਨ। ਵਿਸ਼ਵੀਕਰਨ ਦੇ ਦੌਰ ਵਿੱਚ ਅੱਜ ਜਦੋਂ ਕਾਰਪੋਰੇਟੀ ਤਾਕਤਾਂ ਮਿਹਨਤ ਅਤੇ ਮਿਹਨਤਕਸ਼ ਨੂੰ ਨਿਗਲ ਰਹੀਆਂ ਹਨ ਅਤੇ ਪੂਰੇ ਸੰਸਾਰ ਵਿੱਚ ਲੁੱਟ ਦਾ ਮਾਹੌਲ ਬਣਾਇਆ ਹੋਇਆ ਹੈ। ਤਦ ਇਨ੍ਹਾਂ ਸਮਿਆਂ ਵਿੱਚ ਇਸ ਲੁੱਟ ਦੇ ਖਿਲਾਫ਼ ਉਦਾਸੀ ਦੇ ਗੀਤਾਂ ਦੀ ਲੋੜ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੋ ਰਹੀ ਹੈ। ਇਨਕਲਾਬੀ ਭਾਈਚਾਰੇ ਕੋਲ ਉਦਾਸੀ, ਪਾਸ਼, ਖਟਕੜ, ਪੱਡਾ, ਹਰਭਜਨ ਸੋਹੀ, ਦਿਲ ਤੇ ਜਗਤਾਰ ਜਿਹੇ ਕਿੰਨੇ ਮੋਹਤਬਾਰ ਲੇਖਕ ਹਨ, ਜਿਨ੍ਹਾਂ ਨੂੰ ਉਹ ਆਪਣਾ ਪਰਚਮ ਬਣਾ ਕੇ ਝੁਲਾ ਸਕਦੇ ਹਨ ਪਰ ਇਨਕਲਾਬੀ ਲਹਿਰ ਦੀ ਇਹ ਤਰਾਸਦੀ ਹੈ ਕਿ ਉਹ ਅਜੇ ਤੱਕ ਉਨ੍ਹਾਂ ਨੂੰ ਬਾਹਰਲੀ ਦੁਨੀਆਂ ਦੇ ਸਾਹਮਣੇ ਵੱਡੇ ਪੱਧਰ 'ਤੇ ਲਿਆ ਨਹੀਂ ਸਕੇ।


ਸੰਤ ਰਾਮ ਉਦਾਸੀ ਦੇ ਜੀਵਨ ਬਾਰੇ ਇਸ ਹੱਥਲੀ ਪੁਸਤਕ ਉੱਤੇ ਮੈਂ 2009 ਵਿੱਚ ਕੰਮ ਸ਼ੁਰੂ ਕੀਤਾ ਸੀ। ਕੁਝ ਉਸਦੇ ਆਪਣੇ ਹੀ ਲੋਕਾਂ ਨੇ ਇਸਨੂੰ ਲੰਬਾ ਕਰ ਦਿੱਤਾ। ਫੇਰ ਮੇਰੇ ਨਾਲ ਵਾਪਰੇ ਸੜਕ ਹਾਦਸੇ ਨੇ ਵੀ ਇਸਨੂੰ ਲਮਕਾਇਆ। ਇਸ ਸਮੇਂ ਦੌਰਾਨ (2014 ਵਿੱਚ) ਮੈਂ ਤੇ ਇਕਬਾਲ ਕੌਰ ਉਦਾਸੀ ਨੇ 'ਸੰਤ ਰਾਮ ਉਦਾਸੀ (ਸ਼ਖ਼ਸੀਅਤ ਤੇ ਸਮੁੱਚੀ ਰਚਨਾ) ਦੀ ਸੰਪਾਦਨਾ ਕਰਕੇ ਪੁਸਤਕ ਛਪਵਾਈ ਸੀ, ਜਿਸਨੂੰ ਪਾਠਕਾਂ ਤੇ ਚਿੰਤਕਾਂ ਨੇ ਖ਼ੂਬ ਹੁੰਗਾਰਾ ਦਿੱਤਾ। ਇਸ ਕਿਤਾਬ ਵਿੱਚ ਸਾਡੇ ਤੋਂ ਇੱਕ ਵੱਡੀ ਭੁੱਲ ਹੋ ਗਈ। ਕਵਿਤਾ 'ਆਵਾਜ਼' ਜੋ 'ਸੂਹੇ ਬੋਲ ਉਦਾਸੀ ਦੇ' (ਸੰਪਾਦਕ ਡਾ. ਅਜਮੇਰ ਸਿੰਘ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ) ਵਿੱਚ ਸ਼ਾਮਿਲ ਹੈ, ਅਸੀਂ ਵੀ ਆਪਣੀ ਇਸ ਪੁਸਤਕ ਵਿੱਚ ਪਾ ਲਈ। ਬਾਅਦ ਵਿੱਚ ਜਰਨੈਲ ਸਿੰਘ ਅੱਚਰਵਾਲ ਤੋਂ ਪਤਾ ਲੱਗਾ, ਇਹ ਉਸਦੀ ਰਚਨਾ ਹੈ। ਇਸੇ ਤਰ੍ਹਾਂ ਪ੍ਰੋ. ਪ੍ਰੀਤਮ ਸਿੰਘ ਰਾਹੀ ਦੀ ਗ਼ਜ਼ਲ 'ਆਦਮੀ ਜੋ ਹੋ ਗਿਆ ਸ਼ੈਤਾਨ ਹੈ/ਮੇਮਣੇ ਦੀ ਖੱਲ ਵਿੱਚ ਹੈਵਾਨ ਹੈ' ਵੀ ਰਾਜਿੰਦਰ ਰਾਹੀ ਵੱਲੋਂ ਸੰਪਾਦਤ ਪੁਸਤਕ 'ਸੰਤ ਰਾਮ ਉਦਾਸੀ ਜੀਵਨ ਅਤੇ ਸਮੁੱਚੀ ਰਚਨਾ' ਵਿੱਚ ਸ਼ਾਮਿਲ ਸੀ। ਇਹ ਗ਼ਜ਼ਲ ਅਸੀਂ ਗਲਤੀ ਨਾਲ ਉਸ ਪੁਸਤਕ ਵਿੱਚੋਂ ਆਪਣੀ ਪੁਸਤਕ ਵਿੱਚ ਸ਼ਾਮਿਲ ਕਰ ਲਈ ਸੀ। ਇਸ ਗਲਤੀ ਲਈ ਸੰਪਾਦਕ ਖਿਮਾ ਦੇ ਜਾਚਕ ਹਨ। ਹੁਣ ਟਰੱਸਟ ਨੇ ਪੁਸਤਕ ਛਾਪਣ ਦਾ ਫ਼ੈਸਲਾ ਕੀਤਾ ਹੈ। ਸੰਤ ਰਾਮ ਉਦਾਸੀ (ਸ਼ਖ਼ਸੀਅਤ ਅਤੇ ਸਮੁੱਚੀ ਰਚਨਾ) ਵਿੱਚ ਉਦਾਸੀ ਦਾ ਸਵੈ-ਕਥਨ ਅਤੇ ਉਸਦੀ ਪਤਨੀ ਨਸੀਬ ਕੌਰ ਨਾਲ ਕੀਤੀ ਮੁਲਾਕਾਤ ਸ਼ਾਮਿਲ ਕੀਤੀ ਸੀ। ਉਦਾਸੀ ਦੇ ਜੀਵਨ ਅਤੇ ਵਿਚਾਰਧਾਰਾ ਬਾਰੇ ਕੀਤੇ ਜਾ ਰਹੇ ਕੂੜ ਪ੍ਰਚਾਰ ਵਿਰੁੱਧ ਇਨ੍ਹਾਂ ਦੀ ਮਹੱਤਤਾ ਨੂੰ ਦੇਖਦਿਆਂ ਹੋਇਆਂ ਟਰੱਸਟ ਨੇ ਇਨ੍ਹਾਂ ਨੂੰ ਮੁੜ ਇਸ ਪੁਸਤਕ ਵਿੱਚ ਸ਼ਾਮਿਲ ਕਰਨ ਦਾ ਵੀ ਫ਼ੈਸਲਾ ਕੀਤਾ ਹੈ। ਜੋ ਰਚਨਾਵਾਂ ਅਸੀਂ ਲੇਖਕਾਂ ਤੋਂ ਲਿਖਵਾਈਆਂ ਸਨ, ਉਹ ਪਿਛਲੇ ਸਮੇਂ ਵਿੱਚ ਪੁਸਤਕ ਜਾਂ ਪਰਚਿਆਂ ਵਿੱਚ ਛਪ ਗਈਆਂ। ਅਸੀਂ ਕੁਝ ਰਚਨਾਵਾਂ ਪਰਚਿਆਂ ਵਾਲੀਆਂ ਚੁਣੀਆਂ ਹਨ। ਬਹੁਤ ਸਾਰੇ ਛਪੇ/ਅਣਛਪੇ ਲੇਖਾਂ ਅਤੇ ਮੁਲਾਕਾਤਾਂ ਦੇ ਟਾਈਟਲ ਸੰਪਾਦਕ ਵੱਲੋਂ ਬਦਲ ਦਿੱਤੇ ਗਏ ਹਨ। ਅਸੀਂ ਲੰਬੇ ਸਮੇਂ ਤੋਂ ਉਦਾਸੀ ਜੀ ਦਾ ਸਹੀ ਜੀਵਨ ਪੰਜਾਬ ਦੇ ਲੋਕਾਂ ਅੱਗੇ ਲਿਆਉਣ ਦੇ ਇੱਛਕ ਸਾਂ। ਇਸ ਯਤਨ ਵਿੱਚ ਅਸੀਂ ਕਿੰਨਾ ਕੁ ਕਾਮਯਾਬ ਹੋਏ ਹਾਂ, ਇਹ ਤਾਂ ਪਾਠਕ ਸਹਿਬਾਨ ਹੀ ਦਸਣਗੇ। ਉਮੀਦ ਹੈ ਪਾਠਕਾਂ ਨੂੰ ਸਾਡਾ ਕੰਮ ਪਸੰਦ ਆਏਗਾ।

(ਸਮਾਪਤ)

## ਪੁਸਤਕ ਰਿਵੀਊ

# ਅਮਰਜੀਤ ਢਿੱਲੋਂ ਦਬੜ੍ਹੀਖਾਨਾ ਦੀ ਪੁਸਤਕ (ਕੈਨੇਡਾ ਸਫਰਨਾਮਾ)


ਮਨੁੱਖ ਵਿਚ ਹਰ ਰੋਜ਼ ਨਵਾਂ ਜਾਨਣ ਦੀ ਇੱਛਾ ਜਾਗਦੀ ਰਹਿੰਦੀ ਹੈ। ਕਹਿੰਦੇ ਹਨ ਕਿ ਜਿਸ ਦਿਨ ਤੁਸੀਂ ਕੁਝ ਨਵਾਂ ਨਾ ਸਿਖਿਆ ਹੋਵੇ ਉਸ ਦਿਨ ਆਪਣੀ ਨਬਜ਼ ਫੜ੍ਹ ਕੇ ਦੇਖੋ ਕਿ ਕੀ ਤੁਸੀਂ ਸੱਚਮੁੱਚ ਹੀ ਜਿਉਂਦੇ ਹੋ? ਸਫਰਨਾਮੇ ਬਹੁਤ ਲੇਖਕਾਂ ਨੇ ਲਿਖੇ ਹਨ ਪਰ ਇਹ ਗੁਣ ਕਿਸੇ ਕਿਸੇ ਸਫਰਨਾਮੇ 'ਚ ਮਿਲਦਾ ਹੈ-ਜਿਸ ਨੂੰ ਪੜ੍ਹਦਿਆਂ ਹੋਰ ਜਾਨਣ ਦੀ ਇੱਛਾ ਹੁੰਦੀ ਰਹੇ ਅਤੇ ਪਾਠਕ ਖੁਦ ਨੂੰ ਉਥੇ ਸੈਰ ਕਰਦਾ ਮਹਿਸੂਸ ਕਰਦਾ ਹੋਵੇ। ਅਮਰਜੀਤ ਢਿੱਲੋਂ ਦੀ ਪੁਸਤਕ 'ਜਿਥੇ ਦੁਨੀਆਂ ਮੁਕਦੀ ਹੈ' ਕੈਨੇਡਾ ਫੇਰੀ 'ਤੇ ਪੰਛੀ ਝਾਤ ਪੁਆਉਂਦੀ ਉਸਦੀ ਤੇਰਵੀਂ ਪੁਸਤਕ ਹੈ। ਆਪਣੇ 4 ਮਹੀਨੇ ਦੇ ਕੈਨੇਡਾ ਪਰਵਾਸ ਦੌਰਾਨ ਉਸਨੇ ਕਮਾਲ ਦੀ ਜਾਣਕਾਰੀ ਇਕੱਠੀ ਕੀਤੀ ਹੈ। ਆਪਣੇ ਘਰੋਂ ਉਦਰੇਵੇਂ ਭਰੇ ਮਨ ਨਾਲ ਤੁਰਨਾ ਅਤੇ ਜਹਾਜ ਦੇ ਸਫਰ ਦੇ ਵਰਨਣ ਤੋਂ ਲੈਕੇ ਕੈਨੇਡਾ ਦੀ ਮਨਮੋਹਕ ਧਰਤੀ 'ਤੇ ਵਿਚਰਦਿਆਂ 'ਸੁਰਗ 'ਚ ਵੀ ਉਦਾਸ ਹੈ ਮਨ' ਵਰਗੇ ਲੇਖ ਉਸਦੇ ਮਨ ਦੀਆਂ ਬਹੁਪਰਤੀ ਗੁੰਝਲਾਂ ਨੂੰ ਪੇਸ਼ ਕਰਦੇ ਹਨ। ਕਿਤਾਬ ਦਾ ਪਹਿਲਾ ਲੇਖ 'ਅੱਗ ਦਾ ਦਰਿਆ' ਉਸਦੀ ਦਾਰਸ਼ਨਿਕ ਸੋਚ ਦਾ ਪ੍ਰਗਟਾਵਾ ਕਰਦਾ ਹੈ। ਭੂਮਿਕਾ ਦੀ ਥਾਂ ਉਸਦੀ ਕਵਿਤਾ ਦੀਆਂ ਪਹਿਲੀਆਂ ਲਾਈਨਾ ਹਨ 'ਜ਼ਿੰਦਗੀ ਦਾ ਇਹ ਸਿਤਮ ਵੀ ਦੇਖ ਕੇ ਰੋਣਾ ਪਿਆ, ਘਰ ਬਨਾਵਣ ਵਾਸਤੇ ਜਦ ਬੇਘਰੇ ਹੋਣਾ ਪਿਆ' ਪਾਠਕ ਨੂੰ ਭਾਵਕ ਕਰ ਦਿੰਦੀਆਂ ਹਨ। 'ਖੜਕਾ ਨਾ ਦੜਕਾ ਨਾ ਰੌਲਾ ਗੌਲਾ' 'ਚ ਉਹ ਕੈਨੇਡਾ ਦੀ ਸ਼ਾਂਤਮਈ ਤਸਵੀਰ ਪੇਸ਼ ਕਰਦਿਆਂ ਭਾਰਤ 'ਚ ਹੋ ਰਹੇ ਸ਼ੋਰ ਪ੍ਰਦੂਸ਼ਣ ਦਾ ਵੀ ਜ਼ਿਕਰ ਕਰਦਾ ਹੈ। 'ਲਹੂ ਦੇ ਦਾਗਾਂ ਤੋਂ ਰਹਿਤ ਹਨ ਕੈਨੇਡਾ ਦੀ ਸੜਕਾਂ' 'ਚ ਉਹ ਕੈਨੇਡਾ ਦੇ ਟਰੈਫਿਕ




ਨਿਯਮਾਂ ਅਤੇ ਚੌੜੀਆਂ ਸੜਕਾਂ ਦਾ ਜ਼ਿਕਰ ਕਰਦਿਆਂ ਦਸਦਾ ਹੈ ਕਿ ਕਿਵੇਂ ਉਥੇ ਬਹੁਤ ਘੱਟ ਸੜਕੀ ਹਾਦਸੇ ਹੁੰਦੇ ਹਨ ਜਦ ਕਿ ਭਾਰਤ 'ਚ ਸੜਕੀ ਹਾਦਸਿਆਂ 'ਚ ਇਕ ਜਹਾਜ ਕਰੈਸ਼ ਹੋ ਜਾਣ ਜਿੰਨੇ ਲੋਕ ਰੋਜ ਮਰ ਜਾਂਦੇ ਹਨ। 'ਇਹ ਜੋ ਕੈਨੇਡਾ ਹੈ ਸੱਚਮੁੱਚ ਹੀ ਛਲੇਡਾ ਹੈ' 'ਚ ਕੈਨੇਡੀਅਨ ਧਰਤੀ ਕਿਵੇਂ ਲੋਕਾਂ ਨੂੰ ਆਪਣੇ ਵੱਲ ਖਿਚਦੀ ਹੈ ਦਾ ਜ਼ਿਕਰ ਹੈ। 'ਕਾਮਾਗਾਟਾਮਾਰੂ ਜਹਾਜ ਦੀ ਪੈੜ ਲਭਦਿਆਂ' 'ਚ 100 ਸਾਲ ਪੁਰਾਣਾ ਇਤਿਹਾਸ ਬਹੁਤ ਹੀ ਖੂਬਸੂਰਤੀ ਨਾਲ ਚਿਤਰਿਆ ਗਿਆ ਹੈ। ਜਦ ਕੈਨੇਡਾ ਜਾਣ ਦੀ ਆਸ 'ਚ ਭਾਰਤੀ ਖੱਜਲ ਖੁਆਰ ਹੋ ਕੇ ਆਪਣੀਆਂ ਜਾਨਾਂ ਤੋਂ ਹੱਥ ਧੋ ਬੈਠੇ ਸਨ। 'ਜਿਥੇ ਦੁਨੀਆਂ ਮੁਕਦੀ ਹੈ' 'ਚ ਵੈਨਕੂਵਰ ਅਤੇ ਵਿਕਟੋਰੀਆ 'ਚ ਧਰਤੀ ਮੁੱਕ ਜਾਣ ਅਤੇ ਅੱਗੇ ਅਥਾਹ ਤੇ ਅਸਗਾਹ ਸਮੁੰਦਰ ਸ਼ੁਰੂ ਹੋਣ ਦਾ ਜ਼ਿਕਰ ਬਾਖੂਬੀ ਹੋਇਆ ਹੈ। 'ਸੋਹਣੇ ਹੰਸ ਕੈਨੇਡਾ ਦੇ' 'ਚ ਕੈਨੇਡੀਆਈ ਪੰਛੀਆਂ ਦਾ ਜ਼ਿਕਰ ਕਰਦਿਆਂ ਦੱਸਿਆ ਗਿਆ ਹੈ ਕਿ ਕੈਨੇਡਾ 'ਚ ਪੰਛੀ ਮਾਰਨ ਵਾਲਾ ਵੀ ਸਜ਼ਾ ਦਾ ਹੱਕਦਾਰ ਹੈ। ਕੈਨੇਡਾ ਬਾਰੇ ਮੁੱਖ ਜਾਣਕਾਰੀ, ਜ਼ਿੰਦਗੀ ਨੰਗਾ ਕੁਵੰਜਾ ਰਹਿ ਗਈ, ਆਪਣੇ ਕੁਝ ਮਿਤਰਾਂ ਬਾਰੇ ਲੇਖ ਅਤੇ ਅਖੀਰ 'ਚ ਆਪਣੇ ਉਦਰੇਵੇਂ ਨੂੰ ਛੱਡਦਿਆਂ ਦੁਬਾਰਾ ਫਿਰ ਕੈਨੇਡਾ ਜਾਣ ਦੀ ਤਾਂਘ ਪ੍ਰਗਟਾ ਕੇ ਅਮਰਜੀਤ ਢਿੱਲੋਂ ਨੇ ਮਨੁੱਖੀ ਮਨ ਦੀਆਂ ਤਹਿਆਂ ਨੂੰ ਬਾਖੂਬੀ ਫਰੋਲਿਆ ਹੈ। ਹਰ ਅਧਿਆਇ ਦੇ ਅੱਗੇ ਮਹਾਨ ਵਿਦਵਾਨਾਂ ਦੇ ਕਥਨ ਇਸ ਕਿਤਾਬ ਦੀ ਖੂਬਸੂਰਤੀ 'ਚ ਵਾਧਾ ਕਰਦੇ ਹਨ। ਮੈਂ ਇਹ ਕਿਤਾਬ ਪੜ੍ਹਦਿਆਂ ਖੁਦ ਨੂੰ ਕੈਨੇਡਾ ਦੀ ਸੈਰ ਕਰਦਿਆਂ ਮਹਿਸੂਸ ਕੀਤਾ ਹੈ। ਭਾਵੇਂ ਥੋੜ੍ਹੇ ਸਮੇਂ ਦੇ ਪਰਵਾਸ ਕਾਰਨ ਲੇਖਕ ਕੈਨੇਡਾ ਬਾਰੇ ਸੌ ਪ੍ਰਤੀਸ਼ਤ ਜਾਣਕਾਰੀ ਤਾਂ ਨਹੀਂ ਦੇ ਸਕਿਆ, ਫਿਰ ਵੀ ਆਸ ਕਰਦੇ ਹਾਂ ਕਿ ਉਹ ਅਗਲੀ ਫੇਰੀ ਦੌਰਾਨ ਇਹ ਘਾਟ ਪੂਰੀ ਕਰ ਲਵੇਗਾ। ਪੰਜਾਬੀ ਸਾਹਿਤ ਵਿਚ ਇਸ ਪੁਸਤਕ ਦਾ ਨਿੱਘਾ ਸਵਾਗਤ ਕਰਨਾ ਬਣਦਾ ਹੈ।

**ਡਾ: ਹਰਜਿੰਦਰ ਸਿੰਘ ਸੂਰੇਵਾਲੀਆ**
**ਮੋਬਾ:95010 50016**

# ਜੀਵਨੀ ਬਨਾਮ ਨਕਸਲੀ ਲਹਿਰ ਦਾ ਦਸਤਾਵੇਜ਼




ਲੋਕਗੀਤ ਪ੍ਰਕਾਸ਼ਨ, ਮੁਹਾਲੀ ਦੁਆਰਾ ਹਾਲ ਹੀ ਵਿੱਚ ਪ੍ਰਕਾਸ਼ਿਤ ਪੁਸਤਕ 'ਪਹਿਲਾ ਨਕਸਲੀ: ਕਾਨੂ ਸਾਨਿਆਲ ਦੀ ਜੀਵਨੀ' (ਕੀਮਤ: 300 ਰੁਪਏ) ਨਾ ਸਿਰਫ਼ ਕਾਮਰੇਡ ਕਾਨੂ ਸਾਨਿਆਲ ਦੀ ਜੀਵਨ ਕਹਾਣੀ ਹੈ ਸਗੋਂ ਭਾਰਤ ਦੀ ਨਕਸਲੀ ਲਹਿਰ ਦਾ ਇਤਿਹਾਸਕ ਦਸਤਾਵੇਜ਼ ਵੀ ਹੈ। ਅੰਗਰੇਜ਼ੀ ਅਖ਼ਬਾਰ 'ਦਿ ਸਟੇਟਸਮੈਨ' ਦੇ ਪੱਤਰਕਾਰ ਬੋਪਾਦਿਤਯਾ ਪਾਲ ਦੁਆਰਾ ਅੰਗਰੇਜ਼ੀ ਵਿੱਚ ਲਿਖੀ ਇਸ ਪੁਸਤਕ ਦਾ ਪੰਜਾਬੀ ਅਨੁਵਾਦ ਨਿਰਮਲਜੀਤ ਨੇ ਬਾਖ਼ੂਬੀ ਕਰਕੇ ਪੰਜਾਬੀ ਪਾਠਕਾਂ ਦੇ ਸਨਮੁਖ ਕੀਤਾ ਹੈ। ਕਾਨੂ ਸਾਨਿਆਲ ਦੀ ਇਸ ਜੀਵਨੀ ਦਾ ਮਹੱਤਵ ਇਸ ਦੀ ਪ੍ਰਮਾਣਿਕਤਾ ਹੈ ਕਿਉਂਕਿ ਇਹ ਇੱਕ ਨਿਰਪੱਖ ਪੱਤਰਕਾਰ ਵੱਲੋਂ ਸਾਨਿਆਲ ਨਾਲ ਸਵਾ ਸੌ ਤੋਂ ਵੱਧ ਕੀਤੀਆਂ ਗਈਆਂ ਨਿੱਜੀ ਮੁਲਾਕਾਤਾਂ ਅਤੇ ਦਸਤਾਵੇਜ਼ਾਂ 'ਤੇ ਆਧਾਰਿਤ ਹੈ ਅਤੇ ਖ਼ੁਦ ਕਾਨੂ ਸਾਨਿਆਲ ਨੇ ਇਸ ਦੀ ਪੁਸ਼ਟੀ ਵੀ ਕੀਤੀ ਹੈ। ਪੁਸਤਕ ਦੇ ਅੰਤ ਵਿੱਚ ਸਾਨਿਆਲ ਦੇ ਜੀਵਨ ਨਾਲ ਸਬੰਧਿਤ ਦਸਤਾਵੇਜ਼ਾਂ ਅਤੇ ਖ਼ਬਰਾਂ ਦੀਆਂ ਦੋ ਦਰਜਨ ਤਸਵੀਰਾਂ ਹਨ। ਇਸ ਦੇ ਨਾਲ ਹੀ ਪੁਸਤਕ ਵਿੱਚ ਆਏ ਬੰਗਾਲੀ ਸ਼ਬਦਾਂ ਦਾ ਸੰਖੇਪ ਸ਼ਬਦਕੋਸ਼, ਨਕਸਲੀ ਲਹਿਰ ਨਾਲ ਸਬੰਧਿਤ ਸੰਖੇਪ ਸ਼ਬਦਾਂ ਦੀ ਜਾਣਕਾਰੀ, ਕਾਨੂ ਸਾਨਿਆਲ ਦੇ ਜੀਵਨ ਅਤੇ ਨਕਸਲੀ ਲਹਿਰ ਨਾਲ ਸਬੰਧਿਤ 117 ਘਟਨਾਵਾਂ ਦਾ ਸੰਖੇਪ ਵੇਰਵਾ ਅਤੇ ਪੁਸਤਕ ਲਿਖਣ ਸਮੇਂ ਵਰਤੇ ਗਏ ਦਸਤਾਵੇਜ਼ਾਂ ਅਤੇ ਪੁਸਤਕਾਂ ਦੀ ਸੂਚੀ ਵੀ ਦਿੱਤੀ ਗਈ ਹੈ। ਪੁਸਤਕ ਵਿੱਚ ਕਾਮਰੇਡ ਕਾਨੂ ਸਾਨਿਆਲ ਦੀ ਜੀਵਨ ਕਹਾਣੀ ਨੂੰ ਉਸ ਦੇ ਬਚਪਨ ਤੋਂ ਲੈ ਕੇ ਅੰਤਲੇ ਸਮੇਂ ਤਕ ਵਾਪਰੀਆਂ ਅਹਿਮ ਘਟਨਾਵਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਇਸ ਦੇ ਨਾਲ ਹੀ ਉਸ ਦੀ ਜ਼ੁਬਾਨੀ ਨਕਸਲਬਾੜੀ ਅਤੇ ਉਸ ਸਮੇਂ ਦੀ ਕਮਿਊਨਿਸਟ ਲਹਿਰ ਵਿੱਚ ਚੱਲ ਰਹੇ ਵਿਰੋਧਾਭਾਸ ਨੂੰ ਵੀ ਦਰਸਾਇਆ ਗਿਆ ਹੈ। ਦਰਅਸਲ, ਬਚਪਨ ਦੇ ਸਮੇਂ ਨੂੰ ਛੱਡ ਕੇ ਕਾਨੂ ਸਾਨਿਆਲ ਦਾ ਜੀਵਨ ਕਮਿਊਨਿਸਟ ਵਰਕਰ ਅਤੇ ਆਗੂ ਵਾਲਾ ਹੀ ਰਿਹਾ। ਉਨ੍ਹਾਂ ਦਾ ਨਿੱਜੀ ਜੀਵਨ ਕੁਝ ਵੀ ਨਹੀਂ ਸੀ, ਜੋ ਕੁਝ ਵੀ ਸੀ, ਉਹ ਲੋਕ-ਪੱਖੀ ਨਕਸਲਬਾੜੀ ਸਿਆਸਤ ਹੀ ਸੀ। ਕਾਨੂ ਨੇ ਆਪਣੀ ਸਾਰੀ ਜ਼ਿੰਦਗੀ ਪੂਰੀ ਇਮਾਨਦਾਰੀ ਅਤੇ ਨੇਕ ਨੀਅਤ ਨਾਲ ਨਕਸਲਬਾੜੀ ਸੰਘਰਸ਼ ਅਤੇ ਸਿਆਸਤ ਨੂੰ ਸਮਰਪਿਤ ਕਰਕੇ ਰੱਖੀ ਅਤੇ ਕਦੇ ਵੀ ਉਨ੍ਹਾਂ ਨੂੰ ਇਸ ਬਿਖਰੇ ਪੈਂਡੇ 'ਤੇ ਤੁਰਨ ਦਾ ਮਲਾਲ ਨਹੀਂ ਸੀ ਹੋਇਆ।

ਆਪਣੀ ਜ਼ਿੰਦਗੀ ਦੇ ਅੰਤਲੇ ਸਾਲਾਂ ਵਿੱਚ ਉਨ੍ਹਾਂ ਨੂੰ ਜੇਕਰ ਕੋਈ ਅਫ਼ਸੋਸ ਸੀ ਤਾਂ ਸਿਰਫ਼ ਇਹ ਸੀ ਕਿ ਉਹ ਭਾਰਤ ਦੀ ਸੰਘਰਸ਼ਸੀਲ ਲੋਕ-ਪੱਖੀ ਕਮਿਊਨਿਸਟ ਲਹਿਰ ਅਤੇ ਲੀਡਰਸ਼ਿਪ ਨੂੰ ਯਤਨਾਂ ਦੇ ਬਾਵਜੂਦ ਇੱਕ ਸੂਤਰ ਵਿੱਚ ਨਹੀਂ ਬੰਨ੍ਹ ਸਕੇ। ਸਿੱਟੇ ਵਜੋਂ ਅਥਾਹ ਕੁਰਬਾਨੀਆਂ ਅਤੇ ਵੱਡੇ ਸ਼ਾਨਾਮੱਤੇ ਸੰਘਰਸ਼ਾਂ ਦੇ ਬਾਵਜੂਦ ਨਾ ਤਾਂ ਮੁਲਕ ਦੇ ਗ਼ਰੀਬਾਂ, ਕਿਰਤੀਆਂ, ਕਿਸਾਨਾਂ, ਮੁਜਾਰਿਆਂ ਅਤੇ ਮਜ਼ਦੂਰਾਂ ਦੀ ਦਸ਼ਾ ਵਿੱਚ ਕੋਈ ਸਾਰਥਕ ਸੁਧਾਰ ਹੋ ਸਕਿਆ ਅਤੇ ਨਾ ਹੀ ਕੋਈ ਵੱਡੀ ਸਮਾਜਿਕ, ਆਰਥਿਕ ਤੇ ਰਾਜਨੀਤਕ ਤਬਦੀਲੀ ਆ ਸਕੀ। ਆਪਣੇ ਠੋਸ ਤੇ ਸੁਹਿਰਦ ਯਤਨਾਂ ਦੇ ਬਾਵਜੂਦ ਕਾਮਰੇਡ ਸਾਨਿਆਲ ਭਾਵੇਂ ਹਿੰਦੁਸਤਾਨ ਵਿੱਚ ਕਮਿਊਨਿਸਟ ਰਾਜ ਪ੍ਰਬੰਧ ਦੀ ਸਥਾਪਤੀ ਦਾ ਨਿਸ਼ਾਨਾ ਤਾਂ ਪੂਰਾ ਨਹੀਂ ਕਰ ਸਕੇ, ਫਿਰ ਵੀ ਉਨ੍ਹਾਂ ਕਦੇ ਹਿੰਮਤ ਨਹੀਂ ਸੀ ਹਾਰੀ। ਅਤਿਅੰਤ ਦੁੱਖਾਂ-ਮੁਸੀਬਤਾਂ ਅਤੇ ਭੈੜੇ ਹਾਲਾਤ ਦੇ ਬਾਵਜੂਦ ਉਹ ਆਪਣੇ ਮਿਸ਼ਨ ਪ੍ਰਤੀ ਹਮੇਸ਼ਾਂ ਦ੍ਰਿੜ੍ਹ ਅਤੇ ਵਿਚਾਰਧਾਰਾ ਉੱਤੇ ਅਡੋਲ ਰਹੇ। ਇਹ ਜੀਵਨੀ ਪੜ੍ਹ ਕੇ ਜਾਪਦਾ ਹੈ ਕਿ ਹਿੰਦੁਸਤਾਨ ਦੀ ਸਮੁੱਚੀ ਕਮਿਊਨਿਟ ਲਹਿਰ ਵਿੱਚ ਕਾਨੂ ਸਾਨਿਆਲ ਵਰਗਾ ਸਮਰਪਿਤ, ਇਮਾਨਦਾਰ, ਜੁਝਾਰੂ, ਬੇਲਾਗ, ਬੇਦਾਗ ਅਤੇ ਲਗਾਤਾਰ ਸੰਘਰਸ਼ਸ਼ੀਲ ਵਰਕਰ ਅਤੇ ਆਗੂ ਸ਼ਾਇਦ ਹਾਲੇ ਤਕ ਕੋਈ ਨਹੀਂ ਹੋਇਆ।


ਇਹ ਪੁਸਤਕ ਇੱਕ ਪਾਸੇ ਕਾਮਰੇਡ ਕਾਨੂ ਸਾਨਿਆਲ ਦੇ ਸਿਆਸੀ ਜੀਵਨ ਨੂੰ ਬਿਆਨ ਕਰਦੀ ਹੈ, ਦੂਜੇ ਪਾਸੇ ਨਕਸਲੀਬਾੜੀ ਲਹਿਰ ਦੇ ਇਤਿਹਾਸ ਦੀ ਪੇਸ਼ਕਾਰੀ ਕਰਦੀ ਹੋਈ ਇਸ ਦੇ ਆਰੰਭ ਤੋਂ ਲੈ ਕੇ ਮਾਰਚ 2010 ਤਕ ਦੀ ਚੜ੍ਹਤ, ਨਿਘਾਰ ਅਤੇ ਟੁੱਟ-ਭੱਜ ਦਾ ਇਤਿਹਾਸਕ ਦਸਤਾਵੇਜ਼ ਵੀ ਹੈ। ਇਸ ਪੁਸਤਕ ਰਾਹੀਂ ਲੇਖਕ ਨੇ ਇਹ ਗੱਲ ਵੀ ਸਪਸ਼ਟ ਕੀਤੀ ਹੈ ਕਿ ਨਕਸਲਬਾੜੀ ਲਹਿਰ ਦਾ ਅਸਲ ਹੀਰੋ ਕਾਨੂ ਸਾਨਿਆਲ ਸੀ, ਚਾਰੂ ਮਜੂਮਦਾਰ ਨਹੀਂ। ਦੂਜੀ ਗੱਲ ਇਹ ਵੀ ਸਪਸ਼ਟ ਕੀਤੀ ਹੈ ਕਿ ਮੁਲਕ ਦੇ ਕਈ ਹਿੱਸਿਆਂ ਵਿੱਚ ਚੱਲ ਰਹੇ ਮਾਓਵਾਦੀ ਅੰਦੋਲਨ ਦਾ ਨਕਸਲੀਬਾੜੀ ਲਹਿਰ ਨਾਲ ਕੋਈ ਸਿੱਧਾ ਸਬੰਧ ਨਹੀਂ, ਭਾਵੇਂ ਇਹ ਸੱਚ ਹੈ ਕਿ ਇਹ ਇਸ ਦਾ ਪ੍ਰੇਰਨਾ ਸਰੋਤ ਜ਼ਰੂਰ ਹੈ। ਪੁਸਤਕ ਵਿੱਚ ਕਾਨੂ ਸਾਨਿਆਲ ਦੀ ਜ਼ੁਬਾਨੀ ਉਨ੍ਹਾਂ ਦੇ ਚਾਰੂ ਮਜੂਮਦਾਰ ਨਾਲ ਮਤਭੇਦਾਂ ਨੂੰ ਸਪਸ਼ਟ ਕਰਦਿਆਂ ਇਹ ਦੱਸਿਆ ਗਿਆ ਹੈ ਕਿ ਕਾਨੂ ਸਾਨਿਆਲ ਦਾ ਗਰੁੱਪ ਕਦੇ ਵੀ ਚਾਰੂ ਅਤੇ ਅਜਿਹੇ ਕਿਸੇ ਵੀ ਖੱਬੇ ਪੱਖੀ ਕਮਿਊਨਿਸਟ ਆਗੂ ਦੀ 'ਵਿਅਕਤੀਗਤ ਵਿਨਾਸ਼' ਦੀ ਨੀਤੀ ਦਾ ਸਮਰਥਕ ਨਹੀਂ ਰਿਹਾ। ਦੂਜੇ ਪਾਸੇ, ਮੁਲਕ ਦੀਆਂ ਕੇਂਦਰੀ ਅਤੇ ਸੂਬਾਈ ਸਰਕਾਰਾਂ ਅਤੇ ਉਨ੍ਹਾਂ ਦੇ ਸਿਵਿਲ ਤੇ ਪੁਲੀਸ ਨੌਕਰਸ਼ਾਹਾਂ ਨੇ ਕਦੇ ਵੀ ਗ਼ਰੀਬਾਂ, ਕਿਸਾਨਾਂ, ਮਜ਼ਦੂਰਾਂ ਅਤੇ ਮੁਜਾਰਿਆਂ ਦੇ ਹਿੱਤਾਂ ਦੀ ਗੱਲ ਤਾਂ ਕੀ ਕਰਨੀ ਸੀ ਸਗੋਂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਨਾ ਕੇਵਲ ਲਗਾਤਾਰ ਦੁਰਕਾਰਿਆ ਅਤੇ ਰਾਜਕੀ ਅਤੰਕ ਰਾਹੀਂ ਉਨ੍ਹਾਂ ਦੇ ਸ਼ਾਂਤਮਈ ਹੱਕੀ ਸੰਘਰਸ਼ਾਂ ਨੂੰ ਕੁਚਲਿਆ ਜਾਂਦਾ ਰਿਹਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਕਿਸੇ ਕੇਂਦਰੀ ਲੀਡਰਸ਼ਿਪ, ਠੋਸ ਲੀਹ ਅਤੇ ਸਾਰਥਕ ਅਗਵਾਈ ਦੀ ਅਣਹੋਂਦ ਦੇ ਬਾਵਜੂਦ 47 ਵਰ੍ਹੇ ਪਹਿਲਾਂ ਪੱਛਮੀ ਬੰਗਾਲ ਦੇ ਇੱਕ ਛੋਟੇ ਜਿਹੇ ਪਿੰਡ ਨਕਸਲਬਾੜੀ ਤੋਂ ਸ਼ੁਰੂ ਹੋਈ ਕਿਰਤੀਆਂ-ਕਿਸਾਨਾਂ ਦੀ ਨਕਸਲਬਾੜੀ ਲਹਿਰ ਦਾ ਪ੍ਰਭਾਵ ਵਧਦਾ ਜਾ ਰਿਹਾ ਹੈ ਅਤੇ ਹਿੰਦੁਸਤਾਨ ਦੀ ਸਰਕਾਰ ਇਸ ਨੂੰ ਇਸ ਵੇਲੇ ਅਤਿਵਾਦ ਤੋਂ ਵੀ ਵੱਡਾ ਖ਼ਤਰਾ ਮੰਨ ਰਹੀ ਹੈ। ਇਸ ਸੰਦਰਭ ਵਿੱਚ ਮੁਲਕ ਦੇ ਲੋਕਾਂ ਵਿੱਚ ਵਧਦੇ ਜਾ ਰਹੇ ਅਸੰਤੋਖ ਦੀ ਅਸਲੀਅਤ ਤੋਂ ਜਾਣੂ ਹੋਣ ਲਈ ਵੱਖ ਵੱਖ ਕਿਸਮ ਦੇ ਕਮਿਊਨਿਸਟ ਗਰੁੱਪਾਂ, ਰਵਾਇਤੀ ਪਾਰਟੀਆਂ ਦੇ ਸਿਆਸੀ ਆਗੂਆਂ ਅਤੇ ਨੌਕਰਸ਼ਾਹਾਂ ਨੂੰ ਇਹ ਪੁਸਤਕ ਪੜ੍ਹਨ ਦੀ ਜ਼ਰੂਰਤ ਹੈ ਤਾਂ ਜੋ ਮੁਲਕ ਦੇ ਗ਼ਰੀਬ ਲੋਕਾਂ ਦੀ ਤਕਦੀਰ ਬਦਲਣ ਲਈ ਕੋਈ ਠੋਸ ਕਾਰਜ ਨੀਤੀ ਤੈਅ ਕੀਤੀ ਜਾ ਸਕੇ।

ਇਸ ਵਡੇਰੇ ਅਤੇ ਅਹਿਮ ਕਾਰਜ ਲਈ ਜਿੱਥੇ ਲੇਖਕ-ਪੱਤਰਕਾਰ ਬੋਪਾਦਿਯਾ ਪਾਲ ਦੀ ਮਿਹਨਤ ਅਤੇ ਇਮਾਨਦਾਰ ਪੇਸ਼ਕਾਰੀ ਲਈ ਦਾਦ ਦੇਣੀ ਬਣਦੀ ਹੈ, ਉੱਥੇ ਅਨੁਵਾਦਕ ਨਿਰਮਲਜੀਤ ਵੀ ਸੁਚੱਜੇ ਅਨੁਵਾਦ ਲਈ ਵਧਾਈ ਦੀ ਹੱਕਦਾਰ ਹੈ।

**- ਮੇਘਾ ਸਿੰਘ (ਡਾ.)**
**ਸੰਪਰਕ: 97800-36137**

# ਬੇਇੱਜ਼ਤ

**ਲਿਖਾਰੀ: ਸਰਬਜੀਤ ਕੌਰ ਅਠਵਾਲ ਅਤੇ ਜੈੱਫ਼ ਹਡਸਨ**
**ਅਨੁਵਾਦਕ: ਸੁਖਵੰਤ ਹੁੰਦਲ, ਸਾਧੂ ਬਿਨਿੰਗ ਅਤੇ ਗੁਰਮੇਲ ਰਾਏ (2017)**
**ਪੰਜਾਬੀ ਐਡੀਸ਼ਨ ਦੇ ਪ੍ਰਕਾਸ਼ਕ: ਪੀਪਲਜ਼ ਫੋਰਮ, ਬਰਗਾੜੀ, ਪੰਜਾਬ (ਭਾਰਤ)**
**-ਜਸਵਿੰਦਰ ਸੰਧੂ (ਬ੍ਰੈਂਪਟਨ, ਕਨੇਡਾ)**




ਬੇਇੱਜ਼ਤ ਜਾਂ ਛੀ ਨਾਂ ਦੀ ਕਿਤਾਬ ਅਜੀਬ ਲੱਗਦੇ ਸਿਰਲੇਖ ਤਹਿਤ ਕਿਤਾਬ ਨਾ ਚੁੱਕੇ ਜਾਣ ਵਾਲ਼ੇ ਵਿਚਾਰ ਪੈਦਾ ਕਰਨ ਵਾਲ਼ੀ ਕਿਤਾਬ ਹੈ। ਭਾਵੇਂ ਇਹ ਕਿਤਾਬ ਇੰਗਲੈਂਡ ਦੇ ਇੱਕ ਪਰਿਵਾਰ ਦੀ ਜੰਮਪਲ਼ ਪੰਜਾਬੀ ਕੁੜੀ ਦੇ ਕਤਲ ਬਾਰੇ ਗੱਲ ਕਰਦੀ ਹੈ, ਪਰ ਜਿਸ ਤਰਾਂ ਇਸ ਦੀ ਲਿਖਾਰਨ, ਸਰਬਜੀਤ ਕੌਰ ਅਠਵਾਲ ਜੋ ਕਤਲ ਕੀਤੇ ਜਾਣ ਵਾਲ਼ੀ ਕੁੜੀ ਸੁਰਜੀਤ ਕੌਰ ਅਠਵਾਲ ਦੀ ਦਰਾਣੀ ਹੈ, ਆਪਣੀ ਜ਼ਿੰਦਗੀ ਤੇ ਇਸ ਕਤਲ ਦਾ ਬਿਆਨ ਕਰਦੀ ਹੈ; ਉਹ ਸਾਡੇ ਪੰਜਾਬੀ ਸਮਾਜ ਦੇ ਖੋਖਲ਼ੇਪਣ ਦੇ ਪਾਜ ਉਧੇੜਦੀ ਹੈ। ਇੰਗਲੈਂਡ 'ਚ ਹੀ ਜੰਮੀ ਪਲ਼ੀ ਸਰਬਜੀਤ ਕਿਸ ਤਰਾਂ ਇੱਕ ਆਮ ਪੰਜਾਬੀ ਪਰਿਵਾਰ ਦੇ ਤੰਗ ਦਾਇਰੇ ਵਾਲ਼ੇ ਵਿਚਾਰਾਂ ਨਾਲ਼ ਲੱਦੇ ਮਾਹੌਲ 'ਚ ਪੈਦਾ ਹੋ ਕੇ ਪਲ਼ੀ ਜਾਂ ਵੱਡੀ ਹੋਈ? ਕਿਵੇਂ ਉਸ ਦੀ ਨਿੱਤ ਦੀ ਜ਼ਿੰਦਗੀ ਸਖ਼ਤ ਵਲ਼ਗਣਾਂ 'ਚੋਂ ਲੰਘਦੀ ਖੋਪੇ ਲੱਗੀ ਨਜ਼ਰ ਨਾਲ਼ ਅੱਗੇ ਵਧੀ ਅਤੇ ਫੇਰ ਕਿਵੇਂ ਸਹੁਰੇ ਪਰਿਵਾਰ ਦੀਆਂ ਖਿੱਚੀਆਂ ਧਾਰਮਿਕ ਲਕੀਰਾਂ ਦੇ ਜੰਗਲ਼ 'ਚ ਫਸੀ ਫਟਕਦੀ ਰਹੀ? ਇਹ ਬਿਰਤਾਂਤ ਇੱਕ ਆਮ ਮੱਧ-ਵਰਗੀ ਪੰਜਾਬੀ ਪਰਿਵਾਰ ਦੀ ਕੁੜੀ ਅਤੇ ਆਮ ਇਨਸਾਨਾਂ ਨਾਲ਼ ਹੋਏ ਮੇਲ-ਮਿਲਾਪਾਂ ਅਤੇ ਟਕਰਾਵਾਂ ਦੀ ਵਿੱਥਿਆ ਹੈ।

ਜੋ ਅਹਿਸਾਸ ਸਰਬਜੀਤ ਨੇ ਬਿਆਨ ਕੀਤੇ ਹਨ ਉਹ ਕੋਈ ਮਰਦ ਲਿਖਾਰੀ ਨਾ ਤਾਂ ਉਸ ਤਰਾਂ ਮਹਿਸੂਸ ਕਰ ਸਕਦਾ ਹੈ ਅਤੇ ਨਾ ਹੀ ਉਹ ਉਸ ਸੁਰ 'ਚ ਬਿਆਨ ਕਰ ਸਕਦਾ ਹੈ ਕਿਉਂਕਿ ਉਸ ਦਾ ਕਦੇ ਵੀ ਪੰਜਾਬੀ ਕੁੜੀਆਂ ਨੂੰ ਆਉਣ ਵਾਲ਼ੀਆਂ ਮੁਸ਼ਕਲਾਂ ਵਾਲ਼ੀਆਂ ਸਥਿੱਤੀਆਂ ਨਾਲ਼ ਇਸ ਤਰਾਂ ਸਾਹਮਣਾ ਨਹੀਂ ਹੋਇਆ ਹੋ ਸਕਦਾ। ਸਾਡਾ ਸਮਾਜ ਕਿਸ ਤਰਾਂ ਸਾਡੀਆਂ ਧੀਆਂ-ਭੈਣਾਂ ਨਾਲ਼ ਪੇਸ਼ ਆਉਂਦਾ ਹੈ, ਇਹ ਉਹ ਆਪ ਹੀ ਦੱਸ ਸਕਦੀਆਂ ਹਨ। ਸਰਬਜੀਤ ਦੀ ਦਰਦਭਰੀ ਬੰਧਨਾਂ ਬੱਝੀ ਜ਼ਿੰਦਗੀ ਨੇ ਉਸ ਨੂੰ ਢਿੱਡ ਦਾ ਨਾਸੂਰ ਵੀ ਦਿੱਤਾ ਜੋ ਉਸ ਨੂੰ ਖਤਮ ਕਰ ਸਕਦਾ ਸੀ ਜੇ ਕਿਤੇ ਉਹ ਇੰਗਲੈਂਡ ਦੀ ਸਿਹਤ-ਪ੍ਰਣਾਲ਼ੀ ਵਰਗੀ ਥਾਂ ਤੇ ਨਾ ਹੁੰਦੀ। ਧਿਆਨਯੋਗ ਗੱਲ ਇਹ ਵੀ ਹੈ ਕਿ ਇਨ੍ਹਾਂ ਵਿਕਸਿਤ ਦੇਸ਼ਾਂ ਦੀ ਕਾਰਗਰ ਪੁਲਿਸ ਦੇ ਹੁੰਦੇ-ਸੁੰਦੇ ਸਾਡੇ ਸੱਭਿਆਚਾਰਕ 'ਇੱਜ਼ਤ' ਦੇ ਖਿਆਲ ਸਾਡਾ ਪਿੱਛਾ ਨਹੀਂ ਛੱਡਦੇ ਜਾਂ ਇਉਂ ਕਹਿ ਲਓ ਕਿ ਅਸੀਂ ਅਜਿਹੇ ਵਿਚਾਰਾਂ ਨੂੰ ਆਪਣੇ ਕਲ਼ਾਵੇ 'ਚ ਲਈ ਬੈਠੇ ਹਾਂ। ਇਸ ਦਾ ਸਿੱਧਾ ਮਤਲਬ ਇਹੀ ਹੈ ਕਿ ਅਸੀਂ ਨਾ ਤਾਂ ਬਦਲਣਾ ਚਾਹੁੰਦੇ ਹਾਂ ਅਤੇ ਨਾ ਹੀ ਆਪਣੇ ਬੱਚਿਆਂ ਨੂੰ ਅਜਿਹਾ ਕਰਨ ਦੀ ਇਜਾਜ਼ਤ ਦੇਣਾ ਚਾਹੁੰਦੇ ਹਾਂ। ਬਦਲ ਜਾਣ ਦਾ ਮਤਲਬ ਇਹ ਵੀ ਨਹੀਂ ਲੈਣਾ ਚਾਹੀਦਾ ਕਿ ਆਪਣਾ ਸੱਭਿਆਚਾਰ ਹੀ ਨਕਾਰਨ ਵਾਲ਼ਾ ਹੈ। ਪਰ ਇਹ ਵੀ ਸੱਚ ਹੈ ਕਿ ਹਰ ਇੱਕ ਸੱਭਿਆਚਾਰ 'ਚ ਚੰਗਿਆਈਆਂ ਬੁਰਾਈਆਂ ਦੋਨੋਂ ਹੁੰਦੀਆਂ ਹਨ। ਅਸੀਂ ਆਪਣੇ ਬੁਰੇ ਤੇ ਪਿਛਾਂਹ-ਖਿੱਚੂ ਵਿਚਾਰ ਛੱਡ ਕੇ ਨਵੇਂ ਰਾਹ ਚੁਣ ਸਕਦੇ ਹਾਂ। ਦੂਜੇ ਸੱਭਿਆਚਾਰਾਂ 'ਚੋਂ ਵੀ ਚੰਗੇ ਵਿਚਾਰ ਲਏ ਜਾ ਸਕਦੇ ਹਨ। ਅਸਲ ਵਿੱਚ ਨਵੀਂ ਥਾਂ ਅਤੇ ਨਵੀਆਂ ਤਰੱਕੀਆਂ ਨੂੰ ਕਲ਼ਾਵੇ 'ਚ ਲੈਂਦਿਆਂ ਹੋਇਅਧ ਨਵਾਂ ਸੱਭਿਆਚਾਰ ਸਿਰਜਣ ਦੀ ਲੋੜ ਹੈ ਜੋ ਸਮੇਂ ਅਤੇ ਸਮਾਜਿਕ ਜ਼ਰੂਰਤਾਂ ਮੁਤਾਬਕ ਬਦਲਦਾ ਰਹੇ ਅਤੇ ਆਪਣੇ ਬੱਚਿਆਂ ਦੀ ਸੁਯੋਗ ਅਗਵਾਈ ਵੀ ਕਰਦਾ ਰਹਿ ਸਕੇ।

ਜਿੱਥੇ ਸਰਬਜੀਤ ਕੌਰ ਅਠਵਾਲ ਅਤੇ ਜੈੱਫ਼ ਹਡਸਨ ਨੇ ਇਸ ਨੂੰ ਇੱਕ ਵਧੀਆ ਕਿਤਾਬ ਦੀ ਸ਼ਕਲ ਦਿੱਤੀ, ਓਥੇ ਸੁਖਵੰਤ ਹੁੰਦਲ, ਸਾਧੂ ਬਿਨਿੰਗ ਅਤੇ ਗੁਰਮੇਲ ਰਾਏ ਨੇ ਇਸ ਦਾ ਪੰਜਾਬੀ ਅਨੁਵਾਦ ਵੀ ਬਹੁਤ ਢੁਕਵਾਂ ਕੀਤਾ ਹੈ। ਪੰਜਾਬੀ ਦੇ ਅਨੇਕਾਂ ਲੱਗ-ਭੱਗ ਭੁੱਲੇ ਜਾ ਰਹੇ ਸ਼ਬਦਾਂ ਨੂੰ ਵਰਤ ਕੇ ਇਸ ਉਲਥੇ ਨੂੰ ਹੋਰ ਵੀ ਸਾਰਥਕ ਬਣਾ ਦਿੱਤਾ ਹੈ। ਬੇਸ਼ੱਕ ਮੈਂ ਅੰਗਰੇਜ਼ੀ ਵਾਲ਼ੀ ਕਿਤਾਬ ਨਹੀਂ ਪੜ੍ਹੀ, ਪਰ ਇੰਨਾ ਜ਼ਰੂਰ ਕਹਿ ਸਕਦਾ ਹਾਂ ਕਿ ਪੰਜਾਬੀ ਮਾਂ-ਬੋਲੀ ਵਾਲ਼ਿਆਂ ਲਈ ਇਸ ਤੋਂ ਢੁਕਵੀਂ ਵਾਰਤਕ 'ਚ ਅਨੁਵਾਦ ਨਹੀਂ ਹੋ ਸਕਣਾ ਸੀ। ਹਾਂ ਕੁੱਝ ਕੁ ਸ਼ਬਦ-ਜੋੜ ਕੁੱਝ ਹੱਦ ਤੱਕ ਠੀਕ ਵੀ ਕੀਤੇ ਜਾ ਸਕਦੇ ਸਨ। ਮੈਂ ਅਨੁਵਾਦੀ ਦੋਸਤਾਂ ਨੂੰ ਉਨ੍ਹਾਂ ਵੱਲੋਂ ਕੀਤੇ ਚੰਗੇ ਕੰਮ ਲਈ ਵਧਾਈ ਦਿੰਦਾ ਹਾਂ।

ਇੱਕ ਗੱਲ ਜੋ ਵਾਰ ਵਾਰ ਇਸ ਵਾਰਤਾ ਵਿੱਚ ਉੱਭਰ ਕੇ ਸਾਹਮਣੇ ਆਉਂਦੀ ਹੈ ਉਹ ਹੈ ਸਾਡੀਆਂ ਧਾਰਮਿਕ ਜਥੇਬੰਦੀਆਂ ਵੱਲੋਂ ਥੋਪੇ ਜਾਂਦੇ ਬੰਦਸ਼ਾਂ ਵਾਲ਼ੇ ਨਿਯਮ। ਹਾਲਾਂਕਿ ਬਹੁਤੇ ਅਜਿਹੇ ਨਿਯਮਾਂ 'ਤੇ ਵੱਖੋ-ਵੱਖਰੇ ਧਾਰਮਿਕ ਮਾਹਰ ਵੀ ਇੱਕ ਰਾਏ ਨਹੀਂ ਹੁੰਦੇ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜਾਂ ਅੱਜ ਦੇ ਸਿੱਖਾਂ ਦੇ ਰੋਲ-ਮਾਡਲ ਗੁਰੂ ਗੋਬਿੰਦ ਸਿੰਘ ਭਾਵੇਂ ਕੁੱਝ ਵੀ ਕਹਿੰਦੇ ਸਨ, ਪਰ ਉਨ੍ਹਾਂ ਦੇ ਹੀ ਨਾਵਾਂ ਤੇ ਚੱਲਦੀਆਂ ਇਹ ਸੰਸਥਾਵਾਂ ਉਹੋ ਜਿਹਾ ਕੋਈ ਕੰਮ ਨਹੀਂ ਕਰ ਰਹੀਆਂ। ਇਹ ਸੰਸਥਾਵਾਂ ਪੈਸਾ ਉਨ੍ਹਾਂ ਗੁਰੂਆਂ ਦੇ ਨਾਵਾਂ ਤੋਂ ਹੀ ਬਣਾ ਰਹੀਆਂ ਹਨ, ਪਰ ਉਨ੍ਹਾਂ ਵਾਲ਼ੇ ਕਰਮਾਂ ਦੇ ਨੇੜੇ ਤੇੜੇ ਵੀ ਨਹੀਂ ਹਨ। ਸਰਬਜੀਤ ਵਰਗੀ ਸਹੀ ਦਿਸ਼ਾ 'ਚ ਕੰਮ ਕਰਨ ਵਾਲ਼ੀ ਨੇਕ ਦਿਲ ਸਿੱਖ ਕੁੜੀ ਨੂੰ ਉਸ ਦੇ ਚਹੇਤੇ ਸੱਭਿਆਚਾਰੀਆਂ ਨੇ ਹਮੇਸ਼ਾ ਨਕਾਰਿਆ ਅਤੇ ਠੀਕ ਕੰਮ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕਰਦੇ ਰਹੇ। ਉਸ ਦੇ ਆਪਣੇ ਸ਼ਬਦਾਂ 'ਚ ਕਿਤਾਬ ਦੇ ਸਫ਼ਾ 288 ਤੇ ਆਹ ਪੜ੍ਹ ਕੇ ਕੁੱਝ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸਰਬਜੀਤ ਨੂੰ ਕਿਵੇਂ ਝੰਜੋੜਿਆ ਜਾ ਰਿਹਾ ਸੀ ਉਨ੍ਹਾਂ ਦੇ ਗੁਰਦਵਾਰੇ ਦੀ ਹੀ ਧਾਰਮਿਕ ਸੰਗਤ ਵੱਲੋਂ:

"ਜਦੋਂ ਹੀ ਉਸ ਬੰਦੇ ਨੇ ਮੇਰੇ ਨਾਲ ਗੱਲ ਕੀਤੀ, ਭਾਈਚਾਰੇ ਦੇ ਹੋਰ ਲੋਕਾਂ ਨੂੰ ਵੀ ਅਗਾਂਹ ਆਉਣ ਦੀ ਤਲਬ ਮਹਿਸੂਸ ਹੋਣ ਲੱਗੀ। ਉਨ੍ਹਾਂ ਵਿੱਚੋਂ ਕਿਸੇ ਨੇ ਵੀ ਮੇਰੀ ਹਿਮਾਇਤ ਨਹੀਂ ਕੀਤੀ। ਜਿਵੇਂ ਜਿਵੇਂ ਅਪਰੈਲ 2007 ਦੀ ਮੁਕੱਦਮੇ ਦੀ ਤਾਰੀਕ ਨੇੜੇ ਆਉਂਦੀ ਗਈ, ਦੋਸਤਾਂ ਅਤੇ ਅਜਨਬੀਆਂ ਦੀਆਂ ਟਿੱਪਣੀਆਂ ਵੀ ਵਧਦੀਆਂ ਗਈਆਂ। ਗੁਰਦਵਾਰਾ ਇਕ ਪਨਾਹਗਾਹ ਹੋਣਾ ਚਾਹੀਦਾ ਹੈ, ਸਿੱਖਾਂ ਨੂੰ ਸ਼ਰਨ ਦੇਣ ਵਾਲਾ ਅਤੇ ਪਵਿੱਤਰ ਸਥਾਨ। ਇਨ੍ਹਾਂ ਲੋਕਾਂ ਨੇ ਇਸ ਥਾਂ ਨੂੰ ਇਕ ਅਜਿਹੀ ਥਾਂ ਵਿੱਚ ਬਦਲ ਦਿੱਤਾ ਸੀ ਜਿੱਥੇ ਜਾਣ ਤੋਂ ਮੈਨੂੰ ਡਰ ਲੱਗਣ ਲੱਗਾ। ਮੈਂ ਇਕ ਚੰਗੀ ਸਿੱਖ ਸੀ। ਮੈਂ ਸਹੀ ਰਾਹ ਦਾ ਪਾਲਣ ਕੀਤਾ ਸੀ। ਪਰ ਮੇਰਾ ਆਪਣਾ ਭਾਈਚਾਰਾ ਹੀ ਮੈਨੂੰ ਸਮਾਜ ਵਿੱਚੋਂ ਛੇਕ ਰਿਹਾ ਸੀ। ਕਾਹਦੇ ਲਈ? ਇਕ ਕਾਤਲ ਦੀ ਇੱਜ਼ਤ ਲਈ।"

ਕੀ ਸਾਡੇ ਧਰਮ 'ਚ ਸਾਡੀ ਦਿੱਖ ਸਾਡੇ ਕਰਮਾਂ ਤੋਂ ਉੱਪਰ ਹੋ ਗਈ ਹੈ? ਕੀ ਸਾਡਾ ਧਰਮ ਸਾਨੂੰ ਅਖਾਉਤੀ 'ਇੱਜ਼ਤ' ਲਈ ਕਤਲ ਕਰਨ ਦੀ ਇਜਾਜ਼ਤ ਦਿੰਦਾ ਹੈ? ਕੀ ਸਾਡੀ ਇੱਜ਼ਤ ਸਿਰਫ਼ ਔਰਤਾਂ ਦੇ ਇੱਕ ਸਾਂਚੇ 'ਚ ਢਲ਼ ਕੇ ਰਹਿਣ ਨਾਲ਼ ਹੀ ਬਣਦੀ ਹੈ? ਕੀ ਕੁੜੀਆਂ ਘਰ ਦੇ ਕੰਮਾਂ ਤੋਂ ਬਗੈਰ ਹੋਰ ਕੰਮ ਕਰਕੇ ਸਾਡੀ ਇੱਜ਼ਤ ਨਹੀਂ ਵਧਾ ਰਹੀਆਂ? ਕੀ ਕ੍ਰਿਕਟ ਵਾਲ਼ੀ ਹਰਮਨਪ੍ਰੀਤ ਕੌਰ, ਬੈਡਮਿੰਟਨ ਵਾਲ਼ੀ ਕੰਵਲ ਠਾਕੁਰ ਸਿੰਘ, ਫਿਲਮਾਂ ਵਾਲ਼ੀ ਜੂਹੀ ਚਾਵਲਾ, ਕਵਿੱਤਰੀ ਅੰਮ੍ਰਿਤਾ ਪ੍ਰੀਤਮ ਜਾਂ ਹੋਰ ਡਾਕਟਰ, ਪ੍ਰੋਫੈਸਰ ਆਦਿ ਅਨੇਕਾਂ ਹੀ ਵਧੀਆ ਕੰਮ ਕਰਦੀਆਂ ਕੁੜੀਆਂ ਸਾਡੇ ਸੱਭਿਆਚਾਰ ਦੀ ਸ਼ਾਨ ਨਹੀਂ ਹਨ? ਫਿਰ ਕਿਉਂ ਅਸੀਂ ਉਹੀ ਦਕਿਆਨੂਸੀ ਮਾਪ-ਦੰਡਾਂ ਨਾਲ਼ ਆਪਣੀ ਇੱਜ਼ਤ ਮਿਣਦੇ ਰਹਿੰਦੇ ਹਾਂ? ਸਾਨੂੰ ਆਪਣੀ ਇਸ ਪਿਛਾਂਹ-ਖਿੱਚੂ ਵਿਚਾਰਧਾਰਾ ਤੋਂ ਅਜ਼ਾਦ ਹੋਣ ਦੀ ਲੋੜ ਹੈ। ਮੈਂ ਨਿੱਜੀ ਤੌਰ ਤੇ ਸਰਬਜੀਤ ਦੇ ਇਸ ਵਿਚਾਰ ਨਾਲ਼ ਵੀ ਸਹਿਮਤ ਹਾਂ ਕਿ ਆਪਣੇ ਬੱਚਿਆਂ ਨੂੰ ਕਿਸੇ ਵੀ ਜ਼ਬਰਦਸਤੀ ਕੀਤੇ ਰਿਸ਼ਤੇ 'ਚ ਨਹੀਂ ਬੰਨ੍ਹਣਾ ਚਾਹੀਦਾ।

ਸੁਰਜੀਤ ਕੌਰ ਅਠਵਾਲ ਦੇ ਉਸ ਦੇ ਸਹੁਰਿਆਂ ਵੱਲੋਂ ਕੀਤੇ ਕਤਲ ਅਤੇ ਉਸਦੀ ਘੋਖ-ਪੜਤਾਲ਼ ਨੇ ਜੋ ਵੀ ਸਾਡੇ ਸਾਹਮਣੇ ਚਿਤਰਿਆ ਹੈ ਉਹ ਇੱਕ ਦਿਲ ਹਲਾਉਣ ਵਾਲ਼ਾ ਵਰਤਾਰਾ ਹੈ। ਸਾਨੂੰ ਬੱਚੇ ਪਾਲਣ ਵੇਲ਼ੇ ਬੰਦਸ਼ਾਂ ਲਾਉਣ ਨਾਲ਼ੋਂ ਜ਼ਿਆਦਾ ਉਨ੍ਹਾਂ ਨੂੰ ਸਹੀ ਤੇ ਗ਼ਲਤ ਬਾਰੇ ਸਮਝਾਉਣ ਉੱਤੇ ਜ਼ੋਰ ਲਾਉਣਾ ਚਾਹੀਦਾ ਹੈ। ਇਹੀ ਨਹੀਂ, ਉਨ੍ਹਾਂ ਨੂੰ ਇਨ੍ਹਾਂ ਗੱਲਾਂ ਬਾਰੇ ਲਏ ਗਏ ਫੈਸਲਿਆਂ 'ਚ ਸ਼ਾਮਲ ਵੀ ਕਰਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਵੱਲੋਂ ਉਠਾਏ ਗਏ ਸਵਾਲਾਂ ਦੇ ਜਵਾਬ ਵੀ ਦਿੱਤੇ ਜਾ ਸਕਣ ਅਤੇ ਉਹ ਅਜਿਹੇ ਮਸਲਿਆਂ ਨੂੰ ਆਪਣੇ ਮਸਲੇ ਸਮਝਣ। ਇਸ ਤਰਾਂ ਪਰਿਵਾਰ 'ਚ ਤਣਾਅ ਘੱਟ ਰਹੇਗਾ ਤੇ ਪਰਿਵਾਰ ਦੇ ਮੈਂਬਰ ਜ਼ਿਆਦਾ ਖੁਸ਼ ਰਹਿ ਸਕਣਗੇ। ਕਿਸੇ ਹੱਦ ਤੱਕ ਨਿੱਜੀ ਅਜ਼ਾਦੀ ਵੀ ਜ਼ਰੂਰੀ ਹੈ ਜੋ ਬੱਚੇ ਨੂੰ ਖੁਦ-ਮੁਖਤਿਆਰੀ ਵੱਲ ਅਤੇ ਆਤਮ-ਵਿਸ਼ਵਾਸ਼ ਵਧਾਉਣ ਲਈ ਕਾਰਗਰ ਹੁੰਦੀ ਹੈ। ਅਸਲ ਵਿੱਚ ਸਾਨੂੰ ਇਸ ਚੀਜ਼ ਨੂੰ ਗੋਰਿਆਂ ਦੇ ਸੱਭਿਆਚਾਰ ਤੋਂ ਸਿੱਖਣ ਦੀ ਲੋੜ ਹੈ।

ਮੇਰਾ ਸੁਨੇਹਾ ਇਹ ਹੈ ਕਿ ਹਰ ਪੰਜਾਬੀ ਨੂੰ ਇਹ ਕਿਤਾਬ ਪੜ੍ਹ ਕੇ ਆਪਣੇ ਆਪ ਦਾ ਮੁਲਾਂਕਣ ਕਰਨ ਦੀ ਲੋੜ ਹੈ। ਮੈਂ ਸਰਬਜੀਤ ਕੌਰ ਅਠਵਾਲ ਦਾ ਆਪਣੇ ਦੁੱਖ ਤਕਲੀਫ਼ਾਂ 'ਚੋਂ ਨਿੱਕਲ਼ ਕੇ ਅਜਿਹੇ ਅਹਿਸਾਸਾਂ ਦੀ ਪੰਡ ਨੂੰ ਇੱਕ ਸਮਝਣਯੋਗ ਲੜੀ 'ਚ ਪ੍ਰੋ ਕੇ ਸਾਡੇ ਸਾਹਮਣੇ ਲਿਆਉਣ ਲਈ ਧੰਨਵਾਦ ਕਰਦਾ ਹਾਂ। ਇਸ ਕੰਮ 'ਚ ਉਸਦੀ ਜੈੱਫ਼ ਹਡਸਨ ਵੱਲੋਂ ਕੀਤੀ ਸਹਾਇਤਾ ਅਤੇ ਪੰਜਾਬੀ 'ਚ ਅਨੁਵਾਦ ਕਰਨ ਵਾਲ਼ਿਆਂ ਵੀਰਾਂ ਸੁਖਵੰਤ ਹੁੰਦਲ, ਸਾਧੂ ਬਿਨਿੰਗ ਅਤੇ ਗੁਰਮੇਲ ਰਾਏ ਦਾ ਵੀ ਧੰਨਵਾਦ ਕਰਨਾ ਬਣਦਾ ਹੈ ਜਿਨ੍ਹਾਂ ਦੀ ਮਿਹਨਤ ਨੇ ਪੰਜਾਬੀ ਔਰਤਾਂ ਦੀ ਜ਼ਿੰਦਗੀ ਦੇ ਇਸ ਦੁਖਦ ਹਿੱਸੇ ਨੂੰ ਸਾਡੇ ਸਾਹਮਣੇ ਰੱਖਿਆ ਹੈ।

- ਭਾਰਤ ਵਿੱਚ 'ਬੇਇੱਜ਼ਤ' ਪੀਪਲਜ਼ ਫੋਰਮ ਬਰਗਾੜੀ ਤੋਂ ਮੰਗਵਾਈ ਜਾ ਸਕਦੀ ਹੈ। ਉਨ੍ਹਾਂ ਦਾ ਸੰਪਰਕ ਹੈ: ਖੁਸ਼ਵੰਤ ਬਰਗਾੜੀ, 9872989313
- ਕੈਨੇਡਾ ਵਿੱਚ ਕਿਸੇ ਵੀ ਥਾਂ ਤੋਂ 'ਬੇਇੱਜ਼ਤ' ਡਾਕ ਰਾਹੀਂ ਮੰਗਵਾਉਣ ਲਈ ਸੁਖਵੰਤ ਹੁੰਦਲ ਨ ਾ ਲ sukhwanthundal123@gmail.com ਤਚੀਮ ਸੰਪਰਕ ਕਰੋ।
- ਇਸ ਦੀ ਅੰਗਰੇਜ਼ੀ ਕਾਪੀ ਤੁਸੀਂ ਆਨਲਾਈਨ amazon.ca ਤੋਂ ਮੰਗਵਾ ਸਕਦੇ ਹੋ।





ਜਗਦੇਵ ਸਿੰਘ ਸਿੱਧੂ
403-351-1136

# ਕੈਨੇਡਾ ਦੀਆਂ ਮੁਆਫ਼ੀਆਂ-2

ਕਦੇ ਤਾਂ ਲੱਗਦਾ ਹੈ ਕਿ ਮੁਆਫ਼ੀ ਮੰਗਣਾ ਇੱਕ ਆਮ ਅਤੇ ਮਾਮੂਲੀ ਜਿਹੀ ਰਵਾਇਤ ਹੈ। ਲੋਕਾਂ ਦਾ ਗੁੱਸਾ ਠੰਡਾ ਕਰਕੇ ਉਨ੍ਹਾਂ ਨੂੰ ਬੇਵਕੂਫ਼ ਬਣਾਓ ਅਤੇ ਜੋ ਮਰਜ਼ੀ ਕਰਦੇ ਰਹੋ। ਮਿਸਾਲ ਵਜੋਂ ਰਿਹਾਇਸ਼ੀ ਸਕੂਲਾਂ ਬਾਰੇ ਮੁਆਫ਼ੀਆਂ ਇਸੇ ਤਰ੍ਹਾਂ ਮੰਗੀਆਂ ਗਈਆਂ। 1981 ਵਿੱਚ ਕੈਨੇਡਾ ਦੇ ਯੂਨਾਈਟਿਡ ਚਰਚ ਵੱਲੋਂ 1991 ਵਿੱਚ ਮੇਰੀ ਇਮੈਕੂਲੇਟ ਦੇ ਮਿਸ਼ਨਰੀ ਓਬਲੇਟਸ ਵੱਲੋਂ, 1993 ਵਿੱਚ ਐਂਗਲੀਕਨ ਚਰਚ ਵੱਲੋਂ, 1994 ਵਿੱਚ ਪ੍ਰੈਸਬਾਈਟੇਰੀਅਨ ਚਰਚ ਵੱਲੋਂ ਅਤੇ 1988 ਵਿੱਚ ਕੈਨੇਡਾ ਸਰਕਾਰ ਦੀ ਇੰਡੀਅਨ ਅਫੇਅਰਜ਼ ਦੀ ਮੰਤਰੀ ਜੇਨ ਸਟੀਵਰਟ ਵੱਲੋਂ। ਇਸ ਤੋਂ 21 ਸਾਲ ਬਾਅਦ 2009 ਵਿੱਚ ਪੋਪ ਬੈਨੇਡਿਕਟ ਸੋਲ੍ਹਵੇਂ ਨੇ ਮੂਲ ਨਿਵਾਸੀਆਂ ਦੇ ਡੈਲੀਗੇਟਾਂ ਅੱਗੇ ਕੈਥੋਲਿਕ ਚਰਚ ਦੁਆਰਾ ਕੀਤੇ ਨਾਕਸ ਵਰਤਾਰੇ ਲਈ ਖਾਲੀ ਅਫਸੋਸ ਪ੍ਰਗਟ ਕੀਤਾ ਪਰ ਜ਼ਿੰਮੇਵਾਰਾਨਾ ਬਿਆਨ ਨਹੀਂ ਦਿੱਤਾ। ਇਹ ਸਿਰਫ਼ ਸੁੱਕੀ ਹਮਦਰਦੀ ਦਾ ਫੋਕਾ ਪ੍ਰਗਟਾਵਾ ਸੀ। ਹੋਰ ਤਾਂ ਹੋਰ 2008 ਵਿੱਚ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਹਾਊਸ ਆਫ਼ ਕਾਮਨਜ਼ ਵਿਖੇ ਮੂਲ ਨਿਵਾਸੀਆਂ ਦੀ ਹਾਜ਼ਰੀ 'ਚ 'ਮੈਨੂੰ ਅਫਸੋਸ ਹੈ' ਤਾਂ ਕਹਿ ਦਿੱਤਾ ਪਰ ਅਜੇ ਤਿੰਨ ਮਹੀਨੇ ਵੀ ਨਹੀਂ ਸੀ ਹੋਏ ਜਦੋਂ ਜੀ-20 ਸਿਖ਼ਰ ਸੰਮੇਲਨ ਵੇਲੇ ਫਿਲਾਡੈਲਫੀਆ ਵਿਖੇ ਉਸੇ ਹਾਰਪਰ ਨੇ ਖੜ੍ਹਾ ਹੋ ਕੇ ਕਿਹਾ ਬਤੌਰ ਕੈਨੇਡੀਅਨ ਸਾਡਾ ਕੋਈ ਬਸਤੀਵਾਦੀ ਇਤਿਹਾਸ ਨਹੀਂ ਹੈ। ਜਿਵੇਂ ਉਸਦਾ ਭਾਵ ਹੋਵੇ ਕਿ ਅਫਸੋਸ ਤਾਂ ਹੈ ਪਰ ਅਸੀਂ ਜ਼ਿੰਮੇਵਾਰ ਨਹੀਂ ਹਾਂ। ਮੂਲ ਨਿਵਾਸੀਆਂ ਬਾਰੇ ਬਸਤੀਵਾਦੀ ਆਬਾਦਕਾਰਾਂ ਦੇ ਵਤੀਰੇ ਅਤੇ ਮਨਸ਼ਾ ਦੀ ਸਹੀ ਝਲਕ ਜਨਰਲ ਵਿਲੀਅਮ ਟੀ. ਸ਼ਰਮਨ ਦੇ ਇਸ ਵਿਚਾਰ ਤੋਂ ਮਿਲਦੀ ਹੈ, 'ਜਿਤਨੇ ਜ਼ਿਆਦਾ ਮੂਲ ਨਿਵਾਸੀਆਂ ਨੂੰ ਇਸ ਸਾਲ ਮਾਰ ਲਵਾਂਗੇ, ਅਗਲੇ ਸਾਲ ਉਤਨੇ ਹੀ ਘੱਟ ਮਾਰਨੇ ਪੈਣਗੇ।'

ਇਨ੍ਹਾਂ ਹੀ ਸਰਕਾਰਾਂ ਦੇ ਵਤੀਰੇ ਕਾਰਨ ਮੂਲ ਨਿਵਾਸੀ ਆਪਣੇ ਜੱਦੀ ਅਤੇ ਸੰਵਿਧਾਨਕ ਹੱਕ ਪ੍ਰਾਪਤ ਕਰਨ ਬਾਰੇ ਅਜੇ ਤੱਕ ਕੈਨੇਡਾ ਦੀਆਂ ਕਚਹਿਰੀਆਂ ਦੇ ਚੱਕਰ ਕੱਟਦੇ ਫਿਰਦੇ ਹਨ। ਕਮਿਸ਼ਨ ਬਣਾਏ ਜਾਂਦੇ ਹਨ। ਹਜ਼ਾਰਾਂ ਸਫ਼ਿਆਂ ਦੀਆਂ ਰਿਪੋਰਟਾਂ ਲਈਆਂ ਜਾਂਦੀਆਂ ਹਨ। ਕੁਝ ਕਰਨ ਦੇ ਵਾਅਦੇਨੁਮਾ ਬਿਆਨ ਦਾਗੇ ਜਾਂਦੇ ਹਨ ਮੁਆਫ਼ੀਆਂ ਮੰਗੀਆਂ ਜਾਂਦੀਆਂ ਹਨ , ਯੂ. ਐਨ.ਓ ਦੇ ਮੂਲ ਨਿਵਾਸੀਆਂ ਬਾਰੇ ਅਧਿਕਾਰ ਚਾਰਟਰ ਉੱਪਰ ਅਮਲ ਕਰਨ ਦੀਆਂ ਗੱਲਾਂ ਦੁਹਰਾਈਆਂ ਜਾਂਦੀਆਂ ਹਨ ਪਰ ਜਿੱਥੋਂ ਤੱਕ ਉਨ੍ਹਾਂ ਦੇ ਅਧਿਕਾਰਾਂ ਅਤੇ ਸਲਾਮਤੀ ਦਾ ਸਵਾਲ ਹੈ ਪਰਨਾਲਾ ਉੱਥੇ ਦਾ ਉੱਥੇ ਹੀ ਰਹਿੰਦਾ ਹੈ। ਹੁਣ ਤਾਂ ਕਈ ਸੂਝਵਾਨ ਮੂਲ ਨਿਵਾਸੀ ਆਗੂ ਇਹ ਕਹਿਣ ਲੱਗ ਪਏ ਹਨ ਕਿ ਬੱਸ ਬਹੁਤ ਹੋ ਗਿਆ ਬਿਆਨ ਦੇਣੇ ਬੰਦ ਕਰੋ, ਫੋਕੇ ਵਾਅਦੇ ਅਤੇ ਲਾਰਿਆਂ ਦੀ ਲੋੜ ਨਹੀਂ ਸਾਨੂੰ ਸਾਡੇ ਹਾਲ 'ਤੇ ਛੱਡ ਦਿਉ ਅਸੀਂ ਆਪ ਤਕੜੇ ਹੋ ਕੇ ਜਾਗਰੂਕ ਹੋ ਕੇ ਹਰ ਪੁਰ ਅਮਨ ਵਸੀਲਾ ਵਰਤ ਕੇ ਆਪਣੇ ਜੱਦੀ ਅਤੇ ਸੰਵਿਧਾਨਕ ਹੱਕ ਲੈ ਕੇ ਰਹਾਂਗੇ। ਇਹ ਧਰਤੀ ਸਾਡੀ ਇਹ ਹੱਕ ਸਾਡੇ।

ਜਿੱਥੋਂ ਤੱਕ ਕੈਨੇਡਾ ਅੰਦਰ ਪਰਵਾਸੀ ਲੋਕਾਂ ਨਾਲ ਕੀਤੀਆਂ ਜ਼ਿਆਦਤੀਆਂ ਦਾ ਸਵਾਲ ਹੈ, ਇੱਕ ਮਿਸਾਲ ਅਜਿਹੀ ਵੀ ਹੈ ਜਦੋਂ ਨਾ ਸਿਰਫ਼ ਮੁਆਫੀ ਮੰਗੀ ਗਈ ਬਲਕਿ ਜ਼ਿਆਦਤੀਆਂ ਦੇ ਸ਼ਿਕਾਰ ਹੋਏ ਲੋਕਾਂ ਦੇ ਨੁਕਸਾਨ ਦੀ ਪੂਰਤੀ ਕਰਨ ਦੀ ਵੀ ਢੁੱਕਵੀਂ ਕੋਸ਼ਿਸ਼ ਕੀਤੀ ਗਈ । ਇਹ ਇਸ ਤਰ੍ਹਾਂ ਹੈ। ਕੈਨੇਡਾ ਅੰਦਰ ਜਾਪਾਨੀ ਲੋਕ 1885 ਤੋਂ ਆਉਣੇ ਸ਼ੁਰੂ ਹੋਏ। ਇਨ੍ਹਾਂ ਵਿੱਚੋਂ ਬਹੁਤੇ ਬ੍ਰਿਟਿਸ਼ ਕੋਲੰਬੀਆਂ ਦੀ ਫਰੇਜ਼ਰ ਵੈੱਲੀ ਦੀਆਂ ਮੱਛੀਆਂ ਦੀਆਂ ਡੱਬਾਬੰਦ ਕਰਨ ਵਾਲੀਆਂ ਫੈਕਟਰੀਆਂ (ਕੈਨਰੀਜ਼) ਵਿੱਚ ਰੁਜ਼ਗਾਰ 'ਤੇ ਲੱਗ ਗਏ। ਸੰਨ 1913 ਤੱਕ ਲਾਈਸੰਸੀ ਮਛੇਰਿਆ ਵਿੱਚੋਂ 1088 ਜਾਪਾਨੀ, 832 ਗੋਰੇ ਅਤੇ ਸਿਰਫ਼ 430 ਮੂਲ ਨਿਵਾਸੀ ਸਨ। ਦੂਜੀ ਸੰਸਾਰ ਜੰਗ ਦੇ ਸਮੇਂ ਜਦੋਂ 1941 ਵਿੱਚ ਜਾਪਾਨੀ ਫੌਜਾਂ ਨੇ ਅਮਰੀਕਾ ਦੇ ਪਰਲ ਹਾਰਬਰ ਦੇ ਫੌਜੀ ਬੇੜੇ 'ਤੇ ਅਚਾਨਕ ਹਮਲਾ ਕੀਤਾ ਤਾਂ ਕੈਨੇਡਾ ਦੀ ਸਰਕਾਰ ਹਰਕਤ ਵਿੱਚ ਆਈ। ਇੱਥੇ ਕੰਮ ਕਰਦੇ ਜਾਪਾਨੀਆਂ ਨੂੰ ਉਨ੍ਹਾਂ ਦੀ ਗੋਰੇ ਲੋਕਾਂ ਤੋਂ ਸੁਰੱਖਿਆ ਦਾ ਝੂਠਾ ਬਹਾਨਾ ਬਣਾ ਕੇ ਉਨ੍ਹਾਂ ਸਾਰਿਆਂ ਨੂੰ ਪੱਛਮੀ ਤੱਟ 'ਤੇ ਲਿਆ ਕੇ ਬ੍ਰਿਟਿਸ਼ ਕੋਲੰਬੀਆਂ ਦੇ ਅੰਦਰਲੇ ਖੇਤਰ ਵਿੱਚ ਇੱਕੋ ਥਾਂ ਨਜ਼ਰਬੰਦ ਕਰ ਦਿੱਤਾ। ਬਾਕੀ ਜਣਿਆਂ ਨੂੰ ਦੇਸ਼ ਦੇ ਅੰਦਰ ਵੱਖੋਂ-ਵੱਖ ਥਾਵਾਂ 'ਤੇ ਖਿੰਡਾ ਦਿੱਤਾ, ਜੋ ਦਿਨ ਕਟੀ ਲਈ ਅਲਬਰਟਾ ਅਤੇ ਮੈਨੀਟੋਬਾ ਦੇ ਚੁਕੰਦਰ ਦੇ ਖੇਤਾਂ ਵਿੱਚ ਕੰਮ ਕਰਨ ਲੱਗ ਪਏ। ਉਨ੍ਹਾਂ ਦੀਆਂ ਆਪਣੀਆਂ ਜ਼ਮੀਨਾਂ ਨੂੰ ਹਥਿਆ ਲਿਆ ਗਿਆ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਨੀਲਾਮ ਕਰਕੇ ਉਹ ਵੇਚ ਦਿੱਤੀਆਂ ਗਈਆਂ। ਜੰਗ ਬੰਦ ਹੋਣ ਤੋਂ ਮਗਰੋਂ ਆ ਕੇ ਇਹ ਲੋਕ ਜਾਪਾਨੀ ਕੈਨੇਡੀਅਨਾਂ ਦੀ ਨੈਸ਼ਨਲ ਐਸੋਸੀਏਸ਼ਨ ਬਣਾ ਕੇ ਸਰਕਾਰ ਤੋਂ ਮੁਆਵਜ਼ੇ ਦੀ ਮੰਗ ਕਰਦੇ ਰਹੇ। ਜਦੋਂ ਵਿਰੋਧੀ ਧਿਰ ਦੇ ਆਗੂ ਬਰਾਇਨ ਮੂਲਰੋਨੀ ਨੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਪੀਰੀ ਟਰੂਡੋ ਨੂੰ ਇਹ ਮੰਗ ਮੰਨਣ ਲਈ ਕਿਹਾ ਤਾਂ ਉਸਨੇ ਇਹ ਕਹਿ ਕੇ ਟਾਲ ਦਿੱਤਾ ਕਿ ਜੋ ਪਿਛਲੇ ਸਮੇਂ ਵਿੱਚ ਹੋ ਗਿਆ ਉਸਤੇ ਮਿੱਟੀ ਪਾਓ। ਮਗਰੋਂ ਕੰਜ਼ਰਵੇਟਿਵ ਸਰਕਾਰ ਬਨਣ ਉਪਰੰਤ ਪ੍ਰਧਾਨ ਮੰਤਰੀ ਮਲਰੋਨੀ ਨੇ 22 ਸਤੰਬਰ 1988 ਨੂੰ ਜਾਪਾਨੀ ਕੈਨੇਡੀਆਂ ਦੀ ਨੈਸ਼ਨਲ ਐਸੋਸੀਏਸ਼ਨ ਅਤੇ ਸਰਕਾਰ ਦਰਮਿਆਨ ਹੋਏ ਨਿਵਾਰਣ (ਰੀ-ਡਰੈੱਸਲ) ਸਮਝੌਤੇ ਉੱਪਰ ਦਸਤਖ਼ਤ ਕਰ ਦਿੱਤੇ। ਇਸਤੋਂ ਪਹਿਲਾਂ 10 ਅਗਸਤ 1988 ਨੂੰ ਅਮਰੀਕਨ ਰਾਸ਼ਟਰਪਤੀ ਰੋਨਾਲਡ ਰੀਗਨ ਦੀ ਹਕੂਮਤ ਨੇ ਵੀ ਅਜਿਹਾ ਹੀ ਬਿੱਲ ਪਾਸ ਕੀਤਾ ਸੀ ਇਸ ਸਮਝੌਤੇ ਤਹਿਤ ਜਾਪਾਨੀ ਮੂਲ ਦੇ ਹਰੇਕ ਜਣੇ ਨੂੰ ਟੈਕਸ ਮੁਕਤ ਉੱਕਾ-ਪੁੱਕਾ 21000 ਡਾਲਰ ਦਿੱਤੇ ਜਾਣੇ ਸਨ। ਇਸਤੋਂ ਇਲਾਵਾ ਜਾਪਾਨੀ ਕੈਨੇਡੀਅਨ ਭਾਈਚਾਰੇ ਨੂੰ ਉਸਦੇ ਸੁਧਾਰਾਂ ਲਈ ਬਾਰਾਂ ਮਿਲੀਅਨ ਡਾਲਰ ਦੇਣੇ ਸਨ। ਜਦੋਂ ਕਿ ਬਾਰਾਂ ਮਿਲੀਅਨ ਡਾਲਰ ਹੋਰ ਕੈਨੇਡੀਅਨ ਸਰਕਾਰ ਦੁਆਰਾ ਬਰਾਬਰ ਦੇ ਮੈਚਿੰਗ ਗ੍ਰਾਂਟ ਵਜੋਂ ਕੈਨੇਡੀਅਨ ਰੇਸ ਰੀਲੇਸ਼ਨ ਫਾਉਂਡੇਸ਼ਨ ਸਥਾਪਤ ਕਰਨ ਲਈ ਦਿੱਤੇ ਜਾਣੇ ਸਨ। ਇਸਤੋਂ ਬਿਨਾਂ ਜਿਹੜੇ ਜਾਪਾਨੀ ਮੂਲ ਦੇ ਕੈਨੇਡੀਅਨ ਵਾਰ ਮੱਈਅਰਜ਼ ਐਕਟ ਜਾਂ ਨੈਸ਼ਨਲ ਐਮਰਜੈਂਸੀ ਟਰਾਂਜੀਸਨ ਪਾਵਰਜ਼ ਐਕਟ ਅਧੀਨ ਮੁਜਰਿਮ ਕਰਾਰ ਦਿੱਤੇ ਗਏ ਸਨ, ਉਨ੍ਹਾਂ ਨੂੰ ਬੇਕਸੂਰ ਮੰਨਿਆ ਗਿਆ। ਜਿਨ੍ਹਾਂ ਨੂੰ ਕੈਨੇਡਾ ਤੋਂ ਕੱਢਿਆ ਗਿਆ ਸੀ ਜਾਂ ਜਿਨ੍ਹਾਂ ਦੀ ਸਿਟੀਜ਼ਨਸ਼ਿਪ ਖੋਹ ਲਈ ਗਈ ਸੀ ਉਨ੍ਹਾਂ ਨੂੰ ਕੈਨੇਡੀਅਨ ਸਿਟੀਜ਼ਨਸ਼ਿਪ ਦੇ ਦਿੱਤੀ ਗਈ ਸੀ। ਜਿਨ੍ਹਾਂ ਨੇ ਮੁਆਵਜੇ ਲਈ ਦਰਖਾਸਤਾਂ ਦਿੱਤੀਆਂ ਉਨ੍ਹਾਂ 18000 ਤੋਂ ਵੱਧ ਬੇਨਤੀਕਾਰਾਂ ਨੂੰ 1993 ਤੱਕ ਚੈੱਕ ਦੇ ਦਿੱਤੇ ਗਏ। ਜਨਵਰੀ 1990 ਵਿੱਚ ਨਿਮਨ ਲਿਖਿਤ ਭਾਵਨਾ ਵਾਲੇ ਪੱਤਰ ਮੁਆਵਜ਼ੇ ਦੀ ਰਾਸ਼ੀ ਦੇ ਚੈੱਕਾਂ ਨਾਲ ਐਕਨਾਲਜਮੈਂਟ ਲਗਾ ਕੇ ਲਾਭਪਾਤਰੀ ਜਾਪਾਨੀ ਕੈਨੇਡੀਅਨਾਂ ਨੂੰ ਭੇਜੇ ਗਏ।

ਬਜਾਤੇ ਇੱਕ ਜਨ ਸਮੂਹ ਕੈਨੇਡੀਅਨ ਅਜਿਹੇ ਸਮਾਜ ਦੀ ਸਿਰਜਣਾ ਲਈ ਵਚਨਬੱਧ ਹਨ ਜਿਸ ਵਿੱਚ ਸਾਰਿਆਂ ਲਈ ਨਸਲ ਜਾਂ ਮੂਲ ਦੇ ਭੇਦ-ਭਾਵ ਤੋਂ ਬਿਨਾਂ ਬਰਾਬਰੀ ਅਤੇ ਇਨਸਾਫ਼ ਯਕੀਨੀ ਹੋਵੇ।

ਦੂਜੀ ਸੰਸਾਰ ਜੰਗ ਦੇ ਦੌਰਾਨ ਅਤੇ ਇਸਤੋਂ ਮਗਰੋਂ ਜਾਪਾਨ ਮੂਲ ਦੇ ਕੈਨੇਡੀਅਨ ਜਿਨ੍ਹਾਂ ਵਿੱਚੋਂ ਬਹੁਤੇ ਸਿਟੀਜ਼ਨਸ਼ਿਪ ਸਨ ਕੈਨਡਾ ਦੀ ਸਰਕਾਰ ਵੱਲੋਂ ਉਨ੍ਹਾਂ ਦੇ ਭਾਈਚਾਰੇ ਖਿਲਾਫ਼ ਕੀਤੀ ਅਭੂਤਪੂਰਵ ਕਾਰਵਾਈ ਦਾ ਸ਼ਿਕਾਰ ਹੋਏ।

ਉਸ ਸਮੇਂ ਫੌਜੀਂ ਨੁਕਤਾ ਨਿਗਾਹ ਤੋਂ ਜ਼ਰੂਰੀ ਸਮਝੇ ਜਾਣ ਦੇ ਬਾਵਜੂਦ ਦੂਜੀ ਸੰਸਾਰ ਜੰਗ ਵੇਲੇ ਜਾਪਾਨੀ ਕੈਨੇਡੀਅਨਾਂ ਦਾ ਜਬਰੀ ਘਰ ਨਿਕਾਲਾ ਜਾਂ ਨਜ਼ਰਬੰਦੀ ਅਤੇ ਜੰਗ ਤੋਂ ਬਾਅਦ ਉਨ੍ਹਾਂ ਦਾ ਦੇਸ਼ ਨਿਕਾਲਾ ਬੇਇਨਸਾਫ਼ੀ ਵਾਲਾ ਸਲੂਕ ਸੀ। ਨਾਗਰਿਕਤਾਂ ਖੋਹਣ ਨਜ਼ਰਬੰਦ ਕਰਨ ਨਿੱਜੀ ਅਤੇ ਭਾਈਚਾਰੇ ਦੀਆਂ ਜਾਇਦਾਦਾਂ ਜ਼ਬਤ ਕਰਨ ਅਤੇ ਵੇਚਣ ਦੇਸ਼ ਨਿਕਾਲਾ ਅਤੇ ਤੁਰਨ-ਫਿਰਨ ਉੱਤੇ ਪਾਬੰਦੀਆਂ ਵਰਗੀਆਂ ਜੰਗ ਤੋਂ ਮਗਰੋਂ ਤੱਕ ਜਾਰੀ ਰਹੀਆਂ ਸਰਕਾਰੀ ਨੀਤੀਆਂ ਦਰਿਆਉਤ (ਭੇਦ ਭਾਵ) ਤੋਂ ਪ੍ਰਭਾਵਤ ਸਨ। ਜਿਹੜੇ ਜਾਪਾਨੀ ਕੈਨੇਡੀਅਨ ਨਜ਼ਰਬੰਦ ਕੀਤੇ ਗਏ ਸਨ ਉਨ੍ਹਾਂ ਦੀ ਜਾਇਦਾਦ ਵੇਚ ਕੇ ਵੱਟਿਆ ਧਨ ਉਨ੍ਹਾਂ ਨੂੰ ਹੀ ਨਜ਼ਰਬੰਦ ਕਰਨ ਉੱਪਰ ਖਰਚਿਆ ਗਿਆ।

ਇਨ੍ਹਾਂ ਸਾਰੀਆਂ ਬੇਇਨਸਾਫ਼ੀਆਂ ਦਾ ਇਕਬਾਲਨਾਮਾ ਸਾਰੇ ਕੈਨੇਡੀਅਨਾਂ ਦੇ ਬਿਆਨ ਵਿੱਚ ਲਿਆਉਂਦਾ ਹੈ, ਤਾਂ ਜੋ ਪਿਛਲੇ ਸਮੇਂ ਦੌਰਾਨ ਕੀਤੀਆਂ ਗਈਆਂ ਵਧੀਕੀਆਂ ਦੀ ਨਿੰਦਿਆਂ ਕੀਤੀ ਜਾਵੇ ਅਤੇ ਕੈਨੇਡਾ ਵਿੱਚ ਇਨਸਾਫ਼ ਅਤੇ ਬਰਾਬਰੀ ਦੇ ਅਸੂਲਾਂ ਦੀ ਪੁਨਰ ਪ੍ਰੋੜਤਾ ਕੀਤੀ ਜਾਵੇ।

ਇਸ ਵਾਸਤੇ ਕੈਨੇਡਾ ਦੀ ਸਰਕਾਰ ਸਾਰੇ ਕੈਨੇਡਾ ਵਾਸੀਆਂ ਦੀ ਤਰਫੋਂ.

1. ਇਕਬਾਲ ਕਰਦੀ ਹੈ ਕਿ ਜਾਪਾਨੀ ਕੈਨੇਡੀਅਨ ਨਾਲ ਦੂਜੀ ਸੰਸਾਰ ਜੰਗ ਦਰਮਿਆਨ ਅਤੇ ਉਸਤੋਂ ਮਗਰੋਂ ਕੀਤਾ ਗਿਆ ਦੁਰਵਿਹਾਰ ਨਾਜਾਇਜ਼ ਸੀ ਅਤੇ ਉਨ੍ਹਾਂ ਮਨੁੱਖੀ ਅਧਿਕਾਰਾਂ ਦੀ ਸਰਾਸਰ ਉਲੰਘਣਾ ਸੀ, ਜਿਹੜੇ ਅੱਜ-ਕੱਲ੍ਹ ਪ੍ਰਚੱਲਤ ਹਨ।

2. ਆਪਣੀਆਂ ਅਧਿਕਾਰੀ ਸ਼ਕਤੀਆਂ ਦੀ ਪੁਰਜ਼ੋਰ ਵਰਤੋਂ ਕਰਦਿਆਂ ਇਹ ਯਕੀਨੀ ਬਨਾਂਉਣ ਲਈ ਵਾਅਦਾ ਕਰਦੀ ਹੈ ਕਿ ਅਜਿਹੀਆਂ ਘਟਨਾਵਾਂ ਫੇਰ ਨਹੀਂ ਵਾਪਰਨਗੀਆਂ ।

3. ਬੜੇ ਸਤਿਕਾਰ ਸਹਿਤ ਜਾਪਾਨੀ ਕੈਨੇਡੀਅਨਾਂ ਦੇ ਧੀਰਜ ਅਤੇ ਦ੍ਰਿੜ ਇਰਾਦੇ ਨੂੰ ਸਮਝਦੀ ਹੈ ਜਿਨ੍ਹਾਂ ਨੇ ਤਕੜੇ ਦਬਾਅ ਅਤੇ ਮੁਸ਼ਕਿਲਾਂ ਦੇ ਬਾਵਜੂਦ ਕੈਨੇਡਾ ਪ੍ਰਤੀ ਆਪਣੀ ਵਚਨਬੱਧਤਾ ਅਤੇ ਵਫ਼ਾਦਾਰੀ ਨੂੰ ਕਾਇਮ ਰੱਖਦਿਆਂ ਹੋਇਆਂ ਕੈਨੇਡਾ ਦੇ ਵਿਕਾਸ ਵਿੱਚ ਭਰਪੂਰ ਹਿੱਸਾ ਪਾਇਆ ਹੈ।

ਬ੍ਰਾਇਨ ਮਲਰੋਨੀ
ਪ੍ਰਧਾਨ ਮੰਤਰੀ, ਕੈਨੇਡਾ

ਇਨਯੂਟ: ਕੈਨੇਡਾ ਸਰਕਾਰ ਨੇ ਸੱਠਵੀਂ ਸਮਾਨੰਤਰ ਦੇ ਉਤਰੀ ਭਾਗ ਦੇ ਵਾਸੀਆਂ ਖਾਸ ਕਰਕੇ ਇਨਯੂਟ ਲੋਕਾਂ ਨਾਲ ਉਦੋਂ ਲਾਪਰਵਾਹੀ ਦਾ ਵਤੀਰਾ ਆਪਣਾਈ ਰੱਖਿਆ ਜਦੋਂ 1930 ਵਿਆਂ ਦੌਰਾਨ ਆਰਕਟਿਕ ਲੂੰਬੜੀ (ਫੌਕਸ ) ਦੀਆਂ ਕੀਮਤਾਂ ਡਿੱਗ ਪਈਆਂ ਸਨ ਅਤੇ ਇਨ੍ਹਾਂ ਲੋਕਾਂ ਦੀ ਇਸਤੋਂ ਹੋਣ ਵਾਲੀ ਆਮਦਨ ਨੂੰ ਭਾਰੀ ਸੱਟ ਵੱਜੀ ਸੀ। ਇਹੋ ਇਨ੍ਹਾਂ ਦੀ ਕਮਾਈ ਦਾ ਮੁੱਖ ਸਾਧਨ ਸੀ। ਸਰਕਾਰ ਨੇ ਉਨ੍ਹਾਂ ਦੀ ਹਾਲਤ ਸੁਧਾਰਨ ਜਾਂ ਲੋੜੀਂਦੀ ਮੱਦਦ ਕਰਨ ਵੱਲ ਕੋਈ ਖਾਸ ਧਿਆਨ ਨਹੀਂ ਦਿੱਤਾ। ਜੋ ਨਾ-ਮਾਤਰ ਮੱਦਦ ਕੀਤੀ ਵੀ ਉਹ ਅਸਲੋਂ ਨਾਕਾਫ਼ੀ ਅਤੇ ਨਿਗੂਣੀ ਸੀ। ਭਾਵੇਂ 1939 ਵਿੱਚ ਕੈਨੇਡਾ ਦੀ ਸੁਪਰੀਮ ਕੋਰਟ ਨੇ ਫੈਸਲਾ ਸੁਣਾਇਆ ਕਿ ਬ੍ਰਿਟਿਸ਼ ਨਾਰਥ ਅਮਰੀਕਾ ਐਕਟ ਦੇ ਮੁਤਾਬਕ ਇਨਯੂਟ ਲੋਕ ਇੰਡੀਅਨ ਮੰਨੇ ਗਏ ਸਨ। ਜਿਸਦਾ ਮਤਲਬ ਹੈ ਕਿ ਉਨ੍ਹਾਂ ਦੀ ਭਲਾਈ ਫੈਡਰਲ ਸਰਕਾਰ ਦੀ ਜਿੰਮੇਵਾਰੀ ਹੈ। ਫਿਰ ਦੂਜੀ ਸੰਸਾਰ ਜੰਗ ਵੇਲੇ ਕੈਨੇਡਾ ਅਤੇ ਅਮਰੀਕਾਂ ਦੀਆਂ ਸਰਕਾਰਾਂ ਨੇ ਯੂਰਪ ਨੂੰ ਜਹਾਜ਼ ਅਤੇ ਹੋਰ ਸਪਲਾਈ ਭੇਜਣ ਖਾਤਰ ਇਸ ਉੱਤਰੀ ਖਿਤੇ ਵਿੱਚ ਕਈ ਹਵਾਈ ਅੱਡੇ ਸਥਾਪਤ ਕਰ ਲਏ। ਜੰਗ ਦੇ ਖਾਤਮੇ ਮਗਰੋਂ ਸੋਵੀਅਤ ਰੂਸ ਦੇ ਸੰਭਾਵਿਤ ਹਵਾਈ ਜਾਂ ਮਿਸਾਈਲ ਹਮਲਿਆਂ ਤੋਂ ਕੈਨੇਡੀਅਨ ਹਵਾਈ ਖੇਤਰ ਦੀ ਨਿਗਰਾਨੀ ਹਿੱਤ ਫੌਜ ਇੱਥੇ ਹੀ ਟਿਕ ਗਈ। ਫੈਡਰਲ ਸਰਕਾਰ ਨੇ ਸਸਤੀਆਂ ਮੈਡੀਕਲ ਅਤੇ ਸਮਾਜਿਕ ਸੇਵਾਵਾਂ ਪ੍ਰਦਾਨ ਕਰਨ ਲਈ ਆਬਾਦੀਆਂ ਸਥਾਪਤ ਕੀਤੀਆਂ। ਇਨ੍ਹਾਂ ਵਿੱਚੋਂ ਪੱਛਮ ਵਿੱਚ ਇਨੂਵਿਕ ਅਤੇ ਪੂਰਬ ਵਿੱਚ ਇਕਾਲਿਊਟ ਸਨ। ਜਦੋਂ 1940ਵਿਆਂ ਵਿੱਚ ਇਨਯੂਟ ਲੋਕਾਂ ਅੰਦਰ ਤਪਦਿਕ ਦੀ ਮਹਾਂਮਾਰੀ ਫੈਲ ਗਈ ਤਾਂ ਇਸਦੇ ਖਾਤਮੇ ਲਈ ਸਰਕਾਰ ਨੇ ਵਿਸ਼ੇਸ਼ ਪ੍ਰੋਗਰਾਮ ਚਲਾਇਆ। 1947 ਤੋਂ ਆਰ.ਸੀ.ਐਮ. ਪੀ ਦੇ ਆਰਕਟਿਕ ਪੈਟਰੋਲ ਨੇ ਸਮੁੰਦਰੀ ਜਹਾਜ਼ ਉੱਪਰ ਛਾਤੀ ਦੇ ਐਕਸਰੇ ਲੈਣੇ ਸ਼ੁਰੂ ਕੀਤੇ। ਇਨਯੂਟ ਮਰੀਜ਼ਾਂ ਨੂੰ ਟੈਸਟ ਕਰਨ ਮਗਰੋਂ ਟੋਰਾਂਟੋ, ਮਾਂਟਰੀਅਲ ਹੈਮਿਲਟਨ ਅਤੇ ਐਡਮਿੰਟਨ ਦੇ ਸੈਨੀਟੋਰੀਆਂ ਵਿਖੇ ਇਲਾਜ ਲਈ ਭੇਜ ਦਿੱਤਾ ਗਿਆ ਸੀ। ਇਨ੍ਹਾਂ ਮਰੀਜ਼ਾਂ ਦੇ ਘਰ ਵਾਲਿਆਂ ਨੂੰ ਨਹੀਂ ਸੀ ਦੱਸਿਆ ਜਾਂਦਾ ਕਿ ਉਨ੍ਹਾਂ ਨੂੰ ਕਿੱਥੇ ਭੇਜਿਆ ਗਿਆ ਸੀ ਅਤੇ ਨਾ ਹੀ ਉਨ੍ਹਾਂ ਦੇ ਇਲਾਜ ਜਾਂ ਸਿਹਤ ਬਾਰੇ ਕੋਈ ਜਾਣਕਾਰੀ ਦਿੱਤੀ ਜਾਂਦੀ ਸੀ। ਇਨ੍ਹਾਂ ਮਰੀਜ਼ਾਂ ਨੂੰ ਰਾਜ਼ੀ ਹੋਣ ਪਿੱਛੋਂ ਆਰਕਟਿਕ ਦੇ ਉਨ੍ਹਾਂ ਟਿਕਾਣਿਆ 'ਤੇ ਭੇਜਿਆ ਜਾਂਦਾ ਸੀ। ਜਿਹੜੇ ਇਲਾਜ ਵਾਲੀ ਜਗ੍ਹਾ ਦੇ ਸੈਨੀਟੋਰੀਅਮ ਦੇ ਨੇੜੇ ਹੁੰਦੇ ਸਨ। ਆਮ ਤੌਰ 'ਤੇ ਇਹ ਟਿਕਾਣੇ ਇਨ੍ਹਾਂ ਦੇ ਘਰਾਂ ਤੋਂ ਬਹੁਤ ਦੂਰ ਹੁੰਦੇ ਸਨ। ਫੇਰ 1953 ਵਿੱਚ ਸਰਕਾਰ ਨੇ ਪੋਰਟ ਹੈਰੀਸਨ (ਹੁਣ ਇਨਾਕਜੁਅਕ) ਦੇ ਵਾਸੀਆਂ ਨੂੰ ਜ਼ਬਰੀ ਐਲਸਮੀਰ ਆਈਲੈਂਡ 'ਤੇ ਭੇਜ ਦਿੱਤਾ। ਇਸਨੇ ਲੋਕਾਂ ਨੂੰ ਬੜੀ ਮੁਸ਼ਕਲ ਅਤੇ ਤਸੀਹਿਆਂ ਭਰੀ ਜ਼ਿੰਦਗੀ ਵੱਲ ਧੱਕ ਦਿੱਤਾ ਕਿਉਂਕਿ ਇਨ੍ਹਾਂ ਨਵੇਂ ਟਿਕਾਣਿਆਂ ਉੱਪਰ ਅੱਤ ਦਾ ਮੌਸਮ ਸੀ। ਇਸਤੋਂ ਇਲਾਵਾ ਉਨ੍ਹਾਂ ਨੂੰ ਆਪਣੀ ਖੁਰਾਕ ਵੀ ਬਦਲਣੀ ਪਈ ਅਤੇ ਜਲ ਪੰਛੀਆਂ ਦੀ ਥਾਂ 'ਤੇ ਸਮੁੰਦਰੀ ਜੀਵਾਂ ਜਾਂ ਧਰੁਵੀ ਰਿੱਛਾਂ (ਪੋਲਰ ਬੀਅਰ) ਦਾ ਸ਼ਿਕਾਰ ਕਰਕੇ ਨਿਰਬਾਹ ਕਰਨਾ ਪਿਆ। ਸੰਨ 1990 ਵਿੱਚ ਪੜਤਾਲ ਕਰਨ ਮਗਰੋਂ ਹਾਊਸ ਆਫ਼ ਕਾਮਨਜ਼ ਦੀ ਐਬਰੀਜਨਲ ਅਫੇਅਰਜ਼ ਕਮੇਟੀ ਇਸ ਨਤੀਜੇ 'ਤੇ ਪੁੱਜੀ ਕਿ ਸਰਕਾਰ ਨੇ ਉੱਤਰੀ ਅਰਕਟਿਕ ਵਿੱਚ ਕੈਨੇਡੀਅਨਾਂ ਦੀ ਹਾਜ਼ਰੀ ਬਣਾਉਣ ਖਾਤਰ ਇਨ੍ਹਾਂ ਨੂੰ ਪੱਟ ਕੇ ਲਿਜਾਣ ਲਈ ਜ਼ਬਰਦਸਤੀ ਤੋਂ ਕੰਮ ਲਿਆ ਸੀ । ਸੰਨ 1992 ਵਿੱਚ ਪ੍ਰਧਾਨ ਮੰਤਰੀ ਬਰਾਇਨ ਮਲਰੋਨੀ ਦੀ ਸਰਕਾਰ ਆਖ਼ਰਕਾਰ ਇਨਾਕਜੁਅਕ ਦੇ ਇਨਯੂਟ ਲੋਕਾਂ ਤੋਂ ਮੁਆਫ਼ੀ ਮੰਗਣ ਲਈ ਮੰਨ ਗਈ ਅਤੇ ਨਾਲ ਹੀ ਉਨ੍ਹਾਂ ਦੁਆਰਾ ਝੱਲੀਆਂ ਵਧੀਕੀਆਂ ਦਾ ਮੁਆਵਜ਼ਾ ਦੇਣ ਅਤੇ ਬਚ ਗਏ ਬਾਸ਼ਿੰਦਿਆਂ ਨੂੰ ਮੁੜ ਉਨ੍ਹਾਂ ਦੇ ਜੱਦੀ ਘਰਾਂ ਵਿੱਚ ਵਸਾਉਣ ਵਿੱਚ ਮੱਦਦ ਕਰਨ ਲਈ ਵੀ ਤਿਆਰ ਹੋ ਗਈ।

ਛੇ ਚੀਫ਼ਾਂ ਨੂੰ ਫਾਂਸੀਆਂ: ਸੰਨ 1864 ਵਿੱਚ ਬ੍ਰਿਟਿਸ਼ ਕੋਲੰਬੀਆਂ ਦੇ ਕੇਂਦਰੀ ਅੰਦਰੂਨੀ ਇਲਾਕੇ ਵਿੱਚ ਸਿਲਕੋਟਿਨ ਨੇਸ਼ਨ ਦੇ ਚਿਲਕੋਟਿਨ ਖੇਤਰ ਦੇ ਅੰਦਰ ਆਪੇ ਬਣੇ ਹੁਕਮਰਾਨਾਂ (ਅੰਗ੍ਰੇਜ਼ ਆਬਾਦਕਾਰਾਂ) ਦੁਆਰਾ ਇੱਥੋ ਦੇ ਅਸਲੀ ਮਾਲਕਾਂ ਅਤੇ ਕਾਬਜ਼ਕਾਰਾਂ ਹੁਕਮਰਾਨਾਂ ਉੱਤੇ ਢਾਹੇ ਗਏ ਜ਼ੁਲਮ ਦੀ ਇੱਕ ਹੋਰ ਘਟਨਾ ਵਾਪਰੀ। ਜਦੋਂ ਇਸ ਇਲਾਕੇ ਅੰਦਰ ਨਵੇਂ ਕਾਬਜ਼ਕਾਰ ਅੰਗ੍ਰੇਜ਼ਾਂ ਦੁਆਰਾ ਸੜਕ ਬਣਾਉਣੀ ਸ਼ੁਰੂ ਕੀਤੀ ਗਈ ਤਾਂ ਉਨ੍ਹਾਂ ਨੇ ਇੱਥੋਂ ਦੇ ਮੌਜੂਦਾ ਸਿਲਕੋਟਿਨ ਨੇਸ਼ਨ ਦੇ ਮੁਖੀਆਂ ਤੋਂ ਆਗਿਆਂ ਤਾਂ ਕੀ ਲੈਣੀ ਸੀ ਉਨ੍ਹਾਂ ਨਾਲ ਸਲਾਹ ਕਰਨ ਦੀ ਲੋੜ ਵੀ ਨਹੀਂ ਸਮਝੀ ਗਈ। ਸੰਨ 1763 ਦੇ ਸ਼ਾਹੀ ਐਲਾਨਨਾਮੇ (ਰਾਇਲ ਡੈਕਲੇਰੇਸ਼ਨ) ਦੇ ਮੁਤਾਬਕ ਕਿਸੇ ਨੇਸ਼ਨ ਦੀ ਆਗਿਆਂ ਤੋਂ ਬਿਨ੍ਹਾਂ ਉਨ੍ਹਾਂ ਦੀ ਜ਼ਮੀਨ ਨਾਲ ਕਿਸੇ ਕਿਸਮ ਦੀ ਛੇੜ ਛਾੜ ਨਹੀਂ ਸੀ ਕੀਤੀ ਜਾ ਸਕਦੀ। ਜਦੋਂ ਇਨ੍ਹਾਂ ਨੇਸ਼ਨ ਮੁਖੀਆਂ ਨੇ ਵਿਰੋਧ ਕੀਤਾਂ ਤਾਂ ਇਸਦੀ ਕੋਈ ਪ੍ਰਵਾਹ ਨਹੀਂ ਕੀਤੀ ਗਈ। ਉਲਟਾ ਇਨ੍ਹਾਂ ਪ੍ਰਭਾਵਿਤ ਲੋਕਾਂ ਨਾਲ ਧੱਕੇਸ਼ਾਹੀ ਕਰਨੀ ਜਾਰੀ ਰੱਖੀ। ਇਸਦੇ ਸਿੱਟੇ ਵੱਜੋਂ ਦੋਹਾਂ ਪਾਸਿਆਂ ਦਰਮਿਆਨ ਝੜਪਾਂ ਹੋਣ ਲੱਗੀਆਂ। ਜਦੋਂ ਫੇਰ ਵੀ ਧਾੜਵੀ ਲੋਕ ਬਾਜ਼ ਨਾ ਆਏ ਤਾਂ ਆਪਣੀ ਅਣਖ ਅਤੇ ਆਪਣੀ ਜ਼ਮੀਨ ਦੀ ਰਾਖੀ ਲਈ ਇਨ੍ਹਾਂ ਮੂਲ ਨਿਵਾਸੀਆਂ ਨੇ ਹਥਿਆਰਬੰਦ ਭੇੜ ਦੌਰਾਨ ਜਾਬਰੀ ਸੜਕ ਬਣਾਉਣ ਵਾਲੇ ਕੁਝ ਕਾਮੇ ਮੌਤ ਦੇ ਘਾਟ ਉਤਾਰ ਦਿੱਤੇ। ਅਖੌਤੀ ਸਰਕਾਰੀ ਪ੍ਰਤੀਨਿਧੀਆਂ ਨੇ ਕੂਟਨੀਤੀ ਵਰਤਕੇ ਨੇਸ਼ਨ ਦੇ ਮੁਖੀਆਂ ਨੂੰ ਗੱਲਬਾਤ ਲਈ ਸੱਦਾ ਦਿੱਤਾ। ਇਹ ਸੋਚ ਕੇ ਕਿ ਗੱਲਬਾਤ ਸ਼ਾਂਤੀ ਬਹਾਲ ਕਰਨ ਲਈ ਹੋਵੇਗੀ ਛੇ ਵਿੱਚੋਂ ਪੰਜ ਚੀਫ਼ ਗੱਲਬਾਤ ਕਰਨ ਲਈ ਪਹੁੰਚ ਗਏ। ਉਹ ਜਿਉਂ ਹੀ ਆਏ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਉੱਤੇ ਮੁਕੱਦਮਾ ਚਲਾ ਕੇ ਪੰਜਾਂ ਨੂੰ ਹੀ ਫ਼ਾਂਸੀ ਦੇ ਦਿੱਤੀ ਗਈ। ਅਗਲੇ ਸਾਲ ਛੇਵੇਂ ਚੀਫ਼ ਨੂੰ ਵੀ ਨਿਊ ਵੈਸਟਮਿਨਸਟਰ ਵਿਖੇ ਮੌਤ ਦੀ ਸਜ਼ਾ ਦੇ ਦਿੱਤੀ । ਉਦੋਂ ਤੋਂ ਲੈ ਕੇ ਸਿਲਕੋਟਿਨ ਨੇਸ਼ਨ ਦੇ ਲੋਕਾਂ ਵਿੱਚ ਇਸ ਘਟਨਾ ਬਾਰੇ ਰੋਹ ਰਿਹਾ ਹੈ। ਉਨ੍ਹਾਂ ਦਾ ਮੱਤ ਸਹੀ ਸੀ ਕਿ ਉਨ੍ਹਾਂ ਨੇ ਜੋ ਕੁਝ ਕੀਤਾ ਆਪਣੇ ਲੋਕਾਂ ਆਪਣੀ ਜ਼ਮੀਨ ਅਤੇ ਆਪਣੇ ਸਵੈ-ਮਾਣ ਲਈ ਕੀਤਾ ਅਤੇ ਅੰਗ੍ਰੇਜ਼ ਧਾੜਵੀਆਂ ਕੋਲ ਇਨ੍ਹਾਂ ਨੂੰ ਮੁਜਰਿਮ ਮੰਨ ਕੇ ਸਜ਼ਾ ਦੇਣ ਦਾ ਕੋਈ ਅਧਿਕਾਰ ਨਹੀਂ ਸੀ। ਇਹ ਦੋਂ ਕੌਮਾਂ ਦਰਮਿਆਨ ਲੜਾਈ ਦਾ ਮੁੱਦਾ ਸੀ। ਪਿੱਛੋਂ ਜਾ ਕੇ 1993 ਵਿੱਚ ਬ੍ਰਿਟਿਸ਼ ਕੋਲੰਬੀਆਂ ਦੀ ਸੂਬਾਈ ਸਰਕਾਰ ਨੇ ਇਨ੍ਹਾਂ ਘਟਨਾਵਾਂ ਬਾਰੇ ਇਸ ਨੇਸ਼ਨ ਦੇ ਲੋਕਾਂ ਕੋਲੋਂ ਬਕਾਇਦਾ ਮੁਆਫ਼ੀ ਮੰਗ ਲਈ ਅਤੇ ਫ਼ਾਂਸੀ ਦੇਣ ਵਾਲੀਆਂ ਇਨ੍ਹਾਂ ਥਾਵਾਂ 'ਤੇ ਢੁੱਕਵੀਆਂ ਯਾਦਗਾਰਾਂ ਸਥਾਪਤ ਕਰ ਦਿੱਤੀਆਂ।

26 ਮਾਰਚ 2018 ਸੋਮਵਾਰ ਦੇ ਦਿਨ ਔਟਵਾ ਵਿਖੇ ਪਾਰਲੀਮੈਂਟ ਦੇ ਹਾਊਸ ਆਫ਼ ਕਾਮਨਜ਼ ਅੰਦਰ ਸਿਲਕੋਟਿਨ ਨੇਸ਼ਨ ਦੇ ਮੌਜੂਦਾ ਆਗੂ ਕਾਲੇ ਲਿਬਾਸ ਪਾ ਕੇ ਹਾਜ਼ਰ ਹੋਏ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੌਤ ਦੇ ਘਾਟ ਉਤਾਰੇ ਗਏ ਛੇ ਮੁਖੀਆਂ ਨੂੰ ਬੇਕਸੂਰ ਐਲਾਨਿਆ ਅਤੇ ਇਸ ਘਟਨਾ ਲਈ ਸਿਲਕੋਟਿਨ ਨੇਸ਼ਨ ਤੋਂ ਮੁਆਫ਼ੀ ਮੰਗੀ। ਆਪਣੇ ਬਿਆਨ ਨੂੰ ਪੜ੍ਹਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਅਸੀਂ ਮੰਨਦੇ ਹਾਂ ਕਿ ਇਹ ਛੇ ਚੀਫ਼ ਇੱਕ ਕੌਮ ਦੇ ਆਗੂ ਸਨ ਕਿ ਉਨ੍ਹਾਂ ਆਪਣੇ ਕਾਨੂੰਨ ਅਤੇ ਰਵਾਇਤਾਂ ਅਨੁਸਾਰ ਕਾਰਵਾਈ ਕੀਤੀ ਕਿ ਉਨ੍ਹਾਂ ਨੂੰ ਸਹੀ ਤੌਰ 'ਤੇ ਆਪਣੇ ਲੋਕਾਂ ਦੇ ਹੀਰੋ ਵਾਂਗ ਸਤਿਕਾਰਿਆਂ ਜਾਣਾ ਚਾਹੀਦਾ ਸੀ। ਉਨ੍ਹਾਂ ਨੇ ਇੱਕ ਸਵੈ-ਮਾਨੀ ਅਤੇ ਖੁਦਮੁਖਤਿਆਰ ਕੌਮ ਦੇ ਆਗੂਆਂ ਵਜੋਂ ਦੂਸਰੀ ਕੌਮ ਦੀ ਧਮਕੀ ਦਾ ਸਾਹਮਣਾ ਕਰਦਿਆਂ ਕਾਰਵਾਈ ਕੀਤੀ। ਜਦੋਂ ਆਬਾਦਕਾਰ ਸੋਨੇ ਦੀ ਖਾਤਰ ਇਨ੍ਹਾਂ ਦੀ ਧਰਤੀ 'ਤੇ ਆਏ ਤਾਂ ਉਨ੍ਹਾਂ ਨੇ ਸਿਲਕੋਟਿਨ ਲੋਕਾਂ ਦੀ ਕੋਈ ਪ੍ਰਵਾਹ ਨਾ ਕੀਤੀ, ਜੋ ਕਿ ਪਹਿਲਾਂ ਤੋਂ ਹੀ ਇੱਥੇ ਸਨ। ਨਾ ਹੀ ਇਨ੍ਹਾਂ ਦੀ ਸਹਿਮਤੀ ਲਈ ਗਈ। ਟਰੂਡੋ ਨੇ ਅੱਗੇ ਕਿਹਾ ਕਿ ਇਕੱਲੀਆਂ ਮੁਆਫ਼ੀਆਂ ਮੰਗਣ ਨਾਲ ਪਿਛਲੇ ਸਮੇਂ ਦੀਆਂ ਗਲਤੀਆਂ ਸੁਧਰ ਨਹੀਂ ਜਾਂਦੀਆਂ। ਇਨ੍ਹਾਂ ਦੀ ਮਹੱਤਤਾ ਕੈਨੇਡਾ ਦੁਆਰਾ ਮੂਲ ਨਿਵਾਸੀ ਲੋਕਾਂ ਨਾਲ ਰਿਸ਼ਤਾ ਨਵਿਆਉਣ ਅਤੇ ਸੁਲਾਹ ਕਰਨ (ਰੀਕਨਸੀਲੇਸ਼ਨ) ਵਿੱਚ ਹੈ। ਉਸਨੇ ਕਿਹਾ ਕਿ ਉਹ ਗਰਮੀਆਂ ਵਿੱਚ ਸਿਲਕੋਟਿਨ ਨੇਸ਼ਨ ਦੇ ਆਗੂਆਂ ਦੇ ਸੱਦੇ ਤੇ ਸਿੱਧਾ ਉਨ੍ਹਾਂ ਦੇ ਇਲਾਕੇ ਵਿੱਚ ਜਾ ਕੇ ਉਨ੍ਹਾਂ ਨੂੰ ਬਰੀ ਕਰਨ (ਐਗਜ਼ੋਰਨੇਸ਼ਨ) ਦਾ ਬਿਆਨ ਸੌਂਪਣ ਦੀ ਅਗਲੀ ਰਸਮੀ ਕਾਰਵਾਈ ਕਰੇਗਾ।

ਟਰੂਡੋ ਦੁਆਰਾ ਮੁਆਫ਼ੀ ਮੰਗਣ ਦਾ ਐਲਾਨ ਕਰਦਿਆਂ ਹੀ ਨੇਸ਼ਨ ਦੇ ਹਾਜ਼ਰ ਆਗੂਆਂ ਨੇ ਆਪਣੇ ਕਾਲੇ ਲਿਬਾਸ ਉਲਟਾ ਕੇ ਅੰਦਰਲੇ ਲਾਲ ਰੰਗ ਦੇ ਲਿਬਾਸ ਨੂੰ ਨੰਗਾ ਕਰਕੇ ਵਿਖਾਇਆ ਜਿਸ ਉੱਪਰ ਸਟਾਈਲਨੁਮਾ ਕਾਲੇ ਘੋੜੇ ਦੀ ਤਸਵੀਰ ਸੀ। ਬਿਆਨ ਪੜ੍ਹਨ ਦੇ ਦੌਰਾਨ ਪਾਰਲੀਮੈਂਟ ਦੇ ਮੈਂਬਰਾਂ ਨੇ ਤਾੜੀਆਂ ਦੀ ਗੜਗੜਾਹਟ ਵਿੱਚ ਜੈਕਾਰੇ ਗੂੰਜਾ ਦਿੱਤੇ, ਜਿਸਨੂੰ ਵੇਖ ਕੇ ਨੇਸ਼ਨ ਦੇ ਮੁਖੀਆਂ ਨੇ ਇੱਲ੍ਹ ਦੇ ਖੰਭਾਂ ਨੂੰ ਸਲੂਟ ਵਜੋਂ ਹਿਲਾ ਕੇ ਵਿਖਾਇਆ।

ਇਸ ਸਮੇਂ ਚੀਫ਼ ਜੋਅ ਅਲਫਾਂਸ ਦਾ ਕਹਿਣਾ ਸੀ ਕਿ ਸੁਲਾਹ ਇੱਥੋਂ ਸ਼ੁਰੂ ਹੁੰਦੀ ਹੈ। ਚੀਫ਼ ਰੱਸਲ ਮਾਇਰਜ਼ ਰਾਸ ਨੇ ਕਿਹਾ ਕਿ ਸਾਡੇ ਲਈ ਇਹ ਇੱਕ ਭਾਵੁਕਤਾ ਵਾਲਾ ਦਿਨ ਹੈ। ਵਿਰੋਧੀ ਕੰਜ਼ਰਵੇਟਿਵ ਪਾਰਲੀਮੈਂਟ ਮੈਂਬਰ ਕੈਥੀ ਮੈਕਲਿਉਡ ਦਾ ਕਹਿਣਾ ਸੀ ਕਿ ਛੇ ਸਿਲਕੋਟਿਨ ਮੁਖੀਆਂ ਨੇ ਉਹੀ ਕੀਤਾ, ਜੋ ਕੋਈ ਵੀ ਹੋਰ ਅਜਿਹੀ ਹਾਲਤ 'ਚ ਕਰਦਾ ਭਾਵ ਆਪਣੀ ਜ਼ਮੀਨ ਆਪਣੇ ਪਰਿਵਾਰ ਅਤੇ ਆਪਣੇ ਜਿਉਣ ਦੇ ਤੌਰ ਤਰੀਕੇ ਦੀ ਰੱਖਿਆ। ਅਜਿਹੇ ਮੌਕੇ ਪਿਛਲੇ ਸਮੇਂ ਦੇ ਹੋਏ ਵਿਹਾਰ ਨੂੰ ਬਦਲ ਤਾਂ ਨਹੀਂ ਸਕਦੇ। ਐਨ ਡੀ ਪੀ ਦੇ ਗਾਇ ਕੈਰਨ ਨੇ ਆਪਣਾ ਸਮਰਥਨ ਦਿੰਦਿਆਂ ਕਿਹਾ ਕਿ ਇਹ ਮੁਆਫ਼ੀ ਦੀ ਮੰਗ ਕਾਫ਼ੀ ਲੰਮੇ ਸਮੇਂ ਤੋਂ ਲਟਕ ਰਹੀ ਸੀ। ਉਸਨੇ ਮੰਗ ਕੀਤੀ ਕਿ ਇੰਡੀਜਨਸ (ਮੂਲ ਨਿਵਾਸੀ) ਲੋਕਾਂ ਦੇ ਨਾਂਅ 'ਤੇ ਕੌਮੀ ਦਿਵਸ ਮਿੱਥ ਕੇ ਉਸ ਦਿਨ ਛੁੱਟੀ ਦਾ ਐਲਾਨ ਕੀਤਾ ਜਾਵੇ।

**(ਚਲਦਾ)**

ਮਹਿੰਦਰ ਸਿੰਘ ਮੋਹੀ
416 659 1232

# ਗਦਰੀ ਬਾਬਾ ਕਪੂਰ ਸਿੰਘ ਮੋਹੀ

ਦੁਨੀਆਂ ਦਾ 20ਵੀਂ ਸਦੀ ਦਾ ਇਤਿਹਾਸ ਵੱਖ-ਵੱਖ ਦੇਸ਼ਾਂ ਵਿੱਚ ਚਲੀਆਂ ਅਜ਼ਾਦੀ ਦੀਆਂ ਲਹਿਰਾਂ ਨਾਲ ਭਰਿਆ ਪਿਆ ਹੈ ਜਿਸ ਵਿੱਚ ਬਹੁਤ ਸਾਰੇ ਗੁਲਾਮ ਦੇਸ਼ਾਂ ਵਿੱਚ ਬਸਤੀਵਾਦ ਤੋਂ ਨਿਯਾਤ ਪਾਉਣ ਲਈ ਦੋਵੇਂ ਅਹਿੰਸਕ ਅਤੇ ਹਿੰਸਕ ਅੰਦੋਲਨ ਚਲੇ। ਗਦਰ ਲਹਿਰ ਦਾ ਭਾਰਤ ਨੂੰ ਆਜ਼ਾਦ ਕਰਾਉਣ ਲਈ ਪਾਏ ਯੋਗਦਾਨ ਦਾ ਵਿਸ਼ੇਸ਼ ਸਥਾਨ ਹੈ। ਅੰਗਰੇਜ਼ ਹਕੂਮਤ ਤੋ ਅਜਾਦੀ ਦੀ ਇਹ ਲਹਿਰ ਭਾਰਤ ਦੇਸ਼ ਵਿੱਚ ਰਹਿ ਰਹੇ ਲੋਕਾਂ ਵਲੋਂ ਨਹੀਂ; ਸਗੋਂ ਇਹ ਜਥੇਬੰਦਕ ਲੜਾਈ, ਅਮਰੀਕਾ ਤੇ ਕਨੇਡਾ ਵਿੱਚ 20ਵੀਂ ਸਦੀ ਦੇ ਸ਼ੁਰੂ ਵਿੱਚ ਰੋਜ਼ੀ ਰੋਟੀ ਲਈ ਗਈ ਭਾਰਤੀਆਂ ਵਲੋਂ ਕੀਤੀ ਗਈ ਸੀ, ਜਿਸ ਵਿੱਚ ਵੱਡੀ ਬਹੁਗਿਣਤੀ ਪੰਜਾਬੀਆਂ ਦੀ ਸੀ। ਕਪੂਰ ਸਿੰਘ ਮੋਹੀ ਵੀ ਗਦਰ ਪਾਰਟੀ ਦੇ ਮਹਾਨ ਯੋਧੇ ਸਨ ਤੇ ਮੁਢਲੇ ਨੇਤਾਵਾਂ ਵਿਚੋਂ ਇੱਕ ਸਨ ਜਿਨ੍ਹਾਂ ਨੇ ਦੇਸ਼ ਦੀ ਅਜਾਦੀ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ।

ਕਪੂਰ ਸਿੰਘ ਮੋਹੀ ਦਾ ਜਨਮ ਫਰਵਰੀ 1874 ਨੂੰ ਮੋਹੀ ਪਿੰਡ ਵਿੱਚ ਹੋਇਆ। ਆਪਦੇ ਪਿਤਾ ਦਾ ਨਾਂ ਮਿਤ ਸਿੰਘ ਥਿੰਦ ਸੀ ਆਪ ਨੇ ਪ੍ਰਾਇਮਰੀ ਸਕੂਲ ਦੀ ਪੜ੍ਹਾਈ ਸਹੋਲੀ ਸਕੂਲ ਤੋ 1886 ਵਿਚ ਪਰਾਪਤ ਕੀਤੀ। 1894 ਵਿੱਚ ਆਪ ਫੌਜ ਵਿੱਚ ਭਰਤੀ ਹੋ ਗਏ ਤੇ ਚਾਰ ਸਾਲ 12 ਬੰਗਾਲ ਕੈਵਲਰੀ ਵਿੱਚ ਨੌਕਰੀ ਕੀਤੀ। ਕਪੂਰ ਸਿੰਘ ਬਹੁਤ ਦੂਰ ਉਦੇਸ਼ ਸਨ ਤੇ ਤੇਜ ਬੁੱਧੀ ਦੇ ਮਾਲਕ ਸਨ ਤੇ ਸ੍ਵੈ ਮਾਣ ਨਾਲ ਕਦੇ ਸਮਝੌਤਾ ਨਹੀਂ ਕਰਦੇ ਸਨ। ਫੌਜ ਦੀ ਨੌਕਰੀ ਕਰਦਿਆਂ ਉਹਨਾਂ ਅੰਗਰੇਜ਼ੀ ਭਾਸ਼ਾ ਦੇ ਲਿਖਣ ਪੜ੍ਹਨ ਤੇ ਬੋਲਣ ਵਿਚ ਬਹੁਤ ਤਜਰਬਾ ਹਾਸਲ ਕਰ ਲਿਆ ਇਸੇ ਦੌਰਾਨ ਉਹਨਾਂ ਦਾ ਵਿਆਹ ਜਵੱਦੀ ਪਿੰਡ 'ਚ ਫਤਹਿ ਕੋਰ ਨਾਲ਼ ਹੋ ਗਿਆ ਤੇ ਆਪਦੇ ਇਕ ਪੁੱਤਰ ਪੈਦਾ ਹੋਇਆ ਜਿਸਦਾ ਨਾਂ ਸੁਰਜੀਤ ਸਿੰਘ ਰੱਖਿਆ ਗਿਆ ਜਿਨ੍ਹਾਂ ਵੱਡੇ ਹੋਕੇ ਠੇਕੇਦਾਰੀ ਵਿਚ ਬਹੁਤ ਕਾਮਯਾਬੀ ਪਰਾਪਤ ਕੀਤੀ। 1899 ਵਿੱਚ ਕਪੂਰ ਸਿੰਘ ਮੋਹੀ ਨੂੰ ਫੌਜ ਵਿੱਚੋਂ ਡਿਸਚਾਰਜ ਕਰ ਦਿੱਤਾ ਕਿਉਂਕਿ ਉਹਨਾਂ ਆਪਣੇ ਅੰਗਰੇਜ਼ ਅਫ਼ਸਰਾਂ ਨੂੰ ਦਿਨ ਵਿੱਚ ਵਾਰ ਵਾਰ ਸਲੂਟ ਮਾਰਨ ਤੌ ਇਨਕਾਰ ਕਰ ਦਿੱਤਾ। ਕੁਝ ਸਮਾਂ ਉਹਨਾਂ ਪਿੰਡ ਵਿੱਚ ਖੇਤੀਬਾੜੀ ਕੀਤੀ ਤੇ ਨਾਲ ਹੀ 1902 ਵਿਚ ਹੌਜਰੀ ਤੇ ਕੱਪੜਾ ਬੁਣਨ ਵਾਲੀ ਮਸ਼ੀਨ ਲਗਾ ਦਿੱਤੀ ਪਰ ਤਜਰਬੇ ਦੀ ਘਾਟ ਕਾਰਨ ਚਲ ਨਾ ਸਕੀ। ਫਿਰ ਆਪਨੇ ਵਿਦੇਸ਼ ਜਾਣ ਦਾ ਮਨ ਬਣਾ ਲਿਆ ਤੇ 1907 ਵਿਚ ਸਿੰਗਾਪੁਰ ਪਹੁੰਚ ਗਏ ਜਿਥੋਂ ਅੱਗੇ ਸਮੁੰਦਰੀ ਜਹਾਜ਼ ਰਾਹੀਂ ਵੈਨਕੂਵਰ ਪਹੁੰਚਣ ਵਿੱਚ ਕਾਮਯਾਬ ਹੋ ਗਏ ।

ਵੈਨਕੂਵਰ ਵਿੱਚ ਪਹਿਲਾਂ ਉਹਨਾਂ ਬਿਜਲੀ ਨਾਲ ਚਲਣ ਵਾਲੀ ਰੇਲਵੇ ਵਿੱਚ ਕੰਮ ਕੀਤਾ। ਅੰਗਰੇਜ਼ੀ ਤੇ ਪੂਰੀ ਪਕੜ ਤੇ ਕਾਰੋਬਾਰੀ ਸਿਆਣਪ ਨੇ ਉਹਨਾਂ ਨੂੰ ਨਿਊ ਵਿਸਟਮਨਿਸਟਰ 'ਚ ਲੰਬਰ ਦੀ ਠੇਕੇਦਾਰੀ ਦੇ ਕਾਰੋਬਾਰ ਵਿੱਚ ਪਾ ਦਿੱਤਾ ਜੋ ਪੂਰੀ ਕਾਮਯਾਬੀ ਨਾਲ ਚਲ ਪਿਆ ਤੇ ਬਹੁਤ ਕਮਾਈ ਹੋਣ ਲਗੀ। ਹਰਦਿੱਤ ਸਿੰਘ ਲੰਮੇ ਤੇ ਕਪੂਰ ਸਿੰਘ ਮੋਹੀ ਗੂੜ੍ਹੇ ਮਿੱਤਰ ਸਨ। ਦੋਵਾਂ ਨੇ ਰਲ ਕੇ ਇੰਡੀਆ ਬਰਮਾਂ ਐਂਡ ਮੈਲੇਅ ਪੈਨਿਨਸੁਲਾ ਹਾਰਡਵੁਡ ਲੰਬਰ ਮੈਨੂੰਫੈਕਚਰਿੰਗ ਕੰਪਨੀ ਦੀ ਸਥਾਪਨਾ ਕੀਤੀ। ਨਵਾਬ ਖਾਨ, ਜੋ ਬਾਅਦ ਵਿੱਚ ਲਹੌਰ ਸਾਜਿਸ਼ ਕੇਸ ਵਿਚ ਸਰਕਾਰੀ ਗਵਾਹ ਬਣ ਗਿਆ ਸੀ, ਅਨੁਸਾਰ ਉਹ 1910 ਵਿਚ ਕਪੂਰ ਸਿੰਘ ਮੋਹੀ ਤੇ ਹਰਦਿਤ ਸਿੰਘ ਲੰਮੇ ਨੂੰ ਵਿਸਟਮਨਿਸਟਰ ਦੇ ਸ਼ਹਿਰ ਵਿੱਚ ਮਿਲਿਆ। ਉਹਨਾਂ ਨੇ 1911 ਵਿਚ ਯੂਨਾਈਟਿਡ ਇੰਡੀਆ ਲੀਗ ਵਿੱਚ ਵਧ ਚੜ ਕੇ ਹਿੱਸਾ ਲਿਆ ਜੋ ਕਨੇਡਾ ਦੇ ਵਿਤਕਰੇ ਭਰੇ ਇਮੀਗਰੇਸ਼ਨ ਕਨੂੰਨ ਦਾ ਵਿਰੋਧ ਕਰਨ ਲਈ ਬਣਾਈ ਗਈ ਸੀ। ਇਸ ਲਹਿਰ ਦੀ ਅਗਵਾਈ ਕਰਦਿਆਂ ਇਸਦੀ ਕਾਮਯਾਬੀ ਲਈ ਚੰਦਾ ਇਕੱਠਾ ਕੀਤਾ। 1912 ਵਿਚ ਐਬਸਫੋਰਡ ਦੇ ਪਹਿਲੇ ਗੁਰਦਵਾਰੇ ਦੀ ਉਸਾਰੀ ਲਈ ਅੱਗੇ ਹੋਕੇ ਮਾਇਆ ਇਕੱਠੀ ਕੀਤੀ ਤੇ ਹਰ ਪੱਖੋਂ ਸਾਥੀਆਂ ਨਾਲ ਰਲ ਕੇ ਆਪਣਾ ਯੋਗਦਾਨ ਪਾਇਆ। ਕਾਮਾਗਾਟਾਮਾਰੂ ਜਹਾਜ਼ ਵਿੱਚ ਫਸੇ ਦੇਸ਼ ਵਾਸੀਆਂ ਨੂੰ ਰਸਦ ਤੇ ਮਾਇਕ ਸਹਾਇਤਾ ਪਹੁੰਚਦੀ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ।

ਆਪ ਦੀ ਅੰਗਰੇਜ਼ੀ ਪੜ੍ਹਨ ਲਿਖਣ ਤੇ ਬੋਲਣ ਦੀ ਯੋਗਤਾ ਨੇ ਅਤੇ ਕਨੇਡਾ ਦੇ ਭਾਰਤੀ ਭਾਈਚਾਰੇ ਵਿੱਚ ਨੇਕ ਨੀਤੀ ਤੇ ਇਮਾਨਦਾਰੀ ਦੀ ਪ੍ਰਸੰਸਾ ਨੇ ਜਲਦੀ ਹੀ ਆਪ ਨੂੰ ਗਦਰ ਪਾਰਟੀ ਦੇ ਪ੍ਰਮੁਖ ਨੇਤਾ ਬਣਾ ਦਿੱਤਾ। 1914 ਵਿਚ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੋ ਗਿਆ। ਇਸ ਵਿੱਚ ਹਿੱਸਾ ਲੈਣ ਲਈ ਵੱਡੀ ਗਿਣਤੀ ਵਿਚ ਅੰਗਰੇਜ਼ੀ ਫੌਜ ਭਾਰਤ ਤੋਂ ਯੂਰਪ ਵਿਚ ਜਾਣੀ ਸ਼ੁਰੂ ਹੋ ਗਈ ਸੀ। ਇਸ ਨੂੰ ਅਮਰੀਕਾ ਤੇ ਕਨੇਡਾ ਦੇ ਗਦਰੀ ਨੇਤਾਵਾਂ ਨੇ ਦੇਸ਼ ਨੂੰ ਅਜ਼ਾਦ ਕਰਾਉਣ ਦਾ ਸੁਨਹਿਰੀ ਮੌਕਾ ਸਮਝ ਲਿਆ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਅਮਰੀਕਾ ਤੇ ਕਨੇਡਾ ਵਿਚ ਰਹਿ ਰਹੇ ਦੇਸ਼ ਵਾਸੀਆਂ ਨੂੰ ਭਾਰਤ ਵਿੱਚ ਪਹੁੰਚਣ ਦੇ ਆਦੇਸ਼ ਦੇ ਦਿੱਤੇ। ਭਾਰਤੀ ਫੌਜਾਂ ਵਿੱਚ ਦੇਸ਼ ਦੀ ਅਜ਼ਾਦੀ ਲਈ ਪ੍ਰਚਾਰ ਕਰਦੇ ਹੋਏ ਬਗਾਵਤ ਕਰਨ ਦਾ ਸਮਾਂ ਤਹਿ ਕਰ ਲਿਆ ਗਿਆ ਤੇ ਮੁੱਠੀ ਭਰ ਰਹਿ ਗਈ ਅੰਗਰੇਜ਼ੀ ਫੌਜ ਨੂੰ ਦੇਸ਼ ਵਿਚੋਂ ਭਾਰਤੀ ਫੌਜ ਦੀ ਸਹਾਇਤਾ ਨਾਲ ਹਥਿਆਰ ਬੰਦ ਲੜਾਈ ਰਾਹੀਂ ਦੇਸ਼ ਵਿਚੋਂ ਭਜਾ ਦੇਣ ਦਾ ਫੈਸਲਾ ਕੀਤਾ ਗਿਆ।

ਕਪੂਰ ਸਿੰਘ ਮੋਹੀ ਆਪਣੇ ਸਾਥੀਆਂ ਨਾਲ 11 ਦਸੰਬਰ 1914 ਨੂੰ ਵੈਨਕੂਵਰ ਤੋਂ ਚਲ ਪਏ। ਕੁਝ ਦਿਨ ਸਾਨਫਰਾਸਿਸਕੋ ਦੇ ਗਦਰ ਆਸ਼ਰਮ ਵਿੱਚ ਰਹਿ ਕੇ 14 ਜਨਵਰੀ 1915 ਨੂੰ ਜਪਾਨ ਦੀ ਬੰਦਰਗਾਹ ਯੋਕੋਹਾਮਾ



ਪਹੁੰਚ ਗਏ ਜਿਥੇ ਉਹਨਾਂ ਦੀ ਮੁਲਾਕਾਤ ਗਦਰ ਪਾਰਟੀ ਦੇ ਦੇ ਲੀਡਰ ਬਾਬੂ ਹਰਨਾਮ ਸਿੰਘ ਸਹਾਰੀ ਨਾਲ ਹੋਈ। 19 ਜਨਵਰੀ 1915 ਨੂੰ ਕਪੂਰ ਸਿੰਘ ਮੋਹੀ ਹਾਂਗਕਾਂਗ ਪਹੁੰਚ ਗਏ ਜੋ ਅੰਗਰੇਜ਼ੀ ਸਾਮਰਾਜ ਦਾ ਹੀ ਹਿੱਸਾ ਸੀ ਮਾਰਚ 1915 ਵਿੱਚ ਆਪ ਬੈਂਕਾਕ ਪਹੁੰਚ ਗਏ। ਇੱਥੇ ਆਪ ਨੇ ਗੁਰਦਵਾਰੇ ਵਿੱਚ ਲੈਕਚਰ ਕਰਦਿਆਂ ਕਿਹਾ: ਅੰਗਰੇਜ਼ਾਂ ਨੇ ਧੱਕੇ ਨਾਲ ਸਾਡੇ ਦੇਸ਼ ਨੂੰ ਗੁਲਾਮ ਬਣਾਈ ਬੈਠੇ ਹਨ ਤੇ ਇਹ ਗੁਲਾਮੀ ਹੀ ਸਾਡੇ ਦੇਸ਼ ਦੀ ਗਰੀਬੀ ਦਾ ਮੁੱਖ ਕਾਰਨ ਹੈ। ਦੇਸ਼ ਨੂੰ ਆਜ਼ਾਦ ਕਰਾਉਣ ਦਾ ਹੁਣ ਮੌਕਾ ਹੈ। ਹਰ ਕੋਈ ਆਜ਼ਾਦੀ ਦੀ ਇਸ ਜੰਗ ਵਿੱਚ ਸ਼ਾਮਲ ਹੋਵੇ: ਹੁਣ ਤੱਕ ਅੰਗਰੇਜ਼ੀ ਹਕੂਮਤ ਨੂੰ ਭਾਰਤੀਆਂ ਦੇ ਵੱਡੀ ਗਿਣਤੀ ਵਿਚ ਦੇਸ਼ ਆਉਣ ਦੀ ਖਬਰ ਮਿਲ ਚੁੱਕੀ ਸੀ। ਉਹਨਾਂ ਨੇ ਸਿੰਘਾਪੁਰ ਤੋਂ ਸਿੱਧੇ ਕਲਕੱਤੇ ਜਾਣ ਵਾਲੇ ਸਟੀਮਰਜ ਬੰਦ ਕਰ ਦਿੱਤੇ।ਕਪੂਰ ਸਿੰਘ ਮੋਹੀ, ਹਰਦਿਤ ਸਿੰਘ ਲੰਮੇ, ਇਹਨਾਂ ਦੇ ਅੰਗਰੇਜ਼ ਮਿੱਤਰ ਐਲਨ ਤੇ ਹੋਰ ਸਾਥੀਆਂ ਨੇ ਜ਼ਮੀਨੀ ਰਸਤੇ ਰਾਹੀਂ ਬਰਮਾਂ ਵਿੱਚ ਰੰਗੂਨ ਜਾਣ ਦਾ ਫੈਸਲਾ।

ਇਥੋਂ ਸਟੀਮਰਜ ਹਰ ਤੀਜੇ ਦਿਨ ਕਲਕੱਤੇ ਨੂੰ ਚਲਦੇ ਸਨ। ਇਸ ਤਰ੍ਹਾਂ ਕਪੂਰ ਸਿੰਘ ਮੋਹੀ ਤੇ ਸਾਥੀ ਬਗਾਵਤ ਲਈ ਮਿਥੀ ਗਈ ਤਰੀਕ ਤੋਂ ਪਹਿਲਾਂ ਹਿੰਦੁਸਤਾਨ ਪਹੁੰਚ ਸਕਦੇ ਸਨ। ਹਾਂਗਕਾਂਗ ਤੋਂ ਆਪ ਬੈਂਕਾਕ ਪਹੁੰਚ ਗਏ ਤੇ ਇਥੇ ਗੁਰਦਵਾਰੇ ਵਿੱਚ ਗਦਰ ਲਈ ਪ੍ਰਚਾਰ ਕਰਨ ਲਗੇ। ਇਥੋਂ ਕਪੂਰ ਸਿੰਘ ਮੋਹੀ ਤੇ ਸਾਥੀਆਂ ਨੇ ਖੁਸ਼ਕੀ ਦੇ ਰਸਤੇ ਬਰਮਾ ਪਹੁੰਚਣਾ ਸੀ। ਇਸ ਸਮੇਂ ਤੱਕ ਅੰਗਰੇਜ਼ ਹਕੂਮਤ ਨੂੰ ਦੇਸ਼ ਭਗਤਾਂ ਦੀਆਂ ਗਤੀਵਿਧੀਆਂ ਦਾ ਪਤਾ ਲੱਗ ਗਿਆ ਸੀ। ਕਪੂਰ ਸਿੰਘ ਮੋਹੀ, ਹਰਦਿਤ ਸਿੰਘ ਲੰਮੇ, ਨਰੰਜਣ ਸਿੰਘ ਸੰਗਤਪੁਰਾ ਤੇ ਆਪ ਦੇ ਅੰਗਰੇਜ਼ ਮਿਤਰ ਐਲਨ ਨੂੰ 24 ਅਪ੍ਰੈਲ 1915 ਨੂੰ ਬਰਮਾਂ ਪੁਲਿਸ ਨੇ ਗ੍ਰਿਫਤਾਰ ਕਰ ਲਿਆ ।

ਭਾਈ ਕਪੂਰ ਸਿੰਘ ਮੋਹੀ ਸਮੇਤ ਸਾਰੇ ਕੈਦੀਆਂ ਤੇ 3 ਮਾਰਚ 1916 ਨੂੰ ਮਾਡਲ ਕਿੱਲੇ ਵਿੱਚ ਫਸਟ ਬਰਮਾ ਕਾਂਨਸਪੀਰੇਸੀ ਕੇਸ ਚਲਾਇਆ ਗਿਆ। ਇਸ ਵਿੱਚ ਬਰਮਾ ਤੋਂ ਫੜੇ ਗਏ 17 ਗਦਰੀ ਸ਼ਾਮਲ ਸਨ। ਉਹਨਾਂ ਤੇ ਬਰਤਾਨੀਆ ਦੇ ਬਾਦਸ਼ਾਹ ਵਿਰੁੱਧ ਬਗਾਵਤ ਕਰਨ ਤੇ ਭਾਰਤ ਵਿਚ ਅੰਗਰੇਜ਼ੀ ਸਰਕਾਰ ਨੂੰ ਉਲਟਾਉਣ ਲਈ ਸਾਜਿਸ਼ ਰਚਣ ਦੇ ਦੋਸ਼ ਲਾਏ ਗਏ। 27 ਜੁਲਾਈ 1916 ਨੂੰ ਜੱਜਾਂ ਨੇ ਮੁਕੱਦਮੇ ਦਾ ਫੈਸਲਾ ਸੁਣਾਇਆ ਗਿਆ। ਕਪੂਰ ਸਿੰਘ ਮੋਹੀ ਤੇ ਉਹਨਾਂ ਦੇ ਮਿਤਰ ਹਰਦਿੱਤ ਸਿੰਘ ਲੰਮੇ ਨੂੰ ਉਮਰ ਕੈਦ ਤੇ ਘਰ ਘਾਟ ਜਬਤ ਕਰਨ ਦੀ ਸਜ਼ਾ ਸੁਣਾਈ ਗਈ।

ਅਗਸਤ 2016 ਨੂੰ ਕਪੂਰ ਸਿੰਘ ਮੋਹੀ ਤੇ ਹਰਦਿਤ ਸਿੰਘ ਲੰਮੇ ਨੂੰ ਹੋਰ ਬਹੁਤ ਸਾਰੇ ਗਦਰੀਆਂ ਨੂੰ ਅੰਡੇਮਾਨ ਟਾਪੂ ਦੀ ਪੋਰਟ ਬਲੇਅਰ ਵਿਚਲੀ ਸੈਲੂਲਰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਕਪੂਰ ਸਿੰਘ ਮੋਹੀ ਨੇ ਜੇਲ ਦੀਆਂ ਸਖਤੀਆਂ ਤੇ ਤਸੀਹੇ ਬਹੁਤ ਬਹਾਦਰ ਨਾਲ ਝਲੇ। 1921 ਵਿਚ ਅੰਡੇਮਾਨ ਦੀ ਅੰਗਰੇਜ਼ੀ ਸਰਕਾਰ ਨੇ ਨੋਟਿਸ ਕੱਢਿਆ ਕਿ ਕਾਲੇ ਪਾਣੀ ਦਾ ਜੋ ਕੈਦੀ ਟਾਪੂ ਵਿੱਚ ਪੱਕੇ ਤੌਰ 'ਤੇ ਰਹਿਣ ਲਈ ਤਿਆਰ ਹੋਵੇ ਉਹ ਉਥੇ ਆਪਣਾ ਕੋਈ ਕਾਰੋਬਾਰ ਕਰ ਸਕਦਾ ਹੈ। ਉਸਨੂੰ ਜੇਲ੍ਹ ਵਿੱਚੋਂ ਰਿਹਾ ਕਰ ਦਿੱਤਾ ਜਾਵੇਗਾ। ਕਪੂਰ ਸਿੰਘ ਮੋਹੀ, ਹਰਦਿਤ ਸਿੰਘ ਲੰਮੇ ਤੇ ਕਈ ਹੋਰਾਂ ਨੇ ਇਹ ਪੇਸ਼ਕਸ਼ ਸਵੀਕਾਰ ਕਰ ਲਈ।

1923 ਵਿਚ ਕਪੂਰ ਸਿੰਘ ਨੇ ਪੋਰਟ ਬਲੇਅਰ ਵਿੱਚ ਡੇਅਰੀ ਫਾਰਮਿੰਗ ਅਤੇ ਨਾਰੀਅਲ ਦੀ ਖੇਤੀ ਸ਼ੁਰੂ ਕਰ ਦਿੱਤੀ ਅੰਡੇਮਾਨ ਦਾ ਜਲਵਾਯੂ ਸਿਹਤ ਲਈ ਬੇਹੱਦ ਮਾੜਾ ਸੀ। ਇਥੇ ਰਹਿੰਦਿਆਂ ਕਪੂਰ ਸਿੰਘ ਨੂੰ ਛਾਤੀ ਦਾ ਕੈਂਸਰ ਹੋ ਗਿਆ ਤੇ ਉਹਨਾਂ ਨੂੰ ਇਲਾਜ ਲਈ ਰੰਗੂਨ ਦੇ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ ਗਿਆ। ਆਪ ਦੀ ਸਿਹਤ ਕਮਜ਼ੋਰ ਹੋ ਰਹੀ ਸੀ। ਬਰਮਾ ਤੋਂ ਆਪ ਨੂੰ ਪੰਜਾਬ ਵਿੱਚ ਆਪਦੇ ਪਿੰਡ ਮੋਹੀ ਭੇਜ ਦਿੱਤਾ ਗਿਆ। ਇਸ ਤਰ੍ਹਾਂ ਕਪੂਰ ਸਿੰਘ ਨੇ ਦੇਸ਼ ਦੀ ਆਜ਼ਾਦੀ ਦੀ ਖਾਤਰ ਵੈਨਕੂਵਰ ਵਿੱਚ ਆਪਣਾ ਲੰਬਰ ਦਾ ਵੱਡਾ ਬਿਜ਼ਨਸ ਤਿਆਗ ਦਿੱਤਾ ਤੇ ਆਪਣੀ ਜਵਾਨੀ ਦੇ 16 ਮਹੀਨੇ ਬਰਮਾ ਵਿਚ ਤੇ 20 ਸਾਲ ਅੰਡੇਮਾਨ ਦੇ ਨਰਕ ਵਿੱਚ ਗੁਜਾਰੇ। ਮੋਹੀ ਵਿੱਚ ਵੀ ਆਪ ਜੂਹਬੰਦ ਸਨ ਤੇ ਪੁਲੀਸ ਦਾ ਸਿਪਾਹੀ ਆਪ ਦੀਆਂ ਗਤੀਵਿਧੀਆਂ ਦੀ ਨਿਗਰਾਨੀ ਰੱਖਦਾ ਸੀ। ਪਿੰਡ ਵਿੱਚ ਰਹਿੰਦਿਆਂ ਆਪ ਦਾ ਕੈਂਸਰ ਕਾਫੀ ਠੀਕ ਹੋ ਗਿਆ।। ਉਹਨਾਂ ਨੇ ਪਿੰਡ ਵਿੱਚ ਹੀ ਨੌਜਵਾਨਾਂ ਨੂੰ ਨਾਲ ਜੋੜ ਕੇ ਲੋਕ ਭਲਾਈ ਦੇ ਕੰਮ ਸ਼ੁਰੂ ਕਰ ਦਿੱਤੇ। ਪਿੰਡ ਦੀਆਂ ਗਲੀਆਂ ਕੱਚੀਆਂ ਸਨ ਤੇ ਮੀਂਹ ਪੈਣ ਤੇ ਚਿੱਕੜ ਤੇ ਗਾਰੇ ਨਾਲ ਭਰੀਆਂ ਰਹਿੰਦੀਆਂ ਸਨ ਤੇ ਕੁਝ ਲੋਕਾਂ ਨੇ ਗਲੀਆਂ ਵਿੱਚ ਆਪਣੇ ਪਸ਼ੂਆਂ ਲਈ ਖੁਰਲੀਆਂ ਬਣਾਈਆਂ ਹੋਈਆਂ ਸਨ। ਕਪੂਰ ਸਿੰਘ ਨੇ ਆਮ ਲੋਕਾਂ ਨੂੰ ਪ੍ਰੇਰ ਕੇ ਕਬਜ਼ੇ ਹਟਾਏ ਤੇ 1938 ਵਿੱਚ ਪਿੰਡ ਵਾਸੀਆਂ ਦੀ ਸਹਾਇਤਾ ਨਾਲ ਪੰਜ ਦਰਵਾਜ਼ਿਆਂ ਦੇ ਅੰਦਰ ਵਸੇ ਪਿੰਡ ਦੀਆਂ ਗਲੀਆਂ ਪੱਕੀਆਂ ਕਰਵਾ ਦਿੱਤੀਆਂ ਤੇ ਪਾਣੀ ਦੀ ਨਿਕਾਸੀ ਲਈ ਪੱਕੀਆ ਨਾਲੀਆਂ ਬਣਾ ਦਿੱਤੀਆਂ ਜੋ ਅੱਜ 80 ਸਾਲ ਬਾਅਦ ਵੀ ਪਿੰਡ ਵਾਸੀ ਲਗਭਗ ਉਸੇ ਰੂਪ ਵਿੱਚ ਉਹਨਾਂ ਨੂੰ ਵਰਤ ਰਹੇ ਹਨ ਤੇ ਕਪੂਰ ਸਿੰਘ ਨੂੰ ਮਾਣ ਨਾਲ ਯਾਦ ਕਰਦੇ ਰਹਿੰਦੇ ਹਨ ।

ਜਦੋਂ 1942 ਵਿੱਚ ਜਪਾਨੀਆਂ ਨੇ ਸਿੰਘਾਪੁਰ 'ਤੇ ਕਬਜ਼ਾ ਕਰ ਲਿਆ ਤਾਂ ਉਹਨਾਂ ਨੂੰ ਵਿਸ਼ਵਾਸ ਹੋ ਗਿਆ ਕਿ ਭਾਰਤ ਵਿੱਚ ਅੰਗਰੇਜ਼ੀ ਰਾਜ ਖਤਮਾ ਹੋਣ ਹੀ ਵਾਲਾ ਹੈ। ਪਰ ਕਪੂਰ ਸਿੰਘ ਦਾ ਦੇਸ਼ ਨੂੰ ਅਜ਼ਾਦ ਦੇਖਣ ਦਾ ਸੁਪਨਾ ਜਿਉਂਦੇ ਜੀਅ ਪੂਰਾ ਨਾ ਹੋਇਆ। ਉਹਨਾਂ ਦੀ ਕੈਂਸਰ ਦੀ ਬੀਮਾਰੀ ਫਿਰ ਵਧ ਗਈ ਤੇ ਇਸ ਬਹਾਦਰ ਗਦਰੀ ਯੋਧੇ ਦਾ ਦਸੰਬਰ 1942 ਨੂੰ ਪਿੰਡ ਮੋਹੀ ਵਿੱਚ ਦੇਹਾਂਤ ਹੋ ਗਿਆ।

ਕਪੂਰ ਸਿੰਘ ਮੋਹੀ ਦੇ ਪੁਤਰ ਠੇਕੇਦਾਰ ਸੁਰਜੀਤ ਸਿੰਘ ਤੇ ਪਰਿਵਾਰ ਨੇ ਅਜ਼ਾਦੀ ਮਿਲਣ ਪਿਛੋਂ ਕਿਸੇ ਸਰਕਾਰੀ ਮਾਨ ਸਨਮਾਨ ਦੀ ਝਾਕ ਨਹੀਂ ਰੱਖੀ। ਸਗੋਂ ਉਹਨਾਂ ਦਾ ਇਕਲੌਤਾ ਪੁੱਤਰ ਤੇ ਕਪੂਰ ਸਿੰਘ ਮੋਹੀ ਦਾ ਪੋਤਰਾ ਦਰਸ਼ਨ ਸਿੰਘ ਪੰਜਾਬ ਵਿਚ ਚਲ ਰਹੀ ਖੂਨੀ ਲਹਿਰ ਦੀ ਭੇਟ ਚੜ ਗਿਆ। 1987 ਵਿਚ ਦਰਸ਼ਨ ਸਿੰਘ ਆਪਣੇ ਸਹੁਰੇ ਪਿੰਡ ਸਲੋਹ ਵਿਚ ਪਰਿਵਾਰ ਸਮੇਤ ਰਹਿ ਰਿਹਾ ਸੀ। ਨਵੇਂ ਸ਼ਹਿਰ ਦੇ ਬਜ਼ਾਰ ਵਿੱਚ ਅੰਧਾ ਧੁੰਦ ਗੋਲੀਆਂ ਚਲਾ ਕੇ ਬਹੁਤ ਸਾਰੇ ਦੁਕਾਨਦਾਰਾਂ ਨੂੰ ਮਾਰ ਦਿੱਤਾ ਗਿਆ। ਮੋਟਰ ਸਾਈਕਲ ਸਵਾਰ ਹਮਲਾਵਰ ਬਹੁਤ ਤੇਜ਼ੀ ਨਾਲ ਸਲੋਹ ਪਿੰਡ ਦੀ ਲਿੰਕ ਰੋਡ ਤੇ ਜਾ ਰਹੇ ਸਨ ਤੇ ਸਕੂਟਰ ਤੇ ਜਾ ਰਹੇ ਗਦਰੀ ਬਾਬਾ ਕਪੂਰ ਸਿੰਘ ਮੋਹੀ ਦੇ ਪੋਤਰੇ ਦੇ ਵੀ ਗੋਲੀ ਮਾਰ ਦਿੱਤੀ ਜੋ ਉਹਨਾਂ ਨੂੰ ਦਿੱਖ ਤੋਂ ਆਪਣੀ ਧਿਰ ਵਾਲਾ ਨਾ ਲੱਗਿਆ ਤੇ ਉਹਨਾਂ ਸਮਿਆਂ ਵਿੱਚ ਚਲ ਰਹੀ ਗਿਣਤੀ ਵਿੱਚ ਇਕ ਅੰਕ ਦਾ ਹੋਰ ਵਾਧਾ ਕਰ ਲਿਆ। ਦਰਸ਼ਨ ਸਿੰਘ ਦੀ ਪਤਨੀ ਅਤੇ ਛੋਟੇ ਬੱਚਿਆਂ ਦੇ ਸਿਰ ਤੇ ਦੁੱਖ ਦਾ ਪਹਾੜ ਟੁੱਟ ਪਿਆ। ਉਹਨਾਂ ਨੇ ਦੇਸ਼ ਛੱਡਣ ਦਾ ਫੈਸਲਾ ਕਰ ਲਿਆ ਤੇ ਇੰਗਲੈਂਡ ਦੇ ਪੱਕੇ ਵਸਨੀਕ ਬਣ ਗਏ ਹਨ। ਠੇਕੇਦਾਰ ਸੁਰਜੀਤ ਸਿੰਘ ਲਈ ਇਹ ਬੁਢਾਪੇ ਵਿੱਚ ਅਸਹਿ ਸਦਮਾ ਸੀ। ਕੁਝ ਸਾਲ ਉਹ ਮੋਹੀ ਪਿੰਡ ਰਹੇ। ਫਿਰ ਆਪਣੀਆ ਦੋ ਲੜਕੀਆਂ ਤੇਜਿੰਦਰ ਕੌਰ ਤੇ ਰਵਿੰਦਰ ਕੋਲ ਗੰਗਾਨਗਰ ਰਹਿਣ ਲੱਗੇ। 1994 ਵਿੱਚ ਠੇਕੇਦਾਰ ਸੁਰਜੀਤ ਸਿੰਘ ਦੀ ਮੌਤ ਹੋ ਗਈ ।

ਗਦਰੀ ਬਾਬਾ ਕਪੂਰ ਸਿੰਘ ਮੋਹੀ ਦਾ ਜੱਦੀ ਘਰ ਅਜ ਵੀ ਪਹਿਲੀ ਹਾਲਤ ਵਿੱਚ ਸਥਿਤ ਹੈ। ਜੋ ਪਿੰਡ ਵਾਸੀਆਂ ਨੂੰ ਉਸ ਮਹਾਨ ਦੇਸ਼ ਭਗਤ ਗਦਰੀ ਯੋਧੇ ਦੀ ਯਾਦ ਦਿਵਾਉਂਦਾ ਰਹਿੰਦਾ ਹੈ। ਟਰਾਂਟੋ ਵਿੱਚ ਰਹਿ ਰਹੇ ਮੋਹੀ ਨਿਵਾਸੀ ਹਰ ਸਾਲ ਕਪੂਰ ਸਿੰਘ ਮੋਹੀ ਦੀ ਦੇਸ਼ ਲਈ ਕੀਤੀ ਕੁਰਬਾਨੀ ਨੂੰ ਯਾਦ ਕਰਨ ਲਈ ਇਕੱਠੇ ਹੁੰਦੇ ਹਨ।

# ਪਰਮਾਣੂ ਊਰਜਾ ਅਤੇ ਝਾਰਖੰਡ ਦੇ ਬੱਚੇ

ਪਿਛਲੇ ਦਿਨਾਂ 'ਚ "ਪਰਮਾਣੂ" ਨਾਮੀ ਇੱਕ ਫਿਲਮ ਆਈ। ਇਸ ਫਿਲਮ ਵਿੱਚ ਬੜੇ ਜ਼ੋਰ-ਸ਼ੋਰ ਨਾਲ ਕੌਮਵਾਦ ਦਾ ਤੜਕਾ ਲਗਾਉਂਦੇ ਹੋਏ ਦਿਖਾਇਆ ਗਿਆ ਕਿ ਕਿਸ ਤਰ੍ਹਾਂ ਭਾਰਤ ਨੇ ਅਮਰੀਕਾ ਦੇ ਨੱਕ ਹੇਠ ਪੋਖਰਣ ਵਿੱਚ ਪਰਮਾਣੂ ਵਿਸਫ਼ੋਟ ਕੀਤੇ ਸਨ। ਇਸ ਤੋਂ ਬਾਅਦ ਭਾਰਤ ਇੱਕ ਪਰਮਾਣੂ-ਤਾਕਤ ਦੇ ਤੌਰ ਤੇ ਸਥਾਪਿਤ ਹੋ ਗਿਆ। ਫਿਰ ਇਸੇ ਕੜੀ 'ਚ ਭਾਰਤ ਸਰਕਾਰ ਨੇ ਅਮਰੀਕਾ ਨਾਲ ਪਰਮਾਣੂ ਸਮਝੌਤਾ ਕੀਤਾ ਅਤੇ ਪਰਮਾਣੂ ਊਰਜਾ ਨੂੰ ਊਰਜਾ ਦੇ ਮੁੱਖ ਸੋਮੇ ਦੇ ਤੌਰ ਤੇ ਅਪਣਾਉਣ ਦੀ ਸ਼ੁਰੂਆਤ ਕੀਤੀ।

ਖ਼ੈਰ ਹੁਣ ਤੁਹਾਨੂੰ ਲੈ ਕੇ ਚਲਦੇ ਆਂ ਝਾਰਖੰਡ ਦੇ ਸਿੰਘਭੂਮ ਜਿਲ੍ਹੇ ਦੇ ਜਾਦੂਗੋੜਾ ਕਸਬੇ 'ਚ। ਇਸ ਕਸਬੇ ਅਤੇ ਇਸਦੇ ਆਸ-ਪਾਸ ਦੇ ਆਦਿਵਾਸੀ ਇਲਾਕਿਆਂ ਵਿੱਚ ਤੁਹਾਨੂੰ ਜਮਾਂਦਰੂ ਬਿਮਾਰੀਆਂ ਅਤੇ ਅਪੰਗਤਾ ਨਾਲ ਪੀੜਤ ਲੋਕ ਆਮ ਹੀ ਮਿਲਣਗੇ। ਕਿਸੇ ਦੀ ਰੀੜ ਦੀ ਹੱਡੀ ਟੇਢੀ ਹੋ ਗਈ ਹੈ, ਕਿਸੇ ਦੀਆਂ ਮਾਸਪੇਸ਼ੀਆਂ ਕੰਮ ਨਹੀਂ ਕਰ ਰਹੀਆਂ, ਕਿਸੇ ਨੂੰ ਲਾ-ਇਲਾਜ ਕੈਂਸਰ ਹੈ ? ਪਰ ਇਸ ਸਭ ਦਾ ਪਰਮਾਣੂ ਊਰਜਾ ਨਾਲ ਕੀ ਸੰਬੰਧ ਹੈ? ਅਸਲ ਵਿੱਚ ਇਹ ਉਹ ਇਲਾਕਾ ਹੈ ਜਿੱਥੇ ਪਰਮਾਣੂ ਊਰਜਾ ਲਈ ਵਰਤਿਆ ਜਾਣ ਵਾਲਾ ਉੱਚ ਕੋਟੀ ਦਾ ਯੂਰੇਨੀਅਮ ਪਾਇਆ ਜਾਂਦਾ ਹੈ। ਯੂਰੇਨੀਅਮ ਦਾ ਇਹ ਆਈਸੋਟੋਪ ਬਹੁਤ ਜ਼ਿਆਦਾ ਰੇਡਿਓਐਕਟੀਵ ਹੁੰਦਾ ਹੈ। ਇਸਦੇ ਅਸੁਰੱਖਿਅਤ ਖਣਨ ਦੇ ਚਲਦੇ ਇੱਥੋਂ ਦੇ ਲੋਕਾਂ 'ਤੇ ਇਸਦੇ ਮਾਰੂ ਅਸਰ ਪਏ ਹਨ। ਅੱਜ ਦੇ ਸਮੇਂ ਵਿੱਚ ਏਥੋਂ ਦੀ ਆਬੋ-ਹਵਾ ਵਿੱਚ ਇਹ ਰੇਡਿਓਐਕਟਿਵ ਮਾਦਾ ਅਤੇ ਇਸਦੀ ਰੇਡਿਓਐਕਟੀਵਿਟੀ ਪੂਰੇ ਵਾਤਾਵਰਨ, ਪਾਣੀ, ਫ਼ਸਲਾਂ ਆਦਿ ਸਭ ਵਿੱਚ ਬੁਰੀ ਤਰ੍ਹਾਂ ਨਾਲ ਘੁਲੇ ਹੋਏ ਹਨ। ਖੁਸ਼ਕ ਮੌਸਮ ਵਿੱਚ ਜਦੋਂ ਹਵਾ ਚਲਦੀ ਹੈ ਤਾਂ ਇਹ ਧੂੜ ਨਾਲ ਲੋਕਾਂ ਦੇ ਸਰੀਰਾਂ ਵਿੱਚ ਚਲਾ ਜਾਂਦਾ ਹੈ। ਜਦੋਂ ਮੀਂਹ ਆਉਂਦਾ ਹੈ ਤਾਂ ਇਹ ਪਾਣੀ 'ਚ ਘੁਲ ਕੇ ਹੋਰ ਵੀ ਬੁਰੇ ਅਸਰ ਦਿਖਾਉਂਦਾ ਹੈ। ਇਸ ਵਿੱਚੋਂ ਨਿਕਲਣ ਵਾਲੇ ਰੇਡਿਓਐਕਟਿਵ ਅਲਫ਼ਾ ਕਣ ਉਂਜ ਵੀ ਖ਼ਤਰਨਾਕ ਹੀ ਹਨ, ਪਰ ਜਦੋਂ ਇਹ ਪਾਣੀ ਨਾਲ ਸ਼ਰੀਰ ਵਿੱਚ ਜਾਂਦੇ ਹਨ ਤਾਂ 1000 ਗੁਣਾ ਜ਼ਿਆਦਾ ਖ਼ਤਰਨਾਕ ਹੋ ਜਾਂਦੇ ਹਨ।



ਸੰਸਾਰ ਸਿਹਤ ਸੰਗਠਨ ਨੇ ਪੀਣ ਯੋਗ ਸੁਰੱਖਿਅਤ ਪਾਣੀ ਦੇ ਕੁੱਝ ਪੈਮਾਨੇ ਤੈਅ ਕੀਤੇ ਹਨ। ਇਹਨਾਂ ਪੈਮਾਨਿਆਂ ਦਾ ਇਕ ਪਹਿਲੂ ਰੇਡਿਓਐਕਟਿਵਿਟੀ ਨਾਲ ਵੀ ਸੰਬੰਧਤ ਹੈ। ਇਸ ਦੇ ਮੁਤਾਬਕ ਪਾਣੀ ਵਿੱਚ ਰੇਡਿਓਐਕਟੀਵਿਟੀ 0.5 ? ਪ੍ਰਤੀ ਲੀਟਰ ਤੋਂ ਘੱਟ ਹੋਣੀ ਚਾਹੀਦੀ ਹੈ। ਨਾ ਸਿਰਫ ਇਸ ਤੋਂ ਘਟ ਸਗੋਂ ਇਸ ਤੋਂ ਵੀ ਜਿੰਨਾ ਹੋ ਸਕੇ ਓਨਾ ਘੱਟ। ਕਿਓਂਕਿ ਇਸਦੇ ਬੁਰੇ ਅਸਰ ਸਿਰਫ਼ ਉਸ ਬੰਦੇ ਤੇ ਨਹੀਂ ਪੈਂਦੇ ਜੋ ਇਸਦੇ ਸੰਪਰਕ ਵਿੱਚ ਆ ਜਾਂਦਾ ਹੈ ਸਗੋਂ ਉਸਦੀਆਂ ਆਉਣ ਵਾਲੀਆਂ ਪੀੜ੍ਹੀਆਂ ਤੇ ਵੀ ਪੈਂਦਾ ਹੈ। ਅਤੇ ਇਸ ਇਲਾਕੇ ਇਹ ਮਾਤਰਾ ਵੱਧ ਤੋਂ ਵੱਧ ਤੈਅ ਪੈਮਾਨਿਆਂ ਤੋਂ ਵੀ 160 ਫ਼ੀਸਦੀ ਜ਼ਿਆਦਾ ਹੈ। ਪਰ ਇਸ ਥਾਂ 'ਤੇ ਖਣਨ ਕਰਨ ਵਾਲੀ ਕੰਪਨੀ "ਯੂਰੇਨੀਅਮ ਕਾਰਪੋਰੇਸ਼ਨ ਆਫ ਇੰਡੀਆ ਲਿਮਿਟਿਡ", ਜੋ ਜਨਤਕ ਖ਼ੇਤਰ ਦੀ ਕੰਪਨੀ ਹੈ, ਦੇ ਮੁਤਾਬਕ ਤਾਂ ਇਸ ਥਾਂ 'ਤੇ ਖਣਨ ਕਰਨ ਨਾਲ ਇੱਥੋਂ ਦੀ ਸਥਾਨਕ ਆਬਾਦੀ ਤੇ ਕੋਈ ਬੁਰਾ ਅਸਰ ਨਹੀਂ ਪਿਆ ਹੈ। 2015 ਵਿੱਚ ਭਾਰਤ ਸਰਕਾਰ ਵੀ ਮੰਨਣੋਂ ਇਨਕਾਰੀ ਹੋ ਗਈ ਸੀ ਕਿ ਪਰਮਾਣੂ ਊਰਜਾ ਦਾ ਕੋਈ ਬੁਰਾ ਅਸਰ ਹੋ ਰਿਹਾ ਹੈ ?

ਨਵੰਬਰ 2015 ਵਿੱਚ ਭਾਰਤ ਵਿੱਚ ਓਬਾਮਾ ਨਾਲ ਫ਼ੋਟੋ ਖਿਚਵਾਉਣ ਵੇਲੇ ਪ੍ਰਧਾਨ ਮੰਤਰੀ ਮੋਦੀ ਨੇ ਫੜ੍ਹ ਮਾਰੀ ਸੀ ਕਿ ਭਾਰਤ ਇੱਕ ਕੁਦਰਤ ਪ੍ਰੇਮੀ ਮੁਲਕ ਹੈ ਅਤੇ ਊਰਜਾ ਦੀਆਂ ਲੋੜਾਂ ਨੂੰ ਅਸੀਂ ਕੁਦਰਤ ਨੂੰ ਨੁਕਸਾਨ ਪਹੁੰਚਾਏ ਬਿਨਾਂ ਪੂਰਾ ਕਰਦੇ ਹਾਂ। ਹੁਣ ਤਕ ਇੱਕ ਪਾਸੇ ਤਾਂ ਇਹ ਬਿਆਨਬਾਜ਼ੀ ਹੈ ਅਤੇ ਦੂਜੇ ਪਾਸੇ ਅਪੰਗ ਹੋ ਤੜਫ ਤੜਫ ਕੇ ਮਰਦੇ ਇਸ ਇਲਾਕੇ ਦੇ ਲੋਕ, ਇਹਨਾਂ ਦੇ ਛੋਟੇ ਬੱਚੇ ਜੋ ਜਨਮ ਤੋਂ ਹੀ ਸਰਮਾਏਦਾਰੀ ਦੇ ਇਸ ਕੋਹੜ ਨਾਲ ਪੈਦਾ ਹੋਏ ਹਨ। ਇਹਨਾਂ ਆਦਿਵਾਸੀਆਂ ਦੀ ਤ੍ਰਾਸਦੀ ਇਹ ਹੈ ਕਿ ਇਹਨਾਂ ਨੂੰ ਪਹਿਲਾਂ ਤਾਂ ਇਹਨਾਂ ਦੀਆਂ ਜ਼ਮੀਨਾਂ ਤੋਂ ਬੇਦਖਲ ਕਰ ਦਿੱਤਾ ਗਿਆ ਅਤੇ ਹੁਣ ਇਹਨਾਂ ਤੋਂ ਇਹਨਾਂ ਦੀ ਸਿਹਤ ਅਤੇ ਜੀਣ ਦਾ ਹੱਕ ਵੀ ਖੋ ਲਿਆ ਗਿਆ ਹੈ। ਇਕ ਪਾਸੇ ਤਾਂ ਕੁਦਰਤ ਦੇ ਨਾਲ ਅੰਨੇਵਾਹ ਖਿਲਵਾੜ ਦੇ ਚਲਦੇ ਵਾਤਾਵਰਣ ਨੂੰ ਬਰਬਾਦ ਕੀਤਾ ਜਾ ਰਿਹਾ ਹੈ। ਉੱਪਰੋਂ ਲੋਕਾਂ ਦੀ ਸਿਹਤ ਨੂੰ ਖ਼ਰਾਬ ਕੀਤਾ ਜਾ ਰਿਹਾ ਹੈ। ਫਿਰ ਜਿਹੜੇ ਇੱਥੇ ਮਜ਼ਦੂਰ ਕੰਮ ਕਰਦੇ ਹਨ ਉਹਨਾਂ ਲਈ ਵੀ ਕੋਈ ਸੁਰੱਖਿਆ ਨਹੀਂ ਹੈ। ਸਿਹਤ ਸੇਵਾਵਾਂ ਤਾਂ ਦੂਰ ਦੀ ਗੱਲ ਇੱਥੇ ਤਾਂ ਸਰਕਾਰ ਨੇ ਸਿਹਤਮੰਦ ਵਾਤਾਵਰਣ ਵੀ ਰਹਿਣ ਨਹੀਂ ਦਿੱਤਾ। ਮੁਨਾਫ਼ੇ ਦੀ ਦੌੜ ਵਿੱਚ ਆਮ ਲੋਕਾਂ ਨੂੰ ਮੌਤ ਦੇ ਮੂੰਹ ਵਿਚ ਸੁੱਟ ਦੇਣਾ ਹੀ ਇਸ ਢਾਂਚੇ ਦੀ ਚਾਲ ਹੈ। ਇਹਨਾਂ ਤੇ ਕੋਈ ਸਵਾਲ ਉਠਾਉਂਦਾ ਹੈ ਤਾਂ ਮੰਦਰ ਮਸਜਿਦ, ਹਿੰਦੂ-ਮੁਸਲਿਮ ਅਤੇ ਗਾਂ ਨੂੰ ਮੂਹਰੇ ਕਰ ਦਿੱਤਾ ਜਾਂਦਾ ਹੈ। ਭੀੜ ਦੀ ਬੁਰਛਾਗਰਦੀ ਤੋਂ ਲੈ ਕੇ ਅੱਗਾਂ ਲਾਉਣੀਆਂ ਅਤੇ ਦੰਗੇ ਕਰਾਉਣੇ ਬਸ ਇਹੀ ਚੀਜ਼ਾਂ ਬਚੀਆਂ ਹਨ। ਰਹੀ ਸਹੀ ਕਸਰ ਪਰਮਾਣੂ ਹਥਿਆਰ, ਜੰਗਾਂ, ਅਤੇ ਸੈਨਾ ਦੀ ਵਡਿਆਈ ਕਰਕੇ ਪੂਰੀ ਹੋ ਜਾਂਦੀ ਹੈ। ਸਿਹਤ, ਸਿੱਖਿਆ, ਅਤੇ ਰੁਜ਼ਗਾਰ ਵਰਗੇ ਮੁੱਦੇ ਤਾਂ ਮੁਨਾਫ਼ੇ ਦੀ ਭੇਂਟ ਕਦੋਂ ਦੇ ਚੜ੍ਹ ਚੁੱਕੇ ਹਨ।

- ਨਵਮੀਤ

# ਵਿਦੇਸ਼ੀ ਧਰਤੀ ਤੇ ਵਸੇਬਾ: ਸ਼ੌਂਕ ਜਾਂ ਮਜ਼ਬੂਰੀ?




**ਰਵਿੰਦਰ**

ਆਈਲੈੱਟਸ (ਇੰਟਰਨੈਸ਼ਨਲ ਇੰਗਲਿਸ਼ ਲੈਂਗੁਏਜ ਟੈਸਟਿੰਗ ਸਿਸਟਮ) ਅੱਜ ਦੇ ਸਮੇਂ ਚੱਲ ਰਿਹਾ ਰੁਝਾਨ ਹੈ। ਆਈਲੈੱਟਸ ਇੱਕ ਮਾਪਕ ਹੈ ਜਿਸ ਵਿੱਚ ਤੁਸੀਂ ਬੈਂਡ ਲੈਕੇ ਇਸ ਯੋਗ ਹੋ ਜਾਂਦੇ ਹੋ ਕਿ ਵਿਦੇਸ਼ੀ ਧਰਤੀ ‘ਤੇ ਪਹੁੰਚ ਸਕੋ। ਇਹ ਮਾਪਕ ਅੰਗਰੇਜੀ ਭਾਸ਼ਾ ਵਿੱਚ ਚੰਗੀ ਕਾਰਗੁਜ਼ਾਰੀ ਕਰਨਾ ਹੈ ਅਤੇ ਪਿਛਲੇ ਸਮੇਂ ਤੋਂ ਨੌਜਵਾਨਾਂ ਨੂੰ ਭਾਰਤ ਵਿੱਚ ਕੋਈ ਭਵਿੱਖ ਨਾ ਦਿਖਦਾ ਹੋਣ ਕਰਕੇ ਵਿਦੇਸ਼ ਪਹੁੰਚਣ ਦੀ ਹੋੜ ਲੱਗੀ ਹੋਈ ਹੈ। ਹੁਣ ਇਹ ਗੱਲ ਕਰਾਂਗੇ ਕਿ ਪਿਛਲੇ ਸਮੇਂ ਤੋਂ ਇਹ ਰੁਝਾਨ ਕਿਉਂ ਵਧਿਆ? ਵਿਦੇਸ਼ੀ ਧਰਤੀ ਤੇ ਜਾਣ ਲਈ ਕੀ-ਕੀ ਜੁਗਾੜ ਕੀਤੇ ਜਾਂਦੇ ਹਨ? ਇਹ ਰੁਝਾਨ ਮੁਨਾਫੇ ਦੇ ਸਾਧਨ ਵਜੋਂ ਕਿਵੇਂ ਪ੍ਰਫੁਲਿਤ ਹੋਇਆ ਹੈ? ਅੱਜ ਭਾਰਤ ਵਿੱਚ ਸਿੱਖਿਆ ਦਾ ਮਿਆਰ ਬਹੁਤ ਹੀ ਥੱਲੇ ਹੈ। ਉਚੇਰੀ ਸਿੱਖਿਆ ਨਿੱਜੀ ਹੱਥਾਂ ਵਿੱਚ ਹੈ। ਸਿੱਖਿਆ ਤੋਂ ਬਾਅਦ ਕੁਝ ਹੁਨਰਮੰਦ ਕਾਮੇ ਜ਼ਰੂਰ ਪੈਦਾ ਹੁੰਦੇ ਹਨ। ਪਰ ਘੋਟਾ ਲਾਉ ਪੜ੍ਹਾਈ ਦੌਰਾਨ ਨੌਜਵਾਨ ਵਿਗਿਆਨਕ ਨਜ਼ਰੀਏ ਤੋਂ ਸਿੱਖਿਆ ਪ੍ਰਾਪਤ ਨਹੀਂ ਕਰ ਪਾਉਂਦੇ। ਸਿੱਖਿਆ ਦੇ ਖੇਤਰ ਵਿੱਚ ਅਲੱਗ-ਅਲੱਗ ਕਮਿਸ਼ਨ ਸਮੇਂ-ਸਮੇਂ ’ਤੇ ਆਉਂਦੇ ਰਹਿੰਦੇ ਹਨ। 1990 ਤੋਂ ਆਈਆਂ ਉਦਾਰੀਕਰਨ, ਨਿੱਜੀਕਰਨ ਤੇ ਸੰਸਾਰੀਕਰਨ ਦੀਆਂ ਨੀਤੀਆਂ ਕਾਰਨ ਸਿੱਖਿਆ ਲਈ ਵੀ ਨਿੱਜੀਕਰਨ ਦੇ ਦਰਵਾਜੇ ਖੋਲ੍ਹੇ ਗਏ। 1995 ਵਿੱਚ ਸੰਸਾਰ ਸਿਹਤ ਸੰਗਠਨ ਦੇ ਅੰਤਰਗਤ ਸੇਵਾਵਾਂ ਦੇ ਵਪਾਰ ਸਬੰਧੀ ਸਮਝੌਤੇ ਗੈਟਸ ’ਤੇ ਵੀ ਸਹੀ ਪਾਈ ਗਈ। ਇਹ ਸਮਝੌਤਾ ਵੱਖ-ਵੱਖ ਵਪਾਰਕ ਸੇਵਾਵਾਂ ਦੇ ਵਪਾਰ ਦੇ ਉਦਾਰੀਕਰਨ ਲਈ ਅਧਾਰ ਪ੍ਰਦਾਨ ਕਰਨਾ ਹੈ। ਕੁੱਲ 12 ਸੇਵਾਵਾਂ ਵਿੱਚ ਇੱਕ ਸੇਵਾ ਸਿੱਖਿਆ ਵੀ ਹੈ ਜਿਸ ਨੂੰ ਵਪਾਰ ਮੰਨਿਆ ਗਿਆ। ਗੈਟਸ ਦੇ ਅੰਤਰਗਤ ਸਿੱਖਿਆ ਦੇ ਵਪਾਰ ਸਬੰਧੀ ਪ੍ਰਬੰਧ ਨੇ ਸਿੱਖਿਆ ਨੂੰ ਮੰਡੀ ਵਿੱਚ ਵੇਚੀ-ਖਰੀਦੀ ਜਾਣ ਵਾਲ਼ੀ ਵਸਤ ’ਚ ਹੀ ਤਬਦੀਲ ਕਰ ਦਿੱਤਾ। ਅੱਜ ਵਿਦਿਆਰਥੀਆਂ ਨੂੰ ਸਿੱਖਿਆ ਉਹਨਾਂ ਦੀ ਯੋਗਤਾ ਅਨੁਸਾਰ ਨਹੀਂ ਸਗੋਂ ਉਹਨਾਂ ਦੀ ਖਰੀਦ ਯੋਗਤਾ ਅਨੁਸਾਰ ਉਪਲੱਬਧ ਹੋਵੇਗੀ। ਜਿਵੇਂ ਕਿ ਲੋਕਾਂ ਨੂੰ ਭਰਮਾਉਣ ਲਈ ਲਗਾਤਾਰ ਕਿਹਾ ਜਾਂਦਾ ਹੈ ਕਿ ਸਿੱਖਿਆ ਸਭ ਲਈ ਹੋਵੇਗੀ ਸਾਡਾ ਸੰਵਿਧਾਨ ਹੱਕ ਦਿੰਦਾ ਹੈ ਇਸ ਦੇ ਨਾਲ਼ ਹੀ ਇਹ ਲਾਰੇ ਜਾਰੀ ਰਹਿੰਦੇ ਹਨ ਅਤੇ ਸਿੱਖਿਆ ਉੱਪਰ ਖਾਸ ਕਰ ਕੇ ਉਚੇਰੀ ਸਿੱਖਿਆ ਉੱਪਰ ਖਰਚ ਕੀਤੇ ਜਾਣ ਵਾਲ਼ੇ ਧਨ ਵਿੱਚ ਕਟੌਤੀ ਜਾਰੀ ਰਹਿੰਦੀ ਹੈ। 24 ਅਪ੍ਰੈਲ 2000 ਨੂੰ ਬਿਰਲਾ-ਅੰਬਾਨੀ ਰਿਪੋਰਟ ‘ਏ ਪਾਲਿਸੀ ਫਰੇਮਵਰਕ ਫਾਰ ਰੀਫਾਰਮਜ ਇਨ ਐਜੂਕੇਸ਼ਨ’ ਪੀ.ਐੱਮ.ਸੀ.ਟੀ. (ਪ੍ਰਧਾਨ ਮੰਤਰੀ ਦੀ ਵਪਾਰ ਅਤੇ ਉਦਯੋਗ ਸਬੰਧੀ ਕਾਊਂਸਲ) ਨੂੰ ਜਮ੍ਹਾਂ ਕਰਵਾਈ। ਉਹਨਾਂ ਦੀ ਸਿਫਾਰਸ਼ ਸੀ ਕਿ ਉਚੇਰੀ ਸਿੱਖਿਆ ਦੇ ਮਾਮਲੇ ਵਿੱਚ ਨਿੱਜੀ ਆਰਥਿਕ ਪ੍ਰਬੰਧ ਦੇ ਕੰਮ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਇਸ ਤੋਂ ਇਹ ਗੱਲ ਦਿਨ ਵਾਂਗ ਸਾਫ ਹੋ ਜਾਂਦੀ ਹੈ ਕਿ ਸਿੱਖਿਆ ਆਮ ਲੋਕਾਂ ਦੀ ਪਹੁੰਚ ਵਿੱਚ ਹੋ ਹੀ ਨਹੀਂ ਸਕਦੀ, ਜਿਹਨਾਂ ਅਮੀਰਜ਼ਾਦਿਆਂ ਕੋਲ ਪੈਸੇ ਹਨ ਉਹ ਆਪਣੇ ਬੱਚਿਆਂ ਨੂੰ ਪੜ੍ਹਾ ਸਕਣ । ਦੂਜਾ ਭਾਰਤ ਵਿੱਚ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਕੋਈ ਰੁਜ਼ਗਾਰ ਹੀ ਨਹੀਂ। ਇਸ ਲਈ ਅੱਜ ਵਿਦਿਆਰਥੀ-ਨੌਜਵਾਨ ਆਪਣੇ ਭਵਿੱਖ ਨੂੰ ਲੈ ਕਿ ਬਹੁਤ ਅਸੁਰੱਖਿਅਤ ਮਹਿਸੂਸ ਕਰਦੇ ਹਨ। ਉਹਨਾਂ ਦੀ ਇਹ ਚਾਹਤ ਕਿ ਸਾਡਾ ਭਵਿੱਖ ਰੌਸ਼ਨ ਹੋਵੇ ਉਹਨਾਂ ਨੂੰ ਵਿਦੇਸ਼ੀ ਧਰਤੀ ਵੱਲ ਖਿੱਚਦੀ ਹੈ। ਉਹਨਾਂ ਨੂੰ ਇਹ ਗੱਲ ਰਾਤ ਦੇ ਹਨ੍ਹੇਰੇ ਵਿੱਚ ਦੀਵੇ ਦੀ ਲੋਅ ਵਾਂਗ ਲੱਗਦੀ ਹੈ, ਜਦਕਿ ਇਹ ਲੋਅ ਵੀ ਮ੍ਰਿਗ ਤ੍ਰਿਸ਼ਨਾ ਵਾਂਗੂ ਹੁੰਦੀ ਹੈ।


ਸਿੱਖਿਆ ਲਈ ਵਿਦੇਸ਼ ਵਿੱਚ ਜਾਣ ਦਾ ਆਖ਼ਰੀ ਮਕਸਦ ਵੀ ਚੰਗੇ ਭਵਿੱਖ ਦਾ ਸੁਪਨਾ ਹੁੰਦਾ ਹੈ। ਜੇ ਪੰਜਾਬ ਦੀ ਗੱਲ ਕਰੀਏ ਤਾਂ ਵਿਦੇਸ਼ ਵਸਣ ਦੇ ਸੁਪਨੇ ਨਾਲ਼ ਹੋਰ ਅਲੱਗ-ਅਲੱਗ ਤਰ੍ਹਾਂ ਦੇ ਵਰਤਾਰੇ ਸਾਹਮਣੇ ਆਏ ਹਨ। ਇਸ ਲਈ ਤਰ੍ਹਾਂ-ਤਰ੍ਹਾਂ ਦੇ ਜੁਗਾੜ ਕਰ ਕੇ ਕਿਸੇ ਵੀ ਤਰ੍ਹਾਂ ਵਿਦੇਸ਼ ਜਾਣ ਦੀ ਤਾਂਘ ਲੱਗੀ ਰਹਿੰਦੀ ਹੈ। ਇੱਕ ਵਰਤਾਰਾ ਤਾਂ ਥਾਂ-ਥਾਂ ਤੇ ਖੁੰਬਾਂ ਵਾਗੂੰ ਉੱਗੇ ਆਈਲੈੱਟਸ ਕੇਂਦਰ ਹਨ, ਜੋ ਜ਼ਿਆਦਾਤਰ ਅਣ-ਅਧਿਕਾਰਿਤ ਹਨ, ਜਿੰਨ੍ਹਾਂ ਰਾਹੀਂ ਚੰਗੇ ਮੁਨਾਫੇ ਕਮਾਏ ਜਾਂਦੇ ਹਨ, ਪੰਜਾਬ ਦੇ ਲੁਧਿਆਣੇ ਸ਼ਹਿਰ ਦੇ 170 ਟਰੈਵਲ ਏਜੰਟ ਅਧਿਕਾਰਿਤ ਹਨ, ਜਿੰਨ੍ਹਾਂ ਵਿੱਚ ਜਗਰਾਉਂ ਦੇ ਸਿਰਫ 12 ਟਰੈਵਲ ਏਜੰਟਾਂ ਦੇ ਨਾਂ ਦਰਜ ਹਨ।

ਦੂਜਾ ਵਰਤਾਰਾ ਇਹ ਹੈ ਕਿ ਆਈਲੈੱਟਸ ਕੇਂਦਰਾਂ ਨੂੰ ਚਲਾਉਣ ਵਾਲ਼ੇ ਹੁਣ ਵਿਚੋਲਿਆਂ ਦੀ ਭੂਮਿਕਾ ਵੀ ਅਦਾ ਕਰਨ ਲੱਗੇ ਹਨ। ਪਹਿਲਾ-ਪਹਿਲ ਇਸ ਤਰ੍ਹਾਂ ਹੁੰਦਾ ਸੀ ਕਿ ਵਿਦੇਸ਼ੀ ਵਸਨੀਕ ਨਾਲ਼ ਭਾਵੇਂ ਉਹ ਕਿੰਨ੍ਹੀ ਵੀ ਉਮਰ ਦਾ ਕਿਉਂ ਨਾ ਹੋਵੇ 19-20 ਸਾਲਾਂ ਦੀ ਕੁੜੀ ਵਿਆਹ ਦਿੱਤੀ ਜਾਂਦੀ ਸੀ, ਉਹ ਵੀ 30-40 ਲੱਖ ਦੇ ਨਿਵੇਸ਼ ਨਾਲ਼ ਤਾਂ ਜੋ ਉਸ ਕੁੜੀ ਦੇ ਭੈਣ-ਭਰਾ ਵੀ ਵਿਦੇਸ਼ ਵੱਸ ਸਕਣ। ਹੁਣ ਜੋ ਰੁਝਾਨ ਸਾਹਮਣੇ ਆਇਆ ਹੈ ਉਹ ਇਹ ਹੈ ਕਿ ਜੇ ਕੁੜੀ ਨੇ ਆਈਲੈੱਟਸ ਕੀਤੀ ਹੈ, ਬੈਂਡ ਚੰਗੇ ਹਨ, ਪਰ ਪੈਸੇ ਨਹੀਂ ਹਨ ਤਾਂ ਅਜਿਹੇ ਮੁੰਡੇ ਵਾਲ਼ੇ ਲੱਭਣਾ ਜੋ ਕੱਚਾ ਵਿਆਹ ਕੋਰਟ ਮੈਰਿਜ ਕਰਕੇ ਸਾਰਾ ਖਰਚ, ਸੰਭਵ ਹੋਵੇ ਤਾਂ ਪੱਕੀ ਨਾਗਰਿਕਤਾ ਮਿਲਣ ਤੱਕ ਖਰਚ ਚੁੱਕਣ ਅਤੇ ਇਸ ਦੇ ਉਲਟ ਵੀ ਜੇ ਕੁੜੀ ਵਾਲ਼ੇ ਖਰਚਾ ਕਰ ਸਕਣ ਤੇ ਮੁੰਡੇ ਨੇ ਆਈਲੈੱਟਸ ਕੀਤੀ ਹੋਵੇ। ਅਖ਼ਬਾਰਾਂ ਵਿੱਚ ਵੀ ਇਸ ਤਰ੍ਹਾਂ ਦੇ ਇਸ਼ਤਿਹਾਰ ਆਮ ਤੌਰ ’ਤੇ ਦੇਖਣ ਨੂੰ ਮਿਲ਼ ਜਾਂਦੇ ਹਨ ਅਤੇ ਆਈਲੈੱਟਸ ਅਦਾਰੇ ਚਲਾਉਂਣ ਵਾਲ਼ਿਆਂ ਕੋਲ ਮਾਂ-ਬਾਪ ਮੁੰਡਾ-ਕੁੜੀ ਆਉਂਦੇ ਹਨ ਵਿਦੇਸ਼ ਜਾਣ ਬਾਰੇ ਪੁੱਛ-ਗਿੱਛ ਕਰਨ ਲਈ, ਤਾਂ ਉਹ ਨਾਲ਼ ਹੀ ਵਿਆਹ ਦੀਆਂ ਜੋੜੀਆਂ ਬਣਾਉਣ ਲਈ ਵਿਚੋਲੇ ਦੀ ਭੂਮਿਕਾ ਅਦਾ ਕਰਦੇ ਨਜ਼ਰ ਆਉਂਦੇ ਹਨ।

ਇਸ ਤਰ੍ਹਾਂ ਦੇ ਵਰਤਾਰਿਆਂ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸਰਮਾਏਦਾਰੀ ਪ੍ਰਬੰਧ ਵਿੱਚ ਅਲੱਗ-ਅਲੱਗ ਰਿਸ਼ਤਿਆਂ ਦਾ ਹੋਂਦ ਚ ਆਉਣਾ ਮੁਨਾਫੇ ’ਤੇ ਅਧਾਰਿਤ ਹੈ। ਦੂਜਾ ਅਜਿਹੇ ਮਾਮਲਿਆਂ ’ਚ ਜ਼ਿਆਦਾਤਰ ਧੋਖਾ ਧੜੀ ਦੇ ਮਸਲੇ ਸਾਹਮਣੇ ਆਉਂਦੇ ਹਨ, ਅਣਅਧਿਕਾਰਿਤ ਆਈਲੈੱਟਸ ਸੈਂਟਰ, ਮੁੰਡਿਆਂ ਵਾਲ਼ਿਆਂ ਵੱਲੋਂ ਕੁੜੀਆਂ ਨਾਲ਼ ਧੋਖਾ ਹੋਣਾ, ਕਈ ਅਜਿਹੇ ਕੇਸ ਹਨ ਕਿ ਵਿਆਹ ਤੋਂ ਬਾਅਦ ਮੁੰਡਾ ਵਿਦੇਸ਼ ਚਲਾ ਗਿਆ, ਪੰਜ ਛੇ ਸਾਲ ਬਾਅਦ ਵੀ ਕੁੜੀ ਪੇਕੇ ਪਰਿਵਾਰ ਬੈਠੀ ਰਹਿੰਦੀ ਹੈ ਕਈ ਵਾਰ ਮੁੰਡੇ ਦੀ ਜਗ੍ਹਾ ਤਲਾਕ ਦੇ ਪੇਪਰ ਹੀ ਆਉਂਦੇ ਹਨ। ਇਸ ਲਈ ਇਹ ਜਰੂਰੀ ਹੈ ਕਿ ਪਹਿਲਾਂ ਇਹ ਸਮਝਿਆ ਜਾਵੇ ਕਿ ਸਰਮਾਏਦਾਰੀ ਢਾਂਚੇ ’ਚ ਮੁਨਾਫਾ ਕਮਾਉਣਾ ਮੁੱਖ ਹੁੰਦਾ ਹੈ, ਇਸ ਦੇ ਸਾਧਨ ਅਤੇ ਰੂਪ ਵੱਖਰੇ-ਵੱਖਰੇ ਹੁੰਦੇ ਹਨ। ਅੱਜ ਕੱਲ੍ਹ ਆਈਲੈੱਟਸ ਸੈਂਟਰ ਮੁਨਾਫੇ ਲਈ ਹਨ। ਇਸ ਸਰਮਾਏਦਾਰੀ ਦੇ ਨੇਮਾਂ ਵਿੱਚ ਇੱਕ ਨੇਮ ਹੈ ਆਮ ਲੋਕਾਈ ਦਾ ਸਿਹਤ ਸਿੱਖਿਆ ਵਰਗੀਆਂ ਸਹੂਲਤਾਂ ਤੋਂ ਵਾਂਝੇ ਹੋ ਜਾਣਾ, ਬੇਚੈਨੀ ਫੈਲਣਾ, ਭਵਿੱਖ ਪ੍ਰਤੀ ਅਸੁਰੱਖਿਤ ਅਸੁਰੱਖਿਅਤ ਮਹਿਸੂਸ ਕਰਨਾ ਅਤੇ ਉਸਦੇ ਹੱਲ ਲਈ ਫਿਰ ਇਸ ਤਰ੍ਹਾਂ ਦੇ ਵਰਤਾਰੇ ਵਿਦੇਸ਼ੀ ਵਸਣ ਲਈ ਕੀਤੇ ਜਾਂਦੇ ਜੁਗਾੜ, ਵਿਆਹ ਦੇ ਮਾਮਲਿਆਂ ’ਚ ਧੋਖਾ ਧੜੀ ਸਾਹਮਣੇ ਆਉਂਦੇ ਹਨ। ਇਸ ਲਈ ਸਭ ਤੋਂ ਜਰੂਰੀ ਹੈ ਕਿ ਸਿੱਖਿਆ ਵਪਾਰ ਨਾ ਹੋ ਕੇ ਸਭ ਲਈ ਅਤੇ ਸਮਾਜ ਦੀ ਭਲਾਈ ਲਈ ਹੋਵੇ, ਰੁਜ਼ਗਾਰ ਦੀ ਗਰੰਟੀ ਹੋਵੇ, ਉੱਥੇ ਨੌਜਵਾਨ ਭਵਿੱਖ ਲਈ ਚਿੰਤਤ ਨਾ ਹੋ ਕੇ ਸਮਾਜ ਵਿੱਚ ਬਣਦੀ ਭੂਮਿਕਾ ਨੂੰ ਸਹੀ ਤਰੀਕੇ ਨਾਲ਼ ਨਿਭਾ ਸਕਣਗੇ ਉਦੋਂ ਇਸ ਤਰ੍ਹਾਂ ਦੇ ਵਰਤਾਰੇ ਜਨਮ ਹੀ ਨਹੀਂ ਲੈਣਗੇ, ਨਾ ਹੀ ਰਿਸ਼ਤਿਆਂ ਦੀ ਬੁਨਿਆਦ ਮੁਨਾਫੇ ਨਾਲ਼ ਤੈਅ ਹੋਵੇਗੀ।

**ਲਲਕਾਰ ’ਚੋਂ ਧੰਨਵਾਦ ਸਹਿਤ**

# ਇੱਕ ਡਾਕਟਰ ਦਾ ਖ਼ੁਦਕੁਸ਼ੀ ਤੋਂ ਪਹਿਲਾਂ ਲਿਖਿਆ ਆਖ਼ਰੀ ਨੋਟ ਜੋ ਨਿੱਜੀਕਰਨ ਦੇ ਦਿਵਾਨਿਆਂ ਨੂੰ ਹਿਲਾ ਕੇ ਰੱਖ ਦਵੇਗਾ ਬਸ਼ਰਤੇ ਉਹਨਾਂ ਦਾ ਜ਼ਮੀਰ ਜਿਉਂਦਾ ਹੋਵੇ!



ਇੰਦੌਰ ਦੇ ਇੰਡੈਕਸ ਕਾਲਜ ਦੀ ਇੱਕ ਡਾਕਟਰ ਸਮ੍ਰਿਤੀ ਲਹਿਰਪੁਰੇ ਨੇ ਹੁਣੇ ਆਤਮਹੱਤਿਆ ਕੀਤੀ ਅਤੇ ਜੋ ਸੁਸਾਈਡ ਨੋਟ ਉਹਨਾਂ ਲਿਖਿਆ ਉਹ ਨਿੱਜੀਕਰਨ ਦੀ ਅਸਲ ਤਸਵੀਰ ਪੇਸ਼ ਕਰਦਾ ਹੈ। ਕਿਸੇ ਵੀ ਹਾਲ ਵਿੱਚ ਮੁਨਾਫ਼ਾ- ਇਹੋ ਸਰਮਾਏਦਾਰੀ ਦਾ ਮੂਲ ਮੰਤਰ ਹੈ। ਉਹ ਚਾਹੇ ਕਿਸੇ ਵੀ ਧੰਦੇ ਵਿੱਚ ਆਉਣ ਅਜਿਹਾ ਹੀ ਕਰਨਗੇ। ਅੱਜ ਇਸ ਡਾਕਟਰ ਦਾ ਖ਼ੁਦਕੁਸ਼ੀ ਨੋਟ ਤੁਹਾਡੇ ਸਾਹਮਣੇ ਪੇਸ਼ ਕਰ ਰਹੇ ਹਾਂ। ਇਸਨੂੰ ਪੜ੍ਹੋ ਅਤੇ ਉਹਨਾਂ ਲੋਕਾਂ ਨੂੰ ਜਰੂਰ ਪੜ੍ਹਾਓ ਜੋ ਨਿੱਜੀਕਰਨ ਦੇ ਹਮਾਇਤੀ ਹੋਣ –

“ਮੈਨੂੰ ਮਾਫ ਕਰ ਦਵੀਂ ਮਾਂ, ਸਵਾਮੀ ਅਤੇ ਸੂਰਯਾ, ਮੈਂ ਡਾ, ਸਮ੍ਰਿਤੀ ਲਹਿਰਪੁਰੇ ਪੂਰੇ ਹੋਸ਼ ਹਵਾਸ ਵਿੱਚ ਲਿਖ ਰਹੀ ਹਾਂ, ਨਾਂ ਹੀ ਕਦੀ ਮੈਂ ਕੋਈ ਨਸ਼ਾ ਜਾਂ ਦਵਾਈ ਦਾ ਸੇਵਨ ਕੀਤਾ ਹੈ। ਸਭ ਤੋਂ ਪਹਿਲਾਂ ਮੈਂ ਆਪਣੀ ਮਾਂ ਤੇ ਆਪਣੇ ਭਾਈ ਤੋਂ ਮਾਫ਼ੀ ਚਾਹੁੰਨੀ ਹਾਂ ਕਿ ਮੈਂ ਅਜਿਹਾ ਕਦਮ ਚੁੱਕ ਰਹੀ ਹਾਂ ਕਿਉਂਕਿ ਤੁਸੀਂ ਤਿੰਨ੍ਹਾਂ ਨੇ ਹਰ ਮੁਸ਼ਕਿਲ ਘੜੀ ਮੇਰਾ ਸਾਥ ਦਿੱਤਾ ਹੈ, ਮੈਂ ਇਹਨਾਂ ਲੋਕਾਂ ਨਾਲ ਹੋਰ ਨਹੀਂ ਲੜ ਸਕਦੀ ਇਸ ਲਈ ਮੈਨੂੰ ਮਾਫ ਕਰ ਦਿਉ।

ਮੇਰੀ ਮੌਤ ਲਈ ਸਿੱਧੇ ਤੌਰ ਤੇ ਇੰਡੈਕਸ ਕਾਲਜ ਦੇ ਚੇਅਰਮੈਨ ਭਦੌਰੀਆ ਅਤੇ ਉਹਨਾਂ ਦੇ ਕਾਲਜ ਦੀ ਮੈਨੇਜਮੈਂਟ ਹੈ, ਇਹਨਾਂ ਵਿੱਚ ਮੁੱਖ ਤੌਰ ਨਾਲ ਡਾ. ਕੇ ਕੇ ਖਾਨ ਹਨ ਕਿਉਂਕਿ ਇਹਨਾਂ ਦੋਵਾਂ ਵੱਲੋਂ ਮੈਨੂੰ ਲਗਾਤਾਰ ਤੰਗ ਕੀਤਾ ਜਾ ਰਿਹਾ ਹੈ। ਮੈਂ ਜੂਨ 2017 ਵਿੱਚ ਨੀਟ ਪ੍ਰੀਖਿਆ ਮਾਧਿਅਮ ਨਾਲ ਜੁਆਇਨ ਕੀਤਾ ਸੀ। ਕਾਊਂਸਲਿੰਗ ਦੌਰਾਨ ਮੈਨੂੰ ਜੋ ਫ਼ੀਸ ਦੱਸੀ ਗਈ ਸੀ ਉਹਨਾਂ ਅਨੁਸਾਰ ਟਿਊਸ਼ਨ ਫੀਸ 8 ਲੱਖ 55 ਹਜ਼ਾਰ ਅਤੇ ਹੋਸਟਲ ਫੀਸ 2 ਲੱਖ ਸੀ।

ਇਸ ਤੋਂ ਬਾਅਦ ਜਦ ਮੈਂ ਕਾਲਜ ਵਿੱਚ ਜੁਆਇਨ ਕਰਨ ਆਈ ਤਾਂ ਇੰਡੈਕਸ ਕਾਲਜ ਪ੍ਰਬੰਧਨ ਨੇ ਮੈਨੂੰ ਕਾਸ਼ਨ ਮਨੀ ਅਤੇ ਐਕਸਟਰਾ ਕਰੀਕੁਲਰ ਗਤੀਵਿਧੀਆਂ ਦੇ ਨਾਮ ਤੇ ਫਿਰ 2 ਲੱਖ ਮੰਗੇ। ਕਿਉਂਕਿ ਮੈਂ ਮੱਧਵਰਗੀ ਪਰਿਵਾਰ ਤੋਂ ਹਾਂ ਇਸ ਲਈ ਬਹੁਤੀ ਫੀਸ ਨਹੀਂ ਦੇ ਸਕਦੀ ਸੀ ਪਰ ਨੀਟ ਪ੍ਰੀਖਿਆ ਤੋਂ ਬਾਅਦ ਮੁਸ਼ੱਕਤ ਨਾਲ ਮਿਲਿਆ ਪੀ.ਜੀ ਕਰਨ ਦਾ ਇਹ ਮੌਕਾ ਹੱਥੋਂ ਨਾ ਨਿੱਕਲ ਜਾਵੇ ਇਸ ਲਈ ਮੈਂ 2 ਲੱਖ ਦਾ ਫਿਰ ਕਰਜ਼ਾ ਲੈ ਲਿਆ, ਇਸ ਤੋਂ ਬਾਅਦ ਜਿਉਂ ਹੀ ਮੈਂ ਜੁਆਇਨ ਕਰਨ ਪਹੁੰਚੀ ਕਾਲਜ ਪ੍ਰਬੰਧਨ ਨੇ ਫੇਰ ਦੋ ਲੱਖ ਮੰਗ ਲਏ। ਇਸ ਤੋਂ ਬਾਅਦ ਰਾਤ ਭਰ ਦੀ ਕੋਸ਼ਿਸ਼ ਤੋਂ ਮਗਰੋਂ ਮੈਂ ਆਪਣੀ ਸੀਟ ਗੁਵਾਚਣ ਦੇ ਡਰੋਂ ਇਹ ਪ੍ਰਬੰਧ ਵੀ ਕੀਤਾ ਪਰ ਕਾਲਜ ਨੇ ਟਿਊਸ਼ਨ ਫੀਸ 8 ਲੱਖ 55 ਹਜ਼ਾਰ ਤੋਂ 9 ਲੱਖ 90 ਹਜ਼ਾਰ ਕਰ ਦਿੱਤੀ ਅਤੇ ਸਾਰੇ ਵਿਦਿਆਰਥੀਆਂ ਨੂੰ ਇਹ ਫੀਸ ਜਮਾ ਕਰਵਾਉਣ ਨੂੰ ਕਿਹਾ ? ਜਾਹਿਰ ਹੈ ਅਚਾਨਕ ਇੱਕ ਲੱਖ ਪੈਂਤੀ ਹਜ਼ਾਰ ਦਾ ਫ਼ੀਸ ਵਾਧਾ ਸਹਿਣਾ ਹਰ ਕਿਸੇ ਲਈ ਔਖਾ ਸੀ ਇਸ ਲਈ ਅਸੀਂ ਸਾਰੇ ਇਸ ਖਿਲਾਫ ਜਬਲਪੁਰ ਹਾਈਕੋਰਟ ਗਏ। ਇਸ ਤੋਂ ਬਾਅਦ ਕਾਲਜ ਪ੍ਰਸ਼ਾਸਨ ਨੇ ਮੈਨੂੰ ਨਿੱਜੀ ਤੌਰ ਤੇ ਤੰਗ ਕਰਨਾ ਸ਼ੁਰੂ ਕਰ ਦਿੱਤਾ ? ਇਸ ਤੋਂ ਬਿਨ੍ਹਾਂ ਫੋਨ ਤੇ ਵੀ ਮੈਨੂੰ ਇਹ ਕੇਸ ਵਾਪਿਸ ਲੈਣ ਲਈ ਧਮਕਾਇਆ ਜਾਣ ਲੱਗਾ। ਇਸ ਤੋਂ ਬਾਅਦ ਕੋਰਟ ਨੇ ਇੰਡੈਕਸ ਕਾਲਜ ਨੂੰ ਨਿਰਧਾਰਿਤ ਫੀਸ ਲੈਣ ਦਾ ਹੁਕਮ ਦਿੱਤਾ।

ਪਰ ਇਸ ਤੋ ਬਾਅਦ ਫਿਰ ਅਗਲੇ ਵਰ੍ਹੇ 2017 ਵਿੱਚ ਫਿਰ 9 ਲੱਖ 90 ਹਜ਼ਾਰ ਮੰਗਣ ਲੱਗੇ ਜੋ ਮੈਂ ਜਮ੍ਹਾਂ ਨਾਂ ਕਰਾ ਕੋਰਟ ਦੇ ਹੁਕਮ ਅਨੁਸਾਰ 8 ਲੱਖ 55 ਹਜ਼ਾਰ ਹੀ ਜਮ੍ਹਾਂ ਕਰਵਾਏ, ਇਸ ਮਾਮਲੇ ਵਿੱਚ ਕੋਰਟ ਜਾਣ ਤੇ ਕਾਲਜ ਪ੍ਰਸ਼ਾਸਨ ਸਾਨੂੰ ਲਗਾਤਾਰ ਤੰਗ ਕਰਨ ਲੱਗਾ ਖਾਸਕਰ ਐਚ.?ਡੀ ਡਾ. ਖਾਨ, ਇਸ ਤੋਂ ਬਾਅਦ ਇਸੇ ਮਾਮਲੇ ਵਿੱਚ ਕੇਸ ਵਾਪਸ ਲੈਣ ਦੀ ਸ਼ਰਤ ਤੇ ਐਚ.ਓ.ਡੀ ਡਾ. ਖਾਨ ਨੇ ਅਣਮਨੁੱਖੀ ਵਤੀਰਾ ਅਪਣਾਉਂਦਿਆਂ ਜਨਤਕ ਤੌਰ ਤੇ ਸਾਨੂੰ 2 ਤੋਂ 3 ਮਹੀਨੇ ਤੱਕ ਓ ਟੀ (ਅਨੁ:ਆਪਰੇਸ਼ਨ ਥਿਏਟਰ) ਅਤੇ ਵਿਭਾਗ ਤੋਂ ਬਾਹਰ ਕਰੀ ਰੱਖਿਆ। ਇਸ ਤੋਂ ਬਾਅਦ ਸਾਡਾ ਸਟਾਈਫੰਡ ਵੀ ਕੱਟ ਲਿਆ ਗਿਆ ਅਤੇ ਬਿਨ੍ਹਾਂ ਕਾਰਨ ਸਾਡੇ ਤੇ ਹਜ਼ਾਰਾਂ ਰੁਪਈਆਂ ਦਾ ਜੁਰਮਾਨਾ ਲਾਇਆ ਜਾਣ ਲੱਗਾ। ਕਾਲਜ ਪ੍ਰਸ਼ਾਸਨ ਸਾਨੂੰ ਇਸ ਸਮੇਂ ਦਾ ਸਟਾਈਫੰਡ ਕਦੀ ਨਹੀਂ ਦਿੰਦਾ ਜੇ ਕਾਲਜ ਵਿੱਚ ਉਸ ਸਮੇਂ ਦੌਰਾਨ ਮੈਡੀਕਲ ਕਾਊਂਸਲ ਦਾ ਦੌਰਾ ਅਤੇ ਆਮਦਨ ਕਰ ਦਾ ਛਾਪਾ ਨਾਂ ਪੈਂਦਾ।

ਮੇਰੀ ਐਚ. ਡੀ. ਕੇ ਕੇ ਖਾਨ ਮੈਨੂੰ ਨਿੱਜੀ ਤੌਰ ਤੇ ਤੰਗ ਕਰਦੀ ਸੀ ਉਹ ਇਹ ਸੋਚਦੀ ਸੀ ਕੋਰਟ ਕੇਸ ਕਰਨ ਵਿੱਚ ਮੇਰੀ ਸਰਗਰਮ ਭੂਮਿਕਾ ਹੈ ? ਅਸਲ ਵਿੱਚ ਉਹ ਮਾਨਸਿਕ ਤੌਰ ਤੇ ਬਿਮਾਰ ਹੈ ਏਸ ਲਈ ਉਹ ਸਾਈਕੀ (ਅਨੁ:ਮਨੋਵਿਗਿਆਨਿਕ) ਰੋਗ ਦਾ ਇਲਾਜ ਵੀ ਕਰਵਾ ਰਹੀ ਹੈ ? ਉਹ ਮੈਡੀਕਲ ਕਾਲਜ ਦੇ ਇਸ ਪੇਸ਼ੇ ਦੇ ਲਈ ਫਿਟ ਨਹੀਂ ਹੈ ਖਾਸਕਰ ਏਨੇਸਥੇਟਿਕ ਸ਼ਾਖਾ ਲਈ। ਉਹ ਹਰੇਕ ਨੂੰ ਤੰਗ ਕਰਦੀ ਹੈ ਪਰ ਮੈਂ ਨਹੀਂ ਜਾਣਦੀ ਉਸ ਨੂੰ ਮੇਰੇ ਤੋਂ ਤਕਲੀਫ ਕੀ ਰਹਿੰਦੀ ਹੈ ਉਹ ਮੇਰੇ ਲੀਵ ਐਪਲੀਕੇਸ਼ਨ (ਅਨੁ:ਛੁੱਟੀ ਬਿਨੈ-ਪੱਤਰ) ਤੇ ਦਸਤਖ਼ਤ ਨਹੀਂ ਕਰਦੀ ਸੀ ਅਤੇ ਮੇਰੇ ਗੈਰਹਾਜ਼ਰ ਹੋਣ ਤੇ ਐਚ.ਆਰ (ਅਨੁ:ਹਿਊਮਨ ਰਿਸੋਰਜ਼) ਵਿਭਾਗ ਤੋਂ ਮੇਰੇ ਤੇ ਹਜ਼ਾਰਾਂ ਰੁਪਏ ਦਾ ਜੁਰਮਾਨਾ ਲਵਾਉਂਦੀ ਸੀ। ਅਸੀਂ ਪੀ ਜੀ ਸਟੂਡੈਂਟ ਹੋਣ ਦੇ ਬਾਵਜੂਦ ਉੱਥੇ ਜਲੀਲ ਹੋ ਰਹੇ ਹਾਂ ਸਾਡੀ ਡਿਊਟੀ ਟਾਈਮ ਸਵੇਰ 8 ਵਜੇ ਤੋਂ ਰਾਤ ਦੇ 8 ਵਜੇ ਤੱਕ ਦਾ ਹੈ ਇਸ ਦੇ ਬਾਵਜੂਦ ਦਿਨ ਵਿੱਚ ਚਾਰ ਵਾਰ ਹਾਜਰੀ ਲਈ ਪੰਚ ਕਰਨਾ ਪੈਂਦਾ ਹੈ, ਹੱਦ ਤਾਂ ਇਹ ਹੈ ਕਿ ਇੱਕ ਦਿਨ ਦੀ ਛੁੱਟੀ ਤੇ ਐਚ ? ਡੀ ਖਾਨ ਨੇ ਮੇਰੇ ਤੇ 4500 ਤੋਂ 6000 ਦਾ ਜੁਰਮਾਨਾ ਲਾਇਆ, ਜਿਸ ਤੇ ਪਹਿਲੋਂ ਹੀ ਭਾਰੀ ਕਰਜ਼ ਹੋਵੇ ਉਸ ਲਈ ਇਹ ਰਾਸ਼ੀ ਭਰਨਾ ਸੰਭਵ ਨਹੀਂ ਸੀ।

ਕੁਝ ਦਿਨ ਪਹਿਲਾਂ ਮੈਨੂੰ ਤੀਸਰੇ ਸਾਲ ਦੀ ਫੀਸ ਜਮ੍ਹਾਂ ਕਰਨ ਨੂੰ ਕਿਹਾ ਤੇ ਫੇਰ ਫੀਸ 9 ਲੱਖ 90 ਹਜ਼ਾਰ ਕਰ ਦਿੱਤੀ ਗਈ ਸੀ ਜਿਸ ਨੂੰ ਜਮ੍ਹਾਂ ਕਰਨ ਤੋਂ ਮੈਂ ਮਨ੍ਹਾਂ ਕਰ ਦਿੱਤਾ ਇਸ ਬਾਰੇ ਮੈਂ ਡਾ. ਅਮੋਲਕਰ ਨੂੰ ਵੀ ਦੱਸਿਆ ਸੀ, ਇਸ ਤੋਂ ਬਾਅਦ ਚੇਅਰਮੈਨ ਬਦੌਰੀਆ ਨੇ ਮੈਨੇਜਮੈਂਟ ਨੂੰ ਉਹਨਾਂ ਸਾਰੇ ਵਿਦਿਆਰਥੀਆਂ ਤੋਂ ਬਕਾਇਆ ਫੀਸ ਵਸੂਲਣ ਦਾ ਹੁਕਮ ਦਿੱਤਾ ਜਿਨ੍ਹਾਂ ਨੇ ਕੋਰਟ ਦੇ ਹੁਕਮਾਂ ਅਨੁਸਾਰ ਫੀਸ ਜਮ੍ਹਾਂ ਕੀਤੀ ਸੀ ਇਹ ਰਾਸ਼ੀ ਤਿੰਨ੍ਹਾਂ ਸਾਲਾਂ ਦੀ ਪ੍ਰਤੀ ਵਿਦਿਆਰਥੀ ਚਾਰ ਲੱਖ ਪੰਜ ਹਜ਼ਾਰ ਸੀ ਅਤੇ ਕਿਸੇ ਵੀ ਹਾਲਾਤ ਵਿੱਚ ਮੈਂ ਵਧੀ ਹੋਈ ਫੀਸ ਨਹੀਂ ਜਮ੍ਹਾਂ ਕਰ ਸਕਦੀ ਸੀ। ਮੇਰੇ ਮਾਂ ਪਿਉ ਪਹਿਲੋਂ ਹੀ ਵਧੀ ਫੀਸ ਲਈ ਰਿਸ਼ਤੇਦਾਰਾਂ ਅਤੇ ਦੋਸਤਾਂ ਤੋਂ ਰੁਪਏ ਉਧਾਰ ਫੜ ਚੁੱਕੇ ਸਨ ਜਿਹਨਾਂ ਦੇ ਵੱਸ ਵਿੱਚ ਇਹ ਰਾਸ਼ੀ ਜਮ੍ਹਾਂ ਕਰਵਾਉਣਾ ਸੰਭਵ ਨਹੀਂ ਸੀ।

ਮੇਰੀ ਉਮਰ ਦੇ ਹੋਰ ਇੰਜੀਨੀਅਰ, ਕਾਨੂੰਨ ਅਤੇ ਆਰਟ ਵਿਸ਼ਿਆਂ ਵਾਲੇ ਇੰਨ੍ਹਾਂ ਕਮਾ ਲੈਂਦੇ ਹਨ ਕਿ ਆਪਣਾ ਖਰਚਾ ਚੁੱਕ ਸਕਣ ਜਦਕਿ ਮੈਂ ਸਿਰਫ ਆਪਣੇ ਘਰਦਿਆਂ ਤੇ ਨਿਰਭਰ ਹਾਂ, ਉਹ ਵੀ ਇਸ ਲਈ ਕਿ ਮੈਂ ਇੱਕ ਡਾਕਟਰ ਹਾਂ। ਮੈਂ ਸਕਾਲਰ ਅਤੇ ਸਕੂਲਿੰਗ ਰੈਪੂਟੇਡ ਕਾਲਜ ਗਾਂਧੀ ਮੈਡੀਕਲ ਕਾਲਜ ਅਤੇ ਸੈਂਟ੍ਰਲ ਸਕੂਲ ਤੋਂ ਕੀਤੀ ਹੈ ਮੈਂ ਇੰਡੈਕਸ ਕਾਲਜ ਵਰਗੀ ਫਰਜੀ ਸੰਸਥਾ ਪਹਿਲੋਂ ਕਿਤੇ ਨਹੀਂ ਵੇਖੀ ਸੀ। ਇੱਥੇ ਕੋਈ ਇੰਫਾਸਟਰਕਚਰ ਅਤੇ ਪ੍ਰਬੰਧ ਡਾਕਟਰਾਂ ਅਤੇ ਮਰੀਜ਼ਾਂ ਦੇ ਸੰਬੰਧੀਆਂ ਲਈ ਨਹੀਂ ਹੈ। ਇਹਨਾਂ ਨੇ ਹੁਣ ਵੀ ਰਿਸ਼ਵਤ ਅਤੇ ਧਮਕੀ ਦੇ ਕੇ ਐਸ ਸੀ ਆਈ ਦੀ ਮਾਨਤਾ ਹਾਸਲ ਕੀਤੀ ਹੈ। ਮਾਨਤਾ ਦੌਰਾਨ ਮੈਂ ਖੁਦ ਇਹਨਾਂ ਦੇ ਸਲਾਹਕਾਰ ਦੇ ਫਰਜੀ ਸਾਈਨ ਵੇਖੇ ਹਨ। ਇਹ ਲੋਕ ਸਿਰਫ ਪੀਜੀ ਵਿਦਿਆਰਥੀ ਨੂੰ ਜਲੀਲ ਕਰਨ ਵਿੱਚ ਲੱਗੇ ਹੋਏ ਹਨ ਅਤੇ ਖੁਦ ਦੀ ਨਾਕਾਮੀ ਦਾ ਕਸੂਰ ਸਾਡੇ ਤੇ ਸੁੱਟ ਫੀਸ ਵਧਾਉਂਦੇ ਹਨ ਅਤੇ ਆਏ ਦਿਨ ਸਾਡਾ ਸਟਾਈਫੰਡ ਕੱਟਦੇ ਰਹਿੰਦੇ ਹਨ।

ਅੱਧੀ ਰਾਤ ਨੂੰ ਇਹਨਾਂ ਦੇ ਇਸ਼ਾਰੇ ਤੇ ਸ਼ਰਾਬ ਪੀ ਕੇ ਕੁਝ ਲੋਕ ਵਿਦਿਆਰਥੀਆਂ ਕੋਲ ਭੇਜੇ ਜਾਂਦੇ ਹਨ ਅਤੇ ਲੋਕ ਕੋਰੇ ਕਾਗਜਾਂ ਤੇ ਸਾਈਨ ਮੰਗਦੇ ਹਨ। ਜੋ ਪੀ ਜੀ ਵਿਦਿਆਰਥੀ ਸਾਈਨ ਕਰਨੋਂ ਮਨ੍ਹਾਂ ਕਰ ਦਿੰਦਾ ਹੈ ਉਸ ਤੇ ਅਗਲੇ ਦਿਨ ਮੈਡੀਕਲ ਸੁਪਰਡੈਂਟ ਬਿਨ੍ਹਾਂ ਗੱਲੋਂ ਹਜ਼ਾਰਾਂ ਰੁਪਇਆਂ ਦਾ ਜੁਰਮਾਨਾ ਲਾ ਦਿੰਦਾ ਹੈ। ਇਹ ਅਸਹਿਣਯੋਗ ਹੈ ਮੈਂ ਇੰਨੀ ਜਲੀਲ ਹੋ ਕੇ ਲੁੱਟ ਸਹਿੰਦੀ ਹੋਈ ਇੰਨੇ ਦਬਾਅ ਵਿੱਚ ਕੰਮ ਅਤੇ ਪੜ੍ਹਾਈ ਨਹੀਂ ਕਰ ਸਕਦੀ। ਇਸ ਲਈ ਮੈਂ ਇਸ ਤੋਂ ਮੁਕਤ ਹੋਣ ਦਾ ਫੈਸਲਾ ਕਰਿਆ ਹੈ ? ਮੈਂ ਹਮੇਸ਼ਾਂ ਇਹਨਾਂ ਲੋਕਾਂ ਨਾਲ ਨਹੀਂ ਲੜ ਸਕਦੀ।

ਮੈਂ ਜਾਣਦੀ ਹਾਂ ਮੈਂ ਭਦੌਰੀਆ ਦੇ ਸਾਹਮਣੇ ਬਹੁਤ ਨਿੱਕੀ ਹਾਂ ਪਰ ਮੈਂ ਆਪਣੇ ਮਾਂ ਪਿਉ ਅਤੇ ਪਰਿਵਾਰ ਨੂੰ ਕਰਜ਼ ਅਤੇ ਲੋਨ ਦੇ ਬੋਝ ਤਲੇ ਨਹੀਂ ਵੇਖਣਾ ਚਾਹੁੰਦੀ। ਮੇਰੀ ਇੱਕੋ ਆਖਰੀ ਇੱਛਾ ਹੈ ਕਿ ਭਦੌਰੀਆ ਨੂੰ ਇਸਦੇ ਬਦਲੇ ਵਿੱਚ ਸਜ਼ਾ ਮਿਲਣੀ ਚਾਹੀਦੀ ਹੈ ਅਤੇ ਮੇਰੇ ਪਰਿਵਾਰ ਨੂੰ ਮੇਰੀ ਪੂਰੀ ਫੀਸ ਵਾਪਸ ਕੀਤੀ ਜਾਣੀ ਚਾਹੀਦੀ ਹੈ। ਅਤੇ ਮੇਰੇ ਨਾਲ ਪੜ੍ਹਨ ਵਾਲੇ ਪੀਜੀ ਵਿਦਿਆਰਥੀਆਂ ਨੂੰ ਬੇਨਤੀ ਹੈ ਕਿ ਅਖੀਰ ਤੱਕ ਇੱਕਜੁੱਟ ਰਹਿ ਕੇ ਇੱਕ ਦੂਜੇ ਦੀ ਮਦਦ ਕਰਦੇ ਰਹੋ। ਪਲੀਜ਼ ਇਸ ਕਾਲਜ ਨੂੰ ਬੰਦ ਕਰੋ ਜਿੱਥੇ ਮਰੀਜ਼ਾਂ ਦੀ ਜਿੰਦਗੀ ਅਤੇ ਕਾਲਜ ਸਟੂਡੈਂਟ ਦੇ ਕੈਰੀਅਰ ਦਾ ਖ਼ਾਤਮਾ ਕੀਤਾ ਜਾਂਦਾ ਹੈ।”

**(ਹਿੰਦੀ ਤੋਂ ਪੰਜਾਬੀ ਅਨੁਵਾਦ - ਬਲਤੇਜ)**

# ਆਰਥਿਕ ਮੰਦੀ, ਕਰਜ-ਜਾਲ ਅਤੇ ਅਮਰੀਕਾ ਦੀ ਚੁੰਗਲ ’ਚ ਫਸਿਆ ਅਰਜਨਟੀਨਾ



ਮਨਦੀਪ

ਸਾਲ 2015 ਦੀਆਂ ਚੋਣਾਂ ਦੌਰਾਨ ਅਰਜਨਟੀਨਾ ਵਿਚ ਦੋ ਵੱਡੇ ਸਾਂਝੇ ਮੋਰਚੇ ‘ਕਾਂਬੀਆਮੋਸ’ (ਪੀਆਰਓ, ਯੂਸੀਆਰ ਤੇ ਸੀਸੀ ਤਿੰਨ ਪਾਰਟੀਆਂ ਦਾ ਗੱਠਬੰਧਨ) ਅਤੇ ‘ਫਰੰਟ ਫੌਰ ਵਿਕਟਰੀ’ (ਖੱਬੀਆਂ ਪਾਰਟੀਆਂ ਦਾ ਸਾਂਝਾ ਮੋਰਚਾ) ਚੋਣ ਮੈਦਾਨ ਵਿਚ ਆਹਮੋ-ਸਾਹਮਣੇ ਸਨ। ਕਾਂਬੀਆਮੋਸ ਗੱਠਬੰਧਨ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਮੁਰਸੀਓ ਮਾਕਰੀ ਅਤੇ ਫਰੰਟ ਫੌਰ ਵਿਕਟਰੀ ਦੇ ਰਾਸ਼ਟਰਪਤੀ ਅਹੁਦੇ ਦੇ ਦਾਅਵੇਦਾਰ ਅਰਜਨਟੀਨਾ ਦੀ ਲਗਾਤਾਰ ਦੋ ਵਾਰ (2007-11 ਤੋਂ 2011-2015) ਰਾਸ਼ਟਰਪਤੀ ਰਹਿ ਚੁੱਕੀ ਕ੍ਰਿਸਟੀਨਾ ਫਰਨਾਡੇਜ ਦਾ ਚਹੇਤਾ ਦਨੀਅਲ ਓਸਵਾਦਲੋ ਸਿਓਲੀ ਸੀ। ਕ੍ਰਿਸਟੀਨਾ ਤੋਂ ਪਹਿਲਾਂ ਉਸਦੇ ਪਤੀ ਨਿਸਟਰ ਕਿਰਚਨਿਰ (2003 ਤੋਂ 2007) ਰਾਸ਼ਟਰਪਤੀ ਦੇ ਅਹੁਦੇ ਤੇ ਬਿਰਾਜਮਾਨ ਰਹੇ। ਕਾਂਬੀਆਮੋਸ ਮੋਰਚੇ ਦੇ ਰਾਸ਼ਟਰਪਤੀ ਅਹੁਦੇ ਦੇ ਦਾਅਵੇਦਾਰ ਮੁਰਸੀਓ ਮਾਕਰੀ ਨੇ ਆਪਣੀ ਚੋਣ ਮੁਹਿੰਮ ਦੌਰਾਨ ਅਰਜਨਟੀਨਾ ਦੀ ਆਰਥਿਕ ਦਸ਼ਾ ਦੇ ਲਗਾਤਾਰ ਨਿਘਰਨ ਦਾ ਮੁੱਖ ਕਾਰਨ ਸਮਾਜਵਾਦੀ ਸਰਕਾਰ ਦੀਆਂ ਆਰਥਿਕ ਨੀਤੀਆਂ ਨੂੰ ਦੱਸਿਆ। ਇਸ ਲਈ ਉਸਨੇ ਸੰਸਾਰ ਬੈਂਕ ਅਤੇ ਆਈਐਮਐਫ ਨਾਲ ਮਿਲਕੇ ਦੇਸ਼ ਦੀ ਆਰਥਿਕਤਾ ਨੂੰ ਮਜਬੂਤ ਕਰਨ ਲਈ ਲੰਮੇ ਸਮੇਂ ਤੋਂ ਲੱਗੀਆਂ ਆਰਥਿਕ ਰੋਕਾਂ ਨੂੰ ਖੋਲ੍ਹਣ, ਨਵੇਂ ਫੰਡ ਜੁਟਾਉਣ, ਆਈਐਮਐਫ ਦੀ ਅਰਜਨਟੀਨਾ ਦੀ ਆਰਥਿਕਤਾ ਵਿਚ ਦਖਲਅੰਦਾਜੀ ਨੂੰ ਦੇਸ਼ ਲਈ ਹਿੱਤਕਾਰੀ ਹੋਣ, ਪਹਿਲੇ ਹੀ ਸਾਲ ਦੇਸ਼ ਦੇ ਕੁੱਲ ਵਿੱਤੀ ਘਾਟੇ ’ਚ ਸੁਧਾਰ ਲਿਆਉਣ, ਉਦਯੋਗਿਕ ਖੇਤਰਾਂ ਵਿਚ ਵਿਦੇਸ਼ੀ ਨਿਵੇਸ਼ ਵਧਾਉਣ, ਰੁਜਗਾਰ ਦੇ ਮੌਕੇ ਪੈਦਾ ਕਰਨ, ਲਗਾਤਾਰ ਵੱਧਦੀ ਜਾ ਰਹੀ ਮਹਿੰਗਾਈ ਨੂੰ ਨੱਥ ਪਾਉਣ, ਘੱਟ ਵਿਆਜ ਦਰਾਂ ਤੇ ਕਰਜੇ ਦੇਣ, ਸਿਹਤ ਤੇ ਸਿੱਖਿਆ ਦੇ ਖੇਤਰ ’ਚ ਨਿੱਜੀ ਨਿਵੇਸ਼ ਨੂੰ ਉਤਸ਼ਾਹਿਤ ਕਰਨ, ਭ੍ਰਿਸ਼ਟਾਚਾਰ ਨੂੰ ਖਤਮ ਕਰਨ ਆਦਿ ਵਰਗੇ ਅਨੇਕਾਂ ਵਾਅਦੇ ਕੀਤੇ ਸਨ। ਉਸਨੇ ਖੱਬੇਪੱਖੀ ਸਰਕਾਰ ਦੀਆਂ ਆਰਥਿਕ ਨੀਤੀਆਂ ਅਤੇ ਸਿਆਸਤ ਉੱਤੇ ਨਿਸ਼ਾਨਾ ਸਾਧਦਿਆਂ ਐਲਾਨਿਆ ਤੌਰ ਤੇ ਨਵਉਦਾਰਵਾਦੀ ਆਰਥਿਕ ਨੀਤੀਆਂ ਦੀ ਤਰਫਦਾਰੀ ਕੀਤੀ। ਇਸਤੋਂ ਇਲਾਵਾ ਉਸਨੇ ਅਰਜਨਟੀਨਾ ਦੀ ਆਰਥਿਕਾ ਨੂੰ ਮੁੜ ਪੈਰਾਂ ਸਿਰ ਕਰਨ ਲਈ ਅਨੇਕਾਂ ਜੁਮਲਿਆਂ ਦਾ ਸਹਾਰਾ ਲਿਆ। ਇਨ੍ਹਾਂ ਵਿਚ ਔਰਤ ਹੱਕਾਂ ਦੀ ਰਾਖੀ, ਪੈਨਸ਼ਨਾਂ ਦਰਾਂ ’ਚ ਵਾਧਾ ਅਤੇ ਉਦਯੋਗਿਕ ਵਿਕਾਸ ਦੇ ਜੁਮਲੇ ਮੁੱਖ ਸਨ। ਅਰਜਨਟੀਨਾ ਦੀ ਖੱਬੇਪੱਖੀ ਹਕੂਮਤ ਦੇ ਇਕ ਦਹਾਕੇ ਤੋਂ ਉਪਰ ਲਗਾਤਾਰ ਸੱਤਾ ’ਚ ਰਹਿਣ (2003-2015) ਤੋਂ ਅੱਕੇ ਲੋਕਾਂ ਅਤੇ ਮੁਰਸੀਓ ਮਾਕਰੀ ਨੂੰ ਹਾਸਲ ਅਮਰੀਕੀ ਸਾਮਰਾਜੀ ਸਹਿਯੋਗ ਕਾਰਨ ਸਾਲ 2015 ਦੇ ਚੋਣ ਨਤੀਜੇ ਕ੍ਰਿਸਟੀਨਾ ਦੀ ਅਗਵਾਈ ਵਾਲੀ ਖੱਬੇਪੱਖੀ ਸਰਕਾਰ ਲਈ ਨਾਮੋਸ਼ੀ ਵਾਲੇ ਰਹੇ।

ਮੁਰਸੀਓ ਮਾਕਰੀ ਨੇ ਸੱਤਾ ਦੀ ਕੁਰਸੀ ਤੇ ਬੈਠਣ ਸਾਰ ਆਪਣੇ ਨਵਉਦਾਰਵਾਦੀ ਏਜੰਡੇ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ। ਮਾਕਰੀ ਨੇ ਸੱਤਾ ਤੇ ਬਿਰਾਜਮਾਨ ਹੋਣ ਸਾਰ ਪਹਿਲੇ ਮਹੀਨੇ ਹੀ ਇਕ ਲੱਖ ਤੋਂ ਉੱਪਰ ਮੁਲਾਜਮਾਂ ਤੇ ਕਾਮਿਆਂ ਦੀ ਛਾਂਟੀ ਕਰ ਦਿੱਤੀ। ਬਜੁਰਗਾਂ, ਔਰਤਾਂ ਅਤੇ ਨਵਜੰਮੇ ਬੱਚਿਆਂ ਨੂੰ ਦਿੱਤੀਆਂ ਜਾਂਦੀਆਂ ਸਰਕਾਰੀ ਪੈਨਸ਼ਨਾਂ ਵਿਚ ਕਟੌਤੀ ਕਰ ਦਿੱਤੀ ਗਈ। ਮਿਊਸੀਪਲ ਕਮੇਟੀਆਂ ਨੂੰ ਦਿੱਤੇ ਜਾਂਦੇ ਸਰਕਾਰੀ ਫੰਡਾਂ ਨੂੰ ਘਟਾ ਦਿੱਤਾ। ਸਰਕਾਰੀ ਸਬਸਿਡੀਆਂ ’ਚ ਵੱਡੇ ਕੱਟ ਲਾ ਦਿੱਤੇ ਗਏ। ਗਰਭਪਾਤ ਦਾ ਅਧਿਕਾਰ (ਭਾਵੇਂ ਬਾਅਦ ’ਚ 14 ਜੂਨ 2018 ਨੂੰ ਔਰਤਾਂ ਦੇ ਸੰਘਰਸ਼ ਅੱਗੇ ਝੁਕਦਿਆਂ ਇਹ ਬਿੱਲ ਔਰਤਾਂ ਦੇ ਹੱਕ ’ਚ ਪਾਸ ਕਰਨਾ ਪਿਆ) ਮੰਗ ਰਹੀਆਂ ਔਰਤਾਂ ਦੇ ਬਿੱਲ ਨੂੰ ਨਾਮਨਜੂਰ ਕਰਨ ਅਤੇ ਉਹਨਾਂ ਦੇ ਵਿਰੋਧ ਨੂੰ ਸਰਕਾਰੀ ਜਬਰ ਨਾਲ ਕੁਚਲਣ ਦੀਆਂ ਕਾਰਵਾਈਆਂ ਆਰੰਭ ਕਰ ਦਿੱਤੀਆਂ। ਭ੍ਰਿਸ਼ਟਾਚਾਰ ਖਤਮ ਕਰਨ ਦਾ ਦਾਅਵਾ ਕਰਨ ਵਾਲੇ ਰਾਸ਼ਟਰਪਤੀ ਮਾਕਰੀ ਦਾ ਨਾਮ ਪਨਾਮਾ ਪੇਪਰਾਂ ਵਿਚ ਟੈਕਸ ਚੋਰੀ ਕਰਨ ਦੇ ਮਾਮਲੇ ’ਚ ਅਰਜਨਟੀਨਾ ਦੇ ਫੁੱਟਬਾਲ ਖਿਡਾਰੀ ਲਿਓਨਲ ਮੈਸੀ ਤੋਂ ਵੀ ਉਪਰ ਪਹਿਲੇ ਨੰਬਰ ਤੇ ਗੂੰਜ ਉੱਠਿਆ। ਉਸਦੇ ਸ਼ਾਸਨ ਕਾਲ ਦੇ ਦੂਜੇ ਸਾਲ (2017) ਅੰਦਰ ਮਹਿੰਗਾਈ ਦੀ ਦਰ 20% ਤੋਂ ਵੱਧ ਕੇ 40% ਤੱਕ ਅੱਪੜ ਗਈ। ਉਸਦੀ ਅਗਵਾਈ ਵਾਲੀ ਸਰਕਾਰ ਦਾ ਪਹਿਲਾ ਵਿੱਤੀ ਬਜਟ ਘਾਟੇ ਵਾਲਾ ਰਿਹਾ। ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਦੇ ਮੁਕਾਬਲੇ ਵਿੱਤੀ ਘਾਟਾ ਪਿਛਲੇ ਡੇਢ ਦਹਾਕੇ ਦੇ ਇਤਿਹਾਸ ਚੋਂ ਸਭ ਤੋਂ ਘੱਟ ਰਿਹਾ। ਸਿੱਧੇ ਵਿਦੇਸ਼ੀ ਨਿਵੇਸ਼ ਦੇ ਬੂਹੇ ਖੋਲ੍ਹਣ ਦੇ ਬਾਵਜੂਦ ਵਿਦੇਸ਼ੀ ਨਿਵੇਸ਼ਕਾਂ ਨੇ ਅਰਜਨਟੀਨਾ ਦੀ ਮੰਡੀ ਵਿਚ ਨਿਵੇਸ਼ ਕਰਨ ਵੱਲ ਕੋਈ ਖਾਸ ਰੁਚੀ ਨਹੀਂ ਵਿਖਾਈ। ਨਿਵੇਸ਼ਕ ਅਰਜਨਟੀਨਾ ਦੀ ਕਰੰਸੀ ਦੀ ਅਸਥਿਰਤਾ ਨੂੰ ਦੇਖਦਿਆਂ ਨਿਵੇਸ਼ ਕਰਨ ਤੋਂ ਕੰਨੀ ਕਤਰਾ ਰਹੇ ਸਨ। ਐਨਾ ਸਭ ਕੁਝ ਕਰਨ ਦੇ ਬਾਵਜੂਦ ਆਈਐਮਐਫ ਤੇ ਸੰਸਾਰ ਬੈਂਕ ਮਾਕਰੀ ਦੁਆਰਾ ਨਵੇਂ ਆਰਥਿਕ ਸੁਧਾਰਾਂ ਲਈ ਉਸ ਵੱਲੋਂ ਚੁੱਕੇ ਜਾ ਰਹੇ ਕਦਮਾਂ ਤੋਂ ਨਾਖੁਸ਼ ਸੀ। ਤਿੰਨ ਵਰ੍ਹਿਆਂ ਦੌਰਾਨ ਮਾਕਰੀ ਦੇ ਰੋਲ ਮਾਡਲ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਮਾਕਰੀ ਦੁਆਰਾ ਵਾਰ-ਵਾਰ ਨਿਉਤੇ ਦੇਣ ਦੇ ਬਾਵਜੂਦ ਅਰਜਨਟੀਨਾ ਫੇਰੀ ਨਹੀਂ ਪਾਈ। ਅਸਲ ਵਿਚ ਆਈਐਮਐਫ ਤੇ ਸੰਸਾਰ ਬੈਂਕ ਅਰਜਨਟੀਨਾ ਅੰਦਰ ਆਰਥਿਕ ਸੁਧਾਰਾਂ ਲਈ ਤੇਜੀ ਨਾਲ ਅਤੇ ਹਰ ਕੀਮਤ ਤੇ ਜਮੀਂ ਸਾਜਗਰ ਕਰਨ ਲਈ ਮਾਕਰੀ ਉੱਤੇ ਦਬਾਅ ਪਾ ਰਹੇ ਸਨ। ਦੂਜੇ ਪਾਸੇ ਮਾੜੀ ਤੇ ਅਸਥਿਰ ਆਰਥਿਕਤਾ ਕਾਰਨ ਦੇਸ਼ ਅੰਦਰ ਪੈਦਾ ਹੋਈ ਉਪਰਾਮਤਾ ਅਤੇ ਵੱਧ ਰਹੇ ਲੋਕ ਰੋਹ ਦਾ ਵੀ ਮਾਕਰੀ ਉਪਰ ਦਬਾਅ ਸੀ। ਇਸ ਦੌਰਾਨ ਆਈਐਮਐਫ ਤੇ ਸੰਸਾਰ ਬੈਂਕ ਨੇ ‘ਵੇਟ ਐਂਡ ਵਾੱਚ’ ਦੀ ਨੀਤੀ ਤੇ ਚੱਲਦਿਆਂ ਆਪਣੇ ਪ੍ਰਭਾਵ ਵਾਲੇ ਨਿਵੇਸ਼ਕਾਂ ਤੇ ਕਾਰਪੋਰੇਸ਼ਨਾਂ ਨੂੰ ਅਰਜਨਟੀਨਾ ਦੀ ਮੰਡੀ ’ਚ ਨਿਵੇਸ਼ ਕਰਨ ਤੋਂ ਗੁਰੇਜ ਕਰਨ ਦੀਆਂ ਹਦਾਇਤਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਆਪਣੇ ਵੱਲੋਂ ਦਿੱਤੇ ਜਾਂਦੇ ਫੰਡਾਂ ਅਤੇ ਸਬਸਿਡੀਆਂ ਉੱਤੇ ਰੋਕ ਲਗਾ ਦਿੱਤੀ। ਇਸਦਾ ਹਸ਼ਰ ਇਹ ਹੋਇਆ ਕਿ ਮਈ 2018 ਦੇ ਪਹਿਲੇ ਦੋ ਹਫਤਿਆਂ ਵਿਚ ਹੀ ਅਰਜਨਟੀਨਾ ਦੀ ਆਰਥਿਕਤਾ ਆਪਣੇ ਦੌਰ ਦੇ ਵੱਡੇ ਆਰਥਿਕ ਮੰਦਵਾੜੇ ਵਿਚ ਘਿਰ ਗਈ। ਦੋ ਹਫਤਿਆਂ ਵਿਚ ਹੀ ਅਰਜਨਟੀਨਾ ਦੀ ਕਰੰਸੀ ਪੈਸੋ (ਫਓਸ਼ੋਂ) ਡਾਲਰ ਦੇ ਮੁਕਾਬਲੇ 7% ਤੱਕ ਲੁੜਕ ਗਈ। ਸ਼ੇਅਰ ਬਾਜਾਰ ਅਤੇ ਸੱਟਾ ਮਾਰਕਿਟ ਵਿਚ ਅਫਰਾ ਤਫਰੀ ਮੱਚ ਗਈ। ਰੀਅਲ ਅਸਟੇਟ ਦਾ ਸਾਰਾ ਕਾਰੋਬਾਰ ਠੱਪ ਹੋ ਗਿਆ। ਨਿਵੇਸ਼ਕ ਅਰਜਨਟੀਨਾ ਦੀ ਮੰਡੀ ਤੋਂ ਕਿਨਾਰਾ ਕਰ ਗਏ। ਵੱਡੇ ਉਦਯੋਗਿਕ ਖੇਤਰਾਂ ਵਿਚੋਂ ਲੱਖਾਂ ਕਾਮੇ ਵਿਹਲੇ ਕਰ ਦਿੱਤੇ ਗਏ। ਲੋਕਾਂ ਦੀ ਖਰੀਦ ਸ਼ਕਤੀ ਘੱਟਣ ਕਾਰਨ ਬਾਜ਼ਾਰ ਖਾਲੀ ਖੜਕਣ ਲੱਗੇ। ਉਤਪਾਦਨ ਲੜੀ ’ਚ ਆਈ ਰੁਕਾਵਟ ਨੇ ਸਨਅਤਕਾਰਾਂ ਵਿਚ ਬੇਚੈਨੀ ਪੈਦਾ ਕਰ ਦਿੱਤੀ। ਦੂਜੇ ਪਾਸੇ ਵੱਡੀਆਂ ਮੱਛੀਆਂ ਨੇ ਨਿੱਤ ਵਰਤੋਂ ਦੀਆਂ ਵਸਤਾਂ ਦੀ ਜਖ਼ੀਰੇਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ। ਰਾਤੋ-ਰਾਤ ਵਸਤਾਂ ਦੀਆਂ ਕੀਮਤਾਂ ਅਸਮਾਨ ਛੋਹ ਗਈਆਂ। ਅਰਜਨਟੀਨਾ ਦੀ ਕੇਂਦਰੀ ਬੈਂਕ ਨੇ ਵਿਆਜ ਦਰਾਂ ’ਚ ਬੇਤਹਾਸ਼ਾ ਵਾਧਾ ਕਰ ਦਿੱਤਾ। ਸੈਂਟਰਲ ਬੈਂਕ ਨੇ ਮਈ ਮਹੀਨੇ ਦੇ ਕੇਵਲ ਅੱਠ ਦਿਨਾਂ ’ਚ ਤਿੰਨ ਵਾਰ ਵਿਆਜ ਦਰਾਂ ’ਚ 40% ਵਾਧਾ ਕਰ ਦਿੱਤਾ। ਵਿਆਜ ਦਰਾਂ ਦੇ ਇਸ ਵਾਧੇ ਨੇ ਨਿਵੇਸ਼ਕਾਂ ਨੂੰ ਨਿਵੇਸ਼ ਲਈ ਹੋਰ ਵੱਧ ਨਿਰਉਤਸ਼ਾਹਿਤ ਕੀਤਾ। ਵਿਆਜ ਦਰਾਂ ਦੇ ਇਸ ਵਾਧੇ ਨੇ ਬਾਜਾਰ ਅੰਦਰ ਇਕ ਉਭਾਰ ਖੜਾ ਕਰ ਦਿੱਤਾ ਹੈ। ਸਥਾਨਕ ਕਰੰਸੀ ਦੀ ਗਿਰਾਵਟ ਅਤੇ ਵਿਆਜ ਦਰਾਂ ਦੇ ਵਾਧੇ ਕਾਰਨ ਡਾਲਰ ਦੀ ਪੁੱਗਤ ਹੋਰ ਵੱਧ ਗਈ। ਕਾਰੋਬਾਰੀਆਂ ਤੇ ਹੋਰ ਰੱਜੇ-ਪੁੱਜੇ ਕੁਲੀਨ ਤਬਕੇ ਨੇ ਡਾਲਰ ਦਾ ਭੰਡਾਰ ਕਰਨਾ ਸ਼ੁਰੂ ਕਰ ਦਿੱਤਾ। ਇਸ ਭੰਡਾਰ ਨੇ ਸਥਾਨਕ ਕਰੰਸੀ ਨੂੰ ਹੋਰ ਸੰਕਟ ਖੜ੍ਹਾ ਕਰ ਦਿੱਤਾ। ਲੋਕਾਂ ਵਿਚ ਲਗਾਤਾਰ ਮਾਕਰੀ ਸਰਕਾਰ ਖ਼ਿਲਾਫ਼ ਰੋਹ ਵੱਧਣ ਲੱਗਾ। 2019 ਦੀਆਂ ਚੋਣਾਂ ਸਿਰ ਤੇ ਹੋਣ ਕਰਕੇ ਅਤੇ ਆਰਥਿਕ ਖੇਤਰ ਵਿਚ ਪੈਦਾ ਹੋਈ ਅਰਾਜਕਤਾ ਕਾਰਨ ਮਾਕਰੀ ਵਾਰ-ਵਾਰ ਵਿਸ਼ੇਸ਼ ਰਾਹਤ ਪੈਕਜ ਲੈਣ ਲਈ ਆਈਐਮਐਫ ਦੀਆਂ ਲੇਲ੍ਹੜੀਆਂ ਕੱਢਣ ਲੱਗਾ ਪਰੰਤੂ ਆਈਐਮਐਫ ਨੇ ਇਸ ਸੰਕਟ ਦੀ ਘੜੀ ਵਿਚ ਮਾਕਰੀ ਦੀ ਬਾਂਹ ਫੜਨ ਤੋਂ ਇਨਕਾਰ ਕਰ ਦਿੱਤਾ। ਇਸ ਦੌਰਾਨ ਮਾਕਰੀ ਸਰਕਾਰ ਅਤੇ ਆਈਐਮਐਫ ਵਿਚ ਸੌਦੇਬਾਜੀ ਦਾ ਲਗਾਤਾਰ ਇਕ ਗੇੜ ਸ਼ੁਰੂ ਹੋ ਗਿਆ। ਮਾਕਰੀ ਆਈਐਮਐਫ ਦੀਆਂ ਸ਼ਰਤਾਂ ਤਹਿਤ ਵਿਸ਼ੇਸ਼ ਰਾਹਤ ਪੈਕਜ ਤੇ ਕਰਜਾ ਹਾਸਲ ਕਰਨ ਦੀ ਕਵਾਇਦ ਵਿਚ ਲੱਗਾ ਰਿਹਾ ਅਤੇ ਆਈਐਮਐਫ ਅਰਜਨਟੀਨਾ ਦੀਆਂ ਆਰਥਿਕ ਨੀਤੀਆਂ ਵਿਚ ਵੱਧ ਤੋਂ ਵੱਧ ਦਖ਼ਲਅੰਦਾਜੀ ਦਾ ਪ੍ਰਸਤਾਵ ਰੱਖਦੀ ਰਹੀ। ਸੰਕਟ ਦੀ ਇਸ ਘੜੀ ਦਾ ਲਾਹਾ ਲੈਣ ਅਤੇ ਮਾਕਰੀ ਸਰਕਾਰ ਨੂੰ ਆਪਣੀਆਂ ਸ਼ਰਤਾਂ ‘ਤੇ ਲਿਆਉਣ ਲਈ ਆਈਐਮਐਫ ਨੇ ਅਰਜਨਟੀਨਾ ਦਾ ਪਿਛਲੇ ਦੋ ਸੌ ਸਾਲ ਦਾ ਵਹੀ-ਖਾਤਾ ਖੋਲ੍ਹ ਲਿਆ। ਆਈਐਮਐਫ ਨੇ ਅਰਜਨਟੀਨਾ ਦਾ ਪਿਛਲਾ ਸਾਰਾ ਕਰਜ਼ਾ ਦਿਖਾਉਂਦਿਆਂ ਅਰਜਨਟੀਨਾ ਦੇ ਅੱਠ ਵਾਰ ਡਿਫਾਲਟਰ ਹੋਣ ਦਾ ਸਾਰਾ ਰਿਕਾਰਡ ਸਾਹਮਣੇ ਰੱਖ ਦਿੱਤਾ। ਸੰਕਟ ’ਚ ਘਿਰੀ ਮਾਕਰੀ ਸਰਕਾਰ ਨੇ ਮਈ ਮਹੀਨੇ ਦੇ ਅਖੀਰ ’ਚ ਆਈਐਮਐਫ ਅੱਗੇ ਆਪਣੇ ਗੋਢੇ ਟੇਕ ਦਿੱਤੇ। ਆਈਐਮਐਫ ਨੇ ਅਰਜਨਟੀਨਾ ਨੂੰ 50 ਬਿਲੀਅਨ ਡਾਲਰ ਦਾ ਕਰਜਾ ਦਿੰਦਿਆਂ ਅਗਲੇ ਸੌ ਸਾਲ ਲਈ ਅਰਜਨਟੀਨਾ ਦੀਆਂ ਆਰਥਿਕ ਨੀਤੀਆਂ ਵਿਚ ਸਿੱਧੀ ਦਖਲਅੰਦਾਜੀ ਦੇ ਸਮਝੌਤੇ ਸਹੀਬੱਧ ਕੀਤੇ। ਅਰਜਨਟੀਨਾ ਸਿਰ ਬਾਹਰੀ ਕਰਜੇ ਦਾ ਲਗਾਤਾਰ ਵੱਧ ਰਿਹਾ ਬੋਝ ਅਤੇ ਹਰ ਚਾਰ ਸਾਲ ਬਾਅਦ ਬਦਲ-ਬਦਲ ਕੇ ਸੱਤਾ ਤੇ ਬਿਰਾਜਮਾਨ ਹੁੰਦੀਆਂ ਆ ਰਹੀਆਂ ਸਰਕਾਰਾਂ ਦੀਆਂ ਨੀਤੀਆਂ ਕਾਰਨ ਸਾਲ 2001 ਦੇ ਸੰਕਟ ਤੋਂ ਬਾਅਦ ਚਾਲੂ ਵਰ੍ਹੇ ’ਚ ਵਿੱਤੀ ਘਾਟੇ ਦਾ ਵੱਡਾ ਸੰਕਟ ਖੜਾ ਹੋਇਆ ਹੈ। ਅਰਜਨਟੀਨਾ ਦੀ ਆਰਥਿਕਤਾ ਦੇ ਇਤਿਹਾਸ ’ਚ ਸਾਲ 2001 ਨੂੰ ਸਭ ਤੋਂ ਵੱਡੇ ਤੇ ਇਤਿਹਾਸਕ ਵਿੱਤੀ ਘਾਟੇ ਵਾਲਾ ਸਾਲ ਮੰਨਿਆ ਜਾਂਦਾ ਸੀ। ਉਸ ਸਮੇਂ ਅਰਜਨਟੀਨਾ ਬਾਹਰੀ ਕਰਜੇ ਦੀ ਤੈਅਸ਼ੁੱਦਾ ਕਿਸ਼ਤ ਦਾ ਭੁਗਤਾਨ ਨਾ ਕਰ ਸਕਣ ਕਾਰਨ ਡਿਫਾਲਟਰ ਹੋ ਗਿਆ ਸੀ। ਸੰਨ 1975 ਵਿਚ ਅਰਜਨਟੀਨਾ ਦਾ ਕੁੱਲ ਬਾਹਰੀ ਕਰਜ 4 ਬਿਲੀਅਨ ਡਾਲਰ ਸੀ ਜੋ ਕਿ 1982 ’ਚ 40 ਬਿਲੀਅਨ ਡਾਲਰ ਅਤੇ ਸਾਲ 2001 ਵਿਚ ਛੜੱਪੇ ਮਾਰ ਕੇ 140 ਬਿਲੀਅਨ ਡਾਲਰ ਤੱਕ ਜਾ ਪੁੱਜਾ ਸੀ। ਪਰੰਤੂ ਮੌਜੂਦਾ ਸੰਕਟ ਉਸਤੋਂ ਵੀ ਵੱਡਾ ਤੇ ਇਤਿਹਾਸਕ ਹੈ। ਸਾਲ 2018 ’ਚ ਅਰਜਨਟੀਨਾ 216 ਬਿਲੀਅਨ ਡਾਲਰ ਦਾ ਕਰਜਈ ਹੈ। ਪਿਛਲਾ ਕਰਜ ਚੁਕਾਉਣ ਅਤੇ ਚਾਲੂ ਵਿੱਤੀ ਘਾਟੇ ਤੋਂ ਮੁਕਤੀ ਹਾਸਲ ਕਰਨ ਲਈ ਅਰਜਨਟੀਨਾ ਆਈਐਮਐਫ ਦੇ 50 ਬਿਲੀਅਨ ਡਾਲਰ ਦੇ ਨਵੇਂ ਕਰਜ ਜਾਲ ਵਿਚ ਫਸ ਚੁੱਕਾ ਹੈ।

ਇਹਨਾਂ ਸਮਝੌਤਿਆਂ ਨੇ ਇਕ ਵਾਰ ਫਿਰ ਦਿਖਾ ਦਿੱਤਾ ਕਿ ਆਈਐਮਐਫ ਤੇ ਸੰਸਾਰ ਬੈਂਕ ਵਰਗੀਆਂ ਸੰਸਾਰ ਵਿਆਪੀ ਸੰਸਥਾਵਾਂ ਵੱਖ-ਵੱਖ ਦੇਸ਼ਾਂ ਅਤੇ ਦੇਸ਼ ਦੇ ਲੋਕਾਂ ਨੂੰ ਸੰਕਟ ਮੋਚਨ ਚੋਂ ਬਾਹਰ ਕੱਢਣ ਲਈ ਸੇਵਾਵਾਂ ਪ੍ਰਦਾਨ ਨਹੀਂ ਕਰਦੀਆਂ ਬਲਕਿ ਸੰਕਟ ਇਹਨਾਂ ਸੰਸਥਾਵਾਂ ਲਈ ਵਰਦਾਨ ਹਨ। ਇਹ ਸੰਕਟਾਂ ਦਾ ਵਪਾਰ ਕਰਦੀਆਂ ਹਨ। ਗਰੀਬ ਦੇਸ਼ਾਂ ਦੀਆਂ ਆਰਥਿਕ ਨਾਕਾਬੰਦੀਆਂ ਕਰਕੇ ਅਤੇ ਕਰਜ-ਜਾਲ ਬੁਣਕੇ ਉਹਨਾਂ ਨੂੰ ਆਪਣੀਆਂ ਤਬਾਹਕੁੰਨ ਸ਼ਰਤਾਂ ਮੰਨਣ ਲਈ ਮਜਬੂਰ ਕਰਦੀਆਂ ਹਨ। ਲਾਤੀਨੀ ਅਮਰੀਕਾ ਦੇ ਦਰਜਨਾਂ ਦੇਸ਼ਾਂ ਦਾ ਇਹੀ ਇਤਿਹਾਸ ਹੈ। ਇੱਥੋਂ ਦੇ ਵੈਨਜ਼ੂਏਲਾ, ਪੀਰੂ, ਚਿੱਲੀ ਆਦਿ ਦੇਸ਼ਾਂ ਦੀਆਂ ਅਮਰੀਕੀ ਸਾਮਰਾਜ ਵਿਰੋਧੀ ਖੱਬੇਪੱਖੀ ਸਰਕਾਰਾਂ ਤੇ ਨੇਤਾਵਾਂ ਨੇ ਭਾਵੇਂ ਲੰਮਾ ਸਮਾਂ ਆਈਐਮਐਫ ਤੇ ਸੰਸਾਰ ਬੈਂਕ ਦੀਆਂ ਆਰਥਿਕ ਨੀਤੀਆਂ ਤੋਂ ਆਪਣੇ ਦੇਸ਼ਾਂ ਨੂੰ ਬੇਲਾਗ ਰੱਖਿਆ ਪਰ ਇਨ੍ਹਾਂ ਦੇਸ਼ਾਂ ਨੇ ਦਰੁਸਤ ਮਾਰਕਸਵਾਦ-ਲੈਨਿਨਵਾਦ-ਮਾਓਵਾਦੀ ਵਿਚਾਰਧਾਰਾ ਅਪਣਾਅ ਕੇ ਆਰਥਿਕ ਸਿਆਸੀ ਢਾਂਚੇ ਵਿੱਚ ਬੁਨਿਆਦੀ ਤਬਦੀਲੀਆਂ ਰਾਹੀਂ ਪੂੰਜੀਵਾਦ ਨੂੰ ਖ਼ਤਮ ਕਰਕੇ ਸਮਾਜਵਾਦ ਨਹੀਂ ਉਸਾਰਿਆ ਅਤੇ ਇਹ ਸਰਕਾਰਾਂ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਨੂੰ ਨਹੀਂ ਨਜਿੱਠ ਸਕੀਆਂ ਉਧਰ ਅਮਰੀਕੀ ਸ਼ਹਿ ਪ੍ਰਾਪਤ ਆਈਐਮਐਫ, ਸੰਸਾਰ ਬੈਂਕ ਅਤੇ ਸੀਆਈਏ ਨੇ ਜਿੱਥੇ ਇਨ੍ਹਾਂ ਦੇਸ਼ਾਂ ਵਿਚ ਆਰਥਿਕ ਨਾਕਾਬੰਦੀ ਕਰਕੇ ਇਹਨਾਂ ਮੁਲਕਾਂ ਵਿਚ ਅਰਾਜਕਤਾ ਫੈਲਾਉਣ ਦੇ ਯਤਨ ਕੀਤੇ ਅਤੇ ਇਨ੍ਹਾਂ ਮੁਲਕਾਂ ਵਿਚ ਫੌਜੀ ਰਾਜਪਲਟੇ, ਕੱਠਪੁਤਲੀ ਸਰਕਾਰਾਂ ਤੇ ਸਿੱਧੇ ਹਮਲੇ ਕਰਨ ਦਾ ਰਾਹ ਵੀ ਅਖਤਿਆਰ ਕੀਤਾ। ਇਸਨੇ ਆਰਥਿਕ ਸੰਕਟ ਖੜ੍ਹਾ ਕਰਕੇ ਇਹਨਾਂ ਮੁਲਕਾਂ ਨੂੰ ਮੋਟੇ ਕਰਜੇ ਮੁਹੱਈਆ ਕਰਕੇ ਆਪਣੇ ਕਰਜ-ਜਾਲ ਵਿਚ ਫਸਾਇਆ। ਕਰਜ-ਜਾਲ ’ਚ ਫਸੇ ਇਹਨਾਂ ਮੁਲਕਾਂ ਨੂੰ ਕਰਜ ਦਾ ਭੁਗਤਾਨ ਨਾ ਕਰਨ ਦੀ ਸੂਰਤ ’ਚ ਘੁਰਕੀਆਂ ਦਿੰਦਿਆਂ ਇਥੋਂ ਦੇ ਆਰਥਿਕ ਖੇਤਰ ਵਿਚ ਦਖਲਅੰਦਾਜੀ ਕਰਨ ਦੇ ਅਖਤਿਆਰ ਹਾਸਲ ਕੀਤੇ। ਹਾਲੀਆ ਅਰਜਨਟੀਨਾ ਵਿਚ ਵੀ ਉਹਨਾਂ ਇਹੀ ਮਾਡਲ ਲਾਗੂ ਕੀਤਾ ਹੈ। ਇਹ ਮਾਡਲ ਜਿੱਥੇ-ਜਿੱਥੇ ਵੀ ਲਾਗੂ ਕੀਤਾ, ਜਿੱਥੇ-ਜਿੱਥੇ ਵੀ ਆਈਐਮਐਫ ਦੀ ਦਖਲਅੰਦਾਜੀ ਹੋਈ ਉਹਨਾਂ ਦੇਸ਼ਾਂ ਦਾ ਇਤਿਹਾਸ ਦਰਸਾਉਂਦਾ ਹੈ ਕਿ ਉਹ ਦੇਸ਼ ਦੁਆਰਾ ਮੁੜ ਆਪਣੇ ਪੈਰਾਂ ਤੇ ਖੜ੍ਹੇ ਨਹੀਂ ਹੋਏ। ਉਹ ਦਹਾਕਿਆਂ ਤੋਂ ਕਰਜ-ਜਾਲ ਵਿਚ ਫਸੇ ਚੱਲੇ ਆ ਰਹੇ ਹਨ। ਅਰਜਨਟੀਨਾ ਵੀ ਘੱਟੋ-ਘੱਟ ਅਗਲੇ ਸੌ ਸਾਲ ਲਈ ਇਸ ਭਿਆਨਕ ਹੋਣੀ ਲਈ ਸਰਾਪਿਆ ਗਿਆ ਹੈ। ਨਵਉਦਾਰਵਾਦੀ ਨੀਤੀਆਂ ਦੀ ਐਲਾਨਿਆ ਝੰਡਾਬਰਦਾਰ ਕਾਂਬਿਆਮੋਸ ਮੋਰਚੇ ਨੇ ਦੇਸ਼ ਨੂੰ ਆਈਐਮਐਫ ਅੱਗੇ ਗਿਰਵੀ ਰੱਖਕੇ ਦੇਸ਼ ਦੇ ਲੋਕਾਂ ਉੱਪਰ ਕਰਜੇ ਦਾ ਵੱਡਾ ਬੋਝ ਲੱਦ ਦਿੱਤਾ ਹੈ। ਆਈਐਮਐਫ ਨਾਲ ਸਹੀਬੰਦ ਕੀਤੇ ਇਨ੍ਹਾਂ ਸਮਝੌਤਿਆਂ ਲਈ ਜਿੱਥੇ ਮਾਕਰੀ ਸਰਕਾਰ ਜਿੰਮੇਵਾਰ ਹੈ ਉੱਥੇ ਲੰਮਾ ਸਮਾਂ ਸੱਤਾ ’ਚ ਰਹੀ ਫਰਨਾਡੇਜ ਪਰਿਵਾਰ ਦੀ ਅਗਵਾਈ ਵਾਲੀ ਖੱਬੇਪੱਖੀ ਸਰਕਾਰ ਵੀ ਮੌਜੂਦਾ ਸੰਕਟ ਦੇ ਦੋਸ਼ਾਂ ਤੋਂ ਬਰੀ ਨਹੀਂ ਕੀਤੀ ਜਾ ਸਕਦੀ। ਇਹ ਸੰਕਟ ਦਰਸਾਉਂਦਾ ਹੈ ਕਿ ਅਰਜਨਟੀਨਾ ’ਚ ਖੱਬੇਪੱਖੀ ਵਿਚਾਰਧਾਰਾ ਦੇ ਪ੍ਰਭਾਵ ਵਾਲੀਆਂ ਸਰਕਾਰਾਂ ਵੀ ਆਪਣਾ ਲੋਕਪੱਖੀ ਮਾਡਲ ਉਸਾਰਨ ਵਿਚ ਬੁਰੀ ਤਰ੍ਹਾਂ ਨਾਕਾਮਯਾਬ ਰਹੀਆਂ ਹਨ। ਉਹ ਆਪਣਾ ਲੋਕਪੱਖੀ ਪ੍ਰਭਾਵ ਗੁਆ ਚੁੱਕੀਆਂ ਹਨ। ਲੋਕਾਂ ਲਈ ਮੌਜੂਦਾ ਆਰਥਿਕ ਸੰਕਟ ਦੀਆਂ ਪੈਦਾ ਕੀਤੀਆਂ ਮੁਸ਼ਕਲਾਂ ਦੌਰਾਨ ਖੱਬਾ ਮੁਹਾਜ ਸੱਜੇਪੱਖ ਖਿਲਾਫ ਵਿਰੋਧ ਦੀ ਕੋਈ ਲੋਕ ਲਹਿਰ ਖੜੀ ਨਹੀਂ ਕਰ ਪਾ ਰਿਹਾ। ਭਾਵੇਂ 2019 ਦੀਆਂ ਚੋਣਾਂ ’ਚ ਅਰਜਨਟੀਨਾ ਦੇ ਲੋਕ ਕਿਸੇ ਤੀਜੇ ਬਦਲ ਦੀ ਤਲਾਸ਼ ’ਚ ਹਨ ਪਰ ਆਈਐਮਐਫ ਤੇ ਸੰਸਾਰ ਬੈਂਕ ਨੂੰ ਇਸ ਸੱਤਾ ਬਦਲੀ ਨਾਲ ਬਹੁਤਾ ਫਰਕ ਨਹੀਂ ਪੈਣ ਵਾਲਾ। ਇਸ ਤਰ੍ਹਾਂ ਅਰਜਨਟਾਈਨਾ ਇਕ ਵਾਰ ਫਿਰ ਅਮਰੀਕੀ ਸਾਮਰਜਵਾਦ ਦੀ ਚੁੰਗਲ ਵਿੱਚ ਫਸ ਗਿਆ ਹੈ।

### ਦਲਿਤਾਂ ’ਤੇ ਜ਼ਬਰ ਵਿਰੋਧੀ ਕਾਨਫਰੰਸ ਮਜ਼ਦੂਰਾਂ ’ਚ ਨਵੀਂ ਚਿਣਗ ਛੇੜ ਗਈ

# ਦਲਿਤਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਉਣ ਨਾਲ ਹੀ ਬਰਾਬਰਤਾ ਦਾ ਸਮਾਜ ਸਿਰਜਿਆ ਜਾ ਸਕਦੈ

ਸ਼ਾਹਕੋਟ : ਦਲਿਤਾਂ ’ਤੇ ਜ਼ਬਰ ਵਿਰੋਧੀ ਮੁਹਿੰਮ ਕਮੇਟੀ ਪੰਜਾਬ ਅਤੇ ਇਲਾਕਾ ਕਮੇਟੀ ਦੇ ਸਾਂਝ ਸੱਦੇ ’ਤੇ ਅੱਜ ਮਲਸੀਆਂ ਦੇ ਇਕ ਪੈਲਸ ’ਚ ਦਲਿਤਾਂ ’ਤੇ ਜ਼ਬਰ ਵਿਰੋਧੀ ਕਰਵਾਈ ਗਈ ਕਾਨਫਰੰਸ ਵਿਚ ਇਲਾਕੇ ਦੇ ਮਜ਼ਦੂਰ ਮਰਦਾਂ ਅਤੇ ਔਰਤਾਂ ਨੇ ਵੱਡੀ ਗਿਣਤੀ ’ਚ ਪੂਰੇ ਜ਼ੋਸੋ-ਖਰੋਸ਼ ਨਾਲ ਸ਼ਮੂਲੀਅਤ ਕੀਤੀ।

ਕਾਨਫਰੰਸ ਦੇ ਸ਼ੁਰੂ ’ਚ ਦਲਿਤ ਹਿੱਤਾਂ ਖਾਤਿਰ ਅਤੇ ਬ੍ਰਾਬਰਤਾ ਦਾ ਸਮਾਜ ਸਿਰਜਣ ਲਈ ਆਪਣੀਆਂ ਜਾਨਾਂ ਨਿਸਾਵਰ ਕਰਨ ਵਾਲੇ ਆਗੂਆਂ ਨੂੰ ਦੋ ਮਿੰਟ ਦਾ ਮੋਨ ਰੱਖਕੇ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਕਾਨਫਰੰਸ ’ਚ ਉਸ ਸਮੇਂ ਮਾਹੌਲ ਗਮਗੀਨ ਤੇ ਗੁੱਸੇ ਵਾਲਾ ਬਣ ਗਿਆ ਜਦੋਂ ਪਿੰਡ ਤਲਵੰਡੀ ਸਲੇਮ ਵਿਚ ਕੁਝ ਦਿਨ ਪਹਿਲਾ ਕਤਨ ਕੀਤੇ ਗਏ ਪਿਓ-ਪੁੱਤਰ ਦੇ ਪੀੜਤ ਪਰਿਵਾਰਿਕ ਮੈਂਬਰਾਂ ਨੇ ਕਾਨਫਰੰਸ ਵਿਚ ਸ਼ਮੂਲੀਅਤ ਕੀਤੀ। ਕਾਨਫਰੰਸ ਨੇ ਦਲਿਤਾਂ ਦੇ ਹੋਏ ਇਸ ਦੋਹਰੇ ਕਤਲ ਨੂੰ ਗੰਭੀਰਤਾ ਨਾਲ ਲੈਂਦਿਆਂ ਉਨ੍ਹਾਂ ਦੇ ਕਾਤਲਾਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ। ਕਾਨਫਰੰਸ ’ਚ ਮੰਗ ਕੀਤੀ ਗਈ ਕਿ ਪੀੜਤ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ, ਪਰਿਵਾਰ ਨੂੰ ਢੁਕਵਾ ਮੁਆਵਜਾ ਦਿੱਤਾ ਜਾਵੇ, ਸੁਪਰੀਮ ਕੋਰਟ ਦੁਆਰਾ ਐਸ.ਸੀ./ਐਸ.ਟੀ ਐਕਟ ਨੂੰ ਬੇਅਸਰ ਕਰਨ ਵਾਲਾ ਫੈਸਲਾ ਵਾਪਿਸ ਲਿਆ ਜਾਵੇ, ਦਲਿਤਾਂ ’ਤੇ ਜ਼ਬਰ ਢਾਹੁਣ ਦੇ ਦੋਸ਼ੀਆਂ ਨੂੰ ਮਿਸਾਲੀ ਸਜਾਵਾਂ ਦੇਣ ਦਾ ਪ੍ਰਬੰਧ ਕੀਤਾ ਜਾਵੇ, ਨੌਕਰੀਆਂ ਦੇ ਰਾਖਵੇਂਕਰਨ ਵਿਰੋਧੀ ਚਲਾਈ ਜਾ ਰਹੀ ਮੁਹਿੰਮ ਨੂੰ ਬੰਦ ਕੀਤਾ ਜਾਵੇ, 2 ਅਪਰੈਲ ਨੂੰ ਭਾਰਤ ਬੰਦ ਦੌਰਾਨ ਦਲਿਤਾਂ ’ਤੇ ਦਰਜ ਕੀਤੇ ਮੁਕੱਦਮੇ ਰੱਦ ਕੀਤੇ ਜਾਣ, ਜ਼ਮੀਨ ਦੀ ਮੁੜ ਵੰਡ ਕਰਕੇ ਦਲਿਤਾਂ ਨੂੰ ਜ਼ਮੀਨਾਂ ਦੇ ਮਾਲਿਕ ਬਣਾਇਆ ਜਾਵੇ ਅਤੇ ਸਭ ਲਈ ਸਿੱਖਿਆ ਤੇ ਸਿਹਤ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਵੇ।

ਕਾਨਫਰੰਸ ਨੂੰ ਕਮੇਟੀ ਦੇ ਸੂਬਾਈ ਕਨਵੀਨਰ ਲਛਮਣ ਸਿੰਘ ਸੇਵੇਵਾਲਾ ਅਤੇ ਕਮੇਟੀ ਮੈਂਬਰ ਹਰਮੇਸ਼ ਮਾਲੜੀ, ਝੰਡਾ ਸਿੰਘ ਜੇਠੂਕੇ, ਡਾ. ਪਰਮਿੰਦਰ ਸਿੰਘ, ਅਮੋਲਕ ਸਿੰਘ, ਦਿੱਲੀ ਤੋਂ ਵਿਸ਼ੇਸ਼ ਤੌਰ ’ਤੇ ਪਹੁੰਚੇ ਡਾ ਨਵਸ਼ਰਨ ਕੌਰ, ਡਾ. ਸਾਹਿਬ ਸਿੰਘ, ਗੁਰਮੀਤ ਕੜਿਆਲਵੀ, ਸੁਰਿੰਦਰ ਕੁਮਾਰੀ ਕੋਛੜ, ਪ੍ਰੋ. ਤਰਸੇਮ ਸਾਗਰ ਅਤੇ ਸਵਰਨ ਸਿੰਘ ਕਲਿਆਣ ਨੇ ਸੰਬੋਧਨ ਕਰਦੇ ਕਿਹਾ ਕਿ ਸਦੀਆਂ ਤੋਂ ਜਾਤੀ-ਪਾਤੀ ਸੰਗਲਾਂ ’ਚ ਨੂੜੇ ਦਲਿਤਾਂ ਖਿਲਾਫ 1947 ਦੀ ਸੱਤਾ ਬਦਲੀ ਦੇ ਬਾਵਜੂਦ ਵੀ ਜਾਤੀ-ਪਾਤੀ ਨਫਰਤ, ਵਿਤਕਰੇ ਅਤੇ ਜ਼ਬਰ ਦਾ ਅਮਲ ਅਜੇ ਤੱਕ ਵੀ ਨਿਰੰਤਰ ਜਾਰੀ ਹੈ। ਦਲਿਤਾਂ ’ਤੇ ਜ਼ਬਰ ਦਾ ਕੁਹਾੜਾ ਭਾਜਪਾ ਵੱਲੋਂ ਕੇਂਦਰ ਤੇ ਕਈ ਸੂਬਿਆਂ ਵਿਚ ਸੱਤਾ ਤੇ ਕਾਬਜ ਹੋਣ ਤੋਂ ਬਾਅਦ ਹੋਰ ਵੀ ਤੇਜ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਜਾਤਪਾਤ ਦਾ ਪ੍ਰਬੰਧ ਇਕ ਅਜਿਹਾ ਕੋਹੜ ਹੈ,ਜੋ ਦਲਿਤਾਂ ਨੂੰ ਮਨੱਖ ਵਜੋਂ ਵੀ ਪ੍ਰਵਾਨ ਨਹੀ ਕਰਦਾ। ਉਨ੍ਹਾਂ ਕਿਹਾ ਕਿ ਦਲਿਤਾਂ ਨੂੰ ਬਰਾਬਰ ਦਾ ਦਰਜਾ ਦੇਣ ਲਈ ਉਨ੍ਹਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ ਜਾਵੇ ਅਤੇ ਬਾਕੀ ਪੇਂਡੂ ਕਿਰਤੀਆਂ ਦੀ ਜ਼ਮੀਨੀ ਤੋਟ ਪੂਰੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਚੱਲ ਰਹੇ ਸੰਘਰਸ਼ ਦੇਸ਼ ਦੇ ਕਿਰਤੀ ਲੋਕਾਂ ਲਈ ਇਕ ਚਾਨਣ ਮੁਨਾਰਾ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਦਲਿਤ ਹੁਣ ਆਪਣੇ ਪੁੱਤਾਂ ਤੇ ਧੀਆਂ ਲਈ ਧਾਰਮਿਕ ਸਥਾਨਾਂ ਤੇ ਸਿਰਫ ਸੁਖਾਂ ਹੀ ਨਹੀ ਸੁਖਣਗੇ। ਉਹ ਹੁਣ ਆਪਣੇ ਹੱਕ ਹਾਸ਼ਿਲ ਕਰਨ ਲਈ ਸੰਘਰਸ਼ਾਂ ’ਚ ਮੋਹਰੀ ਰੋਲ ਅਦਾ ਕਰਨਗੇ। ਉਨ੍ਹਾਂ ਕਿਹਾ ਕਿ ਨਿਜੀਕਰਨ ਦੀਆਂ ਨੀਤੀਆਂ ਨੂੰ ਤਿਆਗਣ ਨਾਲ ਹੀ ਨੌਜਵਾਨਾਂ ਨੂੰ ਰੁਜ਼ਗਾਰ ਦੀ ਗਰੰਟੀ ਮਿਲ ਸਕਦੀ ਹੈ। ਇਸ ਮੌਕੇ ’ਤੇ ਮਾਨਵਤਾ ਕਲਾਂ ਮੰਚ ਨਗਰ (ਪਲਸ ਮੰਚ) ਦੀ ਨਾਟਕ ਟੀਮ ਵੱਲੋਂ ਨਿਰਦੇਸ਼ਕ ਜਸਵਿੰਦਰ ਪੱਪੀ ਦੀ ਨਿਰਦੇਸ਼ਨਾ ਹੇਠ ਇਨਕਲਾਬੀ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ। ਕਾਨਫਰੰਸ ਵਿਚ ਜੋਰਾ ਸਿੰਘ ਨਸਰਾਲੀ, ਹਰਜਿੰਦਰ ਸਿੰਘ, ਗੁਰਮੀਤ ਸਿੰਘ ਕੋਟਲੀ, ਹੰਸਾ ਸਿੰਘ, ਤੀਰਥ ਰਸੂਲਪੁਰੀ, ਅਸ਼ਵਨੀ ਕੁਮਾਰ ਘੁੱਦਾ, ਯਸ਼ਪਾਲ, ਡਾ ਮੰਗਤ ਔਜਲਾ,ਰਾਮ ਸਵਰਨ ਲੱਖੇਵਾਲੀ, ਮਲਾਗਰ ਸਿੰਘ ਖਮਾਣੋ, ਲਵਿੰਦਰ ਸਿੰਘ, ਜਗਸੀਰ ਜੀਦਾ ਅਤੇ ਜਸਵੀਰ ਸਿੰਘ ਸ਼ੀਰਾ ਤੋਂ ਇਲਾਵਾ ਵੱਡੀ ਗਿਣਤੀ ’ਚ ਖੇਤ ਮਜ਼ਦੂਰ, ਕਿਸਾਨ, ਮੁਲਾਜ਼ਮ ਅਤੇ ਅਗਾਂਹਵਧੂ ਸੋਚ ਦੇ ਧਾਰਨੀ ਲੋਕ ਹਾਜ਼ਰ ਸਨ।

# ਬਾਲ ਨਾਟਕ ਦਾ ਸੁਨੇਹਾ : ਅਸੀਂ ਨਹੀਂ ਬਣਾਂਗੇ ਇਨਸਾਨ







ਕੈਲਗਰੀ: 'ਅਸੀਂ ਨਹੀਂ ਬਣਾਂਗੇ ਇਨਸਾਨ' ਇਹ ਸੁਨੇਹਾ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਕਰਵਾਏ ਗਏ 'ਬਾਲ ਨਾਟਕ' ਸਮਾਗਮ ਵਿੱਚ ਛੋਟੇ-ਛੋਟੇ ਬੱਚਿਆਂ ਵਲੋਂ ਕੈਲਗਰੀ ਪਬਲਿਕ ਲਾਇਬ੍ਰੇਰੀ ਦੇ 'ਜੌਹਨ ਡਟਨ ਥੀਏਟਰ' ਵਿੱਚ ਖੇਡੇ ਨਾਟਕ ਰਾਹੀਂ ਦਿੱਤਾ ਗਿਆ। ਪ੍ਰੌਗਰੈਸਿਵ ਕਲਾ ਮੰਚ ਵਲੋਂ ਤਕਰੀਬਨ ਇੱਕ ਮਹੀਨੇ ਦੀ ਵਰਕਸ਼ਾਪ ਰਾਹੀਂ ਨਿਵੇਕਲਾ ਉਪਰਾਲਾ ਕਰਦੇ ਹੋਏ, ਕਨੇਡੀਅਨ ਬੌਰਨ ਬੱਚਿਆਂ ਤੋਂ ਇਹ ਡਰਾਮਾ ਕਰਵਾਇਆ ਗਿਆ। ਸਮਾਗਮ ਦੇ ਸ਼ੁਰੂ ਵਿੱਚ ਸਾਰੇ ਕਲਾਕਾਰਾਂ ਵਲੋਂ ਸਭਾ ਦੇ ਬਾਨੀ ਪ੍ਰਧਾਨ ਸੋਹਣ ਮਾਨ ਨੂੰ ਸ਼ਰਧਾਜਲੀ ਭੇਟ ਕੀਤੀ। ਇਸ ਮੌਕੇ 'ਤੇ ਬਾਲ ਕਲਕਾਰਾਂ ਪੁਨੀਤ ਢੱਡਾ, ਪ੍ਰਭਲੀਨ ਗਰੇਵਾਲ, ਰਿਸ਼ਮ ਸ਼ਰਮਾ ਆਦਿ ਨੇ ਬਹੁਤ ਪ੍ਰਭਾਵਸ਼ਾਲੀ ਕਵਿਤਾਵਾਂ ਪੜ੍ਹੀਆਂ। ਦੋ ਬੱਚੀਆਂ ਅਮਰੀਤ ਤੇ ਅਰਸ਼ਪ੍ਰੀਤ ਨੇ ਸਟੇਜ ਦੀਆਂ ਸੇਵਾਵਾਂ ਬੜੀ ਬਾਖੂਬੀ ਪੰਜਾਬੀ ਵਿੱਚ ਨਿਭਾਈਆਂ। ਨੰਨ੍ਹੇ ਕਲਾਕਾਰਾਂ ਵਲੋਂ ਘਟੀਆ ਤੇ ਗੰਦੇ ਗੀਤ ਗਾਉਣ ਵਾਲੇ ਗਾਇਕਾਂ ਨੂੰ ਫਿਟਕਾਰ ਪਾਉਂਦੀ ਕੋਰੀਉਗਰਾਫੀ 'ਉਹ ਜੱਟ ਕਿਹੜੇ ਪਿੰਡ ਰਹਿੰਦਾ ਹੈ...' ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤੀ। ਜਿਸਨੇ ਅਜਿਹੇ ਗੀਤ ਸੁਣਨ ਵਾਲੇ ਦਰਸ਼ਕਾਂ ਲਈ ਸਵਾਲ ਖੜਾ ਕੀਤਾ ਕਿ ਇਸ ਲਈ ਤੁਸੀਂ ਵੀ ਜ਼ਿੰਮੇਵਾਰ ਹੋ। 'ਲੋਕ ਕਲ੍ਹਾ ਮੰਚ ਮੁੱਲਾਂਪੁਰ' ਦੇ ਸੁਰਿੰਦਰ ਸ਼ਰਮਾ ਨੇ ਗਿਰਾਵਟ ਵੱਲ ਜਾ ਰਹੇ ਪੰਜਾਬੀ ਸਭਿਆਚਾਰ ਬਾਰੇ ਜਿਥੇ ਆਪਣੇ ਭਾਵਪੂਰਤ ਵਿਚਾਰ ਰੱਖੇ, ਉਥੇ ਗੰਦੇ ਤੇ ਘਟੀਆ ਗੀਤ ਗਾਉਣ ਵਾਲਿਆਂ ਦਾ ਵਿਰੋਧ ਕਰਨ ਦਾ ਸੱਦਾ ਵੀ ਦਿੱਤਾ। ਹਿੰਦੀ ਕਵੀ ਸ਼੍ਰੀਧਰ ਦੀ ਕਵਿਤਾ 'ਲਗਤਾ ਹੈ ਜੰਗਲ ਮੇਂ ਚੁਨਾਵ ਆਨੇ ਵਾਲਾ ਹੈ' ਦੇ ਅਧਾਰਿਤ ਤੇ ਸੁਰਿੰਦਰ ਸ਼ਰਮਾ ਦੀ ਨਿਰਦੇਸ਼ਨਾ ਹੇਠ ਕੈਨੇਡੀਅਨ ਬੌਰਨ ਬੱਚਿਆਂ ਵਲੋਂ ਖੇਡੇ ਗਏ ਨਾਟਕ 'ਅਸੀਂ ਨਹੀਂ ਬਣਨਾ ਇਨਸਾਨ' ਨੇ ਗੰਦੀ ਹੋ ਰਹੀ ਸਿਆਸਤ ਤੇ ਕਰਾਰੀ ਚੋਟ ਕੀਤੀ। ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਕਲਚਰਲ ਵਿੰਗ ਦੇ ਕੁਆਡੀਨੇਟਰ ਕਮਲਪ੍ਰੀਤ ਪੰਧੇਰ ਨੇ ਆਪਣੇ ਪ੍ਰਭਾਵਸ਼ਾਲੀ ਭਾਸ਼ਨ ਵਿੱਚ ਵੋਟ ਬਟੋਰੂ ਪਾਰਟੀਆਂ ਦੇ ਲੋਕ ਵਿਰੋਧੀ ਕਿਰਦਾਰ ਨੂੰ ਖੂਬ ਨੰਗਾ ਕੀਤਾ। ਉਨ੍ਹਾਂ ਸੁਨੇਹਾ ਦਿੱਤਾ ਕਿ ਪਾਰਟੀਆਂ ਜਾਂ ਵਿਅਕਤੀਆਂ ਦੇ ਬਦਲਣ ਨਾਲ ਕੁਝ ਵੀ ਬਦਲਣ ਵਾਲਾ ਨਹੀਂ, ਜਦੋਂ ਤੱਕ ਸਮੁੱਚਾ ਲੋਕ ਵਿਰੋਧੀ ਨਿਜ਼ਾਮ ਨਹੀਂ ਬਦਲਦਾ।ਇਸ ਮੌਕੇ ਯੂਨੀਵਰਸਿਟੀ ਆਫ ਕੈਲਗਰੀ ਦੇ ਵਿਦਿਆਰਥੀ ਜਸਕਰਨ ਪੁਰਬਾ ਵਲੋਂ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਵਿਸ਼ੇਸ਼ ਪਰਚਾ ਪੜ੍ਹਿਆ ਗਿਆ।ਇਸ ਬਾਲ ਨਾਟਕ ਸਮਾਗਮ ਦੀ ਇੱਕ ਵਿਸ਼ੇਸ਼ਤਾ ਇਹ ਵੀ ਸੀ ਕਿ ਸਾਰੇ ਸਮਾਗਮ ਤੇ ਪ੍ਰਬੰਧਾਂ ਨੂੰ ਲੜਕੀਆਂ ਦੀ ਟੀਮ ਵਲੋਂ ਕਾਮਯਾਬੀ ਨਾਲ ਨਿਭਾਇਆ ਗਿਆ। ਅਖੀਰ ਵਿੱਚ ਬੱਚਿਆਂ ਵਲੋਂ ਨਸ਼ਿਆਂ ਵਿੱਚ ਗਲਤਾਨ ਹੋ ਰਹੀ ਨੌਜਵਾਨੀ ਬਾਰੇ ਨਾਟ ਉਪੇਰਾ ਪੇਸ਼ ਕੀਤਾ ਗਿਆ, ਜਿਸ ਵਿੱਚ ਨੌਜਵਾਨ ਕਲਾਕਾਰਾਂ ਰਿਸ਼ਮ ਸ਼ਰਮਾ ਤੇ ਸਿਧਾਂਤ ਸਿੰਘ ਵਲੋਂ ਪ੍ਰਭਾਵਸ਼ਾਲੀ ਅਦਾਕਾਰੀ ਰਾਹੀਂ ਦਰਸ਼ਕਾਂ ਦੀਆਂ ਭੁੱਬਾਂ ਕਢਾ ਦਿੱਤੀਆਂ। ਇਸ ਮੌਕੇ ਤੇ 'ਵਰਲਡ ਪਾਵਲਿਫਟਿੰਗ ਚੈਂਪੀਅਨਸ਼ਿਪ' ਵਿੱਚ ਇੰਡੀਆ ਤੋਂ ਸ਼ਾਮਲ ਹੋਣ ਆਈ ਟੀਮ ਦੇ ਕੋਚਾਂ ਸਤੀਸ਼ ਕੁਮਾਰ ਤੇ ਰਤਨ ਬਸਕ ਅਤੇ ਲੋਕ ਕਲਾ ਮੰਚ ਦੇ ਸੁਰਿੰਦਰ ਸ਼ਰਮਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਦੀ ਇੱਕ ਖਾਸ ਖਿੱਚ ਦਾ ਕੇਂਦਰ ਬੱਚਿਆਂ ਵਲੋਂ ਨਸ਼ਿਆਂ ਤੇ ਘਰੇਲੂ ਹਿੰਸਾ ਬਾਰੇ ਲਗਾਈ ਗਈ ਪੋਸਟਰ ਪ੍ਰਦਰਸ਼ਨੀ ਸੀ, ਜਿਸਨੂੰ ਦਰਸ਼ਕਾਂ ਨੇ ਨੀਝ ਨਾਲ ਦੇਖਿਆ ਤੇ ਸਭਾ ਵਲੋਂ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਮਾਸਟਰ ਭਜਨ ਸਿੰਘ ਤੇ ਸਾਥੀਆਂ ਵਲੋਂ ਅਗਾਂਹਵਧੂ, ਵਿਗਿਆਨਕ, ਮਾਰਕਸਵਾਦੀ ਤੇ ਤਰਕਸ਼ੀਲ ਕਿਤਾਬਾਂ ਦਾ ਸਟਾਲ ਲਗਾਇਆ ਗਿਆ।


Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange Decoration Party Rentals
Customer satisfaction is our pride!
VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.
403-835-2762 or 29 DREAM (37326)
Special Packages Available For All Occasions

Revolutionary Punjabi Poet BABA NAJMI Canada Tour
An Evening with Punjabi Poet Baba Najmi
ਬਾਬੀਮਜਨ ਮਾਸ਼ ਕਇ ਲਾਨ
بابا نجمی کے ساتھ ایک شام
FRIDAY JULY 20, 2018 6.00 PM
Venue: Indian Ex-Servicemen Immigration Association Hall - 4774 Westwinds Dr NE, Calgary
Committee of Progressive Pakistani Canadians
Progressive Cultural Association Calgary
PCCA, Alberta
Shaheed Bhagat Singh Book Centre
Baba Najmi and other progressive author's books for sale

HMP
ਐਚ. ਐਮ. ਪੀ. ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
HMP Professional Construction Ltd.
- ਗੈਰਾਜ ਡੋਰ ਰਿਪੇਅਰ - ਰੂਫਿੰਗ - ਫੈਂਸ
- ਨਵੇਂ ਘਰਾਂ ਦੀ ਫਰੇਮਿੰਗ - ਡੈਕ
- ਪੁਰਾਣੇ ਘਰ ਐਕਸਟੈਂਸ਼ਨ ਦੇ ਮਾਹਿਰ
- ਨਵੇਂ ਗੈਰਾਜ - ਬੇਸਮੈਂਟ
Free Estimate Best Prices!
Paul Sekhon
www.hmphome.com
403 701 4947

Jagwant Gill
Sales Representive
- Home
- Investment
- Business
For Free Consultation
Rai Realty Ltd.
Jagwant Gill Realtor
4656-Westwinds & Calgary AB T3J 2Z5
Contact : 403-875-2392

# 9ਵਾਂ ਸਲਾਨਾ ਨਾਟਕ ਸਮਾਗਮ 29 ਸਤੰਬਰ ਸੇਂਟ ਕਾਲਜ ਦੇ ਆਰਫੀਅਸ ਥੀਏਟਰ ਵਿਚ ਹੋਵੇਗਾ

## ਮੋਹਨ ਮਾਨ ਯਾਦਗਾਰ ਐਵਾਰਡ ਦੇਣ ਦਾ ਐਲਾਨ


**ਕੈਲਗਰੀ/ਮਾ. ਭਜਨ**

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ.) ਵਲੋਂ 9ਵਾਂ ਸਲਾਨਾ ਸਭਿਆਚਾਰਕ ਨਾਟਕ ਸਮਾਗਮ 29 ਸਤੰਬਰ ਨੂੰ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ। ਇਹ ਐਲਾਨ ਪੀ.ਸੀ.ਏ. ਦੀ ਇਕ ਵਿਸ਼ੇਸ਼ ਮੀਟਿੰਗ 'ਚ ਕੀਤਾ ਗਿਆ। ਇਹ ਜਾਣਕਾਰੀ ਪ੍ਰੈਸ ਨੂੰ ਦਿੰਦਿਆਂ ਜਨਰਲ ਸਕੱਤਰ ਮਾਸਟਰ ਭਜਨ ਸਿੰਘ ਨੇ ਦੱਸਿਆ ਕਿ ਲੋਕ ਕਲਾ ਮੰਚ ਮੰਡੀ ਮੁਲਾਂਪੁਰ ਦੇ ਡਾਇਰੈਕਟਰ ਸ੍ਰੀ ਹਰਕੇਸ਼ ਚੌਧਰੀ ਇਸ ਸਮਾਗਮ ਦੀ ਨਿਰਦੇਸ਼ਨਾ ਲਈ ਵਿਸ਼ੇਸ਼ ਰੂਪ 'ਚ ਕੈਨੇਡਾ ਪੁੱਜ ਰਹੇ ਹਨ।

ਨਾਟਕ 29 ਸਤੰਬਰ ਸ਼ਨੀਵਾਰ ਨੂੰ ਦੁਪਹਿਰ 1 ਵਜੇ ਸੇਂਟ ਕਲਜ ਦੇ ਆਰਫੀਅਸ ਥੀਏਟਰ ਵਿਚ ਹੋਵੇਗਾ। ਇਸ ਵਿਚ ਦੋ ਨਾਟਕ, ਕੋਰੀਓਗ੍ਰਾਫ਼ੀਆਂ ਅਤੇ ਪ੍ਰੋਗਰਾਮ ਦੀ ਰੂਪ ਰੇਖਾ ਛੇਤੀ ਹੀ ਜਾਰੀ ਕਰ ਦਿਤੀ ਜਾਵੇਗਾ। ਐਸੋਸੀਏਸ਼ਨ ਦੇ ਬਾਨੀ ਪ੍ਰਧਾਨ ਸੋਹਨ ਮਾਨ ਦੀ ਨਿੱਘੀ ਯਾਦ ਵਿਚ ਜਥੇਬੰਦੀ ਵਲੋਂ ਐਲਾਨਿਆ 'ਸੋਹਨ ਮਾਨ ਯਾਦਗਾਰ ਐਵਾਰਡ' ਕਿਸੇ ਅਜਿਹੇ ਉਸਾਰੂ ਸੰਘਰਸ਼ਸ਼ੀਲ ਲੇਖਕ, ਰੰਗਕਰਮੀ, ਪੱਤਰਕਾਰ ਆਦਿ ਨੂੰ ਦਿੱਤਾ ਜਾਵੇਗਾ। ਜੋ ਸਮਾਜ ਵਿਚ ਵਿਲੱਖਣ ਰੋਲ ਨਿਭਾ ਰਿਹਾ ਹੋਵੇ। ਇਸ ਦਾ ਫੈਸਲਾ ਐਸੋਸੀਏਸ਼ਨ ਦੀ ਅਗਲੀ ਮੀਟਿੰਗ ਵਿਚ ਕਰ ਦਿੱਤਾ ਜਾਵੇਗਾ।

17 ਜੂਨ ਨੂੰ ਡਾਊਨ ਟਾਊਨ ਲਾਇਬ੍ਰੇਰੀ (ਡਟਨ ਥੀਏਟਰ) ਵਿਖੇ ਪਹਿਲੇ ਬਾਲ ਨਾਟਕ ਸਮਾਗਮ ਨੂੰ ਸਫ਼ਲ ਕਰਨ ਲਈ ਅਸੀਂ ਮੀਡੀਆ, ਬੱਚੇ, ਮਾਪਿਆਂ ਅਤੇ ਵਲੰਟੀਅਰਜ਼ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ। ਯਾਦ ਰਹੇ ਕਿ ਇਹ ਨਾਟਕ ਔਰਤ ਕਮੇਟੀ ਦੀ ਅਗਵਾਈ ਵਿਚ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਲੋਂ ਖੇਡੇ ਗਏ ਸਨ। ਸਲਾਨਾ ਨਾਟਕ ਸਮਾਗਮ ਦੀ ਤਿਆਰੀ ਲਈ ਸ੍ਰੀ ਹਰਚਰਨ ਪਰਹਾਰ (ਸਿੱਖ ਵਿਰਸਾ) ਮੀਡੀਆ ਇੰਚਾਰਜ ਹੋਣਗੇ।

# 'ਔਰਤਾਂ ਲਈ ਪਾਕਿਸਤਾਨ ਤੇ ਸੀਰੀਆ ਨਾਲੋਂ ਵੀ ਵੱਧ ਖ਼ਤਰਨਾਕ ਹੈ ਭਾਰਤ'



'ਪਾਕਿਸਤਾਨ, ਸੀਰੀਆ ਤੇ ਅਫ਼ਗਾਨਿਸਤਾਨ ਨਾਲੋਂ ਵੀ ਜ਼ਿਆਦਾ ਭਾਰਤ ਔਰਤਾਂ ਲਈ ਖ਼ਤਰਨਾਕ ਦੇਸ ਹੈ' ਇਹ ਦਾਅਵਾ ਥੋਮਸਨ ਰਿਊਟਰਜ਼ ਫਊਡੇਸ਼ਨ ਦੀ ਰਿਪੋਰਟ ਵਿੱਚ ਕੀਤਾ ਗਿਆ ਹੈ।

ਥੋਮਸਨ ਰਿਊਟਰਜ਼ ਫਾਊਡੇਸ਼ਨ ਦਾ ਅਧਿਅਨ ਸੰਯੁਕਤ ਰਾਸ਼ਟਰ ਦੇ 193 ਦੇਸਾਂ ਉੱਤੇ ਵੱਖ-ਵੱਖ ਮਾਪਦੰਡਾਂ ਦੇ ਆਧਾਰ 'ਤੇ ਕੀਤਾ ਗਿਆ ਹੈ।

ਜਿਸ ਦੇ ਤਹਿਤ ਜਿਣਸੀ ਸ਼ੋਸ਼ਣ, ਹਿੰਸਾ, ਮਨੁੱਖੀ ਤਸਕਰੀ, ਸਿਹਤ ਸੰਬੰਧੀ ਸੇਵਾਵਾਂ ਅਤੇ ਸੱਭਿਆਚਾਰਕ ਰਵਾਇਤਾਂ ਨੂੰ ਮਾਪੰਦਡ ਵਜੋਂ ਰੱਖਿਆ ਗਿਆ ਹੈ।

ਅਜਿਹੀ ਇੱਕ ਰਿਪੋਰਟ 7 ਸਾਲ ਪਹਿਲਾਂ ਵੀ ਆਈ ਸੀ, ਜਿਸ ਵਿੱਚ ਭਾਰਤ ਤੀਜੇ ਨੰਬਰ 'ਤੇ ਸੀ।

**ਜਿਣਸੀ ਸ਼ੋਸ਼ਣ** : ਜਿਣਸੀ ਸ਼ੋਸ਼ਣ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਇਸ 'ਚ ਵੀ ਭਾਰਤ ਮੋਹਰੀ ਹੈ ਯਾਨਿ ਕਿ ਔਰਤਾਂ ਲਈ ਬੇਹੱਦ ਖ਼ਤਰਨਾਕ ਦੇਸ ਹੈ।

ਇੱਥੇ ਔਰਤਾਂ ਦਾ ਜਿਣਸੀ ਸ਼ੋਸ਼ਣ, ਬਲਾਤਕਾਰ, ਕਤਲ, ਇਨਸਾਫ਼ ਦੇ ਰਾਹ ਤੱਕਦੇ ਅਦਾਲਤਾਂ 'ਚ ਪਏ ਬਲਾਤਕਾਰ ਦੇ ਮਾਮਲੇ ਅਤੇ ਡਰਾ-ਧਮਕਾ ਕੇ ਸ਼ੋਸ਼ਣ ਕਰਨ ਦੇ ਮਾਮਲਿਆਂ ਦੇ ਆਧਾਰ 'ਤੇ ਭਾਰਤ ਸਭ ਤੋਂ ਅੱਗੇ ਹੈ।

**ਮਨੁੱਖੀ ਤਸਕਰੀ** : ਮਨੁੱਖੀ ਤਸਕਰੀ ਵਿੱਚ ਵੀ ਔਰਤਾਂ ਦੀ ਤਸਕਰੀ ਨੂੰ ਲੈ ਕੇ ਭਾਰਤ ਪਹਿਲੇ ਨੰਬਰ 'ਤੇ ਹੈ।

ਰਿਪੋਰਟ ਮੁਤਾਬਕ ਘਰੇਲੂ ਗੁਲਾਮੀ, ਜਬਰਨ ਤੇ ਬੰਧੂਆ ਮਜ਼ਦੂਰੀ ਅਤੇ ਜਿਣਸੀ ਗੁਲਾਮੀ ਲਈ ਔਰਤਾਂ ਦੀ ਤਸਕਰੀ ਦੁਨੀਆਂ ਦੇ ਬਾਕੀ ਦੇਸਾਂ ਨਾਲੋਂ ਵੱਧ ਭਾਰਤ ਵਿੱਚ ਹੁੰਦੀ ਹੈ।

**ਸੱਭਿਆਚਾਰ ਦੇ ਨਾਮ 'ਤੇ ਧੱਕੇਸ਼ਾਹੀ** : ਇਸ ਵਿੱਚ ਕਈ ਕੱਟੜਪੰਥੀ ਮੁਸਲਮਾਨ ਦੇਸਾਂ ਨੂੰ ਵੀ ਪਿੱਛੇ ਛੱਡ ਕੇ ਭਾਰਤ ਨੇ ਪਹਿਲਾ ਦਰਜਾ ਹਾਸਿਲ ਕੀਤਾ ਹੈ।

ਇਸ ਸੂਚੀ ਵਿੱਚ ਅਫ਼ਗਾਨਿਸਤਾਨ ਦੂਜੇ, ਸੋਮਾਲੀਆ ਤੀਜੇ , ਪਾਕਿਸਤਾਨ ਚੌਥੇ ਅਤੇ ਸਾਊਦੀ ਅਰਬ ਪੰਜਵੇਂ ਨੰਬਰ 'ਤੇ ਹਨ।

**ਗ਼ੈਰ-ਜਿਣਸੀ ਸ਼ੋਸ਼ਣ** : ਇਸ ਤੋਂ ਇਲਾਵਾ ਗ਼ੈਰ-ਸਰੀਰਕ ਸ਼ੋਸ਼ਣ ਮਾਮਲਿਆਂ ਵਿੱਚ ਦੇਖਿਆ ਜਾਵੇ ਤਾਂ ਭਾਰਤ ਦਾ ਨੰਬਰ ਤੀਜਾ ਹੈ।

ਇਸ ਵਿੱਚ ਘਰੇਲੂ ਹਿੰਸਾ, ਸਰੀਰਕ ਅਤੇ ਮਾਨਸਿਕ ਸ਼ੋਸ਼ਣ ਦੇ ਮਾਮਲੇ ਆਉਂਦੇ ਹਨ।

**ਸਿਹਤ ਸੰਬੰਧੀ** : ਸਿਹਤ ਸੰਬੰਧੀ ਸੇਵਾਵਾਂ ਦੇ ਖੇਤਰ ਵਿੱਚ ਭਾਰਤ ਦਾ ਨੰਬਰ ਥੋੜ੍ਹਾ ਹੇਠਾਂ ਜ਼ਰੂਰ ਹੈ ਪਰ ਵਧੀਆ ਨਹੀਂ, ਰਿਪੋਰਟ ਮੁਤਾਬਕ ਭਾਰਤ ਇੱਥੇ 5ਵੇਂ ਨੰਬਰ 'ਤੇ ਹੈ।

ਇਸ ਦੇ ਅਧਿਅਨ ਦੇ ਦਾਇਰੇ ਵਿੱਚ ਸਿਹਤ ਸੰਬੰਧੀ ਖਾਮੀਆਂ, ਮੌਤ ਤੇ ਜਨਮ ਦਰ, ਜਾਗਰੂਕਤਾ ਅਤੇ ਏਡਜ਼ ਤੇ ਐੱਚਵੀਆਈ, ਪਰਿਵਾਰ ਯੋਜਨਾ ਅਤੇ ਜਿਣਸੀ ਸਮੱਸਿਆਵਾਂ ਆਦਿ ਨੂੰ ਸ਼ਾਮਿਲ ਕੀਤਾ ਗਿਆ ਹੈ।


ਅੱਠ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ। ਇਸ ਅਖ਼ਬਾਰ ਈਮੇਲ 'ਤੇ ਮੰਗਵਾਉਣ ਲਈ ਜਾਂ ਕਾਪੀ ਪ੍ਰਾਪਤ ਕਰਨ ਲਈ ਸਾਡੀ ਟੀਮ ਨਾਲ ਸੰਪਰਕ ਕਰੋ।



| ਹਰਬੰਸ ਸਿੰਘ (ਟੋਰਾਂਟੋ) | ਮਾਸਟਰ ਭਜਨ (ਕੈਲਗਰੀ) | ਸੁਖਵੀਰ ਗਰੇਵਾਲ (ਵੈਨਕੂਵਰ) | ਸੁਰਿੰਦਰ ਮਾਵੀ (ਵਿੰਨੀਪੈਗ) |
|---|---|---|---|
| 416-817-7142 | 403-455-4220 | 778-979-4978 | 204-510-6284 |

ਨੋਟ: ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਟੋਰਾਂਟੋ, ਐਡਮਿੰਟਨ ਸ਼ਹਿਰਾਂ ਤੋਂ ਮਾਰਕੀਟਿੰਗ ਲਈ ਪ੍ਰਤੀਨਧਾਂ ਦੀ ਲੋੜ ਹੈ। ਵਾਜਬ ਕਮਿਸ਼ਨ ਦਿੱਤਾ ਜਾਵੇਗਾ। ਐਡਮਿੰਟਨ ਤੋਂ ਪੱਤਰਕਾਰ ਦੀ ਵੀ ਲੋੜ ਹੈ।










# 'ਪ੍ਰੋਗ੍ਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਿਰੀ' ਵੱਲੋਂ ਕੀਤੀ ਮਾਸਿਕ ਮੀਟਿੰਗ ਸੈਮੀਨਾਰ ਹੋ ਨਿਬੜੀ














'ਪ੍ਰੋਗ੍ਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਿਰੀ' ਵੱਲੋਂ ਮਾਸਿਕ ਮੀਟਿੰਗ ਕੋਸੋਹਾਲ ਵਿਖੇ ਕਰਵਾਈ ਗਈ। ਇਸ ਮੀਟਿੰਗ ਵਿੱਚ ਸਮਾਜਿਕ, ਸੱਭਿਆਚਰਕ, ਸਿਆਸੀ ਤੇ ਸਾਹਿਤਕ ਮਸਲਿਆਂ 'ਤੇ ਵਿਚਾਰ ਚਰਚਾ ਕਰਨ ਲਈ ਰਾਜ ਧਾਲੀਵਾਲ, ਡਾ. ਕੁਲਦੀਪ (ਕੋ-ਕਨਵੀਨਰ 'ਗਿਆਨ ਪ੍ਰਸਾਰ ਸਮਾਜ' ਪੰਜਾਬ) ਅਤੇ ਸੁਰਿੰਦਰ ਸ਼ਰਮਾ (ਪ੍ਰਧਾਨ 'ਲੋਕ ਕਲਾ ਮੰਚ', ਮੰਡੀ ਮੁੱਲਾਂਪੁਰ ਪੰਜਾਬ) ਮੁੱਖ ਬੁਲਾਰਿਆਂ ਵਜੋਂ ਸ਼ਾਮਲ ਹੋਏ।

ਰਾਜ ਧਾਲੀਵਾਲ ਨੇ ਕੈਨੇਡਾ 'ਚ ਵੱਖ-ਵੱਖ ਸਮੱਸਿਆਵਾਂ ਨਾਲ਼ ਜੁਝਦੇ ਹੋਏ ਕੈਨੇਡਾ ਦੇ ਮੂਲ ਨਿਵਾਸੀਆਂ (ਨੇਟਿਵਸ) ਦੀਆਂ ਸਮੱਸਿਆਵਾਂ ਬਾਰੇ ਗੱਲ ਕਰਦੇ ਹੋਏ ਦੱਸਿਆ ਕਿ ਅਸੀਂ ਤਾਂ ਭਾਵੇਂ ਕੈਨੇਡਾ ਨੂੰ ਹੁਣ ਥੋੜ੍ਹੇ ਸਮੇਂ ਤੋਂ ਹੀ ਜਾਣਦੇ ਹਨ ਪਰ ਕੈਨੇਡਾ ਦੇ ਮੂਲ ਵਾਸੀ ਯੁੱਗਾਂ ਤੋਂ ਇੱਥੇ ਰਹਿ ਰਹੇ ਹਨ। ਪਰ ਯੂਰੋਪੀ ਬਸਤੀਵਾਦੀਆਂ ਦੀਆਂ ਕੈਨੇਡਾ ਦੇ ਕੁਦਰਤੀ ਸਾਧਨਾਂ ਤੇ ਸਰੋਤਾਂ ਲਈ ਲਲਚਾਈਆਂ ਨਜ਼ਰਾਂ ਜਦੋਂ ਕੈਨੇਡਾ ਦੀ ਧਰਤੀ 'ਤੇ ਪਈਆਂ ਤਾਂ ਉਦੋਂ ਤੋਂ ਕੈਨੇਡਾ ਦੇ ਇਹਨਾਂ ਮੂਲ ਨਿਵਾਸੀਆਂ 'ਤੇ ਮੁਸੀਬਤਾਂ ਦਾ ਪਹਾੜ ਟੁੱਟ ਪਿਆ ਅਤੇ ਉਹਨਾਂ ਦੀਆਂ ਸਮੱਸਿਆਵਾਂ ਵੱਧਦੀਆਂ-ਵੱਧਦੀਆਂ ਇੱਥੋਂ ਤੱਕ ਚਲੀਆਂ ਗਈਆਂ ਕਿ ਉਹਨਾਂ ਦੀ ਇੱਕ ਇਨਸਾਨ ਵਜੋਂ ਹੋਂਦ ਹੀ ਖ਼ਤਰੇ ਵਿੱਚ ਪੈ ਗਈ। ਰਾਜ ਧਾਲੀਵਾਲ ਨੇ ਬਹੁਤ ਸਾਰੀਆਂ ਉਦਾਹਰਨਾਂ ਅਤੇ ਵੱਖ-ਵੱਖ ਸਮੇਂ 'ਤੇ ਛਪੀਆਂ ਰਿਪੋਰਟਾਂ ਤੇ ਖੋਜ ਕਾਰਜਾਂ ਦੇ ਹਵਾਲੇ ਨਾਲ਼ ਦੱਸਿਆ ਕਿ ਕਿਸ ਤਰ੍ਹਾਂ ਬੱਚਿਆਂ ਨੂੰ ਮਾਵਾਂ ਤੋਂ ਦੂਰ ਕੀਤਾ ਗਿਆ, ਉਹਨਾਂ ਤੋਂ ਉਹਨਾਂ ਦੀ ਭਾਸ਼ਾ ਖੋਹੀ ਗਈ, ਕਿਵੇਂ ਲੋਕਾਂ ਨੂੰ ਮਾਰਿਆ ਗਿਆ ਅਤੇ ਜੋ ਬਾਕੀ ਬਚੇ ਉਹਨਾਂ ਨੂੰ ਪੈਰ-ਪੈਰ 'ਤੇ ਮਰਨ ਲਈ ਮਜ਼ਬੂਰ ਕੀਤਾ ਗਿਆ।

ਡਾ. ਕੁਲਦੀਪ ਨੇ ਸੰਸਾਰ ਅਤੇ ਭਾਰਤ ਦੇ ਸਿਆਸੀ ਹਾਲਤਾਂ 'ਤੇ ਗੱਲ ਕਰਦੇ ਹੋਏ ਕਿਹਾ ਕਿ ਅੱਜ ਅਸੀਂ ਜਿਸ ਸਮਾਜ ਵਿੱਚ ਰਹਿ ਰਹੇ ਹਾਂ ਉਹ ਪੂਰੀ ਤਰ੍ਹਾਂ ਮੁਨਾਫ਼ਾ ਕੇਂਦਰਿਤ ਸਮਾਜ ਹੈ। ਆਪਣੇ-ਆਪਣੇ ਮੁਨਾਫੇ ਵਧਾਉਣ ਲਈ ਬਹੁਤ ਸਾਰੇ ਇਜਾਰੇਦਾਰ ਘਰਾਣਿਆਂ ਵਿੱਚ ਗੱਲਵੱਢ ਮੁਕਾਬਲਾ ਚੱਲਦਾ ਹੈ, ਜਿਸਦੇ ਚੱਲਦੇ ਨਵੀਆਂ-ਨਵੀਆਂ ਮਸ਼ੀਨਾਂ ਆਉਂਦੀਆਂ ਅਤੇ ਪੈਦਾਵਾਰੀ ਪ੍ਰਕਿਰਿਆ ਵਿੱਚ ਮਸ਼ੀਨਾਂ ਆਦਿ 'ਤੇ ਖਰਚ ਵਧਣ ਕਰਕੇ ਜਿੱਥੇ ਬੇਰੁਜ਼ਗਾਰੀ ਫੈਲਦੀ ਹੈ ਉੱਥੇ ਮਜ਼ਦੂਰਾਂ ਦੀ ਉਜਰਤ ਘੱਟਦੀ ਹੈ ਅਤੇ ਮੁਨਾਫ਼ੇ ਦੀ ਦਰ ਡਿੱਗਦੀ ਹੈ। ਜਿਸ ਕਰਕੇ ਇਹ ਸਮਾਜ ਸਮੇਂ-2 'ਤੇ ਸੰਕਟਾਂ ਦਾ ਸ਼ਿਕਾਰ ਹੁੰਦਾ ਹੈ। ਇਹਨਾਂ ਸੰਕਟਾਂ ਵਿੱਚ ਬੇਰੁਜਗਾਰੀ, ਗ਼ਰੀਬੀ, ਭੁੱਖਮਰੀ ਆਦਿ ਅਲਾਮਤਾਂ ਵਿੱਚ ਵਾਧਾ ਹੁੰਦਾ ਹੈ। ਲੋਕਾਂ ਵਿੱਚ ਬੇਚੈਨੀ ਫੈਲਦੀ ਹੈ ਤਾਂ ਅਜਿਹੇ ਸਮੇਂ ਇੱਕ ਸੱਜ-ਪਿਛਾਖੜੀ ਸੱਤਾ ਸਮੇਂ ਦੇ ਹਾਕਮਾਂ ਦੀ ਲੋੜ ਬਣ ਜਾਂਦੀ ਹੈ। ਦੂਜਾ ਸਮਾਜ ਵਿੱਚ ਫੈਲੀ ਅਣਪੜ੍ਹਤਾ, ਅਗਿਆਨਤਾ, ਔਰਤ-ਵਿਰੋਧੀ ਮਾਨਸਿਕਤਾ ਤੇ ਬੀਤੇ ਦੇ ਹੇਰਵੇ ਵਾਲੀ ਮਾਨਸਿਕਤਾ ਪਿਛਾਖੜੀ ਵਿਚਾਰਧਾਰਾ ਦੇ ਫੈਲਣ ਲਈ ਅਧਾਰ ਤਿਆਰ ਕਰਦੀ ਹੈ ਜਿੱਥੋਂ ਸੱਜ-ਪਿਛਾਖੜੀ ਜਾਂ ਫਾਸੀਵਾਦੀ ਵਿਚਾਰਧਾਰਾ ਆਪਣਾ ਖਾਦ-ਪਾਣੀ ਲੈਂਦੀ ਹੈ। ਭਾਰਤ ਦੇ ਹਾਵਲੇ ਨਾਲ਼ ਅਜਿਹੇ ਹੀ ਮਾਹੌਲ ਬਾਰੇ ਉਹਨਾਂ ਨੇ ਉਦਾਹਰਨਾਂ ਸਹਿਤ ਵਿਸਥਾਰ ਵਿੱਚ ਆਪਣੇ ਵਿਚਾਰ ਪੇਸ਼ ਕੀਤੇ ਤੇ ਹੱਲ ਵਜੋਂ ਜਿੱਥੇ ਅਗਾਂਹਵਧੂ ਤਾਕਤਾਂ ਦੇ ਫਾਸੀਵਾਦ ਵਿਰੋਧੀ ਮੋਰਚੇ ਦੀ ਲੋੜ ਅਤੇ ਲੋਕਾਂ 'ਚ ਗਿਆਨ, ਵਿਗਿਆਨ ਦੇ ਵਿਚਾਰਾਂ ਦੇ ਪ੍ਰਚਾਰ-ਪ੍ਰਸਾਰ ਦੀ ਲੋੜ 'ਤੇ ਜ਼ੋਰ ਦਿੱਤਾ।

ਸੁਰਿੰਦਰ ਸ਼ਰਮਾ ਜੋ ਕਾਫੀ ਲੰਬੇ ਸਮੇਂ ਤੋਂ ਇਨਕਲਾਬੀ ਥੀਏਟਰ ਨਾਲ਼ ਜੁੜੇ ਹੋਏ ਇੱਕ ਚੰਗੇ ਰੰਗਕਰਮੀ ਤੇ ਇਨਕਲਾਬੀ ਲਹਿਰ 'ਚ ਸਰਗਰਮ ਇੱਕ ਘੁਲਾਟੀਏ ਨੇ, 'ਥੀਏਟਰ ਦੇ ਸਮਾਜ ਨਾਲ਼ ਸਬੰਧ' ਵਿਸ਼ੇ 'ਤੇ ਆਪਣੇ ਵਿਚਾਰ ਰੱਖੇ। ਉਹਨਾਂ ਨੇ ਕਿਹਾ ਕਿ ਕਲਾ ਕਲਾ ਲਈ ਨਾ ਹੋ ਕੇ ਸਮਾਜ ਲਈ ਹੁੰਦੀ ਹੈ। ਕਲਾ ਖ਼ਾਸ ਕਰਕੇ ਨਾਟਕ ਲੋਕਾਂ ਵਿੱਚ ਇਨਕਲਾਬੀ ਭਾਵਨਾ ਭਰਨ ਤੇ ਉਹਨਾਂ ਨੂੰ ਜਾਗੁਰਕ ਕਰਨ ਦੇ ਨਾਲ਼ ਸਮਾਜਿਕ ਇਨਕਲਾਬ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਅ ਸਕਦਾ ਹੈ। ਉਹਨਾਂ ਨੇ ਆਪਣੇ ਨਿੱਜੀ ਤਜ਼ਰਬਿਆਂ ਨਾਲ਼ ਦੱਸਿਆ ਕਿ ਕਿਵੇਂ ਨਾਟਕ ਦੀ ਕਲਾ ਲੋਕਾਂ ਦੀਆਂ ਭਾਵਨਾਵਾਂ ਨੂੰ ਟੁੰਬਦੀ ਹੋਈ ਉਹਨਾਂ 'ਤੇ ਸਿੱਧਾ ਤੇ ਤੁਰੰਤ ਅਸਰ ਕਰਦੀ ਹੈ। ਉਹਨਾਂ ਨੇ ਕਿਹਾ ਕਿ ਇੱਕ ਕਲਾਕਾਰ ਜਾਂ ਲੇਖਕ ਦਾ ਸਹੀ ਅਰਥਾਂ ਵਿੱਚ ਚੰਗਾ ਹੋਣਾ ਉਹਦੀਆਂ ਕਿਰਤਾਂ ਦੀ ਮਾਤਰਾ ਤੋਂ ਨਹੀਂ ਸਗੋਂ ਉਸਦਾ ਲੋਕ-ਲਹਿਰ ਨੂੰ ਪਰਨਾਇਆ ਹੋਣ ਤੋਂ ਤੈਅ ਹੁੰਦਾ ਹੈ। ਉਹਨਾਂ ਨੇ ਕਿਹਾ ਕਿ ਉਹ ਵਿਅਕਤੀਗਤ ਮੁਫਾਦਾਂ ਲਈ ਕਲਾ ਰਚਨਾ ਜਾਂ ਨਾਟਕ ਨਹੀਂ ਕਰਦਾ ਸਗੋਂ ਲੋਕਾਂ ਵਿੱਚ ਇਨਕਲਾਬ ਦਾ ਜ਼ਜ਼ਬਾ ਭਰਨ, ਨੌਜਵਾਨਾਂ ਨੂੰ ਸਹੀ ਸੇਧ ਦੇਣ ਅਤੇ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਣ ਦੇ ਉਦੇਸ਼ ਨਾਲ਼ ਇਹ ਕੰਮ ਕਰਦਾ ਹੈ ਅਤੇ ਲੋਕਾਂ ਦੀ ਇਸ ਤਰ੍ਹਾਂ ਨਾਲ਼ ਸੇਵਾ ਕਰਨ ਦਾ ਉਸਨੂੰ ਮਾਣ ਹੈ। ਉਹਨਾਂ ਦੇ ਇਸ ਕੰਮ ਵਿੱਚ ਉਹਨਾਂ ਦੀ ਘਰਵਾਲੀ ਵੀ ਉਹਨਾਂ ਦਾ ਸਾਥ ਦਿੰਦੀ ਹੈ। ਅਖ਼ੀਰ ਵਿੱਚ ਉਹਨਾਂ ਨੇ ਸਾਡੇ ਸੱਭਿਆਚਾਰ ਵਿਚਲੀਆਂ ਚੰਗੀਆਂ ਗੱਲਾਂ 'ਤੇ ਮਾਣ ਕਰਨ ਤੇ ਬੁਰਾਈਆਂ ਨੂੰ ਖਿੜੇ ਮੱਥੇ ਸਵੀਕਾਰ ਕਰਦੇ ਹੋਏ ਉਹਨਾਂ ਨੂੰ ਛੱਡਣ ਦੀ ਸਲਾਹ ਦਿੱਤੀ। 17 ਜੂਨ ਨੂੰ ਜੋ ਡਾਊਨਟਾਉਨ ਲਾਇਬ੍ਰੇਰੀ ਵਿਖੇ ਹੋ ਰਹੇ ਬੱਚਿਆਂ ਦੇ ਨਾਟਕਾਂ ਦੀ ਤਿਆਰੀ ਸਬੰਧੀ ਉਹ ਇੱਥੇ ਆਏ ਹੋਏ ਹਨ।

ਮੰਚ ਸੰਚਾਲਣ ਦੀ ਜ਼ਿੰਮੇਵਾਰੀ ਮਾਸਟਰ ਭਜਨ ਹੋਰਾਂ ਨੇ ਨਿਭਾਈ। ਇਸ ਤੋਂ ਇਲਾਵਾ ਮਾਸਟਰ ਬਚਿੱਤਰ ਗਿੱਲ ਨੇ ਭਗਤ ਸਿੰਘ ਬਾਰੇ ਇੱਕ ਕਵੀਸ਼ਰੀ ਪੇਸ਼ ਕੀਤੀ ਅਤੇ ਹਰਨੇਕ ਬੱਧਨੀ ਨੇ ਆਸਫਾ ਨਾਲ਼ ਸਬੰਧਿਤ ਔਰਤ ਦੇ ਮਸਲੇ ਨੂੰ ਮੁਖ਼ਾਤਿਬ ਹੁੰਦੇ ਹੋਏ ਇੱਕ ਕਵਿਤਾ ਪੇਸ਼ ਕੀਤੀ। ਹਾਲ ਵਿੱਚ ਬੈਠੇ ਸਰੋਤਿਆਂ ਨੇ ਬਹੁਤ ਹੀ ਸੰਜੀਦਗੀ ਨਾਲ਼ ਪ੍ਰੋਗਰਾਮ ਨੂੰ ਸੁਣਿਆ, ਜਿਸ ਵਿੱਚ ਔਰਤਾਂ, ਨੌਜਾਵਾਨਾਂ, ਬੱਚੀਆਂ ਦੀ ਚੰਗੀ ਖਾਸੀ ਸ਼ਮੂਲੀਅਤ ਹੋਣ ਪ੍ਰੋਗਰਾਮ ਦੀ ਖ਼ਾਸ ਪ੍ਰਾਪਤੀ ਸੀ। ਤਿੰਨਾਂ ਬੁਲਾਰਿਆਂ ਨੂੰ ਐਸੋਸੀਏਸ਼ਨ ਦੇ ਅਹੁਦੇਦਾਰਾਂ ਵੱਲੋਂ ਤੀਸਤਾ ਸੀਤਲਵਾੜ ਅਤੇ ਅਰੁਣ ਫਰੇਰਾ ਦੀ ਜੇਲ੍ਹ ਯਾਦਾਂ ਕਿਤਾਬਾਂ ਦੇ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ।


Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com



FOR ALL YOUR REAL ESTATE NEEDS
REAL CORE REALTY
Contact Long time trusted name in the community
HARCHARAN SINGH PARHAR

* RESIDENTIAL * BUSINESS * LAND
* COMMERCIAL * INDUSTRIAL * INVESTMENT

403-681-8689
www.parharrealty.com
hp8689@gmail.com

ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।



* Free no obligation evaluation
* Full time commitment
* Assistance to arrange best mortgage rates



SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ

With all the BENEFITS & REQUIREMENTS

SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage

LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.

Full Refund if Visa Denied, Partial Refund if Return early (with no claim) Ask for more details.

ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।

For More Information Call
HARCHARAN SINGH PARHAR
403-681-8689

Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.

208, 4656-WESTWINDS DR. N.E. CALGARY AB T3J 3Z5

# ਸਰੀ ਵਿੱਚ ਸ਼ਹੀਦ ਭਗਤ ਸਿੰਘ ਮੈਮੋਰੀਅਲ ਦੌੜ ਨੂੰ ਭਰਵਾਂ ਹੁੰਗਾਰਾ



ਸਰੀ, (ਪਰਮਿੰਦਰ ਸਵੈਚ) : 10 ਜੂਨ ਨੂੰ ਸ਼ਹੀਦ ਭਗਤ ਸਿੰਘ ਮੈਮੋਰੀਅਲ ਸੁਸਾਇਟੀ ਵਲੋਂ 5 ਕਿਲੋਮੀਟਰ ਦੌੜ ਤੇ 3 ਕਿਲੋਮੀਟਰ ਵਾਕ ਸਰੀ ਦੇ ਬੀਅਰ ਕਰੀਕ ਪਾਰਕ ਵਿੱਚ ਕਰਵਾਈ ਗਈ। ਇਸ ਦੌੜ ਦਾ ਮੁੱਖ ਮਕਸਦ ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਮਨੁੱਖਤਾਵਾਦੀ ਸੋਚ ਨੂੰ ਬੱਚਿਆਂ ਤੱਕ ਲੈ ਕੇ ਜਾਣਾ ਅਤੇ ਸਮਾਜ ਨੂੰ ਸਿਹਤਮੰਦ ਅਤੇ ਨਰੋਈਆਂ ਕਦਰਾਂ ਕੀਮਤਾਂ ਨਾਲ ਪਰਫੁੱਲਤ ਕਰਨਾ ਹੈ।ਕਾਫੀ ਜ਼ਿਆਦਾ ਠੰਢੇ ਮੌਸਮ ਦੇ ਬਾਵਜੂਦ ਬਹੁਤ ਸਾਰੇ ਬੱਚੇ, ਜਵਾਨ ਤੇ ਬਜ਼ੁਰਗਾਂ ਨੇ ਸ਼ਮੂਲੀਅਤ ਕਰਕੇ ਇਸ ਈਵੈਂਟ ਦੀ ਕਾਮਯਾਬੀ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ। ਲੋਕ ਸਵੇਰੇ ਅੱਠ ਵਜੇ ਤੋਂ ਸ਼ੁਰੂ ਹੋ ਕੇ 10 ਵਜੇ ਤੱਕ ਰਜਿਸਟ੍ਰੇਸ਼ਨ ਕਰਵਾਉਂਦੇ ਰਹੇ ਜਿਸਦੀ ਦੇਖ ਰੇਖ ਕਮਲ ਅਟਵਾਲ ਤੇ ਪਰਮਿੰਦਰ ਸਵੈਚ ਦੀ ਹਾਜ਼ਰੀ ਵਿੱਚ ਹੋਈ। ਤਕਰੀਬਨ ਸਾਢੇ ਅੱਠ ਵਜੇ ਲੋਕਾਂ ਨੂੰ ਦੌੜ ਦੀ ਤਿਆਰੀ ਲਈ ਆਕਸੀਜ਼ਨ ਯੋਗਾ ਕਰਵਾਇਆ ਗਿਆ। ਠੀਕ 9 ਵਜੇ ਛੋਟੇ ਬੱਚਿਆਂ ਦੀਆਂ ਦੌੜਾਂ ਸੰਤੋਖ ਢੇਸੀ ਨੇ ਮਾਇਕ ਤੋਂ ਬੋਲਦਿਆਂ ਹੋਇਆਂ ਸ਼ੁਰੂ ਕਰਵਾਈਆਂ।50 ਮੀਟਰ ਦੌੜ ਵਿੱਚ ਲੜਕਿਆਂ ਵਿਚੋਂ ਕ੍ਰਮਵਾਰ ਗੁਰਸ਼ਾਨ ਥਾਂਦੀ, ਸੁਬੇਗ ਤੇ ਅਰਮਾਨ ਜਦ ਕਿ ਲੜਕੀਆਂ ਵਿੱਚੋਂ ਗੁਰਦਇਆ ਤੂਰ, ਆਰੀਆ ਅਤੇ ਪਰਮਜੀਤ ਪਹਿਲੇ,ਦੂਜੇ ਅਤੇ ਤੀਜੇ ਨੰਬਰ ਤੇ ਰਹੀਆਂ।9 ਸਾਲ ਤੋਂ ਘੱਟ ਉਮਰ ਦੇ ਲੜਕਿਆਂ ਦੀ 200 ਮੀਟਰ ਦੀ ਦੌੜ ਵਿੱਚ ਪਹਿਲੇ ਤੇ ਏਡਨ, ਦੂਜੇ ਤੇ ਗੁਰਅਨਹਦ ਤੇ ਤੀਸਰੇ ਤੇ ਵਰਦਾਨ ਰਿਹਾ। ਲੜਕੀਆਂ ਵਿੱਚੋਂ ਚਾਹਤ ਸਿੱਧੂ ਪਹਿਲੇ ਤੇ, ਜਸਕਰਨ ਢੇਸੀ ਦੂਜੇ ਤੇ ਅਤੇ ਅਵਰੀਨ ਤੇ ਹਰਸਾਇਆ ਤੀਜੇ ਸਥਾਨ ਤੇ ਰਹੀਆਂ। 400 ਮੀਟਰ ਦੀ ਦੌੜ ਵਿੱਚ 12 ਸਾਲ ਤੋਂ ਥੱਲੇ ਦੇ ਬੱਚਿਆਂ ਨੇ ਹਿੱਸਾ ਲਿਆ। ਇਸ ਵਿੱਚ ਲੜਕਿਆਂ ਵਿਚੋਂ ਪਹਿਲੇ ਸਥਾਨ ਤੇ ਕਰਮਬੀਰ, ਦੂਜੇ ਸਥਾਨ ਤੇ ਸਿਹਾਨ ਤੇ ਤੀਜੇ ਸਥਾਨ ਤੇ ਅਜੀਤ ਰਿਹਾ।ਲੜਕੀਆਂ ਵਿੱਚੋਂ ਨੇਹਾ ਮਾਨ ਪਹਿਲੇ ਤੇ, ਜਸਕਰਨ ਢੇਸੀ ਦੂਜੇ ਤੇ ਅਤੇ ਜੈਯਾ ਲੂਪਰਾ ਤੀਸਰੇ ਤੇ ਰਹੀਆਂ। 50 ਸਾਲ ਤੋਂ ਵੱਧ ਉਮਰ ਦੇ

## ਬੱਚਿਆਂ ਅਤੇ ਬਜ਼ੁਰਗਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ

ਮਰਦਾਂ ਦੀ 100 ਮੀਟਰ ਦੌੜ ਵਿੱਚੋਂ ਨਗੇਸ਼ ਪਹਿਲੇ ਸਥਾਨ ਤੇ, ਮੋਹਨ ਦੂਜੇ ਤੇ ਅਤੇ ਨਿਰੰਜਨ ਤੀਜੇ ਤੇ ਰਹੇ।ਇਸੇ ਤਰ੍ਹਾਂ ਔਰਤਾਂ ਦੀ 50 ਮੀਟਰ ਦੌੜ ਵਿੱਚੋਂ ਹਰਬੰਸ ਪੁਰੇਵਾਲ ਪਹਿਲੇ ਤੇ, ਮਨਜੀਤ ਕੌਰ ਤੇ ਹਰਪਾਲ ਢਿੱਲੋਂ ਸਾਂਝੇ ਤੌਰ ਤੇ ਦੂਸਰੇ ਅਤੇ ਅਮਰਜੀਤ ਕੌਰ ਤੀਸਰੇ ਸਥਾਨ ਤੇ ਰਹੀਆਂ। ਇਸ ਦੌੜ ਦਾ ਮੁੱਖ ਆਕਰਸ਼ਣ 5 ਕਿਲੋਮੀਟਰ ਵਿੱਚ ਮਰਦਾਂ ਵਿੱਚੋਂ ਜੈਵੀਰ ਟਿਵਾਣਾ ਨੇ 17.16 ਮਿੰਟ ਵਿੱਚ ਪਹਿਲਾ ਸਥਾਨ ਹਾਸਲ ਕੀਤਾ, ਦੂਸਰਾ ਸਪੈਂਸਰ ਫਾਸਮੁਸਨ ਨੇ 19.12 ਮਿੰਟ ਵਿੱਚ ਤੇ ਜਸ ਬਾਜਵਾ ਨੇ 19.54 ਮਿੰਟ ਵਿੱਚ ਤੀਸਰਾ ਸਥਾਨ ਲੈ ਕੇ ਫਾਸਲਾ ਤਹਿ ਕੀਤਾ। ਇਸੇ ਤਰ੍ਹਾਂ ਔਰਤਾਂ ਦੀ ਪੰਜ ਕਿਲੋਮੀਟਰ ਦੌੜ ਵਿੱਚ ਨਵਦੀਪ ਬੈਂਗ ਨੇ 22.50 ਮਿੰਟ ਵਿੱਚ ਪਹਿਲਾ, ਸ਼ਾਂਤਾ ਅਧਿਕਾਰੀ ਨੇ 22.25 ਮਿੰਟ ਵਿੱਚ ਦੂਜਾ ਤੇ ਜਸਵਿੰਦਰ ਢੱਟ ਨੇ 27.58 ਮਿੰਟ ਵਿੱਚ ਤੀਸਰਾ ਸਥਾਨ ਹਾਸਲ ਕੀਤਾ। 60 ਸਾਲਾਂ ਤੋਂ ਉਪਰ ਮਰਦਾਂ ਵਿੱਚ ਪਹਿਲੇ ਸਥਾਨ ਤੇ ਮੋਹਨ ਸ਼ਰਿਸ਼ਟਾ ਤੇ ਦੂਸਰੇ ਸਥਾਨ ਤੇ ਦੇਵਿੰਦਰਾ ਹਮਲ ਰਿਹਾ ਅਤੇ ਔਰਤਾਂ ਵਿੱਚ ਚੀਥਮ ਫੰਡੇ ਨੇ ਪਹਿਲਾ ਸਥਾਨ ਹਾਸਲ ਕੀਤਾ।ਇਨਾਮ ਵੰਡ ਦੌਰਾਨ ਕਮੇਟੀ ਦੇ ਆਗੂ ਮੈਂਬਰ ਹਰਭਜਨ ਚੀਮਾ ਨੇ ਭਗਤ ਸਿੰਘ ਦੀ ਸੋਚ ਬਾਰੇ ਵਿਚਾਰ ਦਿੰਦਿਆਂ ਇਥੋਂ ਦੀਆਂ ਸਮੱਸਿਆਵਾਂ ਬਾਰੇ ਵੀ ਵਿਸਥਾਰ ਨਾਲ ਚਾਨਣਾ ਪਾਇਆ। ਇਸ ਸਮੇਂ ਸ਼ਹੀਦ ਭਗਤ ਸਿੰਘ ਵਿਚਾਰਧਾਰਾ ਨੂੰ ਲੋਕਾਂ ਵਿੱਚ ਲਿਜਾਣ ਲਈ ਇੱਕ ਲੀਫਲੈੱਟ ਵੀ ਦਿੱਤਾ ਗਿਆ। ਲੋਕ ਇਸ ਦੌੜ ਵਿੱਚ ਹੁੰਮ ਹੁਮਾ ਕੇ ਆਏ ਅਤੇ ਨਾਲ ਸਰ੍ਹੀ ਫੂਡ ਬੈਂਕ ਲਈ ਕਾਫੀ ਫੂਡ ਵੀ ਇਕੱਠਾ ਹੋਇਆ ਜਿਹੜਾ ਬਾਅਦ ਵਿੱਚ ਕੁੱਝ ਕੈਸ਼ ਡਾਲਰਾਂ ਦੇ ਨਾਲ ਕਮੇਟੀ ਵਲੋਂ ਉਨ੍ਹਾਂ ਤੱਕ ਪਹੁੰਚਾ ਦਿੱਤਾ ਜਾਵੇਗਾ। ਆਖਰ ਵਿੱਚ ਕ੍ਰਿਪਾਲ ਬੈਂਸ, ਇਕਬਾਲ ਪੁਰੇਵਾਲ ਤੇ ਬਾਕੀ ਸਾਰੇ ਕਮੇਟੀ ਮੈਂਬਰਾਂ ਨੇ ਜੇਤੂਆਂ ਨੂੰ ਇਨਾਮ ਦਿੱਤੇ। ਇਸ ਪ੍ਰੋਗਰਾਮ ਵਿੱਚ ਬਹੁਤ ਸਾਰੇ ਵਲੰਟੀਅਰਾਂ ਨੇ ਆਪਣੇ ਆਪਣੇ ਕੰਮਾਂ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ। ਇਸ ਪ੍ਰੋਗਰਾਮ ਦੀ ਸਫਲਤਾ ਵਿੱਚ ਮੀਡੀਏ ਦਾ ਵੀ ਬਹੁਤ ਯੋਗਦਾਨ ਹੈ ਕਿਉਂਕਿ ਉਹਨਾਂ ਦੀ ਪਹੁੰਚ ਤੋਂ ਬਿਨ੍ਹਾਂ ਇਹੋ ਜਿਹੇ ਸਾਰਥਕ ਕੰਮ ਕਰਨੇ ਮੁਸ਼ਕਲ ਹੁੰਦੇ ਹਨ। ਅੰਤ ਵਿੱਚ ਵਲੰਟੀਅਰਾਂ, ਮੈਂਬਰਾਂ, ਮੀਡੀਆ, ਦੌੜ ਵਿੱਚ ਹਿੱਸਾ ਲੈਣ ਵਾਲਿਆਂ ਤੇ ਦਰਸ਼ਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਵੈਨਕੂਵਰ ਦੇ ਪ੍ਰੋਗਰੈਸਿਵ ਨਾਟਕ ਮੇਲੇ ਨੇ ਦਰਸ਼ਕਾਂ ਵਿੱਚ ਆਪਣੀ ਅਮਿੱਟ ਛਾਪ ਛੱਡੀ







ਸਰੀ(ਪਰਮਿੰਦਰ ਕੌਰ ਸਵੈਚ): ਪ੍ਰੋਗਰੈਸਿਵ ਆਰਟ ਕਲੱਬ ਸਰੀ ਵਲੋਂ 24 ਜੂਨ (ਐਤਵਾਰ) ਨੂੰ ਨੌਰਥ ਡੈਲਟਾ ਹਾਈ ਸਕੂਲ ਵਿੱਚ ਪ੍ਰੋਗਰੈਸਿਵ ਨਾਟਕ ਮੇਲਾ ਕਰਵਾਇਆ ਗਿਆ ਜਿਸਨੇ ਤਿੰਨ ਘੰਟੇ ਦੇ ਪ੍ਰੋਗਰਾਮ ਵਿੱਚ ਦਰਸ਼ਕਾਂ ਦੇ ਦਿਲਾਂ ਵਿੱਚ ਆਪਣੀ ਜਗ੍ਹਾ ਇਸ ਤਰ੍ਹਾਂ ਬਣਾਈ ਕਿ ਉਹਨਾਂ ਨੇ ਬਹੁਤ ਹੀ ਸ਼ਿੱਦਤ ਨਾਲ ਪ੍ਰੋਗਰਾਮ ਦਾ ਅਨੰਦ ਮਾਣਿਆ। ਮੰਚ ਸੰਚਾਲਕ ਗੁਰਪ੍ਰੀਤ ਭਦੌੜ ਨੇ ਆਰਟ ਕਲੱਬ ਬਾਰੇ ਜਾਣਕਾਰੀ ਦਿੰਦਿਆਂ ਇਸ ਦੇ ਅਸਲੀ ਮਕਸਦ ਜੋ ਚੰਗਾ ਤੇ ਉਸਾਰੂ ਕਦਰਾਂ ਕੀਮਤਾਂ ਵਾਲਾ ਸਭਿਆਚਾਰ, ਲੋਕਾਂ ਦੇ ਏਕੇ ਤੇ ਹਿਤਾਂ ਦੀ ਬਾਤ ਪਾਉਂਦਾ, ਸਾਮਰਾਜੀ ਸਮਾਜ ਵਿੱਚੋਂ ਨਿੱਖੜੇ ਮਨੁੱਖ ਨੂੰ ਪਿਆਰ ਗੰਢਾਂ ਲਈ ਪ੍ਰੇਰਦਾ, ਆਰਥਿਕ, ਸਮਾਜਿਕ ਤੇ ਰਾਜਨੀਤਕ ਸਮੱਸਿਆਵਾਂ ਵਿੱਚ ਉਲਝੀ ਮਨੁੱਖਤਾ ਦੀਆਂ ਗੰਢਾਂ ਨੂੰ ਉਧੇੜਦਾ ਅਤੇ ਲੋਕਾਂ ਨੂੰ ਆਪਣੇ ਹੱਕਾਂ ਦੀ ਰਾਖੀ ਕਰਨ, ਗੁੰਮਰਾਹ ਹੋਈ ਨੌਜਵਾਨ ਪੀੜ੍ਹੀ ਨੂੰ ਸੁਚਾਰੂ, ਅਗਾਂਹਵਧੂ ਤੇ ਮਿਆਰੀ ਸੋਚ ਦੇਣ ਲਈ ਹੋਂਦ ਵਿੱਚ ਆਇਆ ਸੀ ਜੋ ਹੁਣ ਗਾਹੇ ਵਗਾਹੇ ਕਦੇ ਛੋਟੇ ਜਾਂ ਵੱਡੇ ਪ੍ਰੋਗਰਾਮ ਦੇ ਕੇ ਆਪਣਾ ਫਰਜ਼ ਨਿਭਾ ਰਿਹਾ ਹੈ। ਪ੍ਰੋਗਰਾਮ ਦੇ ਸ਼ੁਰੂ ਵਿੱਚ ਬੇਟੀ ਪ੍ਰਭਲੀਨ ਗਰੇਵਾਲ ਨੇ ਆਪਣੀ ਕਵਿਤਾ "ਓਲਡ ਏਜ਼ ਹੋਮ" ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤੀ। ਲੋਕ ਸੰਗੀਤ ਮੰਡਲੀ ਭਦੌੜ ਵਲੋਂ ਪਿਆਰਾ ਸਿੰਘ ਚਾਹਲ ਨੇ ਚਾਰ ਉਸਾਰੂ ਗੀਤ ਪੇਸ਼ ਕੀਤੇ ਗਏ। ਗੁਰਮੇਲ ਭੁਟਾਲ ਨੇ ਆਪਣੀ ਕਵਿਤਾ 'ਜੱਟ ਦਾ ਪੁੱਤ' ਦਰਸ਼ਕਾਂ ਨਾਲ ਸਾਂਝੀ ਕੀਤੀ। ਵੱਡਾ ਨਾਟਕ "ਮਿੱਟੀ ਦਾ ਬਾਵਾ" ਪਾਲੀ ਭੁਪਿੰਦਰ ਦਾ ਲਿਖਿਆ ਤੇ ਪ੍ਰੋ. ਜਸਕਰਨ ਦੁਆਰਾ ਨਿਰਦੇਸ਼ਤ ਕੀਤਾ ਗਿਆ ਸੀ। ਇਸ ਨਾਟਕ ਨੇ ਸਰਹੱਦੀ ਮਾਹੌਲ ਦੇ ਵਿੱਚ ਗੰਭੀਰ ਮੁੱਦਿਆਂ ਜਿਵੇਂ ਜੰਗਾਂ ਦਾ ਆਮ ਮਨੁੱਖ ਦੇ ਜੀਵਨ ਵਿੱਚ ਜਾਂ ਔਜ਼ਾਰ ਬਣੇ ਦੇਸ਼ਾਂ ਦੇ ਫੌਜੀ ਜੋ ਆਪਣੀ ਰੋਟੀ ਰੋਜ਼ੀ ਲਈ ਕੰਮ ਕਰਦੇ ਹਨ ਪਰ ਉਹਨਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਉਹ ਕਿਉਂ ਲੜ ਰਹੇ ਹਨ। ਲੇਖਕ ਨੇ ਬਹੁਤ ਹੀ ਸੋਹਣੇ ਢੰਗ ਨਾਲ ਇਸਨੂੰ ਪੇਸ਼ ਕੀਤਾ ਤੇ ਜਸਕਰਨ ਦੇ ਇਕੱਲੇ ਇਕੱਲੇ ਪਾਤਰ ਦੀ ਪੇਸ਼ਕਾਰੀ ਸਲਾਹੁਣਯੋਗ ਸੀ। ਉਸਤੋਂ ਬਾਅਦ ਨਿੱਕੀ ਜਿਹੀ ਸਕਿੱਟ 'ਦਸ ਡਾਲਰ' ਸੋਲੋ ਪਲੇਅ ਦੇ ਰੂਪ ਵਿੱਚ ਪ੍ਰਿੰਸ ਗੋਸਵਾਮੀ ਨੇ ਬਾਖੂਬੀ ਨਿਭਾਈ ਉਸ ਵਿੱਚ ਡਰੱਗ ਨਾਲ ਮਰ ਰਹੇ ਬੱਚਿਆਂ ਬਾਰੇ ਬਿਆਨ ਕੀਤਾ ਗਿਆ ਸੀ। ਪਰਮਿੰਦਰ ਸਵੈਚ ਵਲੋਂ ਲਿਖਿਆ ਤੇ ਨਿਰਦੇਸ਼ਤ ਕੀਤਾ ਨਾਟਕ 'ਤੇਈਆ ਵੋਟਾਂ ਦਾ' ਖੇਡਿਆ ਗਿਆ ਜਿਸ ਵਿੱਚ ਸਾਡੇ ਲੋਕਤੰਤਰ ਢਾਂਚੇ ਵਿੱਚ ਵੋਟ ਪ੍ਰਣਾਲੀ ਦੇ ਕੋਝੇ ਮਜ਼ਾਕ ਰਾਹੀਂ ਲੋਕਾਂ ਦੀਆਂ ਦਿਨੋ ਦਿਨ ਹੋ ਰਹੀਆਂ ਬਦ ਤੋਂ ਬਦਤਰ ਹਾਲਤਾਂ ਦੀ ਅਸਲੀਅਤ ਦਾ ਪਰਦਾਫਾਸ਼ ਕਰਨ ਵਿੱਚ ਸਫਲ ਰਿਹਾ। ਇਹਨਾਂ ਨਾਟਕਾਂ ਵਿੱਚ ਕੇ ਪੀ ਸਿੰਘ, ਨਰਿੰਦਰ ਮੰਗੂਵਾਲ, ਨਿਰਮਲ ਕਿੰਗਰਾ, ਕੁਲਦੀਪ ਟੋਨੀ, ਰਣਧੀਰ ਸਿੰਘ, ਸੁੱਖੀ ਗਰਚਾ, ਮਨਜੀਤ ਲਿੱਧੜ, ਪਰਮਿੰਦਰ ਸਵੈਚ, ਸੰਤੋਖ ਢੇਸੀ ਤੋਂ ਇਲਾਵਾ ਦੋ ਛੋਟੇ



ਛੋਟੇ ਬੱਚੇ ਪਰਨੀਤ ਤੇ ਜਸ਼ਨ ਨੇ ਆਪਣੀ ਕਲਾ ਦਾ ਬਾਖੂਬੀ ਪ੍ਰਦਰਸ਼ਨ ਕਰਕੇ ਲੋਕਾਂ ਦੇ ਦਿਲਾਂ ਵਿੱਚ ਆਪਣੀ ਜਗ੍ਹਾ ਸਦਾ ਲਈ ਬਣਾ ਲਈ ਹੈ। ਇਸ ਮੇਲੇ ਦੀ ਬਹੁਤ ਹੀ ਆਕਰਸ਼ਕ ਆਈਟਮ ਪ੍ਰੋਗਰੈਸਿਵ ਬੋਲੀਆਂ ਦਾ ਲੋਕ ਨਾਚ ਗਿੱਧਾ ਸੀ। ਉਹ ਬੋਲੀਆਂ ਜੋ ਕਿਸੇ ਨੇ ਕਦੇ ਸੁਣੀਆਂ ਨਹੀਂ ਸੀ ਜਦਕਿ ਇਹੋ ਜਿਹੀਆਂ ਬੋਲੀਆਂ ਦੀ ਅੱਜ ਬਹੁਤ ਹੀ ਲੋੜ ਹੈ ਜਦ ਸਮਾਜ ਵਿੱਚ ਲੱਚਰਤਾ ਦਾ ਬੋਲ ਬੋਲਾ ਜੋਰਾਂ ਤੇ ਹੈ। ਇਹ ਬੋਲੀਆਂ ਪਰਮਿੰਦਰ ਸਵੈਚ, ਬਖ਼ਸ਼ ਸੰਘਾ ਤੇ ਰਾਮ ਸਰੂਪ ਸ਼ਰਮਾ ਦੀਆਂ ਲਿਖੀਆਂ ਹੋਈਆਂ ਸਨ। ਇਸ ਗਿੱਧੇ ਨੂੰ ਕਮਲ ਸਿੱਧੂ, ਹਰਪ੍ਰੀਤ ਆਲੂਵਾਲੀਆ, ਬਿਮਲ ਕਾਹਲੋਂ ਤੇ ਅਮਨਦੀਪ ਕਲੇਰ ਦੇ ਸਾਂਝੇ ਯਤਨਾਂ ਸਦਕਾ ਡਾਇਰੈਕਟ ਕੀਤਾ ਗਿਆ ਤੇ ਸੋਨੀਆ, ਰਾਣੀ, ਮਹਿਕ, ਪੁਨੀਤ, ਰਣਜੀਤ, ਕੁਲਦੀਪ ਟੋਨੀ, ਮਨਜੀਤ ਲਿੱਧੜ ਤੇ ਪਰਮਿੰਦਰ ਸਵੈਚ ਦੀ ਸਾਂਝ ਭਿਆਲੀ ਨਾਲ ਇੱਕ ਬਹੁਤ ਹੀ ਸਫਲ ਤੇ ਮਿਆਰੀ ਸੋਚ ਦੇ ਰੰਗ ਬਰੰਗੇ ਫੁੱਲ ਬਿਖੇਰਦਾ ਲੋਕਾਂ ਦੀ ਰੂਹੇ ਰਵਾਂ ਬਣਕੇ ਪੇਸ਼ ਹੋਇਆ ਜੋ ਲੋਕਾਂ ਦਾ ਉਤਸ਼ਾਹ ਦੱਸ ਰਿਹਾ ਸੀ ਕਿ ਇਹ ਕਦੇ ਨਾ ਭੁੱਲਣ ਵਾਲਾ ਗਿੱਧਾ ਹੈ। ਬਾਅਦ ਵਿੱਚ ਬਹੁਤ ਸਾਰੇ ਲੋਕਾਂ ਨੇ ਟੀਮ ਤੋਂ ਮੰਗ ਕੀਤੀ ਕਿ ਇਹ ਆਡਿਓ ਲੋਕਾਂ ਨੂੰ ਦਿੱਤੀ ਜਾਵੇ ਤਾਂ ਕਿ ਘਰ ਘਰ ਇਹੋ ਜਿਹਾ ਸਭਿਆਚਾਰ ਪਹੁੰਚੇ। ਇਸ ਪ੍ਰੋਗਰਾਮ ਦੇ ਪ੍ਰਬੰਧਾਂ ਵਿੱਚ ਇਕਬਾਲ ਪੁਰੇਵਾਲ ਨੇ ਸ਼ੁਰੂ ਤੋਂ ਲੈ ਕੇ ਆਖਰ ਤੱਕ ਆਪਣੀ ਜ਼ਿੰਮੇਵਾਰੀ ਨਿਭਾਈ। ਪਰਮਿੰਦਰ ਸਵੈਚ ਨੇ ਸਾਰੇ ਪਾਤਰਾਂ ਦੀ ਜਾਣਕਾਰੀ ਦਿੱਤੀ ਤੇ ਆਏ ਲੋਕਾਂ ਨੂੰ ਅਤੇ ਮੀਡੀਏ ਦਾ ਧੰਨਵਾਦ ਕੀਤਾ।



ਡਾ. ਸੁਖਦੇਵ

# ਯੋਗ-ਇੱਕ ਵਿਚਾਰਧਾਰਕ ਹਥਿਆਰ ਦੇ ਰੂਪ ਵਿੱਚ

ਅੱਜ-ਕੱਲ ਹਰ ਪਾਸੇ ਯੋਗ ਦੀ ਚਰਚਾ ਹੋ ਰਹੀ ਹੈ। ਟੈਲੀਵਿਜ਼ਨ ਦੇ ਕਈ ਚੈਨਲਾਂ 'ਤੇ ਇਹ ਨਿਯਮਤ ਰੂਪ ਵਿੱਚ ਚਲਦਾ ਹੈ। ਸਰਕਾਰੀ ਤੇ ਕਈ ਗੈਰ ਸਰਕਾਰੀ ਅਦਾਰੇ ਆਪਣੀਆਂ ਸੰਸਥਾਵਾਂ ਵਿੱਚ ਇਸ ਸਬੰਧੀ ਕਈ ਤਰਾਂ ਦੇ ਪ੍ਰੋਗਰਾਮ ਕਰਾਉਂਦੇ ਰਹਿੰਦੇ ਹਨ। ਸਿਹਤ ਲਈ ਯੋਗ ਆਸਣ, ਕਾਰੋਬਾਰ ਵਿੱਚ ਕਾਮਯਾਬੀ ਲਈ ਯੋਗ ਅਤੇ ਮਾਨਸਿਕ ਰੋਗਾਂ ਨੂੰ ਠੀਕ ਕਰਨ ਲਈ ਯੋਗ ਦਾ ਪ੍ਰਚਾਰ ਵੱਡੇ ਪੱਧਰ 'ਤੇ ਹੋ ਰਿਹਾ ਹੈ। ਯੋਗ ਨੂੰ ਸਮੂਹਕ ਕੈਂਪਾਂ ਤੋਂ ਇਲਾਵਾ ਸਰਕਾਰੀ ਸਕੂਲਾਂ ਅਤੇ ਹਥਿਆਰਬੰਦ ਬਲਾਂ, ਪੁਲੀਸ ਅਤੇ ਫੌਜ ਆਦਿ ਵਿੱਚ ਵੀ ਰੋਜ਼ਾਨਾ ਦੀ ਕਸਰਤ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ। ਸਾਡੇ ਦੇਸ਼ ਦੀ ਸਰਕਾਰ ਦੇ ਯਤਨਾਂ ਨਾਲ਼ ਕੌਮਾਂਤਰੀ ਯੋਗ ਦਿਵਸ ਵੀ ਮਨਾਇਆ ਜਾਣ ਲੱਗਾ ਹੈ। ਸਾਰੇ ਦੇਸ਼ ਵਿੱਚ ਯੋਗ ਦਿਵਸ ਮੌਕੇ, ਸਰਕਾਰੀ ਖਰਚ 'ਤੇ ਵੱਡੀ ਪੱਧਰ 'ਤੇ ਪ੍ਰੋਗਰਾਮ ਕਰਵਾਏ ਜਾਂਦੇ ਹਨ। ਯੋਗ ਦਾ ਪ੍ਰਚਾਰ ਬਹੁਤ ਵੱਡੇ ਦਵਾ ਕਾਰੋਬਾਰ ਵਿੱਚ ਵੀ ਸਹਾਈ ਹੋ ਰਿਹਾ ਹੈ। ਇਹ ਸਿਰਫ ਸਿਹਤ ਸੇਵਾਵਾਂ ਅਤੇ ਵਪਾਰਕ ਕਾਰੋਬਾਰ ਤੱਕ ਹੀ ਸੀਮਤ ਨਹੀ, ਸਗੋਂ ਇੱਕ ਸ਼ਕਤੀਸ਼ਾਲੀ ਵਿਚਾਰਧਾਰਕ ਹਥਿਆਰ ਦੇ ਰੂਪ ਵਿੱਚ ਵਰਤਿਆ ਜਾ ਰਿਹਾ ਹੈ।

ਭਾਰਤੀ ਲੋਕ ਮਨਾਂ ਵਿੱਚ ਯੋਗ ਪ੍ਰਤੀ ਇੱਕ ਖਾਸ ਕਿਸਮ ਦਾ ਲਗਾਉ ਹੈ ਅਤੇ ਲਗਾਤਾਰ ਪ੍ਰਚਾਰ ਨਾਲ਼ ਇਸ ਨੂੰ ਕਾਇਮ ਰੱਖਿਆ ਜਾ ਰਿਹਾ ਹੈ। ਪਿਛਲੇ ਕੁਝ ਸਾਲਾਂ ਤੋਂ ਯੋਗ ਦਾ ਪ੍ਰਚਾਰ ਸਿਖਰਾਂ ਛੋਹ ਰਿਹਾ ਹੈ। ਇਹ ਮਹਿਜ਼ ਇਤਫਾਕ ਨਹੀ ਹੈ ਸਗੋਂ ਸਾਡੇ ਦੇਸ਼ ਦੇ ਹਾਕਮਾਂ ਦੀ ਸੋਚੀ ਸਮਝੀ ਯੋਜਨਾ ਤਹਿਤ, ਸਰਮਾਏਦਾਰੀ ਦਾ ਵਿਚਾਰਧਾਰਕ ਦਬਦਬਾ ਕਾਇਮ ਰੱਖਣ ਦੀ ਕਾਰਵਾਈ ਹੈ। ਵਰਤਮਾਨ ਸਮਾਜਕ ਰਾਜਨੀਤਕ ਪ੍ਰਬੰਧ, ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਹੱਲ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਸਿੱਧ ਹੋਇਆ ਹੈ। ਇਸ ਵਿੱਚ ਸਿਹਤ ਦੀ ਸਮੱਸਿਆ ਇੱਕ ਵੱਡੀ ਸਮੱਸਿਆ ਹੈ। ਲੋਕਾਂ ਦੀ ਸਿਹਤ ਵਿੱਚ ਸੁਧਾਰ ਦੇ ਬਹਾਨੇ ਉਹਨਾਂ ਦੇ ਗੁੱਸੇ ਨੂੰ ਹੋਰ ਪਾਸੇ ਮੋੜਨ ਵਿੱਚ ਵੀ ਯੋਗ ਦਾ ਪ੍ਰਚਾਰ ਮਦਦ ਕਰਦਾ ਹੈ।

'ਯੋਗ ਕੀ ਹੈ?' ਇਸ ਦੇ ਕਈ ਪੱਖ ਹਨ। ਬਹੁਤੇ ਲੋਕਾਂ ਲਈ 'ਯੋਗ' ਸਰੀਰ ਨੂੰ ਤੰਦਰੁਸਤ ਰੱਖਣ ਲਈ ਵਿਸ਼ੇਸ਼ ਕਿਸਮ ਦੀਆਂ ਕਿਰਿਆਵਾਂ ਜਾਂ ਕਸਰਤਾਂ ਹੀ ਹਨ। ਸਿਹਤ ਲਈ ਇਹਨਾਂ ਕਸਰਤਾਂ ਦਾ ਇਕ ਹੱਦ ਤੱਕ ਲਾਭਕਾਰੀ ਪ੍ਰਭਾਵ ਵੀ ਹੈ। ਪਰ ਫਾਇਦਾ ਇੰਨਾ ਜ਼ਿਆਦਾ ਵੀ ਨਹੀਂ ਕਿ ਇਸ ਨੂੰ ਅੱਜ ਦੇ ਵਿਗਿਆਨਕ ਯੁੱਗ ਵਿੱਚ ਹਾਸਲ ਕੀਤੇ ਜਾ ਚੁੱਕੇ ਸਿਹਤ ਵਿਗਿਆਨ ਸਬੰਧੀ ਜਾਣਕਾਰੀ ਦੇ ਬਰਾਬਰ ਜਾਂ ਉਸ ਤੋਂ ਵੀ ਉੱਤੇ ਐਲਾਨ ਦਿੱਤਾ ਜਾਏ। ਇਸ ਸਾਰੇ ਰੌਲ਼ੇ-ਰੱਪੇ ਵਿੱਚ ਯੋਗ ਦੇ ਨਾਂ 'ਤੇ ਇੱਕ ਖਾਸ ਕਿਸਮ ਦੀ ਵਿਚਾਰਧਾਰਾ ਦੇ ਪ੍ਰਚਾਰ ਨੂੰ ਸਮਝਣਾ ਮੁਸ਼ਕਲ ਹੋ ਜਾਂਦਾ ਹੈ। ਇੱਕ ਹੋਰ ਪੱਖ ਵੀ ਇਸ ਉਲ਼ਝਣ ਨੂੰ ਵਧਾਉਂਦਾ ਹੈ। ਰਵਾਇਤੀ ਤੌਰ 'ਤੇ ਵੀ ਯੋਗੀਆਂ ਜਾਂ ਯੋਗ ਅਭਿਆਸ 'ਚ ਲੱਗੇ ਮਹਾਂਪੁਰਸ਼ਾਂ ਦੀ ਸਾਡੇ ਸਮਾਜ ਵਿੱਚ ਆਦਰਯੋਗ ਥਾਂ ਰਹੀ ਹੈ। ਆਮ ਤੌਰ 'ਤੇ ਯੋਗੀਆਂ ਨੂੰ ਤਪੱਸਵੀਆਂ ਅਤੇ ਗ੍ਰਹਿ-ਤਿਆਗੀਆਂ ਦੀ ਸ਼੍ਰੇਣੀ ਵਿੱਚ ਗਿਣਿਆ ਜਾਂਦਾ ਰਿਹਾ ਹੈ। ਪੰਜਾਬੀਆਂ ਵਿੱਚ ਯੋਗੀ ਨੂੰ ਜੋਗੀ ਵੀ ਕਿਹਾ ਜਾਂਦਾ ਹੈ। ਜੋਗ ਜਾਂ ਜੋਗੀ ਦਾ ਪੰਜਾਬੀ ਸਾਹਿਤ ਵਿੱਚ ਕਾਫੀ ਜਿਕਰ ਹੈ। ਇੱਥੇ ਆਮ ਤੌਰ 'ਤੇ ਇਹਨਾਂ ਨੂੰ ਗ੍ਰਹਿਸਤ ਜੀਵਨ ਨੂੰ ਤਿਆਗ ਕੇ ਪ੍ਰਮਾਤਮਾ ਦਾ ਧਿਆਨ ਧਰਨ ਵਾਲ਼ੇ ਤਪੀਆਂ ਦੇ ਤੌਰ 'ਤੇ ਜਾਣਿਆ ਜਾਂਦਾ ਰਿਹਾ ਹੈ। ਭਾਵੇਂ ਗ੍ਰਹਿਸਤ ਜੀਵਨ ਨੂੰ ਤਿਆਗਣ ਕਰਕੇ ਹੀ ਭਗਤਾਂ ਤੇ ਗੁਰੂਆਂ ਦੀ ਬਾਣੀ ਵਿੱਚ ਇਹਨਾਂ ਦੀ ਆਲੋਚਨਾ ਮਿਲ਼ਦੀ ਹੈ। ਮਿਸਾਲ ਲਈ-

ਥਿਤਿ ਵਾਰੁ ਨਾ ਜੋਗੀ ਜਾਣੈ, ਰੁਤਿ ਮਾਹੁ ਨਾ ਕੋਈ ਜਾਂ ਜੋਗੀ ਜੁਗਤ ਨਾ ਜਾਣੈ ਅੰਧ।

ਪੰਜਾਬੀ ਦੇ ਕਿੱਸਾ ਕਾਵਿ ਦਾ ਵੱਡਾ ਲੇਖਕ ਵਾਰਿਸ ਸ਼ਾਹ ਆਪਣੇ ਨਾਇਕ ਰਾਂਝੇ ਨੂੰ ਜੋਗੀ ਬਣਾਉਂਦਾ ਹੈ। ਪੂਰਨ ਭਗਤ ਦੇ ਕਿੱਸੇ ਵਿੱਚ ਪੂਰਨ, ਰਾਣੀ ਸੁੰਦਰਾਂ ਦੇ ਪਿਆਰ ਨੂੰ ਠੁਕਰਾ ਕੇ, ਉਸ ਦੀ ਮੌਤ ਦਾ ਕਾਰਨ ਬਣਦਾ ਹੈ। ਇਹਨਾਂ ਦੋਹਾਂ ਹੀ ਕਿੱਸਿਆਂ ਵਿੱਚ ਜੋਗੀ ਲੋਕਾਂ ਦੀ ਨਫਰਤ ਦੇ ਪਾਤਰ ਨਹੀਂ ਬਣਦੇ, ਕਿਉਂਕਿ ਉਸ ਵੇਲ਼ੇ ਦੀਆਂ ਸੱਭਿਆਚਾਰਕ ਕੀਮਤਾਂ ਵਿੱਚ ਜੋਗੀਆਂ ਦੀ ਇੱਕ ਆਦਰਯੋਗ ਥਾਂ ਸੀ।

ਹਰ ਇੱਕ ਦੌਰ ਦਾ ਭਾਰੂ ਸੱਭਿਆਚਾਰ, ਉਸ ਵੇਲ਼ੇ ਦੇ ਹਾਕਮਾਂ ਦਾ ਸੱਭਿਆਚਾਰ ਹੁੰਦਾ ਹੈ। ਇਹ ਵੀ ਸਹੀ ਹੈ ਕਿ ਹਰ ਇੱਕ ਦੌਰ ਵਿੱਚ ਉਸਦਾ ਵਿਰੋਧ ਵੀ ਮੌਜੂਦ ਹੁੰਦਾ ਹੈ। ਜਮਾਤੀ ਸਮਾਜਾਂ ਵਿੱਚ ਲੁੱਟ ਵਾਲ਼ੇ ਪ੍ਰਬੰਧ ਨੂੰ ਕਾਇਮ ਰੱਖਣ ਲਈ, ਰਾਜ ਪ੍ਰਬੰਧ ਨੂੰ ਇੱਕ ਡੰਡੇ ਦੇ ਤੌਰ 'ਤੇ ਵੀ ਇਸਤੇਮਾਲ ਕੀਤਾ ਜਾਂਦਾ ਹੈ। ਜਾਬਰ ਤਰੀਕਿਆਂ, ਤਾਕਤ ਜਾਂ ਬਲ ਦੀ ਅਹਿਮ ਭੂਮਿਕਾ ਰਹੀ ਹੈ। ਪਰ ਸਿਰਫ ਤਾਕਤ ਦੀ ਵਰਤੋਂ ਨਾਲ਼ ਸਾਰੇ ਲੋਕਾਂ ਨੂੰ ਦਬਾਇਆ ਨਹੀਂ ਜਾ ਸਕਦਾ। ਇਸ ਲਈ ਵਿਚਾਰਧਾਰਕ ਹਥਿਆਰ ਦੀ ਵੀ ਮਹੱਤਵਪੂਰਨ ਭੂਮਿਕਾ ਰਹੀ ਹੈ। ਸਾਰੀ ਦੁਨੀਆਂ ਵਿੱਚ ਲੰਮੇ ਜਗੀਰਦਾਰੀ ਦੌਰ ਵਿੱਚ, ਧਰਮ ਨੇ ਇਹ ਭੂਮਿਕਾ ਬਖੂਬੀ ਨਿਭਾਈ ਹੈ। ਪਰ ਸਰਮਾਏਦਾਰੀ ਦੇ ਆਉਣ ਨਾਲ਼ ਵਿਚਾਰਧਾਰਕ ਤਰੀਕਿਆਂ ਦਾ ਮਹੱਤਵ ਬੇਹੱਦ ਵਧ ਗਿਆ। ਕਿਉਂਕਿ ਹੁਣ ਧਰਮ ਕੇਂਦਰਤ ਜਗੀਰੂ ਪ੍ਰਬੰਧ ਵਾਂਗ ਰਾਜਾ ਰੱਬ ਦਾ ਦੂਤ ਨਹੀਂ ਜਿਸ ਦੀ ਪੁਸ਼ਟੀ ਲਈ ਕਿਸੇ ਧਰਮ ਦੀ ਸਹਿਮਤੀ ਕਾਫੀ ਸੀ। ਹੁਣ ਅਜ਼ਾਦੀ, ਬਰਾਬਰੀ ਤੇ ਭਾਈਚਾਰੇ ਦੇ ਨਾਹਰੇ ਨਾਲ਼ ਕਾਇਮ ਹੋਏ ਸਰਮਾਏਦਾਰੀ ਰਾਜ ਪ੍ਰਬੰਧਾਂ ਲਈ ਲੋਕਾਂ ਦੀ ਪ੍ਰਵਾਨਗੀ ਜਰੂਰੀ ਸੀ। ਲੋਕਾਂ ਦੀ ਸਹਿਮਤੀ ਤੋਂ ਬਿਨਾਂ ਰਾਜ ਪ੍ਰਬੰਧ ਵੈਧ ਨਹੀਂ ਸੀ ਹੋ ਸਕਦਾ। ਮਜ਼ਦੂਰ ਜਮਾਤ ਦੀ ਵਾਧੂ ਕਦਰ ਦੀ ਲੁੱਟ ਦੇ ਅਧਾਰ 'ਤੇ ਇਹ ਪ੍ਰਬੰਧ, ਮਨੁੱਖ ਜਾਤੀ ਦੇ ਇਤਿਹਾਸ ਦਾ ਸਭ ਤੋਂ ਵੱਧ ਲੁਟੇਰਾ ਪ੍ਰਬੰਧ ਹੋਣ ਦੇ ਬਾਵਜੂਦ, ਸਰਮਾਏਦਾਰ ਲੋਕਾਂ ਦੀ ਸਹਿਮਤੀ ਲੈਣ ਦਾ ਪ੍ਰਪੰਚ ਕਰਦਾ ਹੈ। ਆਰਥਕ ਨਾ-ਬਰਾਬਰੀ ਦੇ ਦਬਾਅ ਦੇ ਨਾਲ਼, ਫੌਜ ਪੁਲਸ ਅਤੇ ਜੇਲ੍ਹਾਂ ਦਾ ਇੱਕ ਵਿਸ਼ਾਲ ਤਾਣਾ-ਬਾਣਾ, ਲੋਕਾਂ 'ਤੇ ਜਬਰ ਤੇ ਜੁਲਮ ਲਈ ਮੌਜੂਦ ਹੈ। ਫਿਰ ਵੀ ਪ੍ਰਚਾਰ ਪ੍ਰਸਾਰ ਤੇ ਵਿਚਾਰਧਾਰਕ ਕਾਰਵਾਈਆਂ ਦੀ ਮਦਦ ਨਾਲ਼ ਸਰਮਾਏਦਾਰੀ ਪ੍ਰਬੰਧ ਵੈਧਤਾ ਹਾਸਲ ਕਰਦਾ ਹੈ। ਸਰਮਾਏਦਾਰਾ ਪ੍ਰਬੰਧ ਦਾ ਸਭ ਤੋਂ ਸੁਰੱਖਿਅਤ ਕਿਲ੍ਹਾ, ਉਸ ਦਾ ਵਿਚਾਰਧਾਰਕ ਦਬਦਬਾ ਹੈ। ਇਸੇ ਵਿਚਾਰਧਾਰਕ ਸਰਗਰਮੀ ਦੇ ਅੰਗ ਦੇ ਤੌਰ 'ਤੇ ਵਰਤਮਾਨ ਸਮੇਂ ਵਿੱਚ ਹਾਕਮ ਜਮਾਤਾਂ ਦੀ ਸਰਪ੍ਰਸਤੀ ਵਿੱਚ 'ਯੋਗ' ਦੇ ਪ੍ਰਚਾਰ ਨੂੰ ਸਮਝਿਆ ਜਾ ਸਕਦਾ ਹੈ। ਯੋਗ ਦਾ ਪ੍ਰਚਾਰ ਭਾਰਤ ਦੇ ਅਤੀਤ ਦੀ ਮਹਿਮਾ ਦੀ ਮੁਹਿੰਮ ਦਾ ਹਿੱਸਾ ਹੈ। ਸਾਡੇ ਅਤੀਤ ਵਿੱਚ ਬਹੁਤ ਕੁਝ ਸ਼ਾਨਦਾਰ ਹੈ। ਪਰ ਬਹੁਤ ਕੁਝ ਦਕਿਆਨੂਸੀ ਤੇ ਵੇਲ਼ਾ ਵਿਹਾ ਚੁੱਕਾ ਵੀ ਹੈ। ਇਤਿਹਾਸਕ ਤੌਰ 'ਤੇ ਸਾਨੂੰ ਇਸ ਦਾ ਅਲੋਚਨਾਤਮਕ ਤਰੀਕੇ ਨਾਲ਼ ਅਧਿਐਨ ਕਰਨ ਦੀ ਜ਼ਰੂਰਤ ਹੈ।

ਅਤੀਤ ਵਿੱਚ ਸਾਡੇ ਵੱਡੇ ਯੋਗ ਬਾਰੇ ਕਿਵੇਂ ਸੋਚਦੇ ਸਨ, ਇੱਥੇ ਸੰਖੇਪ ਜਿਹੇ ਵੇਰਵੇ ਨਾਲ਼ ਸਮਝਣ ਦਾ ਯਤਨ ਕਰਾਂਗੇ। ਮਹਾਨ ਵਿਦਵਾਨ ਰਾਹੁਲ ਸਾਂਕਰਤਾਇਨ ਅਨੁਸਾਰ ਯੋਗ ਦਾ ਵੇਦਾਂ ਵਿੱਚ ਜ਼ਿਕਰ ਨਹੀ ਮਿਲ਼ਦਾ, ਬਾਅਦ ਵਾਲ਼ੇ ਉਪਨਿਸ਼ਦਾਂ ਵਿੱਚ ਇਸ ਦਾ ਜ਼ਿਕਰ ਹੈ। ਭਾਗਵਤ ਗੀਤਾ ਵਿੱਚ ਇਸ ਦਾ ਜ਼ਿਕਰ ਹੈ। ਪਰ ਅਨੀਸ਼ਵਰਵਾਦੀ ਸਾਂਖ ਦਰਸ਼ਨ ਨੂੰ ਈਸ਼ਵਰਵਾਦੀ ਬਣਾ ਕੇ ਯੋਗ ਨਾਲ ਜੋੜਿਆ ਜਾਂਦਾ ਹੈ। ਗੀਤਾ ਵਿੱਚ ਲਿਖਿਆ ਹੈ 'ਮੂਰਖ ਹੀ ਸਾਂਖ ਤੋਂ ਯੋਗ ਨੂੰ ਵੱਖ ਦੱਸਦੇ ਹਨ।'

ਸਾਡੇ ਪੁਰਾਤਨ ਦਾਰਸ਼ਨਿਕ ਗ੍ਰੰਥਾਂ ਵਿੱਚ 'ਯੋਗ' ਸ਼ਬਦ ਦੀ ਵਰਤੋਂ ਕਈ ਜਗ੍ਹਾ ਹੋਈ ਹੈ। ਕੌਟਲਿਆ ਨੇ ਅਰਥਸ਼ਾਸਤਰ ਵਿੱਚ ਗਿਆਨ ਦੀਆਂ ਚਾਰ ਸ਼ਾਖਾਵਾਂ ਦਾ ਜ਼ਿਕਰ ਕੀਤਾ ਹੈ। ਇਹ ਹਨ ਅਨਵੀਕਸ਼ਕੀ, ਤ੍ਰਈ, ਵਾਰਤਾ ਤੇ ਦੰਡ ਨੀਤੀ। ਅਨਵੀਕਸ਼ਕੀ ਦਾ ਸਬੰਧ ਦਰਸ਼ਨ ਨਾਲ਼ ਹੈ। ਪੁਰਾਣੇ ਸਮੇਂ ਵਿੱਚ ਤਰਕਸ਼ਾਸਤਰ ਲਈ ਅਨਵੀਕਸ਼ਕੀ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਸੀ। ਤ੍ਰਈ ਬ੍ਰਹਮਗਿਆਨ ਲਈ, ਖਾਸ ਕਰਕੇ ਵੇਦਾਂ ਲਈ ਵਰਤਿਆ ਜਾਂਦਾ ਹੈ। ਚੌਥਾ ਵੇਦ ਬਾਅਦ ਦੀ ਰਚਨਾ ਹੈ ਪਹਿਲਾਂ ਤਿੰਨ ਵੇਦਾਂ ਲਈ ਤ੍ਰਈ ਸ਼ਬਦ ਵਰਤਿਆ ਜਾਂਦਾ ਸੀ। ਕੌਟਲਿਆ ਦੇ ਅਨੁਸਾਰ ਮੰਨੂ ਦੇ ਪੈਰੋਕਾਰ ਗਿਆਨ ਦੀਆਂ ਤਿੰਨ ਸ਼ਾਖਾਵਾਂ ਤ੍ਰਈ, ਵਾਰਤਾ ਤੇ ਦੰਡ ਨੀਤੀ ਨੂੰ ਹੀ ਮੰਨਦੇ ਹਨ, ਕਿਉਂਕਿ ਮੰਨੂ ਦੇ ਪੈਰੋਕਾਰ ਦਰਸ਼ਨ ਨੂੰ ਤ੍ਰਈ ਦੇ ਅਧੀਨ ਰੱਖਦੇ ਹਨ। ਕੌਟਲਿਆ ਨੇ ਦਰਸ਼ਨ ਨੂੰ ਤ੍ਰਈ ਜਾਂ ਬ੍ਰਹਮਗਿਆਨ ਤੋਂ ਵੱਖ ਰੱਖਿਆ। ਉਹ ਦਰਸ਼ਨ ਨੂੰ ਅਨੀਸ਼ਵਰਵਾਦੀ ਜਾਂ ਤਰਕਸ਼ਾਸਤਰ ਦੇ ਰੂਪ ਵਿੱਚ ਮਾਨਤਾ ਦਿੰਦੇ ਸਨ। ਪੂਰੀ ਤਰਾਂ ਦਰਸ਼ਨ ਨੂੰ ਗਿਆਨ ਦੀ ਇੱਕ ਵਖਰੀ ਸ਼ਾਖਾ ਦੇ ਰੂਪ ਵਿੱਚ ਮਾਨਤਾ ਦੇਣੀ, ਕੌਟਲਿਆ ਦੀ ਵਿਦਵਤਾ ਦਾ ਸਬੂਤ ਹੈ। ਮੰਨੂ ਦੇ ਪੈਰੋਕਾਰ ਬੁੱਧੀਸੰਗਤ ਵਿਚਾਰਾਂ ਨੂੰ ਦਰਸ਼ਨ ਦੇ ਅਧੀਨ ਕਰਦੇ ਸਨ। ਕੌਟਲਿਆ ਧਰਮ ਗ੍ਰੰਥਾਂ ਦੇ ਅਧਿਐਨ ਦੇ ਵਿਰੋਧੀ ਨਹੀਂ ਸਨ। ਪਰ ਦਰਸ਼ਨ ਦੇ ਅਧਿਐਨ ਨੂੰ ਹਾਕਮ ਜਮਾਤਾਂ ਅਤੇ ਖਾਸ ਕਰਕੇ ਰਾਜੇ ਅਤੇ ਰਾਜਕੁਮਾਰਾਂ ਲਈ ਜਰੂਰੀ ਸਮਝਦੇ ਸਨ। ਹਾਕਮ ਜਮਾਤਾਂ ਦਾ ਬੇਹੱਦ ਸਮਝਦਾਰ ਬੁਲਾਰਾ ਹੋਣ ਕਰਕੇ ਕੌਟਲਿਆ ਨੇ ਇੱਕ ਪਾਸੇ ਰਾਜਿਆਂ ਲਈ ਤਰਕਸੰਗਤ ਦ੍ਰਿਸ਼ਟੀਕੋਣ ਦੇ ਮਾਹਰ ਹੋਣ ਦੀ ਵਕਾਲਤ ਕੀਤੀ, ਦੂਜੇ ਪਾਸੇ ਆਮ ਲੋਕਾਂ ਵਿੱਚ ਅੰਧ-ਵਿਸ਼ਵਾਸ ਫੈਲਾਈ ਰੱਖਣ ਦੇ ਮਹੱਤਵ 'ਤੇ ਵੀ ਜੋਰ ਦਿੱਤਾ। 'ਅਨਵੀਕਸ਼ਕੀ' ਸਬੰਧੀ ਕੌਟਲਿਆ ਦੇ ਇੱਕ ਸੰਸਕ੍ਰਿਤ ਸਲੋਕ ਦਾ



ਅਨੁਵਾਦ ਹੈ 'ਅਨਵੀਕਸ਼ਕੀ ਸਾਰੀਆਂ ਵਿੱਦਿਆਵਾਂ ਵਿੱਚ ਦੀਪਕ ਦੇ ਸਮਾਨ ਹੈ, ਸਾਰੀਆਂ ਸਰਗਰਮੀਆਂ ਦੀ ਪ੍ਰੇਰਕ ਸ਼ਕਤੀ ਹੈ ਅਤੇ ਸਾਰੇ ਸਦਗੁਣਾਂ ਦੀ ਖਾਣ ਹੈ।' ਕੌਟਲਿਆ ਨੇ ਜਿਹੜੇ ਦਰਸ਼ਨਾਂ ਨੂੰ ਅਨਵੀਕਸ਼ਕੀ ਦੀ ਸੂਚੀ ਵਿੱਚ ਰੱਖਿਆ, 'ਯੋਗ' ਉਹਨਾਂ ਵਿੱਚੋਂ ਇੱਕ ਹੈ। ਦੂਜੇ ਦੋ ਦਰਸ਼ਨ ਸਾਂਖ ਅਤੇ ਲੋਕਾਇਤ ਸਨ। ਅਜੋਕੇ ਸਮੇਂ ਵਿੱਚ ਜਿਸ 'ਯੋਗ' ਦਰਸ਼ਨ ਬਾਰੇ ਅਸੀਂ ਜਾਣਦੇ ਹਾਂ, ਕੌਟਲਿਆ ਦਾ ਦੱਸਿਆ ਯੋਗ ਉਸ ਤੋਂ ਵੱਖਰਾ ਹੈ। ਬਹੁਤ ਸਾਰੇ ਅਧਿਐਨਾਂ ਨਾਲ਼ ਇਹ ਸਾਬਤ ਹੋ ਚੁੱਕਾ ਹੈ ਕਿ ਕੌਟਲਿਆ ਦਾ 'ਯੋਗ', ਅਨੀਸ਼ਵਰਵਾਦੀ ਯਾਨੀ ਕਿ ਰੱਬ ਦੀ ਹੋਂਦ ਨੂੰ ਨਾ ਮੰਨਣ ਵਾਲ਼ੇ ਪਦਾਰਥਵਾਦੀ ਦਰਸ਼ਨ 'ਨਿਆਏ ਵੈਸ਼ੇਸ਼ਿਕ' ਦਾ ਪੁਰਾਣਾ ਨਾਂ ਹੈ। ਮਗਰਲੇ ਸਮੇਂ ਵਿੱਚ ਲੋਕਾਇਤ ਤੋਂ ਬਿਨਾਂ ਬਾਕੀ ਸਾਰੇ ਦਰਸ਼ਨਾਂ ਵਿੱਚ ਧਰਮ ਅਧਿਕਾਰੀਆਂ ਤੇ ਹਾਕਮਾਂ ਦੇ ਦਬਾਅ ਵਿੱਚ ਤਬਦੀਲੀਆਂ ਕੀਤੀਆਂ ਗਈਆਂ। ਲੋਕਾਇਤਾਂ ਦੀ ਦ੍ਰਿੜ੍ਹਤਾ ਦੀ ਸਜ਼ਾ ਇਹ ਦਿੱਤੀ ਗਈ ਕਿ ਉਹਨਾਂ ਦੇ ਸਾਰੇ ਗ੍ਰੰਥ ਤਬਾਹ ਕਰ ਦਿੱਤੇ ਗਏ। ਵਿਚਾਰਵਾਦੀਆਂ ਤੇ ਧਰਮਗ੍ਰੰਥਾਂ ਵੱਲੋਂ ਕੀਤੀ ਗਈ ਨਿੰਦਿਆ ਤੋਂ ਹੀ ਲੋਕਾਇਤ ਦਰਸ਼ਨ ਬਾਰੇ ਜਾਣਕਾਰੀ ਇਕੱਠੀ ਹੋ ਸਕੀ ਹੈ। ਲੋਕਾਇਤ, ਸਾਂਖ ਅਤੇ ਨਿਆਏ ਵੈਸ਼ੇਸ਼ਿਕ ਦਰਸ਼ਨ (ਜਿਸ ਲਈ ਕੌਟਲਿਆ ਨੇ ਉਸ ਦਾ ਪੁਰਾਣਾ ਨਾਂ 'ਯੋਗ' ਵਰਤਿਆ ਹੈ) ਪਦਾਰਥਵਾਦੀ ਦਰਸ਼ਨ ਸਨ।

ਇਸ ਤੋਂ ਬਿਨਾਂ ਬੌਧ ਦਾਰਸ਼ਨਿਕ ਦੌਰ ਦੀ ਚੜ੍ਹਤ ਵਲ਼ਲੇ 'ਯੋਗ' ਦਾ ਜ਼ਿਕਰ ਵੱਖਰੇ ਅਰਥਾਂ ਵਿੱਚ ਨਜ਼ਰ ਆਉਂਦਾ ਹੈ। ਭਾਰਤ ਵਿੱਚ ਵਿਚਾਰਵਾਦੀ ਦਰਸ਼ਨ ਦੇ ਵਿਕਾਸ ਵਿੱਚ, ਮਹਾਯਾਨ ਬੌਧ ਦਰਸ਼ਨ ਦੀ ਬਹੁਤ ਵੱਡੀ ਭੂਮਿਕਾ ਰਹੀ ਹੈ। ਇਸ ਨੇ ਵਿਚਾਰਵਾਦ ਨੂੰ ਠੋਸ ਵਿਚਾਰਧਾਰਕ ਅਧਾਰ ਮੁਹੱਈਆ ਕਰਾਇਆ। ਇਸ ਦੀਆਂ ਦੋ ਮੁੱਖ ਸ਼ਾਖਾਵਾਂ ਸ਼ੂਨਯਵਾਦ ਅਤੇ ਵਿਗਿਆਨਵਾਦ ਹਨ। ਵਿਗਿਆਨ ਸ਼ਬਦ ਉਸ ਸਮੇਂ ਵਿਚਾਰ ਲਈ ਵਰਤਿਆ ਜਾਂਦਾ ਸੀ। ਵਿਗਿਆਨਵਾਦ ਦਾ ਦੂਜਾ ਨਾਂ ਯੋਗਾਚਾਰ ਦਰਸ਼ਨ ਵੀ ਹੈ। ਯੋਗਾਚਾਰ ਦਾ ਸ਼ਾਬਦਿਕ ਅਰਥ ਹੈ ਯੋਗ ਦਾ ਅਭਿਆਸ ਕਰਨਾ। ਉਹ ਰਹੱਸਮਈ ਸਮਾਧੀ ਅਤੇ ਧਿਆਨ ਧਰਨ ਦੀ ਕਿਰਿਆ ਨਾਲ਼, ਬਾਹਰੀ ਜਗਤ ਤੋਂ ਮਨੋ ਜਗਤ ਵੱਲ ਚੇਤਨਾ ਨੂੰ ਮੋੜਨ ਦਾ ਅਭਿਆਸ ਕਰਨ 'ਤੇ ਜੋਰ ਦਿੰਦੇ ਸਨ। ਉਹਨਾਂ ਅਨੁਸਾਰ ਮਨ ਜਾਂ ਵਿਚਾਰ ਹੀ ਯਥਾਰਥ ਯਾਨੀ ਕਿ ਸੱਚ ਹੈ। ਮਨ ਜਾਂ ਵਿਚਾਰ ਤੋਂ ਬਾਹਰ ਮੌਜੂਦ ਸੰਸਾਰ ਦੀ ਹੋਂਦ ਨੂੰ ਪੂਰੀ ਤਰਾਂ ਨਕਾਰਦੇ ਸਨ। 'ਯੋਗ' ਦੀ ਵਰਤੋਂ ਪਦਾਰਥਵਾਦੀ ਅਤੇ ਵਿਚਾਰਵਾਦੀ ਦੋਹਾਂ ਤਰਾਂ ਦੇ ਚਿੰਤਨ ਵਿੱਚ ਵੱਖਰੇ-ਵੱਖਰੇ ਅਰਥਾਂ ਵਿੱਚ ਕੀਤੀ ਗਈ ਹੈ। ਵਿਚਾਰਵਾਦੀਆਂ ਦੀ ਧਿਆਨ ਜਾਂ ਸਮਾਧੀ ਦੇ ਰੂਪ ਵਿੱਚ ਸਥਾਪਤ ਕੀਤੀ ਗਈ ਧਾਰਨਾ, ਯੋਗ ਸਬੰਧੀ ਅੱਜ ਦੇ ਸਮੇਂ ਵਿੱਚ ਵੀ ਸਾਫ਼ ਨਜ਼ਰ ਆਉਂਦੀ ਹੈ। ਅਸੀਂ ਵੇਖਿਆ ਕਿ ਪ੍ਰਮਾਣੂ ਸਿਧਾਂਤ ਵਾਲ਼ੇ ਪਦਾਰਥਵਾਦੀ ਦਰਸ਼ਨ 'ਨਿਆਏ ਵੈਸ਼ੇਸ਼ਿਕ' ਦਰਸ਼ਨ ਦਾ ਪੁਰਾਣਾ ਨਾਂ 'ਯੋਗ' ਦਰਸ਼ਨ ਹੈ, ਦੂਜੇ ਪਾਸੇ ਮਹਾਯਾਨ ਬੌਧ ਦਰਸ਼ਨ ਦੀ ਇੱਕ ਮੁੱਖ ਸ਼ਾਖਾ ਜੋ ਕਿ ਵਿਚਾਰਵਾਦ ਦੀ ਮਜ਼ਬੂਤ ਧਿਰ ਦੇ ਤੌਰ 'ਤੇ ਉੱਭਰਦੀ ਹੈ, ਉਸ ਦਾ ਨਾਂ ਵੀ ਯੋਗਾਚਾਰ ਦਰਸ਼ਨ ਹੈ। ਇਸ ਲਈ ਯੋਗ ਦਾ ਸਵਾਲ ਗੰਭੀਰ ਅਧਿਐਨ ਦੀ ਮੰਗ ਕਰਦਾ ਹੈ।

ਵਰਤਮਾਨ ਸਮੇਂ ਵਿੱਚ ਜਿਸ ਯੋਗ ਦੀ ਚਰਚਾ ਹੈ, ਉਸ ਦਾ ਸਬੰਧ ਪਤੰਜਲੀ ਦੇ ਯੋਗ ਸੂਤਰ ਨਾਲ਼ ਜੋੜਿਆ ਜਾਂਦਾ ਹੈ। ਪਤੰਜਲੀ ਪੁਰਾਤਨ ਸਮੇਂ ਵਿੱਚ ਇੱਕ ਵੱਡੇ ਵਿਦਵਾਨ ਹੋਏ ਹਨ। ਦੇਵੀ ਪ੍ਰਸਾਦ ਚਟੋਪਾਧਿਆਏ ਅਨੁਸਾਰ ਪਤੰਜਲੀ ਯੋਗ ਸੂਤਰ ਦੇ ਮੌਲਿਕ ਲੇਖਕ ਹੋਣ ਦੀ ਥਾਂ ਉਸ ਦੇ ਸੰਪਾਦਕ ਸਨ। ਰਾਹੁਲ ਸਾਂਕਰਤਾਇਨ ਵੀ ਲਿਖਦੇ ਹਨ ਕਿ ਪਤੰਜਲੀ ਨੇ ਯੋਗ ਸੂਤਰ ਦੇ ਹਰੇਕ ਅਧਿਆਏ ਦੇ ਅੰਤ ਵਿੱਚ ਲਿਖਿਆ ਹੈ ਕਿ ਇਹ 'ਸਾਂਖ' ਦੇ ਅਨੁਸਾਰ 'ਯੋਗ' ਦੀਆਂ ਵਿਧੀਆਂ ਦਾ ਲੇਖਾ ਜੋਖਾ ਹੈ। ਪਰ ਇੱਥੇ ਦਿਲਚਸਪ ਗੱਲ ਇਹ ਹੈ ਕਿ ਸਾਂਖ ਦਰਸ਼ਨ ਜੋ ਰੱਬ ਦੀ ਹੋਂਦ ਨੂੰ ਨਾ ਮੰਨਣ ਵਾਲ਼ਾ ਪਦਾਰਥਵਾਦੀ ਦਰਸ਼ਨ ਹੈ, ਪਤੰਜਲੀ ਉਸ ਦਾ ਸਬੰਧ ਆਪਣੇ ਈਸ਼ਵਰਵਾਦੀ ਦਰਸ਼ਨ ਨਾਲ਼ ਜੋੜਦੇ ਹਨ। ਕਈ ਵਿਦਵਾਨਾਂ ਨੇ ਯੋਗ ਨੂੰ ਈਸ਼ਵਰਵਾਦੀ ਸਾਂਖ ਦਾ ਨਾਂ ਵੀ ਦਿੱਤਾ ਹੈ। ਪਤੰਜਲੀ ਦੇ ਯੋਗ ਦਰਸ਼ਨ ਅਤੇ ਯੋਗ ਦੀਆਂ ਸਰੀਰਕ ਕਿਰਿਆਵਾਂ ਵਿੱਚ ਸਾਂਖ ਦਰਸ਼ਨ ਦੀ ਛਾਪ ਬੜੀ ਸਪੱਸ਼ਟ ਨਜ਼ਰ ਆਉਂਦੀ ਹੈ। ਪਰ ਉਸ ਵਿੱਚ ਵਰਣਿਤ ਈਸ਼ਵਰ ਦੀ ਧਾਰਨਾ ਦਾ ਸਾਂਖ ਦੇ ਸਿਧਾਂਤਾਂ ਨਾਲ਼ ਬੁੱਧੀਸੰਗਤ ਤਾਲਮੇਲ ਨਹੀਂ ਬਣਦਾ। ਈਸ਼ਵਰ ਧੱਕੇ ਨਾਲ ਸਾਂਖ ਦਰਸ਼ਨ 'ਤੇ ਥੋਪਿਆ ਨਜ਼ਰ ਆਉਂਦਾ ਹੈ। ਜਾਬਰ ਜਗੀਰੂ ਸਮਾਜ ਵਿੱਚ, ਹਾਕਮਾਂ ਅਤੇ ਧਰਮ-ਅਧਿਕਾਰੀਆਂ ਦੇ ਦਬਾਅ ਦਾ ਅਸਰ ਨਜ਼ਰ-ਅੰਦਾਜ ਕਰਕੇ, ਪੁਰਾਤਨ ਸਮੇਂ ਵਿੱਚ ਗਿਆਨ-ਵਿਗਿਆਨ ਦੇ ਹਰੇਕ ਖੇਤਰ ਵਿੱਚ ਹੋਏ ਸ਼ਾਨਦਾਰ ਕੰਮ ਦੇ ਅਸਲ ਸੱਚ ਤੱਕ ਪਹੁੰਚਣਾ ਮੁਸ਼ਕਲ ਹੈ।

ਵੱਖ-ਵੱਖ ਇਤਿਹਾਸਕ ਦੌਰਾਂ ਵਿੱਚ ਯੋਗ ਦੇ ਹਾਕਮਾਂ ਲਈ ਅਤੇ ਆਮ ਲੋਕਾਂ ਲਈ, ਵੱਖਰੇ ਅਰਥ ਰਹੇ ਹਨ। ਮੁੱਢਲੇ ਆਦਿਮ ਕਬਾਇਲੀ ਸਮਾਜ ਤੋਂ ਲੈ ਕੇ ਅੱਜ ਦੇ ਸਾਮਰਾਜਵਾਦੀ ਸਰਮਾਏਦਾਰੀ ਦੇ ਯੁੱਗ ਤੱਕ ਯੋਗ ਦੇ ਅਰਥਾਂ ਅਤੇ ਇਸ ਦੀ ਵਰਤੋਂ ਵਿੱਚ ਤਬਦੀਲੀ ਦਾ ਪੂਰਾ ਇਤਿਹਾਸ ਹੈ। ਕੋਈ ਵੀ ਚੀਜ਼ ਤਬਦੀਲੀ ਦੇ ਨੇਮਾਂ ਤੋਂ ਸੁਤੰਤਰ ਨਹੀ ਹੁੰਦੀ। ਮੁੱਢ ਕਦੀਮੀ ਸਾਮਵਾਦੀ ਸਮਾਜ ਆਪਣੇ ਮੁੱਢਲੇ ਦੌਰ ਵਿੱਚ ਟੋਟਮ ਅਤੇ ਜਾਦੂ ਦੀਆਂ ਕਿਰਿਆਵਾਂ ਵਿੱਚੋਂ ਗੁਜ਼ਰਦਾ ਹੋਇਆ ਧਰਮ ਤੇ ਦਰਸ਼ਨ ਦੀ ਮੰਜ਼ਲ ਤੱਕ ਪਹੁੰਚਦਾ ਹੈ। ਧਰਮ ਤੇ ਦਰਸ਼ਨ ਦਾ ਜਨਮ ਸਮਾਜ ਦੇ ਜਮਾਤਾਂ ਵਿੱਚ ਵੰਡੇ ਜਾਣ 'ਤੇ ਹੀ ਸੰਭਵ ਹੋਇਆ। ਜਾਦੂ ਦੀਆਂ ਕਿਰਿਆਵਾਂ ਵਿੱਚ ਆਦਿਮ ਮਨੁੱਖ ਕੁਦਰਤ ਦਾ ਮੁਕਾਬਲਾ ਕਰਨ ਲਈ ਆਪਣੇ ਆਪ ਨੂੰ ਮਜ਼ਬੂਤ ਕਰਦਾ ਸੀ ਅਤੇ ਨਾਲ਼ ਹੀ ਕੁਦਰਤ ਨੂੰ ਆਦੇਸ਼ ਵੀ ਦਿੰਦਾ ਸੀ। ਬਾਅਦ ਦੇ ਸਮੇਂ ਵਿੱਚ ਵਿਕਸਿਤ ਹੋਈਆਂ ਯੋਗ ਦੀਆਂ ਕਸਰਤਾਂ ਦੀਆਂ ਮੂਲ ਜੜ੍ਹਾਂ ਇਹਨਾਂ ਕਿਰਿਆਵਾਂ ਵਿੱਚ ਲੱਭੀਆਂ ਜਾ ਸਕਦੀਆਂ ਹਨ। ਅੱਗੇ ਜਾ ਕੇ ਸਾਂਖ ਵਰਗੇ ਪਦਾਰਥਵਾਦੀ ਦਰਸ਼ਨ ਦਾ ਪ੍ਰਕਿਰਤੀ (ਪ੍ਰਧਾਨ) ਅਤੇ ਪੁਰਸ਼ ਦਾ ਸਿਧਾਂਤ, ਇਸ ਦਾ ਵਿਚਾਰਧਾਰਕ ਅਧਾਰ ਬਣਿਆ। ਦਰਸ਼ਨ ਦੇ ਇਤਿਹਾਸ 'ਤੇ ਨਜ਼ਰ ਮਾਰਿਆਂ ਪਤਾ ਲਗਦਾ ਹੈ ਕਿ ਭਾਵੇਂ ਦਰਸ਼ਨ ਦਾ ਸਾਰਾ ਇਤਿਹਾਸ ਪਦਾਰਥਵਾਦ ਅਤੇ ਵਿਚਾਰਵਾਦ ਵਿੱਚ ਸੰਘਰਸ਼ ਦਾ ਇਤਿਹਾਸ ਹੈ ਪਰ ਮੁੱਢਲੇ ਦੌਰ ਵਿੱਚ ਪਦਾਰਥਵਾਦੀ ਧਾਰਾ ਹਾਵੀ ਨਜ਼ਰ ਆਉਂਦੀ ਹੈ। 'ਅਨੁਭਵ ਹੀ ਸੱਚ ਜਾਨਣ ਦਾ ਸਹੀ ਮਾਰਗ ਹੈ'- ਇਹ ਧਾਰਨਾ ਸ਼ੁਰੂਆਤੀ ਦੌਰ ਵਿੱਚ ਹਾਵੀ ਸੀ। ਜਿਵੇਂ ਜਿਵੇਂ ਜਮਾਤੀ ਸਮਾਜ ਦੇ ਵਿਕਾਸ ਨਾਲ ਵਿਚਾਰਵਾਦ ਜੋਰ ਫੜਨ ਲੱਗਾ ਤਾਂ ਇਹ ਵਿਚਾਰ ਆਇਆ ਕਿ ਗਿਆਨ-ਇੰਦਰੀਆਂ ਦੁਆਰਾ ਹਾਸਲ ਅਨੁਭਵ ਗਲਤ ਜਾਂ ਭੁਲੇਖਾ ਪਾਊ ਹੋ ਸਕਦਾ ਹੈ। ਗਿਆਨ ਹੀ ਸੱਚ ਤਕ ਪਹੁੰਚਣ ਦਾ ਸਹੀ ਰਸਤਾ ਹੈ। ਉਹਨਾਂ ਦੇ ਗਿਆਨ ਦਾ ਮਤਲਬ ਸੀ ਕਿ ਦਿਖਾਈ ਦਿੰਦਾ ਸੰਸਾਰ ਝੂਠਾ ਹੈ, ਜਿਸ ਨੇ ਇਹ ਗਿਆਨ ਹਾਸਲ ਕਰ ਲਿਆ ਉਸ ਨੇ ਸੱਚ ਪਾ ਲਿਆ। ਵਿਚਾਰ ਜਾਂ ਪਰਮ ਵਿਚਾਰ ਹੀ ਅੰਤਮ ਸੱਚ ਹੈ। ਏਹੋ ਹੀ ਬ੍ਰਹਮ ਗਿਆਨ ਹੈ। ਪਰ ਜਾਗੀਰਦਾਰੀ ਤੱਕ ਪਹੁੰਚਦਿਆਂ ਇਹ ਵੀ ਕਾਫੀ ਨਾ ਰਿਹਾ। ਜਗੀਰਦਾਰੀ ਪ੍ਰਬੰਧ ਆਮ ਲੁੱਟੇ-ਪੁੱਟੇ ਜਾਂਦੇ ਲੋਕਾਂ ਦੇ ਪੂਰਨ ਸਮਰਪਣ ਦੀ ਮੰਗ ਕਰਦਾ ਸੀ। ਵਿਚਾਰਵਾਦੀ ਚਿੰਤਕਾਂ ਨੇ ਕਿਹਾ ਕਿ ਅਨੁਭਵ ਦੇ ਮਾਰਗ ਵਾਂਗ ਗਿਆਨ ਦਾ ਮਾਰਗ ਵੀ ਗਲਤ ਸੂਚਨਾ ਦੇ ਸਕਦਾ ਹੈ, ਭੁਲੇਖਾ ਪਾਊ ਹੋ ਸਕਦਾ ਹੈ। ਇਸ ਲਈ ਧਿਆਨ ਜਾਂ ਅੰਤਰਮੁਖੀ ਸਮਾਧੀ ਹੀ ਸੱਚ ਤੱਕ ਪਹੁੰਚਣ ਦਾ ਮਾਰਗ ਹੈ। ਪੂਰਨ ਸਮਰਪਣ ਅਤੇ ਭਗਤੀ ਦੇ ਸਿਧਾਂਤ ਤਹਿਤ ਦਰਸ਼ਨ ਧਰਮ ਦੇ ਅਧੀਨ ਹੋ ਗਿਆ। ਇਸ ਤੋਂ ਬਾਅਦ ਹਰ ਤਰਾਂ ਦੇ ਤਰਕਸੰਗਤ ਸਿਧਾਂਤਾਂ ਨੂੰ ਵੀ ਧਰਮ ਦੀ ਪ੍ਰਵਾਨਗੀ ਦੀ ਲੋੜ ਪੈਣ ਲੱਗੀ।

ਅੱਜ ਅਸੀਂ ਸਰਮਾਏਦਾਰੀ ਦੌਰ ਵਿੱਚ ਰਹਿ ਰਹੇ ਹਾਂ। ਇਹ ਆਪਣੇ ਬਚਪਨ ਅਤੇ ਜਵਾਨੀ ਦੇ ਦੌਰ ਨੂੰ ਪਾਰ ਕਰਕੇ ਬੁਢਾਪੇ ਦੀ ਅਵਸਥਾ ਵਿੱਚ ਆ ਗਿਆ ਹੈ। ਜਗੀਰਦਾਰੀ ਪ੍ਰਬੰਧ ਨੂੰ ਖਤਮ ਕਰਕੇ ਇਤਿਹਾਸ ਵਿੱਚ ਅਗਾਂਹਵਧੂ ਭੂਮਿਕਾ ਨਿਭਾਉਣ ਵਾਲ਼ਾ ਇਹ ਪ੍ਰਬੰਧ, ਅੱਜ ਪਰਜੀਵੀ ਅਤੇ ਮਨੁੱਖ ਵਿਰੋਧੀ ਸੱਭਿਆਚਾਰ ਦਾ ਵਾਹਕ ਬਣ ਗਿਆ ਹੈ। ਖਾਸ ਕਰਕੇ ਪਿਛਲੀ ਸਦੀ ਦੇ ਆਖਰੀ ਦਹਾਕਿਆਂ ਤੋਂ ਸ਼ੁਰੂ ਹੋਏ ਨਵ-ਉਦਾਰੀਕਰਨ ਦੇ ਇਸ ਦੌਰ ਵਿੱਚ ਜੀਵਨ ਦੇ ਹਰ ਖੇਤਰ ਵਿੱਚ ਜਮਹੂਰੀਅਤ ਸੁੰਗੜ ਰਹੀ ਹੈ, ਸੱਜੇਪੱਖੀ ਫਾਸੀਵਾਦੀ ਰੁਝਾਨ ਜੋਰ ਫੜ ਰਹੇ ਹਨ। ਭਾਰਤ ਵਿੱਚ ਹਿੰਦੂਤਵ ਦੇ ਏਜੰਡੇ ਤਹਿਤ ਅੰਧ ਕੌਮਵਾਦੀ ਜਨੂੰਨ ਫੈਲਾਇਆ ਜਾ ਰਿਹਾ ਹੈ। ਇਤਿਹਾਸ, ਦਰਸ਼ਨ, ਕਲਾ, ਸਾਹਿਤ, ਅਤੇ ਗਿਆਨ-ਵਿਗਿਆਨ ਦੇ ਹਰੇਕ ਖੇਤਰ ਵਿੱਚ ਅਜ਼ਾਦ ਤੇ ਸੁਤੰਤਰ ਚਿੰਤਨ ਦਾ ਖਾਤਮਾ ਕਰਕੇ ਫਾਸੀਵਾਦੀ ਪ੍ਰਯੋਗ ਕੀਤੇ ਜਾ ਰਹੇ ਹਨ। ਸਰਮਾਏਦਾਰਾ ਸੰਕਟ ਦੇ ਇਸ ਗੰਭੀਰ ਦੌਰ ਵਿੱਚ ਬੁਰਜੂਆ ਵਿਚਾਰਧਾਰਕ ਦਬਦਬਾ ਕਾਇਮ ਰੱਖਣ ਲਈ, ਧਾਰਮਿਕ ਜਾਤੀਵਾਦੀ ਤੇ ਕੌਮਵਾਦੀ ਵਿਚਾਰਾਂ ਨੂੰ ਹਵਾ ਦੇ ਕੇ, ਲੋਕਾਂ ਵਿੱਚ ਮੌਜੂਦ ਹੱਕ, ਸੱਚ, ਅਜ਼ਾਦੀ ਤੇ ਨਿਆਂ ਲਈ ਲੜਨ ਵਾਲ਼ੀਆਂ ਪਹਿਲਕਦਮੀਆਂ ਦਾ ਰਸਤਾ ਰੋਕਿਆ ਜਾ ਰਿਹਾ ਹੈ। ਇਸ ਫਾਸੀਵਾਦੀ ਵਿਚਾਰਧਾਰਕ ਮੁਹਿੰਮ ਤਹਿਤ ਅਤੀਤ ਦੀ ਮਹਿਮਾ, ਇਤਿਹਾਸ ਤੇ ਮਿਥਿਹਾਸ ਨੂੰ ਹਾਕਮ ਜਮਾਤਾਂ ਦੇ ਏਜੰਡੇ ਮੁਤਾਬਕ ਘੜ ਤਰਾਸ਼ ਕੇ, ਵਿਚਾਰਧਾਰਕ ਸੰਦ ਦੇ ਤੌਰ 'ਤੇ ਵਰਤਿਆ ਜਾ ਰਿਹਾ ਹੈ। ਇਸ ਸੰਦਰਭ ਵਿੱਚ 'ਯੋਗ' ਦਾ ਪ੍ਰਚਾਰ, ਇਸ ਫਾਸੀਵਾਦੀ ਮੁਹਿੰਮ ਦਾ ਇਕ ਬੇਹੱਦ ਕਾਰਗਰ ਹਥਿਆਰ ਹੈ ਕਿਉਂਕਿ ਯੋਗ ਦੇ ਸਿਹਤ ਲਈ ਕਸਰਤਾਂ ਦੇ ਰੂਪ ਵਿੱਚ ਉਪਯੋਗੀ ਪੱਖ ਨੂੰ ਵਰਤ ਕੇ, ਦਾਰਸ਼ਨਿਕ ਤੇ ਵਿਚਾਰਧਾਰਕ ਪੱਧਰ 'ਤੇ ਵਿਚਾਰਵਾਦ ਪਰੋਸਿਆ ਜਾ ਰਿਹਾ ਹੈ। ਆਮ ਤੌਰ 'ਤੇ ਵਿਚਾਰਵਾਦ ਮਨੁੱਖੀ ਇਤਿਹਾਸ ਵਿੱਚ ਹਾਕਮਾਂ ਦੇ ਹੱਕ ਵਿੱਚ ਹੀ ਭੁਗਤਿਆ ਹੈ। ਜੇ ਕਿਤੇ ਇਤਿਹਾਸ ਵਿੱਚ ਧਾਰਮਿਕ ਅਤੇ ਵਿਚਾਰਵਾਦੀ ਸਿਧਾਂਤਾਂ ਨੇ ਜਨ-ਸਮੂਹਾਂ ਦੀ ਅਗਵਾਈ ਕੀਤੀ ਵੀ ਹੈ ਤਾਂ ਉਹਨਾਂ ਖਾਸ ਇਤਿਹਾਸਿਕ ਦੌਰਾਂ ਦਾ ਲੇਖਾ ਜੋਖਾ ਇੱਕ ਵੱਖਰਾ ਵਿਸ਼ਾ ਹੈ। ਸਰਲ ਸ਼ਬਦਾਂ ਵਿੱਚ ਜਦੋਂ ਵਿਚਾਰਵਾਦ ਤੇ ਪਦਾਰਥਵਾਦ ਦੇ ਸੰਘਰਸ਼ ਵਿੱਚ ਵਿਰੋਧ ਨੂੰ ਸਖਤੀ ਨਾਲ਼ ਦਬਾ ਦਿੱਤਾ ਜਾਂਦਾ ਰਿਹਾ ਹੈ ਤਾਂ ਇਸ ਵਿਚਲੀ ਵਿਰੋਧਤਾਈ ਸਥਾਪਤ ਕਦਰਾਂ ਕੀਮਤਾਂ ਦੇ ਅੰਦਰੋਂ ਹੀ ਕੋਈ ਰਸਤਾ ਲੱਭ ਲੈਂਦੀ ਹੈ।

ਅਜੋਕੇ ਸਾਮਰਾਜਵਾਦੀ ਦੌਰ ਵਿੱਚ, ਜੋ ਸਰਮਾਏਦਾਰੀ ਦਾ ਆਖਰੀ ਪੜਾਅ ਹੈ, ਵਿਚਾਰਵਾਦੀ ਦਰਸ਼ਨ ਅਤੇ ਇਸ ਦੇ ਸਹਿਯੋਗੀ ਹਰ ਤਰਾਂ ਦੇ ਪਛੜੇ ਵਿਚਾਰ ਮਜ਼ਦੂਰ ਜਮਾਤ ਦੇ ਮੁਕਤੀ ਸੰਗਰਾਮ ਵਿੱਚ ਕੋਈ ਯੋਗਦਾਨ ਨਹੀਂ ਪਾ ਸਕਦੇ। ਸਰਮਾਏਦਾਰਾ ਪ੍ਰਬੰਧ ਦੀ ਮਜ਼ਬੂਤ ਢਾਲ਼ ਬੁਰਜੂਆ ਵਿਚਾਰਧਾਰਕ ਦਬਦਬੇ ਨੂੰ ਹਰਾਉਣ ਲਈ, ਹਰ ਤਰਾਂ ਦੇ 'ਵਿਚਾਰਵਾਦ' ਵਿਰੁੱਧ ਬੇਕਿਰਕ ਸੰਘਰਸ਼ ਲੁੱਟ-ਖਸੁੱਟ ਤੋਂ ਮੁਕਤ ਜਮਾਤ ਰਹਿਤ ਸਮਾਜਵਾਦੀ ਪ੍ਰਬੰਧ ਦੀ ਸਥਾਪਨਾ ਦੀ ਬੁਨਿਆਦੀ ਸ਼ਰਤ ਬਣ ਗਿਆ ਹੈ।

*ਲਲਕਾਰ 'ਚੋਂ ਧੰਨਵਾਦ ਸਹਿਤ*



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

# ਜਨਤਕ ਖੇਤਰ ਦੀਆਂ ਦਵਾ ਕੰਪਨੀਆਂ ਨੂੰ ਫ਼ੇਲ ਕਿਉਂ ਕੀਤਾ ਜਾ ਰਿਹਾ ਹੈ



ਹਰ ਦੇਸ਼ ਦੀ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਲੋਕਾਂ ਦੀ ਖੁਰਾਕ ਸਿਹਤ ਸਿੱਖਿਆ ਤੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰੇ। ਭਾਰਤ ਸਮੇਤ ਪੂਰੀ ਦੁਨੀਆਂ ਦੀਆਂ ਸਰਕਾਰਾਂ ਲੋਕਾਂ ਦੀ ਸਿਹਤ ਦਾ ਧਿਆਨ ਰੱਖਣ ਦਾ ਸਿਰਫ ਵਿਖਾਵਾ ਕਰਦੀਆ ਹਨ ਪਰ ਪਿਛਲੇ ਕੁਝ ਸਾਲਾਂ ਤੋਂ ਇਹ ਵਿਖਾਵਾ ਵੀ ਬੰਦ ਹੋਣ ਲੱਗਿਆ ਹੈ। ਖਾਸ ਕਰਕੇ ਨੱਬੇ ਦੇ ਦਹਾਕੇ ਪਿੱਛੋਂ ਤੋਂ ਸਰਕਾਰ ਬੇਸ਼ਰਮੀ ਨਾਲ ਲੋਕਾਂ ਦੇ ਹਿੱਤਾਂ ਦੀਆਂ ਧੱਜੀਆਂ ਉਡਾ ਰਹੀਆਂ ਹਨ। ਪਿਛਲੇ ਵੀਹ ਸਾਲਾਂ ਤੋਂ ਤਾਂ ਇਸ ਵਿੱਚ ਬੇਸ਼ਰਮੀ ਨਾਲ ਅਮਰ ਵੇਲ ਵਾਂਗੂੰ ਵਾਧਾ ਹੋਇਆ ਹੈ ਅਤੇ ਇਹ ਅਮਲ ਲਗਾਤਾਰ ਵਧਦਾ ਹੀ ਜਾ ਰਿਹਾ ਹੈ। 1978 ਵਿੱਚ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਦਰਮਿਆਨ ਅਤੇ ਨਾਲ ਹੀ ਦੇਸ਼ ਦੇ ਅੰਦਰ ਵੀ ਲੋਕਾਂ ਦੀ ਸਿਹਤ ਦੀ ਗੈਰ ਬਰਾਬਰੀ ਵਾਲੀ ਸਥਿਤੀ ਦੇ ਮੱਦੇਨਜ਼ਰ ਸੋਵੀਅਤ ਸੰਘ ਦੇ ਆਲਮਾਂ ਆਟਾ ਵਿੱਚ ਦੁਨੀਆ ਦੇ ਸਾਰੇ ਦੇਸ਼ਾਂ ਦੀ ਇੱਕ ਕਾਨਫਰੰਸ ਹੋਈ ਸੀ। ਇਸ ਵਿੱਚ ਐਲਾਨ ਕੀਤਾ ਗਿਆ ਸੀ ਕਿ ਇਹ ਗ਼ੈਰ ਬਰਾਬਰੀ ਵਾਲੀ ਹਾਲਤ ਰਾਜਸੀ ਸਮਾਜਿਕ ਅਤੇ ਆਰਥਿਕ ਤੌਰ 'ਤੇ ਮਨਜ਼ੂਰੀ ਦੇ ਲਾਇਕ ਨਹੀਂ ਹੈ। ਇਸ ਲਈ ਇਸ ਕਾਨਫਰੰਸ ਵਿੱਚ ਸੰਨ 2000 ਈਸਵੀ ਤੱਕ ਸਭ ਲਈ ਸਿਹਤ ਮੁਹੱਈਆ ਕਰਵਾਉਣ ਦਾ ਸੰਕਲਪ ਲਿਆ ਗਿਆ ਸੀ। ਫਿਰ ਹੁਣ 1981ਵਿੱਚ ਚੌਂਤੀ ਵੀ ਵਿਸ਼ਵ ਸਿਹਤ ਸਭਾ (ਵਰਲਡ ਹੈਲਥ ਅਸੈਂਬਲੀ) 'ਚ ਇਸ ਟੀਚੇ ਨੂੰ ਹਾਸਲ ਕਰਨ ਲਈ ਸਭ ਦੇ ਲਈ ਸਿਹਤ ਦੀ ਵਿਸ਼ਵੀ ਰਣਨੀਤੀ ਬਣਾਈ ਸੀ ਭਾਰਤ ਸਰਕਾਰ ਨੇ ਵੀ ਜ਼ੋਰ ਸ਼ੋਰ ਨਾਲ ਇਹ ਟੀਚਾ ਹਾਸਲ ਕਰਨ ਦਾ ਐਲਾਨ ਕੀਤਾ ਸੀ। ਹੁਣ 2018 ਸਾਲ ਆ ਗਿਆ ਹੈ ਅਤੇ ਮੌਜੂਦਾ ਹਾਲਾਤ ਅਜਿਹੇ ਹਨ ਕਿ ਇਹ ਟੀਚਾ ਅਗਲੇ ਸੌ ਸਾਲਾਂ ਵਿੱਚ ਵੀ ਪੂਰਾ ਹੁੰਦਾ ਨਜ਼ਰ ਨਹੀਂ ਆ ਰਿਹਾ ਆਓ ਦੇਖੀਏ ਸਰਕਾਰ ਇਸ ਟੀਚੇ ਦੀ ਪ੍ਰਾਪਤੀ ਲਈ ਕੀ ਕਦਮ ਚੁੱਕ ਰਹੀ ਹੈ? ਸਿਹਤ ਸੰਸਥਾਵਾਂ ਦਾ ਮਤਲਬ ਸਿਰਫ ਬੀਮਾਰੀ ਤੋਂ ਬਚਾਅ ਹੀ ਨਹੀਂ ਬਲਕਿ ਬਿਮਾਰੀਆਂ ਦਾ ਇਲਾਜ ਵੀ ਹੁੰਦਾ ਹੈ। ਇਲਾਜ ਖਾਤਰ ਦਵਾਈਆਂ ਦੀ ਲੋੜ ਹੁੰਦੀ ਹੈ। ਸਰਕਾਰ ਇਸ ਲਈ ਜਾਂ ਤਾਂ ਨਿੱਜੀ ਕੰਪਨੀਆਂ ਤੋਂ ਦਵਾਈਆਂ ਖਰੀਦਦੀ ਹੈ ਹਾਂ ਜਾਂ ਫਿਰ ਜਨਤਕ ਖੇਤਰ ਦੀਆਂ ਦਵਾ ਕੰਪਨੀਆਂ ਤੋਂ। 1978 ਵਿੱਚ ਰਾਜਸਥਾਨ ਵਿੱਚ ਇੰਡੀਅਨ ਡਰੱਗਜ਼ ਐਂਡ ਫਾਰਮਾਸਿਊਟੀਕਲ ਲਿਮਟਿਡ (ਆਰ ਡੀ ਪੀ ਐਲ) ਨਾਮਕ ਇੱਕ ਜਨਤਕ ਖੇਤਰ ਦੀ ਦਵਾ ਕੰਪਨੀ ਦੀ ਸਥਾਪਨਾ ਕੀਤੀ ਗਈ ਸੀ। ਰਾਜਸਥਾਨ ਦੇ ਮੈਡੀਕਲ ਅਤੇ ਹੈਲਥ ਵਿਭਾਗ ਨੂੰ ਸਸਤੀਆਂ ਅਤੇ ਅੱਛੀਆਂ ਦਵਾਈਆਂ ਮੁਹੱਈਆ ਕਰਵਾਉਣ ਲਈ ਇਸ ਦੀ ਸਥਾਪਨਾ ਕੀਤੀ ਗਈ ਸੀ ਤਾਂ ਕਿ ਗਰੀਬ ਲੋਕਾਂ ਨੂੰ ਸਹੀ ਸਮੇਂ ਤੇ ਇਲਾਜ ਮਿਲ ਸਕੇ। 2010 ਵਿੱਚ ਆਰ. ਡੀ. ਪੀ. ਐਲ. ਨੂੰ ਭਾਰਤ ਸਰਕਾਰ ਦਾ ਅਦਾਰਾ ਬਣਾ ਦਿੱਤਾ ਗਿਆ। ਇਹ ਅਦਾਰਾ ਗੋਲੀਆਂ ਕੈਪਸੂਲ ਪਾਊਡਰ ਪੀਣ ਦੀ ਦਾਅਵਾ ਜੀਵਨ ਰੱਖਿਅਕ ਘੋਲ ਤੋਂ ਲੈ ਕੇ ਅੱਖਾਂ ਦੀਆਂ ਦਵਾਈਆਂ ਤੱਕ ਬਣਾਉਂਦਾ ਸੀ ਅਤੇ ਦਵਾਈਆਂ ਦੀ ਗੁਣਵੰਤਾ ਬਹੁਤ ਅੱਛੀ ਹੁੰਦੀ ਸੀ। ਹੁਣ ਕੇਂਦਰੀ ਮੰਤਰੀ ਮੰਡਲ ਨੇ ਇਨ੍ਹਾਂ ਦੋਨਾਂ ਅਦਾਰਿਆਂ ਯਾਨੀ ਆਈ ਡੀਪੀਐਲ ਤੇ ਆਰ ਡੀਪੀਐੱਲ ਨੂੰ ਬੰਦ ਕਰਨ ਦਾ ਫੈਸਲਾ ਲੈ ਲਿਆ ਹੈ। ਹੈਰਾਨੀ ਦੀ ਗੱਲ ਵੀ ਹੈ ਕਿ ਆਰ ਡੀ ਪੀ ਐਲ ਦੇ ਮੁਲਾਜ਼ਮਾਂ ਨੂੰ ਤਾਂ ਇਸ ਫੈਸਲੇ ਬਾਰੇ ਪਤਾ ਵੀ ਨਹੀਂ ਸੀ। 150 ਤੋਂ ਵੱਧ ਮੁਲਾਜ਼ਮਾਂ ਤੇ ਉਨ੍ਹਾਂ ਨਾਲ ਜੁੜੇ ਪਰਿਵਾਰਾਂ ਦਾ ਭਵਿੱਖ ਹਨੇਰੇ ਵਿੱਚ ਪੈ ਗਿਆ ਹੈ। ਇਨ੍ਹਾਂ ਵਿੱਚ ਕਰੀਬ ਅੱਧੇ ਮੁਲਾਜ਼ਮਾਂ ਦੀ ਤਾਂ ਅਜੇ ਵੀ ਘੱਟੋ ਘੱਟ ਵੀਹ ਸਾਲ ਸਰਵਿਸ ਹੋਰ ਰਹਿੰਦੀ ਹੈ। ਪਰ ਮੁੱਦਾ ਸਿਰਫ ਇਨ੍ਹਾਂ ਕਾਮਿਆਂ ਦਾ ਹੀ ਨਹੀਂ ਹੈ ਬਲਕਿ ਮੁੱਦਾ ਇਸ ਦੇਸ਼ ਦੇ ਲੋਕਾਂ ਨੂੰ ਸਸਤੀਆ ਸਿਹਤ ਸੇਵਾਵਾਂ ਮੁਹਈਆਂ ਕਰਾਉਣ ਦਾ ਵੀ ਹੈ। ਕੇਂਦਰੀ ਮੰਤਰੀ ਮੰਡਲ ਨੇ ਭਾਰਤ ਦੀ ਪਹਿਲੀ ਜਨਤਕ ਖੇਤਰ ਦੀ ਦਵਾ ਕੰਪਨੀ ਬੰਗਾਲ ਕੈਮੀਕਲਜ਼ ਆਫ ਫਾਰਮਾਸਿਊਟੀਕਲ ਲਿਮਟਡ ਅਤੇ ਹਿੰਦੋਸਤਾਨ ਐਂਟੀਬਾਇਟਿਕ ਲਿਮਿਟਡ ਦੀ ਜ਼ਮੀਨ ਵੇਚਣ ਦਾ ਵੀ ਮਸੌਦਾ ਰੱਖਿਆ ਹੈ। ਨੀਤੀ ਕਮਿਸ਼ਨ ਤਾਂ ਪਹਿਲਾਂ ਹੀ ਇਨ੍ਹਾਂ ਦੋਨਾਂ ਦਾ ਕੰਪਨੀਆਂ ਵਿੱਚੋਂ ਸਰਕਾਰ ਦੀ ਹਿੱਸੇਦਾਰੀ ਵੇਚਣ ਦੀ ਸਿਫ਼ਾਰਸ਼ ਕਰ ਚੁੱਕਿਆ ਹੈ। ਇਸ ਪਿੱਛੇ ਸਰਕਾਰ ਦੀ ਦਲੀਲ ਹੈ ਕਿ ਜਨਤਕ ਖੇਤਰ ਦੇ ਅਦਾਰਿਆਂ ਨੂੰ ਵੇਚਣ ਨਾਲ ਕੌਮੀ ਜਾਉਦਾਦਾ ਨੂੰ ਦੇਸ਼ ਦੇ ਵਿਕਾਸ ਵਿੱਚ ਵੱਧ ਬਿਹਤਰ ਢੰਗ ਨਾਲ ਲੈ ਜਾ ਸਕੇਗਾ। ਇਸ ਤਰ੍ਹਾਂ ਨਾਲ ਦੇਸ਼ ਦੀਆਂ ਚਾਰ ਵੱਡੀਆਂ ਦਵਾ ਕੰਪਨੀਆਂ ਨੂੰ ਖਤਮ ਕੀਤਾ ਜਾ ਰਿਹਾ ਹੈ ਅਤੇ ਇਹ ਵੀ ਵਿਕਾਸ ਦੇ ਬਹਾਨੇ। ਰਾਜਸਥਾਨ ਡਰੱਗ ਐਂਡ ਫਾਰਮਾਸਿਟੀਕਲ ਲਿਮਟਿਡ ਦੀ ਮਿਸਾਲ ਲਈਏ ਤਾਂ 2013 ਤਕ ਇਹ ਇੱਕ ਕਮਾਈ ਕਰ ਰਹੀ ਕੰਪਨੀ ਸੀ। ਪਰ ਹੁਣ ਤਿੰਨ ਸਾਲਾਂ ਵਿੱਚ ਹੀ ਇਹ ਘਾਟੇ ਦੀ ਕੰਪਨੀ ਬਣ ਚੁੱਕੀ ਹੈ।ਕੰਪਨੀ ਦੇ ਮੁਲਾਜ਼ਮ ਕਹਿੰਦੇ ਹਨ ਕਿ ਉਹ ਕੰਮ ਕਰਨਾ ਚਾਹੁੰਦੇ ਹਨ ਅਤੇ ਮਿਹਨਤ ਕੀਤੀ ਜਾਵੇ ਤਾਂ ਕੰਪਨੀ ਨੂੰ ਅਜੇ ਵੀ ਸੰਭਾਲਿਆ ਜਾ ਸਕਦਾ ਹੈ। ਇਸ ਖਾਤਰ ਸਰਕਾਰ ਕੋਲ ਪ੍ਰਸਤਾਵ ਵੀ ਅਨੇਕਾਂ ਵਾਰ ਭੇਜਿਆ ਜਾ ਚੁੱਕਾ ਹੈ ਪਰ ਸਰਕਾਰ ਇਸ ਨੂੰ ਬੰਦ ਕਰਨ ਲਈ ਜ਼ਿਦ ਫੜੀ ਬੈਠੀ ਹੈ। ਗੱਲ ਸਿਰਫ ਮੁਨਾਫੇ ਦੀ ਨਹੀਂ ਅਸਲ ਵਿੱਚ ਲੋਕਾਂ ਦੀ ਸਿਹਤ ਨਾਲ ਜੁੜੀ ਹੋਈ ਹੈ ਪਰ ਸਰਕਾਰ ਨੂੰ ਲੋਕਾਂ ਨਾਲ ਮਤਲਬ ਨਹੀਂ। ਜੋ ਅੱਜ ਹੋਵੇਗਾ ਖੈਰ 2013-14 ਤੋਂ ਕੰਪਨੀ ਘਾਟੇ ਵਿੱਚ ਚੱਲ ਰਹੀ ਹੈ ਮੁਲਾਜ਼ਮ ਨੂੰ ਪਿਛਲੇ ਕਾਫੀ ਅਰਸੇ ਤੋਂ ਤਨਖਾਹ ਨਹੀਂ ਮਿਲੀ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ 2013 ਤੱਕ ਮੁਨਾਫੇ ਚ ਚੱਲ ਰਹੀ ਇਹ ਕੰਪਨੀ ਇਕ ਦਮ ਘਾਟੇ ਵਿੱਚ ਕਿਵੇਂ ਚੱਲੀ ਗਈ? ਅਜਿਹਾ ਇਸ ਲਈ ਹੋਇਆ ਕਿਉਂਕਿ ਖੁਦ ਸਰਕਾਰ ਨੇ ਇਸ ਕੰਪਨੀ ਨੂੰ ਮਾਲ ਖਾਤਰ ਆਰਡਰ ਦੇਣੇ ਬੰਦ ਕਰ ਦਿੱਤੇ ਹਨ। 1998 ਵਿੱਚ ਸੂਬਾਈ ਸਰਕਾਰ ਨੇ ਫੈਸਲਾ ਲਿਆ ਕਿ ਸਰਕਾਰੀ ਹਸਪਤਾਲ ਲਈ ਦਵਾਈਆਂ ਸਿਰਫ ਜਨਤਕ ਖੇਤਰ ਦੀਆਂ ਦਵਾਈਆਂ ਕੰਪਨੀਆਂ ਤੋਂ ਹੀ ਖਰੀਦੀਆਂ ਜਾਣਗੀਆਂ। ਇਸ ਵਿੱਚ ਆਇ ਡੀਪੀਐਲ ਨੂੰ ਤਰਜੀਹ ਦਿੱਤੀ ਗਈ ਸੀ, ਕਿਉਂਕਿ ਇਸ ਵਿੱਚ ਖ਼ੁਦ ਰਾਜ ਸਰਕਾਰ ਦੀ ਹਿੱਸੇਦਾਰੀ ਸੀ। ਇਸ ਪਿੱਛੋਂ ਰਾਜ ਸਰਕਾਰ ਵੱਲੋਂ ਹਰ ਸਾਲ ਤੀਹ ਤੋਂ ਚਾਲੀ ਕਰੋੜ ਰੁਪਏ ਦੇ ਆਰਡਰ ਇਸ ਯੂਨਿਟ ਨੂੰ ਮਿਲਦੇ ਆ ਰਹੇ ਸਨ। 2011 ਵਿੱਚ ਰਾਜਿਸਥਾਨ ਸਰਕਾਰ ਨੇ 'ਰਾਜਸਥਾਨ ਮੈਡੀਕਲ ਸਰਵਿਸਿਜ਼ ਕਾਰਪੋਰੇਸ਼ਨ ਲਿਮਟਡ' ਦੇ ਨਾਂ ਹੇਠ ਇੱਕ ਨੋਡਲ ਏਜੰਸੀ ਬਣਾਈ ਸੀ ਅਤੇ ਇਸ ਦੇ ਪਿੱਛੋਂ ਆਰ ਡੀ ਪੀ ਐਲ ਤੋਂ ਦਵਾਈਆਂ ਖਰੀਦਣੀਆਂ ਬੰਦ ਕਰ ਦਿੱਤੀਆਂ ਗਈਆ ਅਤੇ ਕਾਰਪੋਰੇਸ਼ਨ ਹੋਰਾਂ ਥਾਵਾਂ ਇੱਥੋਂ ਤਕ ਕਿ ਨਿੱਜੀ ਕੰਪਨੀਆਂ ਤੋਂ ਦਵਾਈਆਂ ਖਰੀਦਣ ਲੱਗੀ। ਇਸ ਤਰ੍ਹਾਂ ਆਰ ਡੀ ਪੀ ਐਲ ਲਗਾਤਾਰ ਘਾਟੇ ਵਿੱਚ ਚਲੀ ਗਈ। ਇਹ ਉਹ ਕੰਪਨੀ ਹੈ ਜੋ ਕਿਸੇ ਸਮੇਂ ਆਪਣੀਆਂ ਦਵਾਈਆਂ ਦੀ ਗੁਣਵੱਤਾ ਲਈ ਜਾਣੀ ਜਾਂਦੀ ਸੀ। ਇਸ ਤੋਂ ਇਲਾਵਾ ਕੰਪਨੀ ਕੋਲ ਨੌਂ ਏਕੜ ਵਾਧੂ ਜ਼ਮੀਨ ਵੀ ਸੀ ਜੋ ਭਵਿੱਖ ਜਿਸ ਦੇ ਵਿਸਥਾਰ ਲਈ ਕੰਮ ਆਉਣੀ ਸੀ। ਪਰ ਹੁਣ ਕੰਪਨੀ ਕੋਲ ਆਰਡਰ ਹੀ ਨਹੀਂ ਹਨ। 2011-12 ਵਿੱਚ ਕੰਪਨੀ ਨੂੰ ਪੱਚੀ ਕਰੋੜ ਦੇ ਆਰਡਰ ਮਿਲੇ ਸੀ। ਪਰ 2014-15 'ਚ ਇਹ ਤਿੰਨ ਕਰੋੜ ਹੀ ਰਹਿ ਗਏ। ਹੁਣ ਪਿਛਲੇ ਸਾਲ ਤੋਂ ਤਾਂ ਆਰਡਰ ਕੋਈ ਨਹੀਂ ਮਿਲਿਆ ਹੈ। ਕਰਮਚਾਰੀ ਯੂਨੀਅਨ ਤੋਂ ਇਲਾਵਾ ਅਨਸੂਚਿਤ ਜਾਤੀ ਤੇ ਜਨ ਜਾਤੀ ਵੈਲਫੇਅਰ ਕਰਮਚਾਰੀ ਐਸੋਸੀਏਸ਼ਨ ਨੇ ਵੀ ਸੂਬਾ ਅਤੇ ਕੇਂਦਰ ਸਰਕਾਰ ਨੂੰ ਕਈ ਵਾਰ ਬੇਨਤੀ ਕੀਤੀ ਕਿ ਉਹ ਦਵਾਈਆਂ ਦੀ ਖ਼ਰੀਦ ਸਬੰਧੀ ਆਪਣੀ ਪੁਰਾਣੀ ਰੀਤ ਨੂੰ ਲਾਗੂ ਕਰੇ ਪਰ ਸਰਕਾਰ ਦੇ ਕੰਨ ਤੇ ਜੂੰ ਵੀ ਨਹੀਂ ਸਰਕੀ। ਵਿਸ਼ਵ ਸਿਹਤ ਸੰਗਠਨ ਨੇ ਵੀ ਇਸ ਕੰਪਨੀ ਨੂੰ ਫੰਡ ਦੇਣ ਦਾ ਐਲਾਨ ਕੀਤਾ ਸੀ ਅਤੇ ਕੰਪਨੀ ਨੇ ਵੀ ਵਿਸ਼ਵ ਸਿਹਤ ਸੰਗਠਨ ਦੀ ਪਾਲਿਸੀ ਅਧੀਨ ਕੰਮ ਕਰਨਾ ਸ਼ੁਰੂ ਕਰ ਲਿਆ ਸੀ ਪਰ ਇੱਕੋ ਦਮ ਸਰਕਾਰ ਨੇ ਇਸ ਕੰਪਨੀ ਨੂੰ ਬੰਦ ਕਰਨ ਦਾ ਹੀ ਪ੍ਰਸਤਾਵ ਰੱਖ ਦਿੱਤਾ। ਬੀਤੇ ਦਸੰਬਰ ਮਹੀਨੇ ਵਿੱਚ ਕੰਪਨੀ ਨੂੰ ਚਲਾਉਣ ਵਾਲੀ ਸੰਸਦੀ ਕਮੇਟੀ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਕੰਪਨੀ ਨੂੰ ਫੰਡਾਂ ਦੀ ਫੌਰੀ ਲੋੜ ਹੈ,ਤਾਂ ਕਿ ਇੱਥੇ ਮੁਲਾਜ਼ਮਾਂ ਨੂੰ ਤਨਖਾਹਾ ਦਿੱਤੀਆਂ ਜਾ ਸਕਣ ਪਰ ਸਰਕਾਰ ਨੇ ਇਸ ਮੰਗ ਨੂੰ ਅਣਗੌਲਿਆਂ ਕਰ ਦਿੱਤਾ। ਸਰਮਾਏਦਾਰਾਂ ਤੇ ਕਾਰਪੋਰੇਟ ਨੂੰ ਛਿੱਕ ਆਉਣ ਤੇ ਵੀ ਪੈਕੇਜ ਤੇ ਗ੍ਰਾਂਟ ਦੇਣ ਵਾਲੀ ਸਰਕਾਰ ਨੇ ਜਨਤਕ ਖੇਤਰ ਦੇ ਅਦਾਰਿਆਂ ਨੂੰ ਕੁਝ ਵੀ ਦੇਣਾ ਸ਼ੁੱਭ ਨਹੀਂ ਸਮਝਿਆ। ਇੱਕ ਪਾਸੇ ਦਾ ਕੰਪਨੀ ਦੇ ਕਾਮਿਆਂ ਦੀ ਨੌਕਰੀ ਖ਼ਤਰੇ ਵਿੱਚ ਹੈ ਅਤੇ ਦੂਜੇ ਪਾਸੇ ਦੇਸ਼ ਦੇ ਲੋਕਾਂ ਨੂੰ ਮਿਲਣ ਵਾਲੀਆਂ ਸਸਤੀਆਂ ਦਵਾਈਆਂ ਦੇ ਬੰਦ ਹੋਣ ਦਾ ਸੰਕਟ ਹੈ। ਸਾਡੀਆਂ ਸਰਕਾਰਾਂ ਇਸ ਤਾਕ ਵਿੱਚ ਹਨ ਕਿ ਕਿਸ ਤਰ੍ਹਾਂ ਸਰਮਾਏਦਾਰਾਂ ਦੇ ਪੈਰਾਂ ਦੀਆਂ ਤਲੀਆਂ ਨੂੰ ਵੱਧ ਚੰਗੀ ਤਰ੍ਹਾਂ ਚੱਟ ਕੇ ਸਾਫ਼ ਕੀਤਾ ਜਾ ਸਕੇ। ਕੇਂਦਰ ਸਰਕਾਰ ਦੇ ਫਾਰਮਾਸਿਟੀਕਲ ਡਿਪਾਰਟਮੈਂਟ ਦੀ ਵੀਹ ਸੌ ਪੰਦਰਾਂ ਸੋਲਾਂ ਦੀ ਰਿਪੋਰਟ ਚ ਦੱਸਿਆ ਗਿਆ ਹੈ ਕਿ ਡਿਪਾਰਟਮੈਂਟ ਦੇ ਅਧੀਨ ਕੰਮ ਕਰਨ ਵਾਲੇ ਜਨਤਕ ਖੇਤਰ ਦੇ ਪੰਜ ਕਾਰਖਾਨਿਆਂ ਵਿੱਚੋਂ ਆਈਡੀਪੀ ਐੱਲ, ਐੱਚ ਏ ਐੱਲ ਅਤੇ ਬੀ ਸੀ ਪੀ ਐੱਲ ਬਹੁਤ ਹੀ ਬੁਰੀ ਹਾਲਤ ਵਿੱਚ ਹਨ ਅਤੇ ਇਨ੍ਹਾਂ ਨੂੰ ਪੈਕੇਜ ਦੀ ਲੋੜ ਹੈ। ਉੱਥੇ ਆਰ ਡੀ ਪੀ ਐਲ ਨੂੰ ਪਹਿਲੀ ਵਾਰੀ 2013-14 'ਚ ਘਾਟੇ ਦਾ ਸਾਹਮਣਾ ਕਰਨਾ ਪਿਆ ਹੈ। ਪੰਜਾ ਵਿੱਚੋਂ ਕਰਨਾਟਕ ਐਂਟੀਬਾਇਟਿਕ ਐਂਡ ਫਾਰਮਾਸਿਟੀਕਲ ਲਿਮਿਟਡ ਹੀ ਇੱਕੋ ਇੱਕ ਮੁਨਾਫ਼ੇ ਵਾਲਾ ਅਦਾਰਾ ਹੈ। ਰਿਪੋਰਟ ਵਿਚ ਅੱਗੇ ਕਿਹਾ ਗਿਆ ਹੈ ਕਿ ਆਰਡੀਪੀਐਲ ਦਾ ਵਿਸਥਾਰ ਅਤੇ ਅਧੁਨਿਕਰਨ ਕਰਨ ਦੀ ਲੋੜ ਹੈ। ਰਿਪੋਰਟ ਮੁਤਾਬਕ ਇਹ ਕੰਪਨੀ ਪ੍ਰਬੰਧ ਦੀ ਗੁਣਵੰਤਾ ਲਈ ਜਾਣੀ ਜਾਂਦੀ ਹੈ ਅਤੇ ਇਸ ਦੀ ਲਬਾਟਰੀ ਵੀ ਅੱਛੀ ਹੈ। ਇਸ ਤੋਂ ਇਲਾਵਾ ਕੰਪਨੀ ISO-9001:2008 ਸਰਟੀਫਿਕੇਟ ਅਤੇ WHO-GMP ਸਰਟੀਫਿਕੇਟ ਹਾਸਲ ਕਰਨ ਲਈ ਵੀ ਕਾਰਜਸ਼ੀਲ ਹੈ। ਕੰਪਨੀ ਅੱਛੀ ਗੁਣਵੰਤਾ ਦੀਆਂ ਜੀਵਨ ਰੱਖਿਅਕ ਤੇ ਹੋਰ ਦਵਾਈਆਂ ਬਣਾਉਣ ਦੇ ਮਾਮਲੇ ਵਿੱਚ ਨਾਂ ਕਮਾ ਚੁੱਕੀ ਹੈ।

ਇਹ ਨਾ ਸਿਰਫ਼ ਰਾਜ ਸਰਕਾਰ ਨੂੰ ਹੀ ਨਹੀਂ ਬਲਕਿ ਕੇਂਦਰ ਸਰਕਾਰ ਤੇ ਵੀ ਅਦਾਰਿਆਂ ਜਿਵੇਂ ਰੇਲਵੇ ਤੇ ਈਐੱਸਆਈ ਨੂੰ ਦਾ ਸਪਲਾਈ ਕਰਦੀ ਰਹੀ ਹੈ। ਇਸ ਤੋਂ ਇਲਾਵਾ ਕੇਂਦਰ ਸਰਕਾਰ ਦੇ ਪ੍ਰੋਗਰਾਮ "ਜਨ-ਔਸ਼ਧੀ" ਜਿਸ ਤਹਿਤ ਅੱਛੀ ਗੁਣਵੰਤਾ ਦੀਆਂ ਜੈਨਰਿਕ ਦਵਾਈਆਂ ਸਸਤੀਆਂ ਦਰਾਂ ਤੇ ਬਣਾਈਆਂ ਜਾਂਦੀਆਂ ਹਨ, ਵਿੱਚ ਵੀ ਹਿੱਸੇਦਾਰ ਹੈ। ਜਦੋਂ ਭਾਰਤ ਚ ਸਵਾਈਨ ਫਲੂ ਫੈਲਿਆ ਸੀ ਉਦੋਂ ਆਰ ਡੀ ਪੀ ਐਲ ਹੀ ਉਹ ਕੰਪਨੀ ਸੀ ਜਿਸ ਨੇ ਸਮੇਂ ਸਿਰ ਸਵਾਈਨ ਫਲੂ ਦੀ ਦਵਾਈ ਬਣਾਈ ਅਤੇ ਬਹੁਤ ਘੱਟ ਕੀਮਤ ਤੇ ਸਰਕਾਰ ਨੂੰ ਮੁਹੱਈਆ ਕਰਵਾਈ ਸੀ। 2009 ਚ ਜਦ ਸਵਾਈਨ ਫਲੂ ਦਾ ਪਹਿਲਾ ਹਮਲਾ ਹੋਇਆ ਉਦੋਂ ਆਰ ਡੀ ਪੀ ਐਲ ਦੇ ਕਾਮਿਆਂ ਨੇ ਕਈ ਕਈ ਸ਼ਿਫਟਾਂ ਵਿੱਚ ਕੰਮ ਕੀਤਾ ਸੀ। 1996 ਵਿੱਚ ਜਦੋਂ ਸੂਰਤ ਵਿੱਚ ਪਲੇਗ ਫੈਲਿਆ ਸੀ ਉਦੋਂ ਵੀ ਇਸ ਕੰਪਨੀ ਨੇ ਦਵਾ ਮੁਹਈਆ ਕਰਵਾਈ ਸੀ। ਪਰ ਹੁਣ ਸਰਕਾਰ ਨੇ ਪਹਿਲਾਂ ਤਾਂ ਇਸ ਤੋਂ ਦਵਾਈਆਂ ਬਣਾਉਣੀਆਂ ਬੰਦ ਕਰਵਾ ਦਿੱਤੀਆਂ ਤੇ ਹੁਣ ਇਸ ਨੂੰ ਘਾਟੇ ਦਾ ਸੌਦਾ ਕਹਿ ਕੇ ਬੰਦ ਕਰਨ ਜਾ ਰਹੀ ਹੈ ਕਿਉਂਕਿ ਇਸ ਦੀਆਂ ਕੰਪਨੀਆਂ ਦੇ ਚੱਲਣ ਨਾਲ ਨਿੱਜੀ ਕੰਪਨੀਆਂ ਦਾ ਮੁਨਾਫਾ ਘੱਟ ਹੋ ਜਾਂਦਾ ਹੈ। ਆਰ ਡੀ ਪੀ ਐਲ ਦੀ ਕਹਾਣੀ ਵੀ ਬਿਲਕੁਲ ਇਸੇ ਤਰ੍ਹਾਂ ਦੀ ਹੈ। ਕਿਸੇ ਸਮੇਂ ਇਹ ਕੰਪਨੀ ਵੀ ਪੂਰੇ ਦੇਸ਼ ਲਈ ਦਵਾਈਆਂ ਬਣਾਉਂਦੀ ਸੀ। ਕਈ ਵਾਰ ਤਾਂ ਇਹ ਇੱਕੋ ਇੱਕ ਕੰਪਨੀ ਹੁੰਦੀ ਸੀ ਜੋ ਕਿਸੇ ਮਾਹਾਮਾਰੀ ਮੌਕੇ ਦਵਾਈਆਂ ਮੁਹੱਈਆ ਕਰਵਾਉਂਦੀ ਸੀ। ਪਰ ਹੁਣ ਸਰਕਾਰ ਨੇ ਇਸ ਨੂੰ ਵੀ ਆਰਡਰ ਦੇਣੇ ਬੰਦ ਕਰ ਦਿੱਤੇ ਹਨ। ਇਸ ਤੋਂ ਇਲਾਵਾ ਹਿੰਦੁਸਤਾਨ ਐਂਟੀਬਾਇਟਕ ਲਿਮਟਿਡ (ਐੱਚ ਏ ਐੱਲ) ਵੀ ਐਸੀ ਹੀ ਇੱਕ ਜਨਤਕ ਖੇਤਰ ਦੀ ਦਵਾ ਕੰਪਨੀ ਹੈ। 1954 ਵਿੱਚ ਪਹਿਲੀ ਐਂਟੀਬਾਇਟਕ ਦਵਾ ਪੈਨਸਲੀਨ ਦੀ ਕਾਢ ਕਰਨ ਵਾਲੇ ਮਹਾਨ ਵਿਗਿਆਨੀ ਅਲੈਗਜ਼ੈਂਡਰ ਫਲੈਮਿੰਗ ਨੇ ਇਸ ਦੀ ਨੀਂਹ ਰੱਖੀ ਸੀ। ਉਦੋਂ ਤੋਂ ਇਹ ਕੰਪਨੀ ਸਸਤੇ ਰੇਟਾਂ ਤੇ ਦਵਾਈਆਂ ਬਣਾ ਰਹੀ ਹੈ। ਇੱਕ ਪ੍ਰਾਈਵੇਟ ਕੰਪਨੀ ਨੇ ਸਿਪਰੋਫਲਾਕਸੀਨ ਨਾਂ ਦੀ ਇੱਕ ਐਂਟੀਬਾਇਟਿਕ ਪੈਂਤੀ ਰੁਪਏ ਦੀ ਗੋਲੀ ਦੀ ਜਰਨਲ ਲਾਂਚ ਕੀਤੀ ਸੀ ਤਾਂ ਇਸ ਕੰਪਨੀ ਨੇ ਇਹ ਦਵਾ 7 ਰੁਪਏ ਦੀ ਦਰ ਨਾਲ ਮੁਹੱਈਆ ਕਰਵਾਈ ਸੀ। ਜਨਤਕ ਖੇਤਰ ਦੀ ਇਹ ਇੱਕੋ ਇੱਕ ਕੰਪਨੀ ਜਿਸ ਨੇ ਇੱਕ ਨਵੀਂ ਦਵਾ ਹੇਮਾਈਸੀਨ ਦੀ ਖੋਜ ਕੀਤੀ ਸੀ। 1996 ਵਿੱਚ ਪਹਿਲਾਂ ਇਹ ਕੰਪਨੀ ਵੀ ਸਰਕਾਰੀ ਹਸਪਤਾਲਾਂ ਨੂੰ ਦਵਾ ਸਪਲਾਈ ਕਰਦੀ ਸੀ ਪਰ ਇਸ ਪਿੱਛੋਂ ਇਸ ਦੇ ਹੀ ਆਰਡਰ ਬੰਦ ਕਰ ਦਿੱਤੇ ਗਏ। ਇੱਥੇ ਇਕ ਰੌਚਿਕ ਗੱਲ ਦੱਸ ਦੇਈਏ। ਇੱਕ ਵੱਡੀ ਨਿੱਜੀ ਦਵਾ ਕੰਪਨੀ ਡਾ ਰੈਡੀਜ਼ ਲੈਬੋਟਰੀ ਦਾ ਬਾਨੀ ਕਲਮ ਪੰਜੀ ਰੈੱਡੀ ਕਿਸੇ ਸਮੇਂ ਆਇਡੀਪੀਐੱਲ ਵਿੱਚ ਇੱਕ ਕੈਮਿਸਟ ਵਜੋਂ ਕੰਮ ਕਰਦਾ ਸੀ ਪਰ ਹੁਣ ਹਾਲਾਤ ਇਹ ਹਨ ਕਿ ਸਰਕਾਰੀ ਬੇਧਿਆਨੀ ਕਾਰਨ ਆਈ ਡੀ ਪੀ ਐਲ ਬੰਦ ਹੋਣ ਵਾਲੀ ਹੈ ਅਤੇ ਡਾਕਟਰ ਰੇਡੀਜ਼ ਲਬਾਰਟਰੀ ਵਰਗੀਆਂ ਨਿੱਜੀ ਕੰਪਨੀਆਂ ਲਗਾਤਾਰ ਵਧ ਰਹੀਆਂ ਹਨ। ਸਾਫ ਹੈ ਕਿ ਸਰਕਾਰ ਜਨਤਕ ਖੇਤਰ ਦੀਆਂ ਇਨ੍ਹਾਂ ਦਵਾ ਕੰਪਨੀਆਂ ਨੂੰ ਬੰਦ ਕਰਨਾ ਲੋਚਦੀ ਹੈ ਤਾਂ ਕਿ ਪ੍ਰਾਈਵੇਟ ਕੰਪਨੀਆਂ ਤੋਂ ਮਹਿੰਗੀਆਂ ਦਵਾਈਆਂ ਖਰੀਦੀਆਂ ਜਾ ਸਕਣ। ਇਸ ਦਾ ਕੁਲ ਟੈਕਸਾਂ ਦੇ ਰੂਪ ਵਿੱਚ ਭਾਰ ਦੇਸ਼ ਦੇ ਲੋਕਾਂ ਤੇ ਪੈਂਦਾ ਹੈ ਅਤੇ ਦੂਜਾ ਲੋੜ ਦੇ ਹਿਸਾਬ ਨਾਲ ਇਹ ਦਵਾਈਆਂ ਵੀ ਲੋਕਾਂ ਨੂੰ ਮੁਹੱਈਆ ਨਹੀਂ ਹੁੰਦੀਆਂ ਅਤੇ ਇਹ ਮੁੱਖ ਤੌਰ ਤੇ 1990 ਦੇ ਦਹਾਕੇ ਜਦ ਕਿ ਭਾਰਤੀ ਚ ਨਵ ਉਦਾਰਵਾਦੀ ਨੀਤੀਆਂ ਦੀ ਸ਼ੁਰੂਆਤ ਕੀਤੀ ਗਈ ਸੀ ਦੇ ਪਿੱਛੋਂ ਤੋਂ ਹੋ ਰਿਹਾ ਹੈ। ਲੋਕ ਭਾਵੇਂ ਦਵਾ ਤੇ ਇਲਾਜ ਦੀ ਘਾਟ ਕਾਰਨ ਮਰਦੇ ਰਹਿਣ ਸਰਕਾਰਾਂ ਦਾ ਸਰੋਕਾਰ ਸਿਰਫ ਮੁਨਾਫੇ ਨਾਲ ਹੁੰਦਾ ਹੈ। ਸਰਕਾਰ ਦਾ ਹਰ ਕਦਮ ਇਸ ਜਮਾਤ ਦੀ ਸੇਵਾ ਵਿੱਚ ਉੱਠਦਾ ਹੈ। 1947 ਸਮੇਂ ਸਾਡੇ ਦੇਸ਼ ਦੀ ਸਰਮਾਏਦਾਰੀ ਜਮਾਤ ਇੰਨੀ ਕਾਬਲ ਨਹੀਂ ਸੀ ਕਿ ਉਹ ਆਪਣੇ ਬਲਬੂਤੇ ਤੇ ਬੁਨਿਆਦੀ ਤਾਣਾ ਬਾਣਾ ਖੜ੍ਹਾ ਕਰ ਸਕਦੀ। ਇਸ ਤਰ੍ਹਾਂ ਭਾਰਤ ਚ ਨੌਕਰਸ਼ਾਹ ਸਰਮਾਏਦਾਰੀ ਦੀ ਪਹਿਲੀ ਸਰਕਾਰ ਨੇ ਉਸ ਦੇ ਲਈ ਦੇਸ਼ ਦੇ ਲੋਕਾਂ ਦੇ ਖੂਨ ਪਸੀਨੇ ਨਾਲ ਜਨਤਕ ਖੇਤਰ ਦੇ ਅਦਾਰੇ ਖੜ੍ਹੇ ਕੀਤੇ ਸਨ ਤਾਂ ਕਿ ਸਮਾਂ ਆਉਣ ਤੇ ਇਸ ਨੂੰ ਪੂੰਜੀਪਤੀਆਂ ਨੂੰ ਦਿੱਤਾ ਜਾ ਸਕੇ। ਇਸ ਤੋਂ ਕਈ ਦਹਾਕੇ ਪਹਿਲਾਂ ਤਾਂ ਦੁਨੀਆਂ ਚ ਪੂੰਜੀਵਾਦ ਸੰਕਟ ਵਿੱਚ ਸੀ। ਉਸ ਦੇ ਕਿਲੇ ਤੇ ਲਗਾਤਾਰ ਹਮਲੇ ਹੋ ਰਹੇ ਸਨ ਤੇ ਦੁਨੀਆਂ ਭਰ ਦੇ ਲੋਕ ਆਪਣੇ ਅਧਿਕਾਰਾਂ ਲਈ ਸਰਮਾਏਦਾਰੀ ਜਮਾਤ ਨੂੰ ਗਲੋਂ ਫੜ ਕੇ ਝੰਜੋੜ ਰਹੇ ਸਨ। ਉਦੋਂ ਸਰਮਾਏਦਾਰ ਜਮਾਤ ਦੇ ਮਸੀਹੇ ਵਜੋਂ ਜਾਨ ਮੇਨਾਰਡ ਕੀਨਸ ਨੇ ਕਲਿਆਣਕਾਰੀ ਰਾਜ ਦਾ ਨੁਸਖਾ ਸੁਝਾਇਆ ਸੀ ਤਾਂ ਕਿ ਲੋਕਾਂ ਦੇ ਗੁੱਸੇ ਨੂੰ ਕੁਝ ਸਹੂਲਤਾਂ ਦੇ ਕੇ ਠੰਡਾ ਕੀਤਾ ਜਾ ਸਕੇ। ਇਸ ਤਰ੍ਹਾਂ ਭਾਰਤ ਵਿੱਚ ਕਲਿਆਣਕਾਰੀ ਰਾਜ ਅਤੇ ਜਨਤਕ ਖੇਤਰ ਦਾ ਖਿਡੌਣਾ ਲੋਕਾਂ ਨੂੰ ਫੜਿਆ ਗਿਆ ਸੀ। ਪਰ 1990 ਦੇ ਦਹਾਕੇ ਤੱਕ ਲੋਕ ਕਲਿਆਣਕਾਰੀ ਨੀਤੀਆਂ ਦਾ ਕੀਨਸਾਹੀ ਫਾਰਮੂਲਾ ਭਾਰਤ ਸਮੇਤ ਪੂਰੀ ਦੁਨੀਆਂ ਵਿੱਚ ਫੇਲ੍ਹ ਹੋਣ ਲੱਗਿਆ ਅਤੇ ਉਸ ਪਿੱਛੋਂ ਹੀ ਨਵਉਦਾਰਵਾਦੀ ਵਿਸ਼ਵੀਕਰਨ ਦੇ ਨਾਂ ਤੇ ਪੂਰੀ ਦੁਨੀਆਂ ਦੀਆਂ ਹੀ ਪੂੰਜੀਵਾਦੀ ਸਰਕਾਰਾਂ ਲੋਕ ਕਲਿਆਣ ਦੀਆਂ ਨੀਤੀਆਂ ਤੋਂ ਹੱਥ ਪਿਛੇ ਖਿਚਣ ਲੱਗੀਆਂ ਹੁਣ ਇਸ ਜਨਤਕ ਖੇਤਰ ਨੂੰ ਲਗਾਤਾਰ ਖ਼ਤਮ ਕੀਤਾ ਜਾ ਰਿਹਾ ਹੈ ਅਤੇ ਇਸ ਨੂੰ ਸਰਮਾਏਦਾਰਾਂ ਦੇ ਹੱਥਾਂ ਵਿੱਚ ਸੌਂਪਿਆ ਜਾ ਰਿਹਾ ਹੈ। ਸਿਹਤ ਸਵਾਵਾਂ ਸਮੇਤ ਹੋਰ ਸਾਰੀਆਂ ਸਰਕਾਰੀ ਸਹੂਲਤਾਂ ਨੂੰ ਪ੍ਰਾਈਵੇਟ ਕੀਤਾ ਜਾ ਰਿਹਾ ਹੈ ਅਤੇ ਇਹ ਸਭ ਵਿਕਾਸ ਦੇ ਬਹਾਨੇ ਹੋ ਰਿਹਾ ਹੈ। ਭਾਰਤ ਵਰਗੇ ਦੇਸ਼ ਵਿੱਚ ਇਹ ਕੰਮ ਜ਼ਿਆਦਾ ਨੰਗੀ ਚਿੱਟੇ ਤਰੀਕੇ ਨਾਲ ਕੀਤਾ ਜਾ ਰਿਹਾ ਹੈ। ਸਰਕਾਰ ਜਨਤਕ ਖੇਤਰ ਦਾ ਦੀਵਾਲਾ ਕੱਢ ਰਹੀ ਹੈ ਤੇ ਉਸ ਨੂੰ ਕੌਡੀਆਂ ਦੇ ਭਾਰਤੀ ਵੇਚ ਰਹੀ ਹੈ। ਇਸ ਦੇ ਮੁੱਖ ਟੇਕ ਮੁਨਾਫਾ ਹੈ। ਲੋਕ ਭਲਾਈ ਦਾ ਤਾਂ ਸਿਰਫ ਨਾਟਕ ਕੀਤਾ ਜਾ ਰਿਹਾ ਹੈ।

**(ਕਰਟਸੀ ਮਜ਼ਦੂਰ ਬਿਗਲ ਮਾਰਚ 2017 ਡਾ. ਨਵਮੀਤ)**
**ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ**

SHAHEED BHAGAT SINGH BOOK CENTRE
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
A Non-Profit, Volunteer Service to Promote New Readership & Encourage New Writers!
Book Exhibition & Sale!
Contact: Master Bhajan Singh at 403-455-4220

Best Mobile Signs
All kinds of mobile sign board
best mobile sign call for yours
Kamal Sidhu
403-966-7167
bestmobilesigns@gmail.com

PUNJABI SWEETS
House & Restaurant
All Kinds of Sweets
Non-Veg & Vegi Food
Take out
We do catering also
Fast & Best Friendly Service
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9

Commitment to Excellent Services
Punjab Insurance Inc
Punjab Insurance Inc
Your Insurance Advisor
Super Visa Insurance
Disability Insurance | Life Insurance | Critical Illness Insurance | Mortgage Insurance Segregated Funds | RRSP & TFSA | RESP |
Email : dharbans@hotmail.com www.numberoneinsurance.ca
Harbans Singh
416-817-7142

# ਤਸਵੀਰਾਂ ਬੋਲਦੀਆਂ

## (ਕਿਸ਼ਤ-ਸੱਤਵੀਂ)

ਅਦਾਰਾ 'ਸਰੋਕਾਰਾਂ ਦੀ ਆਵਾਜ਼'ਵਲੋਂ ਸ਼ੁਰੂ ਕੀਤੇ ਇਸ ਕਾਲਮ ਨੇ ਪਾਠਕਾਂ ਦੇ ਅੰਦਰਲੇ ਕਵੀ ਨੂੰ ਹਲੂਣਿਆ ਹੈ। ਇਸ ਕਾਲਮ ਵਿੱਚ ਪਿਛਲੇ ਅੰਕ ਦੀ ਤਸਵੀਰ ਅਤੇ ਪਾਠਕਾਂ ਦੁਆਰਾ ਭੇਜੇ ਕੈਪਸ਼ਨ ਛਾਪ ਰਹੇ ਹਾਂ। ਜੁਲਾਈ ਅੰਕ ਲਈ ਤਸਵੀਰ ਛਾਪ ਰਹੇ ਹਾਂ। ਪਾਠਕਾਂ ਦੀ ਸਹੂਲਤ ਲਈ ਇਸ ਤਸਵੀਰ ਬਾਰੇ ਕੁਝ ਸਤਰਾਂ ਵੀ ਛਾਪ ਰਹੇ ਹਾਂ। ਇਸ ਤਸਵੀਰ ਲਈ ਸਤਰਾਂ 20 ਜੁਲਾਈ ਤੱਕ ppapmg@gmail.com ਜਾਂ sukhviryyc@gmail.com 'ਤੇ ਭੇਜੀਆਂ ਜਾ ਸਕਦੀਆਂ ਹਨ।




ਆਏ ਬੰਦਿਆਂ ਦੇ ਝੁੰਡ, ਸਾਨੂੰ ਕਰ ਗਏ ਮਰੁੰਡ। ਤਾਹੀਂਓ ਧਰਤੀ ਤੇ ਆਈਆਂ ਇਹ ਰੁੱਤਾਂ ਕਾਲ਼ੀਆਂ।
ਸਾਨੂੰ ਬੇਜ਼ੁਬਾਨਾਂ ਨੂੰ ਵੱਢ, ਲਿਆ ਮੁਨਾਫਾ ਤੁਸੀਂ ਕੱਢ। ਤੁਸੀਂ ਤੁਰ ਚੱਲੇ ਭਰ ਕੇ ਟਰਾਲੀਆਂ।

### ਕੈਪਸ਼ਨ ਮੁਕਾਬਲਾ-6



**ਪਿਛਲੇ ਅੰਕ ਦੇ ਹੁੰਗਾਰੇ:**

1. ਢਿੱਡੋਂ ਭੁੱਖਾ, ਤੁਰ ਪੈਨਾਂ ਵਾਂ ਸੁਬ੍ਹਾ ਸਵੇਰੇ,
ਕੂੜੇ ਦੇ ਢੇਰ 'ਚੋਂ ਰੋਟੀ ਲੱਭਣਾ,
ਸਫਰ ਮੇਰੇ ਨੇ ਬਹੁਤੇ ਲੰਮੇ।
ਛਾਤੀ ਵਿੱਚ ਅਰਮਾਨਾਂ ਭਿੱਜੇ ਹਉਕੇ,
ਕਰਾਂ ਮਜ਼ਦੂਰੀ ਨਾਲ਼ ਦੁੱਖਾਂ ਦੇ
ਦਿਲ ਵਿੱਚ ਰੱਖ ਠਰੰਮੇ।
ਸਾਡੇ ਹਾਣੀ ਕਾਰਾਂ ਵਿੱਚ ਸਕੂਲੇ ਜਾਵਣ ,
ਅਸੀਂ ਸੂਰਾਂ ਦੀ ਜੂਨ ਹੰਢਾਵਣ ਜੰਮੇ।
ਮਾਪਿਆਂ ਦੇ ਅਸੀਂ ਦੁੱਲੇ ਪੁੱਤਰ 'ਰੋਡੇ',
ਲੋਕਾਂ ਲਈ ਅਸੀ ਚੋਰ ਨਿਕੰਮੇ।

**-ਮਾਸਟਰ ਕਰਤਾਰ ਸਿੰਘ ਰੋਡੇ**
**ਸਰੀ(ਬੀ.ਸੀ.) ਕੈਨੇਡਾ**
**ਫੋਨ:** 604-961-2490

• • •

2. ਖੇਡਣ ਪੜ੍ਹਨ ਦੀ ਉਮਰੇ ਬਚਪਨ
ਬੈਗ ਦੀ ਥਾਂ ਬੋਰੀ ਲਮਕਾਵੇ।
ਸਭ ਲਈ ਸਿੱਖਿਆ ਸਭ ਲਈ ਭੋਜਨ
ਲੀਡਰ ਮਾਰੀ ਭਕਾਈ ਜਾਵੇ।
ਕੜ੍ਹਾਹ ਗੱਲਾਂ ਦਾ ਮੁਫ਼ਤੋ ਮੁਫ਼ਤੀ
ਥੁੱਕ ਨਾਲ ਬੜੇ ਪਕਾਈ ਜਾਵੇ।

**-ਜਗਮੀਤ ਸਿੰਘ ਪੰਧੇਰ**
**ਪਿੰਡ ਤੇ ਡਾਕ : ਕਲਾਹੜ, ਲੁਧਿਆਣਾ**
**ਪੰਜਾਬ, (ਭਾਰਤ)-141117**
**ਸੰਪਰਕ :** 9878337222

• • •

3. ਸਿਲ਼ਾ ਚੁਗਦੇ ਬੱਚੇ ਨੇ ਇੱਕ ਗੱਲ ਸੋਚੀ।
ਕਿਸ 'ਭੜੂਏ' ਨੇ ਸਾਡੀ ਫੱਟੀ ਪੋਚੀ।
ਪਤਾ ਨਹੀਂ ਪਾਪ ਸਾਥੋਂ ਹੋ ਗਏ ਕਿਹੜੇ।
ਜਨਮ ਹੋਇਆ ਕੰਮੀਆਂ ਦੇ ਵਿਹੜੇ।
ਬਾਪੂ ਕਹਿੰਦੇ, ਇਹ ਗੱਲ ਕਰਮਾਂ ਦੀ,
ਫਿਰ ਵੱਡੇ ਲੋਕਾਂ, ਕਿਥੋਂ ਕਰਮ ਲਿਖਾਏ ?
ਵੋਟਾਂ ਵੇਲੇ ਜੋ ਗੱਲ ਚੱਲਦੀ ਸੀ,
ਅੱਛੇ ਦਿਨ ਵੀ ਕਿਉਂ ਨਹੀਂ ਆਏ ?

-ਗੁਰਦੇਵ ਸਿੰਘ ਢਪਾਲੀ
ਬੀਬੀ ਵਾਲਾ ਰੋਡ, ਗਲੀ ਨੰਬਰ 9#19150
ਗੁਰੂ ਤੇਗ ਬਹਾਦਰ ਨਗਰ ਬਠਿੰਡਾ।
ਫੋਨ ਨੰਬਰ 9417649275

• • •

4. ਸਾਡਾ ਦੇਸ਼ ਤੇ ਸਾਡੀ ਧਰਤੀ,
ਪਰ ਅਸਾਂ ਨਿੱਤ ਬੇਗਾਨੇ ਹੋਏ।

ਮੁੱਢ ਕਦੀਮੋਂ ਹੀ ਰਹੇ ਲਤਾੜੇ,
ਸਾਡਾ ਦਰਦ ਨਾ ਸਮਝੇ ਕੋਏ।

ਰੱਬ ਵੀ ਸਾਡਾ ਰੁੱਸਿਆ ਰਹਿੰਦਾ,
ਜਿਹੜਾ ਨਾਲ ਅਮੀਰਾਂ ਦੇ ਸੋਏ।

ਕੁੱਤੀ ਜੂਨ ਹੰਢਾ ਕੇ ਮੁੜਨਾ,
ਅਸਾਂ ਨਾ ਜਿਊਂਦੇ, ਨਾ ਮੋਏ।

ਮੋਢੇ ਬੈਗ, ਕਿਤਾਬਾਂ ਵਾਲੇ ਹੋਵਣ,
ਕੂੜੇ ਵਾਲੇ ਸੁੱਟੀਏ ਕਿਸੇ ਟੋਏ।

ਵਾਂਗ ਇਨਸਾਨਾਂ ਅਸੀਂ ਵੀ ਜੀਏ,
ਜੇ ਸਾਡੇ ਲੀਡਰ ਜਾਗਣ ਸੋਏ।

**-ਮਾ: ਸੁਰਿੰਦਰ ਸਿੰਘ 'ਡਾਬਾ'**
8968540878

• • •

5. ਚੱਕ-ਚੱਕ ਕੂੜਾ ਰੂੜੀਆਂ ਤੋਂ,
ਮੇਰੀ ਹਾਲਤ ਹੋ ਗਈ ਖਸਤਾ।
ਦੇਖਦੇ ਹਾਂ ਅੱਜ ਕੌਣ ਫੜਾਊ
ਮੈਨੂੰ ਬੋਰੀ ਦੀ ਥਾਂ ਬਸਤਾ।

**-ਗੁਰਪ੍ਰੀਤ ਸੇਖੋਂ**
**-ਐਬਸਫੋਰਡ(ਬੀ.ਸੀ.) ਕੈਨੇਡਾ**

• • •

MAXVALUE REALTY LTD
To Sell and Buy Real Estate is a Big Decision to Make
It is important to have Knowledgeable Experienced Professional
Real Estate Associate on your side call
Call Dan Sidhu
Real Estate Broker
With 20 Years Experinced
e-mail:dansidhu@gmail.com
403-560-6300

Punjab Insurance Inc.
Call For Free Quote...
Super-Visa Insurance
For best service and expert advice
• Visitor Visa/Travel insurance
• Life and Mortgage Insurance
• Disability Insurance
• Critical illness Insurance
• RESP (education plan), RRSP
• Medical & Dental plans
Hardeep Atwal
Insurance Advisor
416-209-6363
e-mail: weprotecturfamily@gmail.com


HomeLife SilverCity
Realty Inc., Brokerage
EACH OFFICE ENDEPENDENTLY OWNED & OPERATED
NEW LOCATION OPEN TO SERVE YOU BETTER AIRPORT RD/DREW
Now Hiring
New / Experienced Real Estate Sales Representative / Brokers
Office: 905-913-8500
11775 Bramalea Rd # 201, Brampton
www.HomelifeSilvercityTeam.com
Team of OVER 425 Realtors
BALJIT GARCHA
BROKER OF RECORD
HARJINDER DHILLON
Manager/Broker
AJIT GARCHA
BROKER / PRESIDENT
www.homelifesilvercityteam.com
"All agents are Salespersons/Brokers/Unless otherwise stated. Not intended to solicit salespersons/brokers under contract. Some conditions apply."

# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ.)

ਵਲੋਂ

## ੯ਵਾਂ ਸਲਾਨਾ ਨਾਟਕ ਸਮਾਗਮ 29 ਸਤੰਬਰ 2018


ਦਿਨ ਸ਼ਨੀਵਾਰ ਨੂੰ ਦੁਪਹਿਰ 1 ਵਜੇ, ਸੇਂਟ ਕਾਲਜ ਦੇ ਆਰਫੀਅਸ ਥੀਏਟਰ ਵਿਚ ਹੋਵੇਗਾ

ਮੋਹਨ ਮਾਨ ਯਾਦਗਾਰ ਐਵਾਰਡ ਦੇਣ ਦਾ ਐਲਾਨ

**ਹੋਰ ਜਾਣਕਾਰੀ ਲਈ ਸੰਪਰਕ: ਮਾਸਟਰ ਭਜਨ: 403-455-4220**

## ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵਲੋਂ ਪੁਸਤਕ ਮੇਲਾ 21 ਅਤੇ 22 ਜੁਲਾਈ ਨੂੰ


ਗਰੀਨ ਪਲਾਜ਼ਾ (ਡਾ. ਭੁੱਲਰ ਵਾਲਾ), ਲਵਲੀ ਸਵੀਟਸ, ਫਿੱਲੋਂ ਫੈਸ਼ਨ ਦੇ ਨਾਲ ਬੈਲ ਕੁਨੈਕਸ਼ਨ ਦੇ ਸਾਹਮਣੇ ਬਰਾਂਡੇ ਵਿਚ ਲੱਗੇਗਾ।



*ਇਸ ਮੇਲੇ 'ਚ ਇਤਿਹਾਸਕ, ਵਿਗਿਆਨਕ, ਸਿਹਤ, ਸਾਹਿਤਕ, ਤਰਕਸ਼ੀਲ, ਲੋਕਪੱਖੀ ਕਿਤਾਬਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ*

**ਹੋਰ ਜਾਣਕਾਰੀ ਲਈ ਸੰਪਰਕ: ਮਾਸਟਰ ਭਜਨ: 403-455-4220**

## ਉਘੇ ਪੰਜਾਬੀ ਕਵੀ ਬਾਬਾ ਨਜ਼ਮੀ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ




7 ਜੁਲਾਈ ਡੈਲਟਾ (ਸਰੀ)
ਕਰੋਸ ਰੋਡ ਯੁਨਾਈਟਿਡ ਚਰਚ 7655-120 ਸਟਰੀਟ
ਅਵਤਾਰ ਬਾਈ 604-728-7011
15 ਜੁਲਾਈ ਐਡਮਿੰਟਨ
20 ਜੁਲਾਈ ਕੈਲਗਰੀ
ਐਕਸ ਸਰਵਿਸਮੈਨ ਸੁਸਾਇਟੀ
ਮਾਸਟਰ ਭਜਨ 403-455-4220
22 ਜੁਲਾਈ ਵਿੰਨੀਪੈਗ
ਹਰਨੇਕ ਧਾਲੀਵਾਲ 204-997-8897
28 ਜੁਲਾਈ ਟੋਰਾਂਟੋ
ਬਲਦੇਵ ਰਹਿਪਾ 416-881-7202


Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4

BB
B & B AUTO REPAIRS
All Makes & Models
Complete Mechanical Service & Tires Tune-Ups, Breaks, Oil Changes, Etc.
WE ALWAYS STOCK ENGINES, TRANSMISSIONS & REAR AXLES
LUCKY
KULDIP
OPEN
7 DAYS
A WEEK
(9am)
46 Racine Road, Etobicoke, ON M9W 2Z3
Tel 416-745-7745 • 416-745-4000

SHAAN
CONSTRUCTION LTD.
25+ years of experience
Call for a Free Estimate
MALKIT SWAICH
778.889.9526
• General Contracting
• Quality Custom Homes
• Quality Framing
• 2-5-10 Year Warranty
2-5-10 Year Warranty

WEST COAST
HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
• Pre-Engineered Roof and Floor Trusses
• Metal Web Floor Trusses
• Custom Heavy Timber Trusses and Timber Framing Kits
• Curved Roof and Ceiling Trusses
• Curved Timber and Laminated Joists
• Curved Fascias and Trims
• Pre-Fab Barreled and Double Barreled Vaulted Ceilings
• Pre-Fab Dome and Elliptical Ceilings
• Structural Engineering and Inspection Services (BC, Alberta & Saskatchewan)
10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194

FIVE STAR INSURANCE
Save up to 51%
• Auto • Home
• Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6